Start CDL TRAINING
Become Professional Truck Driver
www.cdlstart.com
startcdl@gmail.com
(844) 227-2162
We speak Hindi and English
START CDL TRAINING

Singh Auto Group
3983 ST RD 38E
Lafayette, IN 47905
Ph: 765-607-1300
www.singhautosgroup.com

University Motors
3312 Klondike Rd, West Lafayette, IN 47906
Ph: 765-497-1100
ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:
Jaspal S. Ghotra: 765-337-5151

ੴ
Regal Jewels
2625 W. Devon Ave. Chicago
22kt Gold, & Diamonds
Best Jewelry Selection in the Midwest
SEE HOW YOU CAN SECURE YOUR FUTURE.
24KT GOLD
TALK TO OUR GOLD SPECIALIST
Rajveer Singh Gill
847-907-1525
www.RegalJewels.com
ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣੇ ਸਟੋਰ



Twenty-Third Year of Publication
ਨਿਊ ਯਾਰਕ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 23, Issue 28, July 9, 2022
20451 N. Plum Grove Rd., Palatine, IL 60074
Ph:847-359-0746, Fax:847-705-9388


## ਬੇਅਦਬੀ: ਜਾਂਚ ਰਿਪੋਰਟ ਦਾ ਮਾਮਲਾ ਫਿਰ ਭਖਿਆ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲਿਆਂ ਸਬੰਧੀ ਜਾਰੀ ਰਿਪੋਰਟ ਪਿੱਛੋਂ ਇਹ



ਮਾਮਲਾ ਇਕ ਵਾਰ ਫਿਰ ਭਖ ਗਿਆ ਹੈ। ਵਿਰੋਧੀ ਧਿਰਾਂ ਵੱਲੋਂ ਜਿਥੇ ਰਿਪੋਰਟ ਵਿਚ ਬਾਦਲਾਂ ਨੂੰ 'ਕਲੀਨ ਚਿੱਟ' ਦੇਣ ਉਤੇ ਸਰਕਾਰ ਨੂੰ ਘੇਰ ਲਿਆ ਹੈ, ਉਥੇ ਰਿਪੋਰਟ ਪੰਜ ਚੋਣਵੇਂ ਸਿੱਖ ਨੁਮਾਇੰਦਿਆਂ ਨੂੰ ਸੌਂਪਣ ਉਤੇ ਵੀ ਸਵਾਲ ਉਠ ਰਹੇ ਹਨ। ਰਿਪੋਰਟ ਜਾਰੀ ਹੁੰਦੇ ਹੀ ਜਿਥੇ ਅਕਾਲੀ ਦਲ ਬਾਦਲ ਨੇ ਆਪਣੇ ਬੇਗੁਨਾਹ ਹੋਣ ਦਾ ਜ਼ੋਰ-ਸ਼ੋਰ ਨਾਲ ਪ੍ਰਚਾਰ ਸ਼ੁਰੂ ਕਰ ਦਿੱਤਾ ਹੈ, ਉਥੇ ਕਾਂਗਰਸ ਤੇ ਪੰਥਕ ਜਥੇਬੰਦੀਆਂ ਨੇ ਸਵਾਲ ਕੀਤਾ ਹੈ ਕਿ ਰਿਪੋਰਟ ਵਿਚ ਡੇਰਾ ਮੁਖੀ ਅਤੇ ਉਨ੍ਹਾਂ ਦੇ ਪੈਰੋਕਾਰਾਂ ਦੀ ਸ਼ਮੂਲੀਅਤ ਦਰਸਾਈ ਗਈ ਹੈ ਜਦੋਂ ਕਿ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਖ਼ੁਦ ਚੋਣਾਂ ਤੋਂ ਪਹਿਲਾਂ ਆਖਦੇ ਸਨ ਕਿ ਬੇਅਦਬੀ ਮਾਮਲਿਆਂ ਵਿਚ ਬਾਦਲਾਂ ਦਾ ਹੱਥ ਹੈ, ਜਿਨ੍ਹਾਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ, ਜਦ ਕਿ ਇਹ ਰਿਪੋਰਟ ਬਾਦਲਾਂ ਦੀ ਭੂਮਿਕਾ ਬਾਰੇ ਚੁੱਪ ਹੈ।

ਦਲ ਖਾਲਸਾ ਦੇ ਆਗੂ ਪਰਮਜੀਤ ਸਿੰਘ ਟਾਂਡਾ ਨੇ ਸਵਾਲ ਕੀਤਾ ਹੈ ਕਿ ਇਨ੍ਹਾਂ ਪੰਜ ਸਿੱਖਾਂ ਨੂੰ ਹੀ ਰਿਪੋਰਟ ਸੌਂਪਣ ਲਈ ਕਿਉਂ ਚੁਣਿਆ, ਜਦੋਂ ਕਿ ਇਨ੍ਹਾਂ ਦਾ ਬਹਿਬਲ ਕਲਾਂ ਵਿਚ ਚੱਲ ਰਹੇ ਮੋਰਚੇ ਨਾਲ ਕੋਈ ਸਿੱਧਾ ਸਬੰਧ ਵੀ ਨਹੀਂ ਹੈ। ਸਰਕਾਰ ਨੇ ਸ਼ਹੀਦ ਗੁਰਜੀਤ ਸਿੰਘ ਅਤੇ ਹਰਿਕ੍ਰਿਸ਼ਨ ਭਗਵਾਨ ਸਿੰਘ ਦੇ ਵਾਰਸਾਂ ਵੱਲੋਂ ਆਰੰਭ ਕੀਤੇ ਬਹਿਬਲ ਕਲਾਂ ਇਨਸਾਫ ਮੋਰਚੇ ਨੂੰ ਨਜ਼ਰ-ਅੰਦਾਜ਼ ਕਿਉਂ ਕੀਤਾ?

ਸਿੱਖ ਜਥੇਬੰਦੀਆਂ ਦਾ ਦਾਅਵਾ ਹੈ ਕਿ ਜਾਂਚ ਰਿਪੋਰਟ ਵਿਚੋਂ ਬਾਦਲਾਂ ਨੂੰ ਬਾਹਰ ਰੱਖਣ ਦਾ ਮਤਲਬ ਕਲੀਨ ਚਿੱਟ ਦੇਣ ਦੇ ਬਰਾਬਰ ਹੈ ਕਿਉਂਕਿ ਬੇਅਦਬੀ ਦੇ ਮੁੱਖ ਮੁਲਜ਼ਮਾਂ ਵਿਚ ਡੇਰਾ ਮੁਖੀ ਅਤੇ ਉਸ ਨੂੰ ਮੁਆਫੀ ਦੇਣ ਵਾਲਿਆਂ ਦਾ ਨਾਮ ਸਭ ਤੋਂ ਉੱਪਰਲੀ ਕਤਾਰ ਵਿਚ ਹੈ। ਅਧੂਰੀ ਜਾਂਚ ਰਿਪੋਰਟ ਉਤੇ ਵੀ ਸਵਾਲ ਕੀਤੇ ਜਾ ਰਹੇ ਹਨ ਕਿਉਂ ਕਿ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਦੀਆਂ ਬੇਅਦਬੀ ਦੀਆਂ ਹੋਰ ਘਟਨਾਵਾਂ ਵੀ ਵਾਪਰੀਆਂ ਸਨ। ਬਹਿਬਲ ਕਲਾਂ ਵਿਚ ਦੋ ਸਿੱਖਾਂ ਦਾ ਗੋਲੀ ਮਾਰ ਕੇ ਬੇਰਹਿਮੀ ਨਾਲ ਕਤਲ ਕੀਤਾ ਗਿਆ ਸੀ ਜਿਸ ਦਾ ਵੇਰਵਾ ਮੁੱਖ ਮੰਤਰੀ ਵੱਲੋਂ ਸੌਂਪੀ ਰਿਪੋਰਟ ਵਿਚ ਨਹੀਂ ਹੈ।

ਉਧਰ, ਕਾਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ ਮੁੱਖ ਮੰਤਰੀ ਵੱਲੋਂ ਜਾਰੀ ਜਾਂਚ ਰਿਪੋਰਟ ਪਹਿਲਾਂ

*(ਬਾਕੀ ਸਫਾ 6 'ਤੇ)*



*ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ ਵਲੋਂ ਕਰਵਾਏ ਗਏ ਕਬੱਡੀ ਟੂਰਨਾਮੈਂਟ ਦੀ ਜੇਤੂ ਰਹੀ ਨਿਊ ਯਾਰਕ ਮੈਟਰੋ ਟੀਮ ਜੇਤੂ ਕੱਪ ਨਾਲ।*

## ਕੈਦੀਆਂ ਨੂੰ ਸਜ਼ਾ 'ਚ ਵਿਸ਼ੇਸ਼ ਛੋਟ ਦੀ ਯੋਜਨਾ 'ਤੇ ਵਿਚਾਰਾਂ?

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ 'ਆਜ਼ਾਦੀ ਕਾ ਅੰਮ੍ਰਿਤ ਮਹੋਤਸਵ' ਮਨਾਉਣ ਦੀ ਯੋਜਨਾਵਾਂ ਤਹਿਤ ਸਰਕਾਰ ਟਰਾਂਸਜੈਂਡਰ ਅਤੇ 50 ਸਾਲ ਤੋਂ ਵੱਧ ਉਮਰ ਦੀਆਂ ਉਨ੍ਹਾਂ ਔਰਤਾਂ ਦੀ ਸਜ਼ਾ ਨੂੰ ਪੜਾਵਾਰ ਖਤਮ ਕਰਨ ਦੀ ਯੋਜਨਾ ਬਣਾ ਰਹੀ ਹੈ ਜਿਨ੍ਹਾਂ ਦਾ ਵਿਹਾਰ ਠੀਕ ਹੈ। ਸਰਕਾਰ 60 ਸਾਲ ਤੋਂ ਵੱਧ ਉਮਰ ਦੇ ਪੁਰਸ਼ ਕੈਦੀਆਂ ਅਤੇ ਅੱਧੀ ਤੋਂ ਵੱਧ ਸਜ਼ਾ ਪੂਰੀ ਕਰ ਚੁੱਕੇ ਅਪਾਹਜ ਕੈਦੀਆਂ ਨੂੰ ਵੀ ਇਸ ਸਕੀਮ ਦਾ ਲਾਭ ਦੇਵੇਗੀ। ਜਿਹੜੇ ਗਰੀਬ ਕੈਦੀ ਆਪਣੀ ਸਜਾ ਪੂਰੀ ਕਰ ਚੁੱਕੇ ਹਨ ਪਰ ਪੈਸੇ ਦੀ ਘਾਟ ਕਾਰਨ ਜੁਰਮਾਨੇ ਦੀ ਅਦਾਇਗੀ ਨਾ ਹੋਣ ਕਾਰਨ ਜੇਲ੍ਹ ਵਿਚ ਹਨ, ਉਨ੍ਹਾਂ ਨੂੰ ਵੀ ਜੁਰਮਾਨੇ ਤੋਂ ਛੋਟ ਦਾ ਲਾਭ ਦਿੱਤਾ ਜਾਵੇਗਾ। ਗ੍ਰਹਿ ਮੰਤਰਾਲੇ ਨੇ ਕਿਹਾ ਕਿ ਇਹ ਸਕੀਮ ਉਨ੍ਹਾਂ ਕੈਦੀਆਂ ਉਤੇ ਲਾਗੂ ਨਹੀਂ ਹੋਵੇਗੀ ਜਿਨ੍ਹਾਂ ਨੂੰ ਮੌਤ ਜਾਂ ਉਮਰ ਕੈਦ ਦੀ ਸਜ਼ਾ ਦਿੱਤੀ ਗਈ ਹੈ, ਜਾਂ ਜਿਨ੍ਹਾਂ ਉਤੇ ਬਲਾਤਕਾਰ, ਅਤਿਵਾਦ, ਦਾਜ ਹੱਤਿਆ ਅਤੇ ਮਨੀ ਲਾਂਡਰਿੰਗ ਦੇ ਦੋਸ਼ ਹਨ।

ਯਾਦ ਰਹੇ ਕਿ ਸਿੱਖ ਜਥੇਬੰਦੀਆਂ ਚਿਰਾਂ ਤੋਂ ਮੰਗ ਕਰ ਰਹੀਆਂ ਹਨ ਕਿ ਜਿਨ੍ਹਾਂ ਸਿੱਖ ਕੈਦੀਆਂ ਦੀਆਂ ਸਜ਼ਾਵਾਂ ਪੂਰੀਆਂ ਹੋ ਚੁੱਕੀਆਂ ਹਨ, ਘੱਟੋ-ਘੱਟ ਉਨ੍ਹਾਂ ਨੂੰ ਤਾਂ ਰਿਹਾਅ ਕਰ ਦਿੱਤਾ ਜਾਵੇ ਪਰ ਕੇਂਦਰ ਸਰਕਾਰ ਇਸ ਬਾਰੇ ਖਾਮੋਸ਼ ਬੈਠੀ ਹੈ।



M Vivek Malik
Law Office of M Vivek Malik
Toll free no 866-424-4000
ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰੋ
ACCOMPLISHED
IMMIGRATION Attorneys
Help FAMILIES
REUNITE in the UNITED STATES
Our Global & Nationwide Services in the field of U.S. Immigration & Nationality law
Business immigration & worksite compliance
ਬਿਜ਼ਨੈਸ ਇਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇੰਸ
Family & general immigration
ਫੈਮਿਲੀ ਐਂਡ ਜਨਰਲ ਇਮੀਗਰੇਸ਼ਨ
Naturalization & citizenship
ਨੈਚੁਰਲਾਈਜੇਸ਼ਨ ਐਂਡ ਸਿਟੀਜ਼ਨਸ਼ਿਪ
Removal defense & waivers
Our offices
432 S. Emerson Ave, Suite 220, Greenwood, IN 46143
Ph: 317 560 4777
1067 N Mason Rd, Suite 4, St Louis, Missouri 63141
Ph: 314-416-8000
2440 W Shaw Ave, Suite 205, Fresno, California 93711
Ph: 559-578-4344
www.usa.immigrationlaw.com


ਬੌਬੀ ਸਿੰਘ
ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ
120-20 101 Ave. S. Richmond Hill,
New York 11419



Tel.: 317-426-5410
Ext. 2001 & 2403
XPressCargo
100% ਓਨਰ ਆਪਰੇਟਰ ਕੰਪਨੀ
Pay Every Week
100% OWNER OPERATOR COMPANY
Pay Single 60 Cent + Team 70 Cent
IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)
ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।
• ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
• ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
• ਟਰੱਕ ਦੀ ਲਾਇਸੈਂਸ ਪਲੇਟ
• ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
• ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
• ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਉਂਟ
ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ
CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ
ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ
Hiring Owner Operators and Drivers
ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।
2330 Enterprise Park Dr., Indianapolis, IN 46218
Online Application @ www.xpresscargoinc.com

# ਆਜ਼ਾਦੀ ਪਰੇਡ ’ਚ ਸਿੱਖਸ ਆਫ ਅਮੈਰੀਕਾ ਦਾ ‘ਸਿੱਖ ਫਲੋਟ’ ਹੋਇਆ ਸ਼ਾਮਲ

**ਵਾਸ਼ਿੰਗਟਨ (ਬਿਊਰੋ):** ਅਮਰੀਕਾ ‘ਚ ਵੱਸਦੇ ਸਮੂਹ ਭਾਈਚਾਰਿਆਂ ਲਈ 4 ਜੁਲਾਈ ਦਾ ਅਮਰੀਕਾ ਦੀ ਆਜ਼ਾਦੀ ਦਾ ਦਿਨ ਬਹੁਤ ਹੀ ਖੁਸ਼ੀਆਂ ਵਾਲਾ ਹੁੰਦਾ ਹੈ ਅਤੇ ਇਸ ਦਿਨ ਰਾਜਧਾਨੀ ਵਾਸ਼ਿੰਗਟਨ ਡੀ.ਸੀ. ਵਿਚ ਰਾਸ਼ਟਰੀ ਪੱਧਰ ਦੀ ਆਜ਼ਾਦੀ ਪਰੇਡ ਕੱਢੀ ਜਾਂਦੀ ਹੈ ਅਤੇ ਕਿਸੇ ਵੀ ਭਾਈਚਾਰੇ ਨੂੰ ਇਸ ਪਰੇਡ ਵਿਚ ਫਲੋਟ ਸ਼ਾਮਿਲ ਕਰਨ ਦੀ ਪ੍ਰਵਾਨਗੀ ਮਿਲਣਾ ਬਹੁਤ ਵੱਡਾ ਕਾਰਜ ਮੰਨਿਆ ਜਾਂਦਾ ਹੈ। ਇਸ ਲੜੀ ਤਹਿਤ ਸਿੱਖਸ ਆਫ ਅਮੈਰਿਕਾ ਵਲੋਂ ਪਿਛਲੇ ਕਈ ਸਾਲਾਂ ਤੋਂ ਆਪਣਾ ਫਲੋਟ ਇਸ ਪਰੇਡ ਵਿਚ ਸ਼ਾਮਿਲ ਕੀਤਾ ਜਾਂਦਾ ਰਿਹਾ ਹੈ ਪਰ ਪਿਛਲੇ ਦੋ ਸਾਲ ਕਰੋਨਾ ਮਹਾਂਮਾਰੀ ਕਾਰਨ ਪਰੇਡ ਨਹੀਂ ਹੋਈ ਸੀ। ਇਸ ਸਾਲ ਵੀ ਸਿੱਖਸ ਆਫ਼ ਅਮੈਰੀਕਾ ਦੇ ਚੇਅਰਮੈਨ ਸ: ਜਸਦੀਪ ਸਿੰਘ ਜੱਸੀ ਦੀ ਅਗਵਾਈ ਹੇਠ ਸਿੱਖਸ ਆਫ ਅਮੈਰੀਕਾ ਨੂੰ ਆਜ਼ਾਦੀ ਦੀ ਰਾਸ਼ਟਰੀ ਪਰੇਡ ਵਿਚ ਸਿੱਖ ਫਲੋਟ ਸ਼ਾਮਿਲ ਕਰਨ ਦੀ ਪ੍ਰਵਾਨਗੀ ਮਿਲੀ ਅਤੇ ਸਿੱਖਸ ਆਫ ਅਮੈਰੀਕਾ ਨੇ ਇਸ ਪਰੇਡ ਵਿਚ ਸਿੱਖ ਫਲੋਟ ਸ਼ਾਮਿਲ ਕਰ ਕੇ ਸਭ ਭਾਈਚਾਰਿਆਂ ਦਾ ਦਿਲ ਜਿੱਤ ਲਿਆ।

ਅਧੁਨਿਕ ਤਕਨੀਕ ਦੀ ਵਰਤੋਂ ਕਰਦਿਆਂ ਫਲੋਟ ਨੂੰ ਐੱਲ.ਈ.ਡੀ. ਸਕਰੀਨ ਨਾਲ ਸਜਾਇਆ ਗਿਆ ਸੀ ਜਿਸ ਵਿਚ ਸਿੱਖ ਧਰਮ ਦੇ ਪੁਰਾਤਨ ਅਤੇ ਅਜੋਕੇ ਇਤਿਹਾਸ ਨੂੰ ਦਰਸਾਇਆ ਗਿਆ ਸੀ। ਫਲੋਟ ਦੇ ਅੱਗੇ ਭੰਗੜਾ ਟੀਮ ਸੱਭਿਆਚਾਰਕ ਰੰਗ ਪੇਸ਼ ਕਰ ਰਹੀ ਸੀ। ਇਕ ਅੰਦਾਜ਼ੇ ਮੁਤਾਬਕ ਸੜਕ ਦੇ ਦੋਵੇਂ ਪਾਸੇ ਬੈਠੇ ਇਕ ਲੱਖ ਤੋਂ ਵੱਧ ਲੋਕਾਂ ਨੇ ਨੇੜਿਓਂ ਫਲੋਟ ਨੂੰ ਦੇਖਿਆ ਤੇ ਹੋਰ ਲੱਖਾਂ ਲੋਕਾਂ ਨੇ ਨੈਸ਼ਨਲ ਟੀ.ਵੀ. ਰਾਹੀਂ ਇਸ ਦੀਆਂ ਗਤੀਵਿਧੀਆਂ ਨੂੰ ਵਾਚਿਆ।

ਚੇਅਰਮੈਨ ਸ. ਜਸਦੀਪ ਸਿੰਘ ਜੱਸੀ ਨੇ ਦੱਸਿਆ ਕਿ ਸਿੱਖਸ ਆਫ ਅਮੈਰੀਕਾ ਦਾ ਮੁੱਖ ਮਕਸਦ ਦੂਜੇ ਭਾਈਚਾਰਿਆਂ ਨੂੰ ਸਿੱਖੀ ਦੀ ਪਛਾਣ ਅਤੇ ਸੰਕਲਪ ਬਾਰੇ ਦੱਸਣ ਤੋਂ ਇਲਾਵਾ ਅਮਰੀਕਾ ’ਚ ਫੌਜ, ਪੁਲਿਸ, ਅਕਾਦਮਿਕ, ਆਰਥਿਕ ਖੇਤਰ, ਬਿਜ਼ਨਸ ਅਤੇ ਸਿਆਸੀ ਯੋਗਦਾਨ ਬਾਰੇ ਵੀ ਦੱਸਣਾ ਸੀ। ਇਸ ਮੌਕੇ ਸਿੱਖ ਫਲੋਟ ਦੇ ਨਾਲ ਲਾਲ ਪੱਗਾਂ, ਚਿੱਟੀਆਂ ਕਮੀਜ਼ਾਂ, ਨੀਲੀਆਂ ਪੈਂਟਾਂ ਤੇ ਅਮੈਰੀਕਨ ਫਲੈਗ ਦੀ ਟਾਈ ਪਹਿਨੇ ਮਰਦ ਅਤੇ ਅਮਰੀਕਨ ਝੰਡੇ ਦੇ ਸਕਾਰਫ ਅਤੇ ਚਿੱਟੇ ਕੱਪੜੇ ਪਹਿਨੀ ਔਰਤਾਂ ਫਲੋਟ ਦੀ ਸ਼ਾਨ ਨੂੰ ਵਧਾ ਰਹੇ ਸਨ। ਸਿੱਖ ਫਲੋਟ ਵਿਚ ਸਿੱਖਸ ਆਫ ਅਮੈਰੀਕਾ ਦੇ ਨੁਮਾਇੰਦੇ ਜਸਦੀਪ ਸਿੰਘ ਜੱਸੀ ਚੇਅਰਮੈਨ, ਕਮਲਜੀਤ ਸਿੰਘ ਸੋਨੀ ਪ੍ਰਧਾਨ, ਬਲਜਿੰਦਰ ਸਿੰਘ ਸ਼ੰਮੀ ਮੀਤ ਪ੍ਰਧਾਨ, ਮਨਪ੍ਰੀਤ ਸਿੰਘ, ਦਿਲਵੀਰ ਸਿੰਘ, ਸੁਰਿੰਦਰ ਸਿੰਘ ਬੱਬੂ, ਸਾਜਿਦ ਤਰਾਰ, ਵਰਿੰਦਰ ਸਿੰਘ, ਸੁਖਪਾਲ ਧਨੋਆ, ਕੁਲਵਿੰਦਰ ਫਲੋਰਾ, ਸਰਬਜੀਤ ਸਿੰਘ ਬਖਸ਼ੀ, ਬਖਸ਼ੀਸ਼ ਸਿੰਘ, ਚਤਰ ਸਿੰਘ, ਸੁਰਿੰਦਰ ਰਹੇਜਾ, ਫੂਲਾ ਸਿੰਘ, ਮਨਿੰਦਰ ਸੇਠੀ, ਇੰਦਰਜੀਤ ਗੁਜਰਾਲ, ਜਸਵਿੰਦਰ ਸਿੰਘ ਜੌਨੀ, ਡਾਕਟਰ ਦਰਸ਼ਨ ਸਲੂਜਾ, ਮੀਤਾ ਸਲੂਜਾ ਅਤੇ ਹਰਜੀਤ ਸਿੰਘ ਅਤੇ ਚਤਰ ਸਿੰਘ ਸੈਣੀ ਸ਼ਾਮਿਲ ਹੋਏ।







# ਗੁਰਦੁਆਰਾ ਪੈਲਾਟਾਈਨ ਨੇ ਅਮੈਰੀਕਨ ਆਜ਼ਾਦੀ ਦਿਵਸ ਪਰੇਡ ਵਿਚ ਸ਼ਿਰਕਤ ਕੀਤੀ

**ਸ਼ਿਕਾਗੋ:** ਸਿੱਖ ਰਿਲੀਜੀਅਸ ਸੁਸਾਇਟੀ ਗੁਰਦੁਆਰਾ ਪੈਲਾਟਾਈਨ ਅਤੇ ਵੱਡੀ ਗਿਣਤੀ ਸਿੱਖ ਭਾਈਚਾਰੇ ਨੇ ਅਮੈਰਿਕਾ ਦੇ ਆਜ਼ਾਦੀ ਦਿਵਸ 4 ਜੁਲਾਈ ਮੌਕੇ ਹੋਈ 65ਵੀਂ ਪਰੇਡ ਵਿਚ ਸੁਸਾਇਟੀ ਦੇ ਪ੍ਰਧਾਨ ਜੈਰਾਮ ਸਿੰਘ ਕਾਹਲੋਂ ਦੀ ਅਗਵਾਈ ਵਿਚ ਸ਼ਮੂਲੀਅਤ ਕੀਤੀ। ਇਹ ਪਰੇਡ ਵੁਡ ਸਟਰੀਟ ਤੋਂ ਸ਼ੁਰੂ ਹੋ ਕੇ, ਕਰੀਬ ਤਿੰਨ ਕੁ ਮੀਲ ਦਾ ਫਾਸਲਾ ਤੈਅ ਕਰਕੇ ਪੈਲਾਟਾਈਨ ਡਾਊਨ ਟਾਊਨ ਵਿਚ ਸਮਾਪਤ ਹੋਈ।

ਜ਼ਿਕਰਯੋਗ ਹੈ ਕਿ ਸ਼ਿੱਖ ਰਿਲੀਜੀਅਸ ਸੁਸਾਇਟੀ ਨੇ ਆਪਣਾ ਖੂਬਸੂਰਤ ਫਲੋਟ ਸਜਾਇਆ ਹੋਇਆ ਸੀ। ਉਸ ਉਤੇ ਸਿੱਖ ਰਿਲੀਜੀਅਸ ਸੁਸਾਇਟੀ ਦਾ ਬੈਨਰ, ਕੇਸਰੀ ਝੰਡੇ ਅਤੇ ਅਮੈਰੀਕਨ ਝੰਡੇ ਸੁਸ਼ੋਭਿਤ ਸਨ। ਬੱਚਿਆਂ ਨੇ ਵ੍ਸ਼ਿੇਸ ਤੌਰ ‘ਤੇ ਯੂ ਐਸ ਆਰਮੀ ਦੀਆਂ ਵਰਦੀਆਂ ਪਾਈਆਂ ਹੋਈਆਂ ਸਨ, ਜੋ ਵਿਸ਼ੇਸ਼ ਖਿਚ ਦਾ ਕਾਰਨ ਸਨ। ਫਲੋਟ ਦੇ ਉਪਰ ਨਗਾਰਾ ਸੁਸ਼ੋਭਿਤ ਸੀ ਤੇ ਨਗਾਰੇ ਦੀ ਗੂੰਜ ਫਿਜ਼ਾ ਵਿਚ ਘੁਲ ਕੇ ਅਮੈਰੀਕਨ ਭਾਈਚਾਰੇ ਨੂੰ ਕਾਫੀ ਖਿੱਚ ਰਹੀ ਸੀ ਅਤੇ ਉਤਸ਼ਾਹਿਤ ਕਰਦੀ ਸੀ। ਫਲੋਟ ਦੇ ਅਗੇ ਸ. ਤਰਲੋਚਨ ਸਿੰਘ ਮੁਲਤਾਨੀ (ਰਿਲੀਜੀਅਸ ਸੈਕਟਰੀ) ਅਤੇ ਕੁਲਦੀਪ ਸਿੰਘ ਸਿੱਖ ਰਿਲੀਜੀਅਸ ਸੁਸਾਇਟੀ ਦਾ ਵਡਾ ਬੈਨਰ ਲੈ ਕੇ ਚਲ ਰਹੇ ਸਨ। ਪੰਜਾਬੀ ਪੁਸ਼ਾਕਾਂ ਵਿਚ ਸਜੇ ਪੰਜਾਬੀ ਭਾਈਚਾਰੇ ਦੇ ਲੋਕ ਖਾਸ ਕਰਕੇ ਕੁੜਤੇ-ਲਾਚੇ, ਚਾਦਰੇ ਵਿਚ ਸਜੇ ਅਮਰੀਕਨਾਂ ਨੂੰ ਵਿਸ਼ੇਸ਼ ਖਿਚ ਪਾ ਰਹੇ ਸਨ।

ਸਿੱਖ ਰਿਲੀਜੀਅਸ ਸੁਸਾਇਟੀ ਦੇ ਪ੍ਰਧਾਨ ਜੈਰਾਮ ਸਿੰਘ ਕਾਹਲੋਂ ਅਤੇ ਵਲੰਟੀਅਰ ਟੀਮ ਪਾਣੀ ਦੀਆਂ ਬੋਤਲਾਂ, ਕੈਂਡੀਆਂ, ਚਾਕਲੇਟ ਅਤੇ ਸਿੱਖ ਭਾਈਚਾਰੇ ਨਾਲ ਸਬੰਧਤ ਲਿਟਰੇਚਰ ਵੰਡ ਰਹੇ ਸਨ। ਅਮਰੀਕਨ ਲੋਕ ਘਰਾਂ ਤੋਂ ਬਾਹਰ ਬੈਠ ਕੇ ਤਾੜੀਆਂ ਵਜਾ ਕੇ ਫਲੋਟ ਦਾ ਸਵਾਗਤ ਕਰ ਰਹੇ ਸਨ ਅਤੇ ਸਿੱਖ ਭਾਈਚਾਰੇ ਦੇ ਲੋਕ ਵੀ ‘ਹੈਪੀ ਫੋਰਥ ਜੁਲਾਈ’ ਦੇ ਨਾਅਰੇ ਨਾਲ ਉਨ੍ਹਾਂ ਨੂੰ ਵਧਾਈ ਦੇ ਰਹੇ ਸਨ।

ਪਰੇਡ ਖਤਮ ਹੋਣ ਬਾਅਦ ਰਿਫਰੈਸ਼ਮੈਂਟ ਦਿਤੀ ਗਈ। ਪਰੇਡ ਵਿਚ ਸ਼ਮੂਲੀਅਤ ਕਰਨ ਵਾਲਿਆਂ ਵਿਚ ਪ੍ਰਧਾਨ ਜੈਰਾਮ ਸਿੰਘ ਕਾਹਲੋਂ, ਤਰਲੋਚਨ ਸਿੰਘ ਮੁਲਤਾਨੀ ਚੇਅਰਮੈਨ ਕਰਮਜੀਤ ਸਿਘ ਭਠਨੂਰਾ, ਰਾਜਿੰਦਰ ਸਿੰਘ ਮਾਗੋ, ਦਾਰਾ ਸਿੰਘ, ਗੁਰਬਚਨ ਸਿੰਘ, ਓਂਕਾਰ ਸਿੰਘ ਲਾਲ, ਕ੍ਰਿਪਾਲ ਕੌਰ ਲਾਲ, ਪਰਸ਼ਨ ਸਿੰਘ ਮਾਨ, ਜਸਬੀਰ ਕੌਰ ਮਾਨ, ਗੈਰੀ ਕਾਹਲੋਂ, ਯਾਦਵਿੰਦਰ ਸਿੰਘ ਗਰੇਵਾਲ, ਢਿਲੋਂ ਪਰਿਵਾਰ ਦੇ ਤਰਲੋਚਨ ਸਿੰਘ ਢਿਲੋਂ, ਹਰਭਜਨ ਕੌਰ ਅਤੇ ਉਨ੍ਹਾਂ ਦੇ ਬੱਚੇ ਸ਼ਾਮਲ ਸਨ।












# ਜਬਰ ਜਨਾਹ ਕੇਸ ’ਚ ਸਿਮਰਜੀਤ ਬੈਂਸ ਦਾ ਭਰਾ ਗ੍ਰਿਫਤਾਰ

**ਲੁਧਿਆਣਾ:** ਪੁਲਿਸ ਨੇ ਜਬਰ ਜਨਾਹ ਕੇਸ ਵਿਚ ਮੁਲਜ਼ਮ ਵਜੋਂ ਨਾਮਜ਼ਦ ਤੇ ਸੱਤ ਹੋਰਨਾਂ ਨਾਲ ਭਗੌੜੇ ਐਲਾਨੇ ਸਾਬਕਾ ਵਿਧਾਇਕ ਸਿਮਰਜੀਤ ਸਿੰਘ ਬੈਂਸ ਦੇ ਭਰਾ ਕਰਮਜੀਤ ਸਿੰਘ ਬੈਂਸ ਨੂੰ ਗ੍ਰਿਫਤਾਰ ਕੀਤਾ ਹੈ। ਪੁਲਿਸ ਨੇ ਦੂਜੇ ਮੁਲਜ਼ਮਾਂ ਨੂੰ ਗ੍ਰਿਫਤਾਰ ਕਰਨ ਲਈ ਵੀ ਸਰਗਰਮੀਆਂ ਤੇਜ ਕਰ ਦਿੱਤੀਆਂ ਹਨ।

ਈਸ਼ਰ ਨਗਰ ਵਿਚ ਰਹਿੰਦੀ ਵਿਧਵਾ ਵੱਲੋਂ ਪੁਲਿਸ ਕਮਿਸ਼ਨਰ ਨੂੰ 16 ਨਵੰਬਰ 2020 ਨੂੰ ਦਿੱਤੀ ਸ਼ਿਕਾਇਤ ਵਿਚ ਲੋਕ ਇਨਸਾਫ਼ ਪਾਰਟੀ ਦੇ ਮੁਖੀ ਤੇ ਤਤਕਾਲੀ ਵਿਧਾਇਕ ਸਿਮਰਜੀਤ ਸਿੰਘ ਬੈਂਸ ‘ਤੇ ਬਲਾਤਕਾਰ ਦੇ ਦੋਸ਼ ਲਗਾਏ ਗਏ ਸਨ। ਐਫ.ਆਈ.ਆਰ. ਵਿਚ ਬੈਂਸ ਦੇ ਦੋ ਭਰਾਵਾਂ ਕਰਮਜੀਤ ਸਿੰਘ ਬੈਂਸ ਅਤੇ ਪਰਮਜੀਤ ਸਿੰਘ ਬੈਂਸ, ਬੈਂਸ ਦੇ ਨਿੱਜੀ ਸਹਾਇਕ ਪ੍ਰਦੀਪ ਕੁਮਾਰ ਉਰਫ ਗੋਗੀ ਸ਼ਰਮਾ, ਸੁਖਚੈਨ ਸਿੰਘ, ਬਲਜਿੰਦਰ ਕੌਰ ਅਤੇ ਜਸਬੀਰ ਕੌਰ ਦੇ ਨਾਮ ਵੀ ਦਰਜ ਕਰਵਾਏ ਗਏ ਸਨ। ਵਧੀਕ ਚੀਫ ਜੁਡੀਸ਼ਲ ਮੈਜਿਸਟਰੇਟ ਹਰਸਿਮਰਨਜੀਤ ਸਿੰਘ ਦੇ ਹੁਕਮਾਂ ‘ਤੇ ਪੁਲਿਸ ਨੇ ਪਿਛਲੇ ਸਾਲ 10 ਜੁਲਾਈ ਨੂੰ ਬੈਂਸ ਸਮੇਤ 7 ਜਣਿਆਂ ਖਿਲਾਫ਼ ਵੱਖ ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਸੀ। ਪੁਲਿਸ ਕਮਿਸ਼ਨਰ ਕੌਸਤੁਭ ਸ਼ਰਮਾ ਨੇ ਬੈਂਸ ਦੇ ਭਰਾ ਨੂੰ ਗ੍ਰਿਫਤਾਰ ਕਰਨ ਦੀ ਪੁਸ਼ਟੀ ਕਰਦਿਆਂ ਦੱਸਿਆ ਹੈ ਕਿ ਵਿਧਾਇਕ ਬੈਂਸ ਦੀ ਗ੍ਰਿਫਤਾਰੀ ਲਈ ਵੀ ਪੁਲਿਸ ਵੱਲੋਂ ਟੀਮਾਂ ਦਾ ਗਠਨ ਕੀਤਾ ਗਿਆ ਹੈ ਅਤੇ ਉਸ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

# ਗੈਂਗਸਟਰ ਗੋਲਡੀ ਬਰਾੜ ਦੇ ਨਾਂ ’ਤੇ ਸਨਅਤਕਾਰ ਨੂੰ ਧਮਕੀਆਂ

**ਫਗਵਾੜਾ:** ਇਥੋਂ ਦੇ ਸਨਅਤਕਾਰ ਜਤਿੰਦਰ ਸਿੰਘ ਕੁੰਦੀ ਨੂੰ ਵਿਦੇਸ਼ ਤੋਂ ਗੋਲਡੀ ਬਰਾੜ ਦਾ ਨਾਂ ‘ਤੇ ਕਿਸੇ ਨੇ ਫੋਨ ਰਾਹੀਂ ਜਾਨੋਂ ਮਾਰਨ ਦੀ ਧਮਕੀ ਦਿੱਤੀ ਹੈ। ਫੋਨ ਕਰਨ ਵਾਲੇ ਨੇ ਕਿਹਾ ਕਿ ਸਨਅਤਕਾਰ ਦੀ ਸੁਪਾਰੀ ਉਨ੍ਹਾਂ ਨੂੰ ਦਿੱਤੀ ਗਈ ਹੈ, ਜੇਕਰ ਉਹ ਕੋਈ ਸੈਟਿੰਗ ਕਰਨੀ ਚਾਹੁੰਦਾ ਹੈ ਤਾਂ ਕਰ ਲਵੇ, ਨਹੀਂ ਤਾਂ ਨਤੀਜਾ ਭੁਗਤਣ ਲਈ ਤਿਆਰ ਰਹੇ। ਲਘੂ ਉਦਯੋਗ ਭਾਰਤੀ ਦੇ ਮੈਂਬਰਾਂ ਨੇ ਇਥੋਂ ਦੇ ਐਸ.ਪੀ. ਹਰਿੰਦਰਪਾਲ ਸਿੰਘ ਨਾਲ ਮੁਲਾਕਾਤ ਕਰਕੇ ਦੱਸਿਆ ਕਿ ਪਹਿਲਾਂ ਵੀ 8 ਜੂਨ ਨੂੰ ਕਿਸੇ ਵਿਅਕਤੀ ਨੂੰ ਵਿਦੇਸ਼ੀ ਨੰਬਰ ਤੋਂ ਧਮਕੀ ਮਿਲੀ ਸੀ।



ਉਨ੍ਹਾਂ ਕਿਹਾ ਕਿ 8 ਜੂਨ ਦੇ ਮਾਮਲੇ ਸਬੰਧੀ ਐਸ.ਪੀ. ਫਗਵਾੜਾ ਨੂੰ ਲਿਖਤੀ ਦਰਖਾਸਤ ਦਿੱਤੀ ਸੀ, ਜਿਸ ‘ਤੇ ਅਜੇ ਤੱਕ ਕੋਈ ਕਾਰਵਾਈ ਨਹੀਂ ਹੋਈ। ਉਨ੍ਹਾਂ ਦੱਸਿਆ ਕਿ ਪੁਲਿਸ ਤੋਂ ਬਣਦੀ ਸੁਰੱਖਿਆ ਦੀ ਮੰਗ ਕੀਤੀ ਗਈ ਤਾਂ ਅਧਿਕਾਰੀ ਨੇ ਜੁਆਬ ਦਿੱਤਾ ਕਿ ਇਸ ਸਬੰਧੀ ਉਹ ਕੁਝ ਨਹੀਂ ਕਰ ਸਕਦੇ, ਮਾਮਲੇ ਸਬੰਧੀ ਐਸ.ਐਸ.ਪੀ. ਪੱਧਰ ‘ਤੇ ਗੱਲਬਾਤ ਕੀਤੀ ਜਾਵੇ। ਸਨਅਤਕਾਰਾਂ ਨੇ ਮੁੱਖ ਮੰਤਰੀ ਭਗਵੰਤ ਮਾਨ, ਡੀ.ਜੀ.ਪੀ. ਪੰਜਾਬ ਤੇ ਡੀ.ਜੀ.ਪੀ. ਕਰਾਇਮ ਨੂੰ ਪੱਤਰ ਲਿਖ ਕੇ ਉਨ੍ਹਾਂ ਦੀ ਸੁਰੱਖਿਆ ਯਕੀਨੀ ਬਣਾਈ ਬਣਾਉਣ ਅਤ ਧਮਕੀ ਦੇਣ ਵਾਲਿਆਂ ਖਿਲਾਫ ਸਖਤ ਕਾਰਵਾਈ ਕਰਨ ਦੀ ਮੰਗ ਕੀਤੀ। ਸਨਅਤਕਾਰਾਂ ਨੇ ਦੱਸਿਆ ਕਿ ਪੁਲਿਸ ਨੂੰ 8 ਜੂਨ ਨੂੰ ਦਿੱਤੀ ਦਰਖਾਸਤ ਐਸ.ਪੀ. ਦਫ਼ਤਰ ਤੋਂ 23 ਦਿਨਾਂ ਬਾਅਦ ਇੰਡਸਟਰੀ ਏਰੀਆ ਚੌਕੀ ਵਿਚ ਪੁੱਜੀ ਹੈ, ਜਦਕਿ ਇਸ ਦਫ਼ਤਰ ਦਾ ਵਕਫ਼ਾ ਸਿਰਫ ਇਕ ਕਿਲੋਮੀਟਰ ਦਾ ਹੈ।

# ਅਮਰਪਾਲ ਸਿੰਘ ਬੰਦੇਸ਼ਾ ਦੇ ਦੇਹਾਂਤ ਨਾਲ ਬੰਦੇਸ਼ਾ ਪਰਿਵਾਰ ਨੂੰ ਸਦਮਾ

ਸ਼ਿਕਾਗੋ: ਸਰਦਾਰ ਅਮਰਪਾਲ ਸਿੰਘ ਬਦੇਸ਼ਾ ਦਾ 27 ਜੂਨ 2022, ਸੋਮਵਾਰ ਨੂੰ ਆਪਣੇ ਘਰ ਵਿਚ ਦੇਹਾਂਤ ਹੋ ਗਿਆ। ਅਮਰਦੇਵ ਸਿੰਘ ਬੰਦੇਸਾ ਦੇ ਵੱਡੇ ਭਰਾ ਅਤੇ ਦੀਪਾ ਬੰਦੇਸਾ ਦੇ ਚਾਚਾ ਜੀ ਦਾ ਦਾ ਜਨਮ ਉਨ੍ਹਾਂ ਦੇ ਨਾਣਕਾ ਪਿੰਡ ਲਲਤੋਂ ਕਲਾਂ ਵਿਖੇ 7 ਨਵੰਬਰ 1941 ਵਿਚ ਹੋਇਆ ਸੀ। ਸਵਰਗਵਾਸੀ ਰਿਸਾਲਦਾਰ ਹਰਬੀਰ ਸਿੰਘ ਪਿਤਾ ਜੀ ਅਤੇ ਸਵਰਗਵਾਸੀ ਸੁਰਜੀਤ ਕੌਰ ਮਾਤਾ ਜੀ ਨਾਲ ਅਮਰਪਾਲ ਸਿੰਘ ਦਾ ਬਚਪਨ ਆਪਣੇ ਪਿੰਡ ਢੰਡੋਵਾਲ ਵਿਚ ਗੁਜ਼ਰਿਆ। ਨੰਗਲ ਅੰਬੀਆਂ ਤੋਂ ਸੈਕੰਡਰੀ ਸਕੂਲ ਪਾਸ ਕਰਨ ਉਪਰੰਤ, ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਤੋਂ ਡਿਪਲੋਮਾ ਕਰਨ ਉਪਰੰਤ ਭਾਰਤ ਹੈਵੀ ਇਲੈਕਟ੍ਰਿਕ ਭੂਪਾਲ ਵਿਚ ਕੰਮ ਸ਼ੁਰੂ ਕੀਤਾ।

ਉਹ 1972 ਵਿਸ ਅਮਰੀਕਾ ਆ ਕੇ ਵਸ ਗਏ ਸਨ, ਜਿੱਥੇ ਉਨਾਂ ਨੇ ਇਮਾਨਦਾਰੀ ਵਾਲਾ ਵਧੀਆ ਜੀਵਨ ਬਤੀਤ ਕੀਤਾ। ਉਹ ਆਪਣੇ ਪਿੱਛੇ ਪਤਨੀ ਗੁਰਦੇਵ ਕੌਰ ਬੰਦੇਸ਼ਾ, ਪੁੱਤਰ ਪਰਮਵੀਰ ਸਿੰਘ (ਮਨਪ੍ਰੀਤ ਕੌਰ) ਅਤੇ ਜਸਪਾਲ ਸਿੰਘ,



ਬੇਟੀਆਂ ਸਰਨਜੀਤ ਕੌਰ ਸਿੰਘ (ਸਰੂਪ ਸਿੰਘ) ਅਤੇ ਕਮਲਜੀਤ ਕੌਰ ਸੁੱਗਾ (ਰਿਕ ਸੁੱਗਾ), ਭਰਾ ਅਮਰਦੇਵ ਸਿੰਘ ਬਦੇਸ਼ਾ ਅਤੇ ਪਰਮਿੰਦਰ ਸਿੰਘ ਬਦੇਸ਼ਾ ਨੂੰ ਛੱਡ ਗਏ ਅਤੇ ਪਿਆਰ ਕਰਨ ਵਾਲੇ ਪੋਤੇ-ਪੋਤੀਆਂ ਨਿਸ਼ਾਨ, ਅਰਮਾਨ, ਈਸ਼ਾ, ਜਸਲੀਨ, ਰੌਨਿਕ, ਰੀਨਾ ਅਤੇ ਅਜੇ ਨੂੰ ਵੀ ਛੱਡ ਗਏ ਹਨ।

ਸਤਰਵਿਆਂ ਵਿਚ ਸਿੱਖ ਗੁਰਦੁਆਰਾ ਲੈਮਬਾਰਡ ਦੀ ਸੰਗਤ ਵਿਚ ਸ਼ਾਮਿਲ ਹੋ ਕੇ ਐਸ ਆਰ ਐਸ ਪੈਲਾਟਾਈਨ ਲਈ ਤਜਵੀਜ਼ ਕੀਤੀ। ਸ. ਬੰਦੇਸ਼ਾ ਦਾ ਅੰਤਿਮ ਸੰਸਕਾਰ ਐਤਵਾਰ, 3 ਜੁਲਾਈ ਨੂੰ ਮੈਕਕੌਲੀ ਸੁਲੀਵਾਨ ਫਿਊਨਰਲ ਹੋਮ ਅਤੇ ਸ਼ਮਸ਼ਾਨਘਾਟ 530 ਵੈਸਟ ਬੌਟਨ ਰੋਡ ਬੋਲਿੰਗਬਰੂਕ ਵਿਖੇ ਕੀਤਾ ਗਿਆ। ਇਸ ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਸਾਹਿਬ ਸਿੱਖ ਕਮਿਊਨਿਟੀ ਸੈਂਟਰ ਵ੍ਹੀਟਨ, ਇਲੀਨੋਇ ਵਿਖੇ ਕੀਤੀ ਗਈ। ਪਰਿਵਾਰ ਨਾਲ ਦੁਖ ਸਾਂਝਾ ਕਰਨ ਲਈ ਫੋਨ: (630)-759-1212 ‘ਤੇ ਸੰਪਰਕ ਕੀਤਾ ਜਾ ਸਕਦਾ ਹੈ।


## 7-11 ਸਟੋਰ ਸੇਲ ’ਤੇ

ਯੂਟਾ ਵਿਚ 7-11 ਸਟੋਰ ਸੇਲ ’ਤੇ ਹੈ
ਕੁੱਲ ਕੀਮਤ: 3.99 ਹਜ਼ਾਰ ਡਾਲਰ ਲਾਈਸੈਂਸ ਫੀਸ ਸਮੇਤ
ਆਮਦਨ:15 ਤੋਂ 20 ਹਜ਼ਾਰ ਮਹੀਨਾ
ਕਾਲ ਜਾਂ ਟੈਕਸਟ ਕਰੋ:
*ਮਿਸਟਰ ਸਿੰਘ, ਫੋਨ: 801-430-8436*

## Store For Sale

**7-11 Store For Sale in Utah**
**Total Price: $3.99 K (Including all Licences & Fees)**
**Earn: 15-20 K/Month**
***Call or Text Mr. Singh 801-430-8436***
27-28


# Matrimonials

## ਲੜਕੇ ਦੀ ਲੋੜ ਹੈ

Looking for an educated Jatt Sikh Punjabi girl (willing to move in TX) for handsome Jatt Sikh boy 5'10" (32), US born and raised. Degree in BBA (IT), presently working, belongs to a educated family. Please contact and send bio-data at: srom2000@yahoo.com
27-30

Looking for a suitable Ramgarhia Sikh Dhiman match for our beautiful daughter (green card holder), 29 years, 5’ 7”, MSC - Physics (India), and licensed paraprofessional educator, residing in Chicago area. Please contact: manpreets1211@gmail.com
26-29

39 ਸਾਲਾ 5’2.5" ਅੰਮ੍ਰਿਤਧਾਰੀ ਪੋਸਟ ਗ੍ਰੈਜੂਏਟ ਅਮਰੀਕਾ ਵਿਚ ਗਰੀਨ ਕਾਰਡ ਹੋਲਡਰ ਤਲਾਕਸੁਦਾ ਲੜਕੀ ਲਈ 35 ਸਾਲ ਜਾਂ ਵੱਧ ਉਮਰ ਦੇ ਅੰਮ੍ਰਿਤਧਾਰੀ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਅਮਰੀਕਾ/ਕੈਨੇਡਾ ਨੂੰ ਪਹਿਲ। ਆਪਣਾ ਬਾਇਓਡਾਟਾ kaurgurvinder1965@yahoo.com ‘ਤੇ ਭੇਜੋ। ਚਾਹਵਾਨ 734 968 1195 ’ਤੇ ਛੇ ਵਜੇ ਤੋਂ ਸ਼ਾਮ 10 ਵਜੇ (*E.T.*) ਤੱਕ ਸੰਪਰਕ ਕਰ ਸਕਦੇ ਹਨ।
18-21

Ramgahria, Sikh family looking for USA or CANADA green card or PR holder match for their 1988 born 5`4” msc fashion designer beautiful daughter working as professor in Barnala (Punjab). Caste no bar. Please Contact us at: USA 2699061331 or India no. 9646206393
6-9

## ਲੜਕੀ ਦੀ ਲੋੜ ਹੈ

Looking for suitable match for 42, 6”, clean shaven Jatt Sikh Neuro-surgeon boy, working in Chicago. Divorcee, one daughter custody with mother. Contact us at: 917-238-3060
23-26

Khatri Sikh family looking for USA or Canadian citizen match for their 49, 5’10" divorced son. Now in USA, having training Hotel Management and has worked for Chef in Canada for 4 years, Family owns Hotel , Banquet, Bar & Restaurant in Wisconsin. Contact us at: 5152083861
23-26

Sikh Kamboj family, looking for a suitable match for their Oct 73, 5' 8" well educated, Electronics Engineer son working as a Director in the IT field. USA Citizen based in Bay Area, CA. Divorcee (issue less).
Contact us at: +1 (510) 806-7385
21-24

**ਸੈਣੀ ਸਿੱਖ 37, 5'-8" ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ।**
**ਚਾਹਵਾਨ ਸੰਪਰਕ ਕਰਨ: 319-670-8892**
21-24

Jatt Sikh Canadian Parents Looking for a suitable match for their 45, 5’10" divorced son. For more information please contact us at po55ible@yahoo.com or 647-474-5473
20-23

Sikh Kamboj family looking for Well educated girl for their B.Com, 29, 5’10” son, well settled (2 stores), Own home in Arkansas. Mom, dad & brother live in India.
Contact us at: 417-846-3741
***ਸਿੱਖ ਕੰਬੋਜ 29 ਸਾਲਾ 5’10”, ਅਮਰੀਕਾ ਵਿਚ ਵਧੀਆ ਸਥਾਪਿਤ, ਆਪਣਾ ਬਿਜ਼ਨਸ ਕਰਦੇ ਬੀ. ਕਾਮ ਲੜਕੇ ਲਈ ਸੋਹਣੀ-ਸੁਨੱਖੀ, ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਇੰਡੀਆ ਵਿਚ ਹੈ। ਚਾਹਵਾਨ 417-846-3741 ’ਤੇ ਸੰਪਰਕ ਕਰ ਸਕਦੇ ਹਨ।***
apr16- may16

## NAME CHANGE

**This is to certify that I, Tarsem Singh Dhillon, son of Bhan Singh, resident of Gobindgarh (Dabrikhana), Tehsil Jaitu, Distt: Faridkot, Punjab, India, now living at 2410 Neptune street, Portage, IN, 46368, have changed my name to Tarsem Singh. All concerned please note. Thank you**

LAW OFFICES OF
**VIVEK MALIK**

Follow us on :



**ACCOMPLISHED**
**IMMIGRATION** Attorneys
help FAMILIES
REUNITE in the



**UNITED STATES**

Our Global & Nationwide Services
in the field of
U.S. Immigration & Nationality Law

Come talk to an experienced immigration attorney
Toll Free No.
**866-424-4000**

OUR OFFICES
- 432 S Emerson Ave, Suite 220, Greenwood, IN 46143 Phone: 317.560.4777
- 1067 N Mason Rd., Suite 4, St Louis, Missouri 63141 Phone: 314.416.8000
- 2440 W Shaw Ave., Suite 205, Fresno, California 93711 Phone: 559.578.4344

www.usa-immigrationlaw.com

- **Business** Immigration & **Worksite Compliance** ਬਿਜ਼ਨੈਸ ਇੰਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ
- **Family** & General Immigration ਫੈਮਿਲੀ ਐਂਡ ਜਨਰਲ ਇੰਮੀਗਰੇਸ਼ਨ
- Naturalization & **Citizenship** ਨੈਚੁਰਲਾਈਜ਼ੇਸ਼ਨ ਐਂਡ ਸਿਟੀਜ਼ਨਸ਼ਿਪ
- Removal **Defense** & Waivers ਰੀਮੂਵਲ ਡਿਫੈਂਸੀ ਐਂਡ ਵੇਵੇਰਸ

**Languages SPOKEN** Punjabi | Hindi | Urdu | Spanish & English



# ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਅਤੇ ਡਿਸ਼ਵਾਸ਼ਰ ਦੀ ਲੋੜ ਹੈ

**ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ 'ਢਾਬਾ' ਲਈ ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਤੇ ਡਿਸ਼ਵਾਸ਼ਰ ਦੀ ਲੋੜ ਹੈ।**

**ਮੁਫਤ ਖਾਣਾ ਤੇ ਹੋਰ ਸਹੂਲਤਾਂ**

*ਸੰਪਰਕ ਕਰੋ: ਮਿਸਟਰ ਸਿੰਘ*

**ਫੋਨ: 608-886-2500**

41-48



*ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ*

**ਫੋਨ (408) 687-1899**

**Gurdip Singh Sandhu**
Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**Live on Jas TV**
Saturday 9:30AM and Sunday 4PM (Pacific Time)

7021 Village Park Way, Dublin, CA 94568

Email:
Homeomedicine@yahoo.com



# ਸੀ. ਡੀ. ਐੱਲ. ਸਟਾਰ ਲਰਨਿੰਗ ਸਕੂਲ




**ਕੀ ਤੁਸੀਂ ਆਪਣੀ ਜ਼ਿੰਦਗੀ ਨੂੰ ਉਚਾਈ 'ਤੇ ਲੈ ਕੇ ਜਾਣਾ ਚਾਹੁੰਦੇ ਹੋ? ਕੀ ਤੁਸੀਂ ਨਵੇਂ ਕੈਰੀਅਰ ਲਈ ਤਿਆਰ ਹੋ? ਜੇ ਹਾਂ ਤਾਂ ਅੱਜ ਹੀ ਯੂ. ਐੱਸ. ਏ ਦੇ ਬਿਹਤਰੀਨ ਟਰੇਨਿੰਗ ਸਕੂਲ 'ਸੀ. ਡੀ. ਐੱਲ. ਸਟਾਰਟ' ਵਿਚ ਆਓ।**

**ਸੀ. ਡੀ. ਐੱਲ. ਸਟਾਰਟ ਟਰੇਨਿੰਗ ਸਕੂਲ ਦੀਆਂ ਵਿਸ਼ੇਸ਼ਤਾਵਾਂ:**

*ਵਧੀਆ ਤੇ ਮਦਦਗਾਰ ਸਟਾਫ, ਜੋ ਪੂਰੀ ਪ੍ਰਕਿਰਿਆ ਦੌਰਾਨ ਤੁਹਾਡਾ ਮਾਰਗਦਰਸ਼ਨ ਕਰੇਗਾ।
*ਹਰੇਕ ਵਿਦਿਆਰਥੀ ਨੂੰ ਨਿੱਜੀ ਸਮਾਂ ਦਿੱਤਾ ਜਾਂਦਾ ਹੈ।
*ਸਿਖਲਾਈ ਅੰਗਰੇਜ਼ੀ ਵਿਚ ਦਿੱਤੀ ਜਾਂਦੀ ਹੈ।
*ਦੋ ਤੋਂ ਤਿੰਨ ਹਫਤਿਆਂ ਵਿਚ ਤਿਆਰੀ।
*ਦੂਜੇ ਸੂਬਿਆਂ ਤੋਂ ਆਉਣ ਵਾਲੇ ਵਿਦਿਆਰਥੀਆਂ ਲਈ ਹੋਸਟਲ ਦੀ ਸੁਵਿਧਾ।

**ਸਿਖਲਾਈ ਦੀਆਂ ਸੱਤ ਸਟੇਜਾਂ:**

*ਪ੍ਰੀ-ਟਰਿੱਪ ਨਿਰੀਖਣ *ਬੈਕਿੰਗ
*ਖੱਬੇ ਤੋਂ ਸੱਜੇ ਅਤੇ ਸੱਜੇ ਤੋਂ ਖੱਬੇ ਦੋਵੇਂ ਪਾਸੇ ਪਾਰਕਿੰਗ
*ਐਲੇ ਡਾਕ ਪਾਰਕਿੰਗ (Alley Dock Parking)
*ਸ਼ਹਿਰ 'ਚ ਡਰਾਈਵਿੰਗ
*ਪ੍ਰੀ-ਟੈਸਟ (ਇੰਟਰਨਲ ਪ੍ਰੀਖਿਆ)
*ਡੀ. ਐੱਮ. ਵੀ. ਵਿਚ ਪ੍ਰੀਖਿਆ (ਫਾਈਨਲ ਪ੍ਰੀਖਿਆ)

**ਲੋੜੀਂਦੇ ਦਸਤਾਵੇਜ਼:**

*ਯੂ. ਐੱਸ. ਏ. ਦੀ ਨਾਗਰਿਕਤਾ, ਗਰੀਨ ਕਾਰਡ ਜਾਂ ਵਰਕ ਪਰਮਿਟ।
*ਡਰਾਈਵਿੰਗ ਲਾਇਸੈਂਸ (ਕਲਾਸ ਸੀ)
*ਮੈਡੀਕਲ ਕਾਰਡ (ਫਿਜ਼ੀਕਲ ਡੀ. ਓ. ਟੀ. ਕਾਰਡ)
*ਟਰੱਕ ਡਰਾਈਵਿੰਗ ਪਰਮਿਟ (ਲਰਨਿੰਗ)

**ਤਿੰਨ ਸਿਖਲਾਈ ਪ੍ਰੋਗਰਾਮ:**

*ਆਟੋਮੈਟਿਕ ਗੇਅਰ ਬੌਕਸ
*ਮੈਨੂਅਲ ਗੇਅਰ ਬੌਕਸ
*ਘੰਟਾਬੱਧ ਕੋਰਸ

***ਸਫਲਤਾਪੂਰਵਕ ਸਿਖਲਾਈ ਪੂਰੀ ਹੋਣ 'ਤੇ ਸੌ ਫੀਸਦੀ ਨੌਕਰੀ ਦੀ ਗਾਰੰਟੀ।***

*ਵਿਦਿਆਰਥੀਆਂ ਲਈ: ਕੋਵਿਡ ਮਹਾਮਾਰੀ ਮਗਰੋਂ ਕੰਪਨੀਆਂ ਪ੍ਰੋਫੈਸ਼ਨਲ ਡਰਾਈਵਰਾਂ ਦੀ ਭਾਲ 'ਚ ਹਨ ਤੇ ਉਹ ਸਾਡੇ ਵਿਦਿਆਰਥੀਆਂ ਨੂੰ ਪਹਿਲ ਦਿੰਦੀਆਂ ਹਨ।*

**ਸੰਪਰਕ ਕਰੋ: 1-844-227-2162 (ਸਵੇਰੇ 9 ਤੋਂ ਸ਼ਾਮ 7 ਵਜੇ)**
**ਈ-ਮੇਲ: info@cdlstart.com / www.cdlstart.com**

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸਿੱਖਾਂ ਨਾਲ ਬੇਗਾਨਿਆਂ ਵਾਲਾ ਸਲੂਕ ਮੰਦਭਾਗਾ: ਧਾਮੀ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਦੇਸ਼ ਦੀ ਆਜ਼ਾਦੀ ਦੇ ਅੱਠ ਵਰ੍ਹੇ ਮਗਰੋਂ ਹੀ ਸ੍ਰੀ ਦਰਬਾਰ ਸਾਹਿਬ ਵਿਖੇ ਪੁਲਿਸ ਭੇਜ ਕੇ ਗੁਰੂਧਾਮ ਦੀ ਬੇਹੁਰਮਤੀ ਕਰਵਾਈ ਗਈ ਸੀ। ਸਾਕਾ ਨੀਲਾ ਤਾਰਾ ਫੌਜੀ ਹਮਲੇ ਵਾਂਗ ਸਿੱਖ ਕੌਮ ਕਦੇ ਵੀ ਇਸ ਹਮਲੇ ਨੂੰ ਨਹੀਂ ਭੁੱਲ ਸਕਦੀ। ਉਹ ਇਥੇ ਸ੍ਰੀ ਦਰਬਾਰ ਸਾਹਿਬ ਸਮੂਹ ਸਥਿਤ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਚ 4 ਜੁਲਾਈ 1955 ਨੂੰ ਹੋਏ ਹਮਲੇ ਦੀ ਯਾਦ 'ਚ ਸ਼੍ਰੋਮਣੀ ਕਮੇਟੀ ਵੱਲੋਂ ਕਰਵਾਏ ਗਏ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ।



ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਆਖਿਆ ਕਿ ਸਿੱਖਾਂ ਨੇ ਦੇਸ਼ ਲਈ ਆਪਣੀਆਂ ਜਾਨਾਂ ਦਿੱਤੀਆਂ, ਫਿਰ ਵੀ ਉਨ੍ਹਾਂ ਨਾਲ ਬੇਗਾਨਿਆਂ ਵਾਲਾ ਸਲੂਕ ਹੋਣਾ ਮੰਦਭਾਗਾ ਹੈ। ਉਨ੍ਹਾਂ ਕਿਹਾ ਕਿ 1955 ਵਿਚ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਪੁਲਿਸ ਭੇਜ ਕੇ ਨਾ ਸਿਰਫ ਗੁਰ-ਅਸਥਾਨ ਦੀ ਬੇਅਦਬੀ ਕੀਤੀ ਗਈ, ਸਗੋਂ ਸਿੱਖਾਂ ਦੀ ਆਵਾਜ਼ ਨੂੰ ਦਬਾਉਣ ਦਾ ਯਤਨ ਵੀ ਕੀਤਾ ਗਿਆ। ਉਨ੍ਹਾਂ ਸੋਸ਼ਲ ਮੀਡੀਆ 'ਤੇ ਸਿੱਖ ਸੰਸਥਾਵਾਂ ਨੂੰ ਜਾਣ-ਬੁੱਝ ਕੇ ਬਦਨਾਮ ਕਰਨ ਦੇ ਰੁਝਾਨ 'ਤੇ ਚਿੰਤਾ ਜ਼ਾਹਿਰ ਕਰਦਿਆਂ ਸਿੱਖ ਜਗਤ ਨੂੰ ਆਪਣੇ ਇਤਿਹਾਸ ਤੋਂ ਸੇਧ ਲੈਣ ਦੀ ਅਪੀਲ ਕੀਤੀ। ਇਸ ਮੌਕੇ ਕਰਨੈਲ ਸਿੰਘ ਪੰਜੋਲੀ ਨੇ ਕਿਹਾ ਕਿ ਅੱਜ ਵੀ ਸਿੱਖਾਂ ਨਾਲ ਬੇਇਨਸਾਫ਼ੀ ਦਾ ਦੌਰ ਜਾਰੀ ਹੈ। ਪੰਜਾਬ ਯੂਨੀਵਰਸਿਟੀ, ਬੀ.ਬੀ.ਐਮ.ਬੀ, ਬੰਦੀ ਸਿੰਘ ਤੇ ਚੰਡੀਗੜ੍ਹ ਆਦਿ ਮੁੱਦੇ ਜਾਣ-ਬੁੱਝ ਕੇ ਉਲਝਾਏ ਜਾ ਰਹੇ ਹਨ। ਇਕ ਵੱਖਰੇ ਸੁਨੇਹੇ ਵਿਚ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਸਿੱਖ ਕੌਮ ਨੂੰ ਕਦੇ ਆਪਣਾ ਇਤਿਹਾਸ ਨਹੀਂ ਭੁੱਲਣਾ ਚਾਹੀਦਾ ਕਿਉਂਕਿ ਜਿਹੜੀਆਂ ਕੌਮਾਂ ਆਪਣੇ ਇਤਿਹਾਸ ਭੁੱਲ ਜਾਂਦੀਆਂ ਹਨ, ਉਹ ਰੁਲ ਜਾਂਦੀਆਂ ਹਨ।

## ਕੈਨੇਡਾ ਵਿਚ ਸੜਕ ਹਾਦਸੇ 'ਚ ਪੰਜਾਬੀ ਨੌਜਵਾਨ ਦੀ ਮੌਤ

ਅਜਨਾਲਾ: ਕੈਨੇਡਾ 'ਚ ਵਾਪਰੇ ਸੜਕ ਹਾਦਸੇ ਵਿਚ ਅਜਨਾਲਾ ਨਾਲ ਸਬੰਧਤ ਇਕ ਨੌਜਵਾਨ ਦੀ ਮੌਤ ਹੋ ਗਈ ਹੈ। ਇਕ ਹੋਰ ਨੌਜਵਾਨ ਗੰਭੀਰ ਫੱਟੜ ਹੋ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਤਹਿਸੀਲ ਅਜਨਾਲਾ ਦੇ ਪਿੰਡ ਅਲੀਵਾਲ ਕੋਟਲੀ ਦਾ 29 ਸਾਲਾ ਨੌਜਵਾਨ ਖੁਸ਼ਬੀਰ ਸਿੰਘ ਤੇ ਉਸ ਦਾ ਰਿਸ਼ਤੇਦਾਰ ਸਪਿੰਦਰ ਸਿੰਘ ਵਾਸੀ ਚੱਕ ਬਾਲਾ ਕੈਨੇਡਾ ਦੇ ਬਰੈਂਪਟਨ ਸ਼ਹਿਰ ਵਿਚ ਕਾਰ 'ਚ ਕੰਮ ਤੋਂ ਵਾਪਸ ਆ ਰਹੇ ਸਨ। ਇਸੇ ਦੌਰਾਨ ਉਨ੍ਹਾਂ ਦੀ ਇਕ ਹੋਰ ਵਾਹਨ ਨਾਲ ਟੱਕਰ ਹੋ ਗਈ। ਭਿਆਨਕ ਸੜਕ ਹਾਦਸੇ ਵਿਚ ਖੁਸ਼ਬੀਰ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ। ਜਦਕਿ ਸਪਿੰਦਰ ਸਿੰਘ ਗੰਭੀਰ ਰੂਪ ਵਿਚ ਜ਼ਖਮੀ ਹੋ ਹੋ ਗਿਆ। ਉਸ ਨੂੰ ਹਸਪਤਾਲ ਦਾਖਲ ਕਰਾਇਆ ਗਿਆ ਹੈ।

## ਮੁਹੱਲਾ ਕਲੀਨਿਕਾਂ ਲਈ ਸੇਵਾਮੁਕਤ ਡਾਕਟਰਾਂ ਦੀ ਭਰਤੀ ਕਰੇਗੀ ਪੰਜਾਬ ਸਰਕਾਰ

**ਪਟਿਆਲਾ:** 'ਆਪ' ਸਰਕਾਰ ਵੱਲੋਂ 15 ਅਗਸਤ ਤੋਂ ਸੂਬੇ ਵਿਚ 75 ਮੁਹੱਲਾ ਕਲੀਨਿਕ ਸ਼ੁਰੂ ਕੀਤੇ ਜਾਣੇ ਹਨ ਪਰ ਇਨ੍ਹਾਂ ਕਲੀਨਿਕਾਂ 'ਤੇ ਮਰੀਜ਼ਾਂ ਦੇ ਇਲਾਜ ਲਈ ਬਜ਼ੁਰਗ ਮੈਡੀਕਲ ਅਫਸਰਾਂ ਦੀ ਭਰਤੀ ਕੀਤੀ ਜਾ ਰਹੀ ਹੈ। ਇਸ ਪੋਸਟ ਲਈ ਸੇਵਾਮੁਕਤੀ ਦੀ ਉਮਰ 64 ਸਾਲ ਰੱਖੀ ਗਈ ਹੈ ਜਿਹੜੀ ਸਰਕਾਰੀ ਸੇਵਾਮੁਕਤੀ ਦੀ ਉਮਰ (58 ਸਾਲ) ਤੋਂ ਵੀ ਛੇ ਸਾਲ ਵੱਧ ਹੈ। ਉਂਜ 231 ਮੈਡੀਕਲ ਅਫਸਰਾਂ ਦੀ ਕੀਤੀ ਜਾ ਰਹੀ ਭਰਤੀ ਕੰਟਰੈਕਟ ਆਧਾਰ 'ਤੇ ਹੋਵੇਗੀ। ਜਿਸ ਦੌਰਾਨ ਰੋਜ਼ਾਨਾ 50 ਮਰੀਜ਼ਾਂ ਦੇ ਇਲਾਜ ਦੇ ਬਰਾਬਰ ਪ੍ਰਤੀ ਦਿਨ (50 ਰੁਪਏ ਪ੍ਰਤੀ ਮਰੀਜ਼) ਦੇ ਹਿਸਾਬ ਨਾਲ ਮਹੀਨੇ ਮਗਰੋਂ ਅਦਾਇਗੀ ਹੋਵੇਗੀ। ਉਨ੍ਹਾਂ ਨੂੰ ਪੰਜਾਹ ਮਰੀਜ਼ਾਂ ਦੇ ਇਲਾਜ ਦੇ ਹਿਸਾਬ ਨਾਲ 63 ਹਜ਼ਾਰ ਰੁਪਏ ਮਹੀਨੇ ਦੇ ਮਿਲਣਗੇ ਪਰ ਜੇਕਰ ਇਕ ਦਿਨ 'ਚ 50 ਤੋਂ ਵੱਧ ਮਰੀਜ਼ਾਂ ਦਾ ਇਲਾਜ ਕੀਤਾ ਜਾਂਦਾ ਹੈ ਤਾਂ ਪ੍ਰਤੀ ਮਰੀਜ਼ ਬਦਲੇ 50 ਰੁਪਏ ਹੋਰ ਵਾਧੂ ਦਿੱਤੇ ਜਾਣ ਦਾ ਪ੍ਰਬੰਧ ਹੈ ਜਿਸ ਕਾਰਨ ਤਨਖਾਹ 63 ਹਜ਼ਾਰ ਤੋਂ ਵੀ ਵਧ ਸਕਦੀ ਹੈ। ਦੂਜੇ ਪਾਸੇ ਸਰਕਾਰ ਵੱਲੋਂ ਭਰਤੀ ਕੀਤੇ ਜਾਣ ਵਾਲੇ ਇਨ੍ਹਾਂ ਡਾਕਟਰਾਂ ਦੀ ਉਮਰ ਹੱਦ 64 ਸਾਲ ਕੀਤੇ ਜਾਣ ਦਾ ਵਿਰੋਧ ਸ਼ੁਰੂ ਹੋ ਗਿਆ ਹੈ। ਵਿਰੋਧ ਕਰਨ ਵਾਲਿਆਂ ਦਾ ਕਹਿਣਾ ਹੈ ਕਿ ਇਹ ਕਾਰਵਾਈ ਲੱਖਾਂ ਰੁਪਏ ਖਰਚ ਕੇ ਮੈਡੀਕਲ ਦੀ ਪੜ੍ਹਾਈ ਕਰਨ ਵਾਲੇ ਨੌਜਵਾਨਾਂ ਦੇ ਹੱਕਾਂ 'ਤੇ ਡਾਕਾ ਹੈ।

## ਦਰਬਾਰ ਸਾਹਿਬ ਪਰਿਕਰਮਾ 'ਚ ਰੰਗ ਰੋਗਨ ਦੀ ਕਾਰ ਸੇਵਾ ਸ਼ੁਰੂ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ 'ਚ ਵਰਾਂਡਿਆਂ ਤੇ ਡਿਉਢੀਆਂ ਨੂੰ ਰੰਗ ਰੋਗਨ ਕਰਨ ਦੀ ਕਾਰ ਸੇਵਾ ਆਰੰਭ ਦਿੱਤੀ ਹੈ। ਇਹ ਸੇਵਾ ਬਾਬਾ ਜਗਤਾਰ ਸਿੰਘ ਕਾਰ ਸੇਵਾ ਤਰਨ ਤਾਰਨ ਵਾਲਿਆਂ ਨੂੰ ਸੌਂਪੀ ਗਈ ਹੈ। ਕਾਰ ਸੇਵਾ ਦੀ ਆਰੰਭਤਾ ਅਰਦਾਸ ਕਰ ਕੇ ਕੀਤੀ ਗਈ।

ਇਸ ਮੌਕੇ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਬਾਬਾ ਜਗਤਾਰ ਸਿੰਘ ਕਾਰ ਸੇਵਾ ਵਾਲਿਆਂ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ। ਸੇਵਾ ਦੀ ਆਰੰਭਤਾ ਮੌਕੇ ਗੱਲਬਾਤ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਨੇ ਦੱਸਿਆ ਕਿ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਦੇ ਵਰਾਂਡਿਆਂ ਅਤੇ ਡਿਉਢੀਆਂ ਨੂੰ ਸਮੇਂ ਸਮੇਂ 'ਤੇ ਰੰਗ ਰੋਗਨ ਕੀਤਾ ਜਾਂਦਾ ਹੈ ਅਤੇ ਇਸ ਵਾਰ ਇਹ ਸੇਵਾ ਬਾਬਾ ਜਗਤਾਰ ਸਿੰਘ ਤਰਨ ਤਾਰਨ ਵਾਲੇ ਸੰਗਤ ਦੇ ਸਹਿਯੋਗ ਨਾਲ ਕਰਵਾ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਦੇ ਨਾਲ ਹੀ ਸਾਰਾਗੜ੍ਹੀ ਨਿਵਾਸ ਦੇ ਰੰਗ ਰੋਗਨ ਦੀ ਸੇਵਾ ਵੀ ਕੀਤੀ ਜਾਵੇਗੀ।

## ਮੇਰੇ ਪੁੱਤ ਉਤੇ 8 ਵਾਰ ਹਮਲੇ ਦੀ ਕੋਸ਼ਿਸ਼ ਹੋਈ: ਬਲਕੌਰ ਸਿੰਘ ਸਿੱਧੂ

**ਮਾਨਸਾ:** ਮਰਹੂਮ ਪੰਜਾਬੀ ਗਾਇਕ ਸ਼ੁਭਦੀਪ ਸਿੰਘ ਸਿੱਧੂ ਮੂਸੇਵਾਲਾ ਦੀ ਯਾਦ ਨੂੰ ਤਾਜ਼ਾ ਰੱਖਣ ਲਈ ਪਿੰਡ ਬੁਰਜ ਢਿੱਲਵਾਂ ਤੋਂ ਪਿੰਡ ਭੈਣੀ ਚੂਹੜ ਤੱਕ ਸਿੱਧੂ ਮੂਸੇਵਾਲਾ ਯਾਦਗਾਰੀ ਸੰਪਰਕ ਸੜਕ ਦਾ ਉਦਘਾਟਨ ਉਨ੍ਹਾਂ ਦੇ ਪਿਤਾ ਬਲਕੌਰ ਸਿੰਘ ਸਿੱਧੂ ਵੱਲੋਂ ਕੀਤਾ ਗਿਆ। ਇਸ ਮੌਕੇ ਸ਼ੁਭਦੀਪ ਸਿੰਘ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਆਖਿਆ ਕਿ ਉਸ ਦਾ ਪੁੱਤਰ ਸਾਫ ਸੁਥਰੀ ਰਾਜਨੀਤੀ ਕਰਨੀ ਚਾਹੁੰਦਾ ਸੀ ਅਤੇ ਉਸ ਦੀ ਦਿੱਲੀ ਇੱਛਾ ਸੀ ਕਿ ਲੋਕ ਉਸ ਤੋਂ ਗਲੀਆਂ-ਨਾਲੀਆਂ ਦੀਆਂ ਮੰਗਾਂ ਦੀ ਬਜਾਏ ਹਸਪਤਾਲਾਂ, ਕਾਲਜਾਂ, ਯੂਨੀਵਰਸਿਟੀਆਂ ਦੀ ਮੰਗ ਰੱਖਣ ਪ੍ਰੰਤੂ ਇਹ ਸਭ ਵੇਖ ਉਸ ਦਾ ਮਨ ਉਪਰਾਮ ਹੋ ਜਾਂਦਾ ਸੀ। ਉਨ੍ਹਾਂ ਆਖਿਆ ਕਿ ਚੋਣਾਂ ਦੌਰਾਨ ਵੀ ਉਸ ਦੇ ਪੁੱਤਰ ਉਪਰ ਕਰੀਬ 8 ਵਾਰ ਹਮਲਾ ਹੁੰਦਾ-ਹੁੰਦਾ ਸੁਰੱਖਿਆ ਕਾਰਨਾਂ ਕਾਰਨ ਟਲਿਆ।

## ਰੁਪਏ ਦੀ ਘਟਦੀ ਕੀਮਤ ਕਾਰਨ ਕਾਂਗਰਸ ਨੇ ਮੋਦੀ 'ਤੇ ਸੇਧਿਆ ਨਿਸ਼ਾਨਾ

**ਨਵੀਂ ਦਿੱਲੀ:** ਕਾਂਗਰਸ ਨੇ ਡਾਲਰ ਦੇ ਮੁਕਾਬਲੇ ਰੁਪਏ ਦੀ ਕੀਮਤ ਵਿਚ ਰਿਕਾਰਡ ਗਿਰਾਵਟ ਨੂੰ ਲੈ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਹੈ ਕਿ ਪ੍ਰਧਾਨ ਮੰਤਰੀ ਦੀ ਸਾਖ ਵੀ ਸਭ ਤੋਂ ਹੇਠਲੇ ਪੱਧਰ 'ਤੇ ਪਹੁੰਚ ਗਈ ਹੈ। ਪਾਰਟੀ ਦੇ ਬੁਲਾਰੇ ਗੌਰਵ ਵਲੱਭ ਨੇ ਮੀਡੀਆ ਨੂੰ ਸੰਬੋਧਨ ਕਰਦਿਆਂ ਕਿਹਾ ਕਿ 2014 ਤੋਂ ਪਹਿਲਾਂ ਇਕ ਵਿਅਕਤੀ (ਪ੍ਰਧਾਨ ਮੰਤਰੀ ਮੋਦੀ) ਨੇ ਕਿਹਾ ਸੀ ਕਿ ਜਿਵੇਂ ਜਿਵੇਂ ਰੁਪਏ ਦੀ ਕੀਮਤ ਘਟਦੀ ਹੈ, ਉਸੇ ਤਰ੍ਹਾਂ ਦੇਸ਼ ਦੀ ਸਾਖ ਵੀ ਘਟਦੀ ਹੈ।

## ਬੇਅਦਬੀ: ਜਾਂਚ ਰਿਪੋਰਟ ਦਾ ਮਾਮਲਾ ਫਿਰ ਭਖਿਆ

*(ਪਹਿਲੇ ਸਫੇ ਦੀ ਬਾਕੀ)*

ਸੀ.ਆਰ.ਪੀ.ਸੀ. ਦੀ ਧਾਰਾ 173 ਅਨੁਸਾਰ ਸਬੰਧਤ ਅਦਾਲਤ ਵਿਚ ਪੇਸ਼ ਹੋਣੀ ਚਾਹੀਦੀ ਸੀ, ਜੋ ਕਿ ਕਾਨੂੰਨੀ ਤੌਰ ਉਤੇ ਜਰੂਰੀ ਸਮਝੀ ਜਾਂਦੀ ਹੈ। ਆਮ ਆਦਮੀ ਪਾਰਟੀ ਨੇ ਇਸ ਮਾਮਲੇ ਉਤੇ ਸਫਾਈ ਦਿੰਦੇ ਹੋਏ ਦਾਅਵਾ ਕੀਤਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਜੁੜੇ ਤਿੰਨ ਮਾਮਲਿਆਂ ਵਿਚ ਬਾਦਲਾਂ ਨੂੰ ਕਲੀਨ ਚਿਟ ਦੇਣ ਦੀ ਪ੍ਰਕਿਰਿਆ ਜੁਲਾਈ 2021 ਵਿਚ ਹੀ ਮੁਕੰਮਲ ਹੋ ਗਈ ਸੀ। ਵਿਸ਼ੇਸ਼ ਜਾਂਚ ਟੀਮ ਵੱਲੋਂ ਅਦਾਲਤ ਵਿਚ ਪੇਸ਼ ਕੀਤੇ ਰਿਕਾਰਡ ਤੋਂ ਸਪੱਸ਼ਟ ਹੁੰਦਾ ਹੈ ਕਿ ਬਾਜਾਖਾਨਾ ਪੁਲਿਸ ਵੱਲੋਂ 25 ਸਤੰਬਰ 2015 ਨੂੰ ਦਰਜ ਕੀਤੇ ਗਏ ਸਨ। ਜਾਂਚ ਟੀਮ ਨੇ ਮੁਕੱਦਮਾ ਨੰਬਰ 117 ਵਿਚ 6 ਜੁਲਾਈ 2021 ਨੂੰ ਆਪਣੀ ਪੜਤਾਲ ਮੁਕੰਮਲ ਕਰਕੇ ਇਸ ਦੀ ਰਿਪੋਰਟ ਅਦਾਲਤ ਵਿਚ ਪੇਸ਼ ਕਰ ਦਿੱਤੀ ਸੀ। ਇਸ ਰਿਪੋਰਟ ਵਿਚ ਸਪੱਸ਼ਟ ਕੀਤਾ ਗਿਆ ਹੈ ਕਿ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਦੀਆਂ ਗਲੀਆਂ ਵਿਚ ਲਾਏ ਗਏ ਇਤਰਾਜ਼ਯੋਗ ਪੋਸਟਰਾਂ ਪਿੱਛੇ 8 ਡੇਰਾ ਪ੍ਰੇਮੀਆਂ ਦਾ ਹੱਥ ਸੀ ਅਤੇ ਇਸ ਵਿਚ ਕਿਸੇ ਵੀ ਸਿਆਸੀ ਪਾਰਟੀ ਜਾਂ ਪਰਿਵਾਰ ਦਾ ਸਬੰਧ ਨਹੀਂ ਦੱਸਿਆ ਗਿਆ। ਇਸੇ ਤਰ੍ਹਾਂ ਹੋਰਾਂ ਮਾਮਲਿਆਂ ਵਿਚ ਵੀ ਉਸ ਵੇਲੇ ਦੀ ਸਰਕਾਰ ਜਾਂ ਅਕਾਲੀ ਦਲ ਦੀ ਸ਼ਮੂਲੀਅਤ ਹੋਣ ਬਾਰੇ ਕੋਈ ਜ਼ਿਕਰ ਨਹੀਂ ਹੈ। ਇਹ ਤਿੰਨੇ ਪੜਤਾਲੀਆ ਰਿਪੋਰਟਾਂ 27 ਜਨਵਰੀ 2022 ਤੋਂ ਪਹਿਲਾਂ ਹੀ ਮੁਕੰਮਲ ਹੋ ਗਈਆਂ ਸਨ ਅਤੇ ਬੇਅਦਬੀ ਨਾਲ ਜੁੜੇ ਤਿੰਨੇ ਮਾਮਲਿਆਂ ਵਿਚ ਅਕਾਲੀ ਦਲ ਜਾਂ ਕਿਸੇ ਵੀ ਹੋਰ ਸਿਆਸੀ ਪਾਰਟੀ ਜਾਂ ਉਸ ਦੇ ਆਗੂ ਨੂੰ ਮੁਲਜ਼ਮ ਜਾਂ ਸਾਜ਼ਿਸ਼ਕਾਰ ਵਜੋਂ ਸ਼ਾਮਲ ਨਹੀਂ ਕੀਤਾ ਗਿਆ।

ਦੱਸ ਦਈਏ ਕਿ ਪੰਜਾਬ ਦੇ ਫਰੀਦਕੋਟ ਜ਼ਿਲ੍ਹੇ ਦੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਅਤੇ ਬਰਗਾੜੀ ਵਿਚ ਸਾਲ 2015 'ਚ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ ਦੀ ਜਾਂਚ ਲਈ ਗਠਿਤ ਵਿਸ਼ੇਸ਼ ਜਾਂਚ ਟੀਮ (ਸਿਟ) ਨੇ ਇਨ੍ਹਾਂ ਘਟਨਾਵਾਂ ਲਈ ਡੇਰਾ ਸਿਰਸਾ ਮੁਖੀ ਤੇ ਕਈ ਹੋਰ ਡੇਰਾ ਪ੍ਰੇਮੀਆਂ ਨੂੰ ਸਾਜ਼ਿਸ਼ਕਾਰ ਕਰਾਰ ਦਿੱਤਾ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕੇਸ ਦੀ ਪੈਰਵੀ ਕਰ ਰਹੀਆਂ ਸਿੱਖ ਜਥੇਬੰਦੀਆਂ ਨੂੰ ਰਿਪੋਰਟ ਦੀਆਂ ਕਾਪੀਆਂ ਸੌਂਪ ਦਿੱਤੀਆਂ ਹਨ। ਸਿੱਖ ਜਥੇਬੰਦੀਆਂ ਦੇ ਆਗੂ ਮੇਜਰ ਸਿੰਘ ਪੰਡੋਰੀ, ਚਮਕੌਰ ਸਿੰਘ, ਭਾਈ ਰੂਪਾ, ਰੇਸ਼ਮ ਸਿੰਘ ਖੁਖਰਾਣਾ ਅਤੇ ਬਲਦੇਵ ਸਿੰਘ ਜੋਗੇਵਾਲਾ ਨੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਚੰਡੀਗੜ੍ਹ ਸਥਿਤ ਉਨ੍ਹਾਂ ਦੀ ਸਰਕਾਰੀ ਰਿਹਾਇਸ਼ 'ਤੇ ਮੁਲਾਕਾਤ ਕੀਤੀ। ਮੁੱਖ ਮੰਤਰੀ ਨੇ ਰਿਪੋਰਟ ਜਨਤਕ ਕਰਦਿਆਂ ਇਸ ਦੀ ਇਕ ਕਾਪੀ ਸਿੱਖ ਜਥੇਬੰਦੀਆਂ ਦੇ ਆਗੂਆਂ ਨੂੰ ਸੌਂਪੀ।

ਇਹ ਰਿਪੋਰਟ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਨਿਰਦੇਸ਼ 'ਤੇ 4 ਅਪਰੈਲ 2021 ਨੂੰ ਆਈ.ਜੀ. ਐਸ.ਪੀ.ਐਸ. ਪਰਮਾਰ ਦੀ ਅਗਵਾਈ ਹੇਠ ਬਣਾਈ 5 ਮੈਂਬਰੀ ਟੀਮ ਨੇ ਤਿਆਰ ਕੀਤੀ ਹੈ। ਟੀਮ ਨੇ ਇਕ ਸਾਲ ਪੁੱਛ-ਪੜਤਾਲ ਕਰਨ ਉਪਰੰਤ 467 ਸਫਿਆਂ ਦੀ ਰਿਪੋਰਟ ਤਿਆਰ ਕੀਤੀ ਹੈ। ਰਿਪੋਰਟ ਵਿਚ ਬੇਅਦਬੀ ਦੀਆਂ ਘਟਨਾਵਾਂ ਲਈ ਡੇਰਾ ਸਿਰਸਾ ਮੁਖੀ ਅਤੇ ਕਈ ਡੇਰਾ ਪ੍ਰੇਮੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਹੈ।

ਭੁਲੱਥ ਤੋਂ ਕਾਂਗਰਸ ਪਾਰਟੀ ਦੇ ਵਿਧਾਇਕ ਸੁਖਪਾਲ ਖਹਿਰਾ ਨੇ ਕਿਹਾ ਕਿ ਬੇਸ਼ੱਕ ਇਸ ਰਿਪੋਰਟ ਵਿਚ ਡੇਰਾ ਸਿਰਸਾ ਮੁਖੀ ਰਾਮ ਰਹੀਮ ਨੂੰ ਨਾਮਜ਼ਦ ਕੀਤਾ ਗਿਆ ਪਰ 2015-2017 ਵਿਚ ਜਿਨ੍ਹਾਂ ਦੀ ਸਰਕਾਰ ਸੀ, ਉਸ ਸਮੇਂ ਬੇਅਦਬੀ ਕਰਨ ਵਾਲੇ ਲੋਕਾਂ ਨੂੰ ਪਨਾਹ ਦਿੱਤੀ ਗਈ ਅਤੇ ਗੁਨਾਹ ਕਰਨ ਵਾਲਿਆਂ ਨੂੰ ਬਚਾਇਆ ਗਿਆ। ਡੇਰਾ ਮੁਖੀ ਰਾਮ ਰਹੀਮ ਨੇ ਗੁਰੂ ਗੋਬਿੰਦ ਸਿੰਘ ਵਰਗੀ ਪੁਸ਼ਾਕ ਪਾ ਕੇ ਉਨ੍ਹਾਂ ਨਾਲ ਤੁਲਨਾ ਕੀਤੀ ਸੀ ਪਰ ਇਸ ਸਬੰਧੀ ਕੇਸ ਵੀ ਸੁਖਬੀਰ ਸਿੰਘ ਬਾਦਲ ਨੇ ਵਾਪਸ ਲੈ ਲਿਆ। ਉਸ ਤੋਂ ਬਾਅਦ ਬਾਦਲ ਪਰਿਵਾਰ ਨੇ ਅਕਾਲ ਤਖਤ ਸਾਹਿਬ ਦੇ ਜਥੇਦਾਰ 'ਤੇ ਦਬਾਅ ਪਾ ਕੇ ਡੇਰਾ ਮੁਖੀ ਨੂੰ ਮੁਆਫ਼ੀ ਦਿਵਾਈ ਅਤੇ ਇਸ ਸਰਵਉੱਚ ਤਖ਼ਤ ਦੀ ਦੁਰਵਰਤੋਂ ਕੀਤੀ।

ਵਿਧਾਇਕ ਨੇ ਕਿਹਾ ਕਿ ਬੇਅਦਬੀ ਤੋਂ ਬਾਅਦ ਬਹਿਬਲ ਕਲਾਂ ਮੋਰਚੇ ਦੌਰਾਨ ਬਾਦਲਾਂ ਨੇ ਗੋਲੀ ਚਲਾਉਣ ਦੇ ਹੁਕਮ ਦਿੱਤੇ ਜਿਸ ਦਾ ਹਲਫ਼ੀਆ ਬਿਆਨ ਉਸ ਸਮੇਂ ਦੇ ਡੀ.ਜੀ.ਪੀ. ਸੁਮੇਧ ਸੈਣੀ ਨੇ ਰਿਪੋਰਟ 'ਚ ਦਿੱਤਾ। ਮੁੱਖ ਮੰਤਰੀ ਭਗਵੰਤ ਮਾਨ ਪਿਛਲੀ ਕਾਂਗਰਸ ਸਰਕਾਰ ਦੌਰਾਨ ਕੈਪਟਨ ਅਮਰਿੰਦਰ ਸਿੰਘ 'ਤੇ ਦੋਸ਼ ਲਗਾਉਂਦੇ ਰਹੇ ਕਿ ਕਾਂਗਰਸ ਅਤੇ ਅਕਾਲੀ ਮਿਲੇ ਹੋਏ ਹਨ ਪਰ ਉਹ ਮੁੱਖ ਮੰਤਰੀ ਨੂੰ ਪੁੱਛਣਾ ਚਾਹੁੰਦੇ ਹਨ ਕਿ ਕੀ ਹੁਣ 'ਆਪ' ਅਤੇ ਅਕਾਲੀ ਦਲ ਆਪਸ ਵਿਚ ਰਲੇ ਹੋਏ ਹਨ। ਉਨ੍ਹਾਂ ਕਿਹਾ ਕਿ ਬੇਅਦਬੀ ਮਾਮਲੇ 'ਚ 'ਆਪ' ਸਰਕਾਰ ਵੱਲੋਂ ਬਾਦਲਾਂ ਨੂੰ ਬਚਾਇਆ ਜਾ ਰਿਹਾ ਹੈ।

ਸਿੱਖ ਜਥੇਬੰਦੀ ਦਲ ਖਾਲਸਾ ਨੇ ਆਖਿਆ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਬਰਗਾੜੀ ਬੇਅਦਬੀ ਮਾਮਲੇ ਸਬੰਧੀ ਜਾਂਚ ਰਿਪੋਰਟ ਕੇਵਲ ਪੰਜ ਚੋਣਵੇਂ ਸਿੱਖ ਨੁਮਾਇੰਦਿਆਂ ਨੂੰ ਸੌਂਪਣ ਨੇ ਰਾਜਸੀ ਤੇ ਧਾਰਮਿਕ ਹਲਕਿਆਂ 'ਚ ਕਈ ਸ਼ੰਕੇ ਅਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਦਲ ਖਾਲਸਾ ਆਗੂਆਂ ਨੇ ਕਿਹਾ ਕਿ ਲੱਗਦਾ ਹੈ ਕਿ ਆਪ ਦੀ ਸਰਕਾਰ ਵੀ ਅਕਾਲੀ ਦਲ ਬਾਦਲ ਅਤੇ ਕੈਪਟਨ ਦੀ ਕਾਂਗਰਸ ਸਰਕਾਰ ਵਾਂਗ ਸ਼੍ਰੋਮਣੀ ਕਮੇਟੀ ਚੋਣਾਂ ਦੇ ਮੱਦੇਨਜਰ ਆਪਣਾ ਮੁਤਵਾਜ਼ੀ ਸੰਤ ਸਮਾਜ ਖੜ੍ਹਾ ਕਰਨ ਦੀ ਤਾਕ ਵਿਚ ਹੈ।

ਸ਼੍ਰੋਮਣੀ ਅਕਾਲੀ ਦਲ ਨੇ ਕਿਹਾ ਕਿ ਆਮ ਆਦਮੀ ਪਾਰਟੀ, ਕਾਂਗਰਸ ਤੇ ਹੋਰ ਪੰਥ ਵਿਰੋਧੀ ਤੇ ਅਖੌਤੀ ਜਥੇਬੰਦੀਆਂ ਤੇ ਸਿਆਸਤਦਾਨਾਂ ਦਾ ਝੂਠ ਤੇ ਮਾੜਾ ਪ੍ਰਾਪੇਗੰਡਾ ਬੇਨਿਕਾਬ ਹੋ ਗਿਆ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਮੂਸੇਵਾਲਾ ਨੂੰ ਬਿਲਕੁਲ ਨੇੜਿਓਂ ਗੋਲੀ ਮਾਰਨ ਵਾਲਾ 'ਸ਼ੂਟਰ' ਗ੍ਰਿਫਤਾਰ

**ਨਵੀਂ ਦਿੱਲੀ:** ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਨੇ ਗਾਇਕ-ਗੀਤਕਾਰ ਸਿੱਧੂ ਮੂਸੇਵਾਲਾ ਦੀ ਹੱਤਿਆ ਦੇ ਕੇਸ ਵਿਚ ਦੋ ਹੋਰ ਅਪਰਾਧੀਆਂ ਨੂੰ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਵਿਚ ਮੂਸੇਵਾਲਾ ਨੂੰ ਕਥਿਤ ਤੌਰ 'ਤੇ ਬਿਲਕੁਲ ਨੇੜਿਓਂ ਗੋਲੀ ਮਾਰਨ ਵਾਲਾ 'ਸ਼ੂਟਰ' ਵੀ ਸ਼ਾਮਲ ਹੈ।

ਅਧਿਕਾਰੀਆਂ ਨੇ ਦੱਸਿਆ ਕਿ ਪੁਲਿਸ ਮਾਮਲੇ ਵਿਚ ਹੁਣ ਤੱਕ ਪੰਜ ਜਣਿਆਂ ਨੂੰ ਗ੍ਰਿਫਤਾਰ ਕਰ ਚੁੱਕੀ ਹੈ। ਅਧਿਕਾਰੀਆਂ ਨੇ ਦੱਸਿਆ ਕਿ ਦਿੱਲੀ ਪੁਲਿਸ ਨੇ ਅੰਕਿਤ ਤੇ ਸਚਿਨ ਭਿਵਾਨੀ ਨੂੰ ਗ੍ਰਿਫਤਾਰ ਕੀਤਾ ਹੈ। ਦੋਵੇਂ ਹੀ ਲਾਰੈਂਸ ਬਿਸ਼ਨੋਈ ਤੇ ਗੋਲਡੀ ਬਰਾੜ ਗਰੋਹ ਦੇ 'ਵਾਂਟੇਡ' ਅਪਰਾਧੀ ਹਨ। ਪੁਲੀਸ ਮੁਤਾਬਕ ਅੰਕਿਤ ਪੰਜਾਬੀ ਗਾਇਕ ਦੀ ਹੱਤਿਆ ਵਿਚ ਸ਼ਾਮਲ 'ਸ਼ੂਟਰਾਂ' ਵਿਚੋਂ ਇਕ ਹੈ। ਜਦਕਿ ਭਿਵਾਨੀ ਨੇ ਇਨ੍ਹਾਂ ਸ਼ੂਟਰਾਂ ਨੂੰ ਸ਼ਰਨ ਤੇ ਹੋਰ ਸਹਾਇਤਾ ਮੁਹੱਈਆ ਕਰਵਾਈ ਸੀ।

ਇਕ ਸੀਨੀਅਰ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਹਰਿਆਣਾ ਦਾ ਰਹਿਣ ਵਾਲਾ ਭਿਵਾਨੀ ਰਾਜਸਥਾਨ ਵਿਚ ਲਾਰੈਂਸ ਬਿਸ਼ਨੋਈ ਗਰੋਹ ਦਾ ਕੰਮ ਦੇਖਦਾ ਹੈ। ਉਹ ਰਾਜਸਥਾਨ ਦੇ ਚੁਰੂ ਜ਼ਿਲ੍ਹੇ ਵਿਚ ਇਕ ਹੋਰ ਮਾਮਲੇ 'ਚ ਵੀ ਲੋੜੀਂਦਾ ਹੈ।



ਮੀਡੀਆ ਨੂੰ ਜਾਣਕਾਰੀ ਦਿੰਦਿਆਂ ਵਿਸ਼ੇਸ਼ ਪੁਲਿਸ ਕਮਿਸ਼ਨਰ (ਸਪੈਸ਼ਲ ਸੈੱਲ) ਐਚ.ਜੀ.ਐਸ. ਧਾਲੀਵਾਲ ਨੇ ਦੱਸਿਆ ਕਿ ਮਾਮਲੇ ਵਿਚ ਸ਼ੁਰੂਆਤੀ ਗ੍ਰਿਫਤਾਰੀਆਂ ਤੋਂ ਬਾਅਦ ਕਈ ਟੀਮਾਂ ਇਨ੍ਹਾਂ ਅਪਰਾਧੀਆਂ ਨੂੰ ਰਸਦ ਸਹਾਇਤਾ, ਹਥਿਆਰ ਤੇ ਲੁਕਣ ਦੇ ਟਿਕਾਣੇ ਮੁਹੱਈਆ ਕਰਾਉਣ ਵਾਲੇ ਲੋਕਾਂ ਨੂੰ ਫੜਨ ਲਈ ਵੱਡੇ ਪੱਧਰ ਉਤੇ ਕੰਮ ਕਰ ਰਹੀਆਂ ਸਨ।

ਧਾਲੀਵਾਲ ਨੇ ਕਿਹਾ, 'ਸਾਡੀ ਟੀਮ ਨੇ ਮੱਧ ਪ੍ਰਦੇਸ਼, ਝਾਰਖੰਡ, ਉੱਤਰ ਪ੍ਰਦੇਸ਼, ਹਰਿਆਣਾ, ਗੁਜਰਾਤ ਤੇ ਦਿੱਲੀ ਵਿਚ ਛਾਪੇ ਮਾਰੇ ਹਨ। ਉਨ੍ਹਾਂ ਪ੍ਰਾਪਤ ਸੁਰਾਗਾਂ ਉਤੇ ਕੰਮ ਕਰਨਾ ਜਾਰੀ ਰੱਖਿਆ। ਰਾਤ ਕਰੀਬ 11 ਵਜੇ ਸਾਡੀ ਟੀਮ ਨੇ ਮੂਸੇਵਾਲਾ ਨੂੰ ਨੇੜਿਓਂ ਗੋਲੀ ਮਾਰਨ ਵਾਲੇ ਅੰਕਿਤ ਨੂੰ ਗ੍ਰਿਫਤਾਰ ਕਰ ਲਿਆ। ਉਸ ਦੇ ਨਾਲ ਹੀ ਭਿਵਾਨੀ ਨੂੰ ਵੀ ਕਾਬੂ ਕੀਤਾ ਗਿਆ।' ਧਾਲੀਵਾਲ ਮੁਤਾਬਕ ਭਿਵਾਨੀ ਨੇ ਹੱਤਿਆ ਤੋਂ ਪਹਿਲਾਂ ਤੇ ਉਸ ਤੋਂ ਬਾਅਦ ਸਾਰੇ ਸ਼ੂਟਰਾਂ ਨੂੰ ਹਰ ਸੰਭਵ ਮਦਦ ਮੁਹੱਈਆ ਕਰਵਾਈ ਸੀ। ਉਨ੍ਹਾਂ ਦੱਸਿਆ ਕਿ ਅੰਕਿਤ ਹਰਿਆਣਾ ਦੇ ਸੇਰਸਾ ਪਿੰਡ ਦਾ ਰਹਿਣ ਵਾਲਾ ਹੈ ਤੇ ਰਾਜਸਥਾਨ ਵਿਚ ਉਸ ਦੇ ਖਿਲਾਫ ਹੱਤਿਆ ਦੀ ਕੋਸ਼ਿਸ਼ ਦੇ ਦੋਸ਼ ਵਿਚ ਦੋ ਕੇਸ ਦਰਜ ਹਨ। ਪੁਲਿਸ ਮੁਤਾਬਕ ਅੰਕਿਤ ਤੇ ਭਿਵਾਨੀ ਤੋਂ 9 ਐਮ.ਐਮ. ਦਾ ਇਕ ਪਿਸਤੌਲ ਤੇ ਉਸ ਦੇ 10 ਕਾਰਤੂਸ, 30 ਐਮ.ਐਮ. ਦਾ ਇਕ ਪਿਸਤੌਲ ਤੇ ਉਸ ਦੇ ਨੌਂ ਕਾਰਤੂਸ, ਪੰਜਾਬ ਪੁਲਿਸ ਦੀਆਂ ਤਿੰਨ ਵਰਦੀਆਂ, ਦੋ ਮੋਬਾਈਲ ਫੋਨ, ਇਕ ਡੌਂਗਲ ਤੇ ਸਿਮ ਕਾਰਡ ਬਰਾਮਦ ਕੀਤਾ ਗਿਆ ਹੈ।

### ਪੰਜਾਬ ਪੁਲਿਸ ਨੂੰ ਚਾਰ ਮੁਲਜ਼ਮਾਂ ਦਾ ਟਰਾਂਜਿਟ ਰਿਮਾਂਡ ਮਿਲਿਆ

**ਮਾਨਸਾ:** ਪੰਜਾਬ ਪੁਲਿਸ ਨੇ ਸਿੱਧੂ ਮੂਸੇਵਾਲਾ ਕਤਲ ਕੇਸ ਵਿਚ ਦੋ ਸ਼ੂਟਰਾਂ ਸਮੇਤ ਚਾਰ ਮੁਲਜ਼ਮਾਂ ਦਾ ਦਿੱਲੀ ਦੀ ਪਟਿਆਲਾ ਹਾਊਸ ਕੋਰਟ ਤੋਂ ਟਰਾਂਜਿਟ ਰਿਮਾਂਡ ਹਾਸਲ ਕਰ ਲਿਆ ਹੈ। ਇਨ੍ਹਾਂ ਮੁਲਜ਼ਮਾਂ ਵਿਚ ਪ੍ਰਿਯਵਰੱਤ ਉਰਫ ਫੌਜੀ, ਕਸ਼ਿਸ਼, ਦੀਪਕ ਤੇ ਕੇਸ਼ਵ ਕੁਮਾਰ ਸ਼ਾਮਲ ਹਨ। ਅਦਾਲਤ ਨੇ ਇਸ ਗੱਲ ਉਤੇ ਗੌਰ ਕੀਤਾ ਕਿ ਗ੍ਰਿਫਤਾਰ ਬੰਦਿਆਂ 'ਤੇ ਅਪਰਾਧਕ ਦੋਸ਼ ਹਨ ਤੇ ਇਨ੍ਹਾਂ ਨੂੰ ਜਲਦੀ ਤੋਂ ਜਲਦੀ ਸਬੰਧਤ ਅਦਾਲਤ ਵਿਚ ਪੇਸ਼ ਕਰਨ ਲਈ ਟਰਾਂਜਿਟ ਰਿਮਾਂਡ ਦਿੱਤਾ ਜਾਂਦਾ ਹੈ।

### ਮੂਸੇਵਾਲਾ ਦੀ ਫੋਟੋ ਪਾਕਿਸਤਾਨ ਵਿਚ ਚੋਣ ਪੋਸਟਰਾਂ 'ਤੇ

**ਇਸਲਾਮਾਬਾਦ:** ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੀਆਂ ਫੋਟੋਆਂ ਉਸ ਦੇ ਗੀਤ '295' ਦੇ ਜ਼ਿਕਰ ਨਾਲ ਪਾਕਿਸਤਾਨ ਦੇ ਚੋਣਾਂ ਨਾਲ ਸਬੰਧਤ ਪੋਸਟਰਾਂ ਉਤੇ ਜਾ ਪਹੁੰਚੀਆਂ ਹਨ। ਪਾਕਿਸਤਾਨ ਦੇ ਪੰਜਾਬ ਸੂਬੇ ਵਿਚ ਜਿਮਨੀ ਚੋਣਾਂ ਹਨ ਤੇ ਉਮੀਦਵਾਰ ਮੁਲਕ ਵਿਚ ਸਿੱਧੂ ਦੀ ਮਕਬੂਲੀਅਤ ਦਾ ਲਾਹਾ ਲੈਣ ਦੀ ਕੋਸ਼ਿਸ਼ ਕਰ ਰਹੇ ਹਨ। ਪਾਕਿਸਤਾਨ ਦੇ ਪੰਜਾਬ ਸੂਬੇ ਦੇ ਮੁਲਤਾਨ ਖੇਤਰ ਦੀ ਪੀਪੀ 217 ਸੀਟ ਉਤੇ ਹੋਣ ਵਾਲੀ ਚੋਣ ਲਈ ਪ੍ਰਚਾਰ ਦੇ ਮੰਤਵ ਨਾਲ ਪੋਸਟਰਾਂ ਉਤੇ ਸਿੱਧੂ ਦੀਆਂ ਫੋਟੋਆਂ ਛਾਪੀਆਂ ਗਈਆਂ ਹਨ। ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਪਾਰਟੀ ਤਹਿਰੀਕ-ਏ-ਇਨਸਾਫ ਦੇ ਉਮੀਦਵਾਰ ਜੈਨ ਕੁਰੈਸ਼ੀ ਦੇ ਪੋਸਟਰਾਂ 'ਤੇ ਸਿੱਧੂ ਦੀਆਂ ਫੋਟੋਆਂ ਦੇਖੀਆਂ ਜਾ ਸਕਦੀਆਂ ਹਨ।

## ਅਤਿਵਾਦੀ ਬਣਨ ਵਾਲੇ 64 ਫੀਸਦੀ ਨੌਜਵਾਨ ਸਾਲ ਵਿਚ ਹੀ ਮਾਰੇ ਜਾਂਦੇ...

**ਸ੍ਰੀਨਗਰ:** ਜੰਮੂ ਕਸ਼ਮੀਰ ਵਿਚ ਅਤਿਵਾਦੀ ਜਥੇਬੰਦੀਆਂ ਵਿਚ ਸ਼ਾਮਲ ਹੋਣ ਵਾਲੇ ਨੌਜਵਾਨਾਂ 'ਚੋਂ 64% ਤੋਂ ਵੱਧ ਇਕ ਸਾਲ ਦੇ ਅੰਦਰ ਹੀ ਸੁਰੱਖਿਆ ਬਲਾਂ ਹੱਥੋਂ ਮਾਰੇ ਜਾਂਦੇ ਹਨ। ਅਧਿਕਾਰੀਆਂ ਅਨੁਸਾਰ ਸੁਰੱਖਿਆ ਬਲਾਂ ਨੇ ਖੁਫੀਆ ਤੰਤਰ ਦੀ ਮਦਦ ਨਾਲ ਸਾਲ ਦੇ ਪਹਿਲੇ ਪੰਜ ਮਹੀਨਿਆਂ 'ਚ ਅਤਿਵਾਦੀ ਵਿਰੋਧੀ ਕਾਰਵਾਈਆਂ ਵਧਾ ਦਿੱਤੀਆਂ ਹਨ। ਦੱਖਣੀ ਕਸ਼ਮੀਰ ਵਿਚ ਲਗਾਤਾਰ ਹੋ ਰਹੀ ਹਿੰਸਾ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ। ਅਧਿਕਾਰੀਆਂ ਨੇ ਪਹਿਲੀ ਜਨਵਰੀ ਤੋਂ 31 ਮਈ ਤੱਕ ਮਾਰੇ ਗਏ ਅਤਿਵਾਦੀਆਂ ਦਾ ਹਵਾਲਾ ਦਿੰਦਿਆਂ ਕਿਹਾ ਕਿ 64.1 ਫੀਸਦ ਅਜਿਹੇ ਅਤਿਵਾਦੀ ਮਾਰੇ ਗਏ ਹਨ, ਜਿਨ੍ਹਾਂ ਨੂੰ ਕੱਟੜਪੰਥੀ ਸੰਗਠਨਾਂ ਨਾਲ ਜੁੜਿਆਂ ਸਾਲ ਵੀ ਨਹੀਂ ਹੋਇਆ ਸੀ। 26.6% ਅਤਿਵਾਦੀ ਹੀ 12 ਮਹੀਨਿਆਂ ਤੋਂ ਵੱਧ ਸਮਾਂ ਬਚੇ ਰਹਿ ਜਾਂਦੇ ਹਨ।

## ਭਾਰਤ 'ਚ ਧਰਮ ਆਧਾਰਿਤ ਵਿਤਕਰੇ ਤੋਂ ਅਮਰੀਕਾ ਚਿੰਤਤ

**ਵਾਸ਼ਿੰਗਟਨ:** ਕੌਮਾਂਤਰੀ ਧਾਰਮਿਕ ਆਜ਼ਾਦੀ ਸਬੰਧੀ ਮਾਮਲਿਆਂ ਦੇ ਅਮਰੀਕੀ ਦੂਤ ਰਾਸ਼ਦ ਹੁਸੈਨ ਨੇ ਭਾਰਤ 'ਚ ਕਈ ਧਾਰਮਿਕ ਫਿਰਕਿਆਂ ਨਾਲ ਅਪਣਾਏ ਜਾਂਦੇ ਵਤੀਰੇ ਨੂੰ ਲੈ ਕੇ ਚਿੰਤਾ ਪ੍ਰਗਟਾਈ ਹੈ। ਉਨ੍ਹਾਂ ਕਿਹਾ ਕਿ 'ਚੁਣੌਤੀਆਂ' ਨਾਲ ਸਿੱਝਣ ਲਈ ਅਮਰੀਕਾ ਸਿੱਧੇ ਭਾਰਤੀ ਅਧਿਕਾਰੀਆਂ ਦੇ ਸੰਪਰਕ 'ਚ ਹੈ।

ਵਾਸ਼ਿੰਗਟਨ 'ਚ ਕੌਮਾਂਤਰੀ ਧਾਰਮਿਕ ਆਜ਼ਾਦੀ ਸਿਖਰ ਸੰਮੇਲਨ ਨੂੰ ਸੰਬੋਧਨ ਕਰਦਿਆਂ ਹੁਸੈਨ ਨੇ ਕਿਹਾ ਕਿ ਉਨ੍ਹਾਂ ਦੇ ਪਿਤਾ 1969 'ਚ ਭਾਰਤ ਤੋਂ ਅਮਰੀਕਾ ਆਏ ਸਨ। ਅਮਰੀਕੀ ਦੂਤ ਨੇ ਕਿਹਾ,"ਭਾਰਤ 'ਚ ਹੁਣ ਇਕ ਨਾਗਰਿਕਤਾ ਕਾਨੂੰਨ ਹੈ। ਭਾਰਤ 'ਚ ਨਰਸੰਘਾਰ ਦਾ ਖੁੱਲ੍ਹਾ ਸੱਦਾ ਦਿੱਤਾ ਗਿਆ। ਗਿਰਜਾ ਘਰਾਂ 'ਤੇ ਹਮਲੇ



ਹੋਏ। ਹਿਜਾਬ 'ਤੇ ਪਾਬੰਦੀ ਲਗਾਈ ਗਈ ਅਤੇ ਘਰ ਢਾਹੇ ਜਾ ਰਹੇ ਹਨ।" ਉਨ੍ਹਾਂ ਕਿਹਾ ਕਿ ਜਨਤਕ ਤੌਰ 'ਤੇ ਅਜਿਹੀ ਬਿਆਨਬਾਜ਼ੀ ਕੀਤੀ ਜਾ ਰਹੀ ਹੈ ਜੋ ਗੈਰ ਮਨੁੱਖੀ ਵਰਤਾਰਾ ਹੈ ਅਤੇ ਇਹ ਇਸ ਹੱਦ ਤੱਕ ਹੈ ਕਿ ਇਕ ਮੰਤਰੀ ਨੇ ਮੁਸਲਮਾਨਾਂ ਨੂੰ ਸਿਓਂਕ ਤੱਕ ਕਰਾਰ ਦਿੱਤਾ।

ਹੁਸੈਨ ਨੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਟਿੱਪਣੀ ਦੇ ਸੰਦਰਭ 'ਚ ਇਹ ਗੱਲ ਆਖੀ। ਇਕ ਭਾਸ਼ਨ 'ਚ ਸ਼ਾਹ ਨੇ ਬੰਗਲਾਦੇਸ਼ੀ ਘੁਸਪੈਠੀਆਂ ਨੂੰ ਸਿਓਂਕ ਕਰਾਰ ਦਿੱਤਾ ਸੀ। ਹੁਸੈਨ ਨੇ ਕਿਹਾ ਕਿ ਇਹ ਅਮਰੀਕਾ ਦੀ ਜ਼ਿੰਮੇਵਾਰੀ ਹੈ ਕਿ ਉਹ ਭਾਰਤ 'ਚ ਹੀ ਨਹੀਂ ਸਗੋਂ ਦੁਨੀਆ ਭਰ 'ਚ ਮਨੁੱਖੀ ਹੱਕਾਂ ਅਤੇ ਧਾਰਮਿਕ ਆਜ਼ਾਦੀ ਦੇ ਮਾਮਲਿਆਂ 'ਚ ਆਵਾਜ਼ ਬੁਲੰਦ ਕਰੇ। ਭਾਰਤ ਨੇ ਅਮਰੀਕਾ 'ਚ ਉਸ ਖਿਲਾਫ ਆਲੋਚਨਾਵਾਂ ਨੂੰ ਲਗਾਤਾਰ ਖਾਰਜ ਕੀਤਾ ਹੈ। ਉਦੈਪੁਰ 'ਚ ਦਰਜੀ ਦੀ ਹੱਤਿਆ ਦੇ ਮਾਮਲੇ ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ,"ਇਹ ਅਹਿਮ ਹੈ ਕਿ ਅਸੀਂ ਮਿਲ ਕੇ ਕੰਮ ਕਰੀਏ ਤੇ ਸਾਰਿਆਂ ਦੇ ਹੱਕਾਂ ਲਈ ਲੜੀਏ, ਭਾਵੇਂ ਕਿਸੇ ਵੀ ਵਿਅਕਤੀ 'ਤੇ ਹਮਲਾ ਹੋਵੇ।"

## ਸ਼ਿਵ ਸੈਨਾ ਆਗੂ ਹਰੀਸ਼ ਸਿੰਗਲਾ ਨੂੰ ਜ਼ਮਾਨਤ

**ਪਟਿਆਲਾ:** ਸ਼ਿਵ ਸੈਨਾ ਬਾਲ ਠਾਕਰੇ ਦੇ ਸੂਬਾਈ ਮੀਤ ਪ੍ਰਧਾਨ ਹਰੀਸ਼ ਸਿੰਗਲਾ ਨੂੰ ਜ਼ਮਾਨਤ ਮਿਲਣ ਕਾਰਨ ਜੇਲ੍ਹ ਵਿਚੋਂ ਰਿਆਹ ਕਰ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਇਥੇ ਖਾਲਿਸਤਾਨ ਦੇ ਵਿਰੋਧ ਅਤੇ ਹੱਕ 'ਚ ਮਾਰਚ ਕੱਢੇ ਜਾਣ ਦੇ ਐਲਾਨਾਂ ਦੌਰਾਨ 29 ਅਪਰੈਲ ਨੂੰ ਦੋ ਫਿਰਕਿਆਂ ਵਿਚਾਲੇ ਟਕਰਾਅ ਹੋਇਆ ਸੀ। ਇਸ ਦੌਰਾਨ ਖਾਲਿਸਤਾਨ ਵਿਰੋਧੀ ਮਾਰਚ ਕੱਢਣ ਵਾਲੇ ਸ਼ਿਵ ਸੈਨਾ ਬਾਲ ਠਾਕਰੇ ਦੇ ਸੂਬਾਈ ਮੀਤ ਪ੍ਰਧਾਨ ਹਰੀਸ਼ ਸਿੰਗਲਾ ਸਮੇਤ ਹੋਰਨਾਂ ਖਿਲਾਫ ਵੀ ਕੇਸ ਦਰਜ ਕੀਤੇ ਗਏ ਸਨ, ਜਿਸ ਤਹਿਤ ਉਹ ਸਵਾ ਦੋ ਮਹੀਨਿਆਂ ਤੋਂ ਪਟਿਆਲਾ ਜੇਲ੍ਹ 'ਚ ਬੰਦ ਸੀ।

## ਜਬਰ ਜਨਾਹ ਦੇ ਦੋਸ਼ 'ਚ ਐਸ.ਪੀ. ਗ੍ਰਿਫਤਾਰ

**ਗੁਰਦਾਸਪੁਰ:** ਪੁਲਿਸ ਨੇ ਗੁਰਦਾਸਪੁਰ ਦੇ ਐਸ.ਪੀ. ਹੈੱਡਕੁਆਰਟਰ ਗੁਰਮੀਤ ਸਿੰਘ ਨੂੰ ਜਬਰ ਜਨਾਹ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਹੈ। ਥਾਣਾ ਸਿਟੀ ਵਿਚ ਧਾਰਾ 376 (2) ਤਹਿਤ ਕੇਸ ਦਰਜ ਕੀਤਾ ਗਿਆ ਸੀ।

ਇਹ ਮਾਮਲਾ ਲੰਘੀ ਅਪਰੈਲ ਤੋਂ ਜਾਂਚ ਅਧੀਨ ਸੀ। ਦੀਨਾਨਗਰ ਵਾਸੀ ਔਰਤ ਨੇ ਦੋਸ਼ ਲਗਾਇਆ ਸੀ ਕਿ ਅਧਿਕਾਰੀ ਨੇ ਗੁਰਦਾਸਪੁਰ ਸਥਿਤ ਆਪਣੀ ਰਿਹਾਇਸ਼ ਉਤੇ ਉਸ ਦਾ ਜਿਨਸੀ ਸ਼ੋਸ਼ਣ ਕੀਤਾ। ਉਸ ਮਗਰੋਂ ਪੰਜਾਬ ਪੁਲਿਸ ਹੈੱਡਕੁਰਆਰਟਰ, ਚੰਡੀਗੜ੍ਹ ਦੇ ਨਿਰਦੇਸ਼ਾਂ 'ਤੇ ਵਿਸ਼ੇਸ਼ ਜਾਂਚ ਟੀਮ ਬਣਾਈ ਸੀ। ਐਸ.ਪੀ. ਗੁਰਮੀਤ ਸਿੰਘ ਨੂੰ ਮੋਗਾ ਤੋਂ ਗ੍ਰਿਫਤਾਰ ਕੀਤਾ ਹੈ ਜਿਥੇ ਉਹ ਅਦਾਲਤ ਵਿਚ ਕਿਸੇ ਪੇਸ਼ੀ ਲਈ ਗਿਆ ਸੀ। ਅੰਮ੍ਰਿਤਸਰ (ਦਿਹਾਤੀ) ਅਤੇ ਮੋਗਾ ਪੁਲਿਸ ਦੀ ਟੀਮ ਨੇ ਉਸ ਨੂੰ ਗ੍ਰਿਫਤਾਰ ਕੀਤਾ। ਗੁਰਮੀਤ ਸਿੰਘ ਦੀ ਗ੍ਰਿਫਤਾਰੀ ਮਗਰੋਂ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ। ਔਰਤ ਨੇ ਪੁਲਿਸ ਨੂੰ ਦੱਸਿਆ ਸੀ ਕਿ ਉਸ ਨੇ ਆਪਣੇ ਪਤੀ ਨਾਲ ਝਗੜੇ ਮਗਰੋਂ ਅਧਿਕਾਰੀ ਕੋਲ ਪਹੁੰਚ ਕੀਤੀ ਸੀ। ਪਰਿਵਾਰਕ ਜਾਣ ਪਛਾਣ ਦੇ ਬਾਵਜੂਦ ਗੁਰਮੀਤ ਸਿੰਘ ਵੱਲੋਂ ਉਸ ਦਾ ਜਿਨਸੀ ਸ਼ੋਸ਼ਣ ਕੀਤਾ ਗਿਆ।

## ਗੁਜਰਾਤ: ਗੋਧਰਾ ਰੇਲ ਅਗਨੀ ਕਾਂਡ ਦੇ ਦੋਸ਼ੀ ਨੂੰ ਉਮਰ ਕੈਦ

**ਗੋਧਰਾ:** ਇਥੋਂ ਦੀ ਇਕ ਅਦਾਲਤ ਨੇ 2002 ਦੇ ਗੋਧਰਾ ਰੇਲ ਅਗਨੀ ਕਾਂਡ ਦੇ ਇਕ ਦੋਸ਼ੀ ਨੂੰ ਉਮਰ ਕੈਦ ਦੀ ਸਜਾ ਸੁਣਾਈ ਹੈ। ਇਸ ਅਗਨੀ ਕਾਂਡ 'ਚ 59 ਕਾਰਸੇਵਕ ਮਾਰੇ ਗਏ ਸਨ ਜਿਸ ਮਗਰੋਂ ਗੁਜਰਾਤ ਦੇ ਇਤਿਹਾਸ ਦੇ ਸਭ ਤੋਂ ਭਿਆਨਕ ਦੰਗੇ ਹੋਏ ਸਨ। ਇਨ੍ਹਾਂ ਦੰਗਿਆਂ 'ਚ 1200 ਤੋਂ ਜ਼ਿਆਦਾ ਵਿਅਕਤੀ ਮਾਰੇ ਗਏ ਸਨ ਜਿਨ੍ਹਾਂ 'ਚੋਂ ਜ਼ਿਆਦਾਤਰ ਘੱਟ ਗਿਣਤੀ ਨਾਲ ਸਬੰਧਤ ਸਨ।

ਗੋਧਰਾ ਦੇ ਵਧੀਕ ਸੈਸ਼ਨ ਜੱਜ ਦੀ ਅਦਾਲਤ ਨੇ ਰਫੀਕ ਭਟੁਕ ਨੂੰ ਸਜਾ ਸੁਣਾਈ ਜਿਸ ਨੂੰ ਫਰਵਰੀ 2021 'ਚ ਗ੍ਰਿਫਤਾਰ ਕੀਤਾ ਗਿਆ ਸੀ। ਉਸ 'ਤੇ ਦੋਸ਼ ਹੈ ਕਿ ਅਯੁੱਧਿਆ ਤੋਂ ਕਾਰਸੇਵਕਾਂ ਨਾਲ ਭਰੀ ਰੇਲਗੱਡੀ ਨੂੰ ਅੱਗ ਲਾਉਣ ਵਾਲਿਆਂ 'ਚ ਉਹ ਵੀ ਸ਼ਾਮਲ ਸੀ। ਵਿਸ਼ੇਸ਼ ਸਰਕਾਰੀ ਵਕੀਲ ਆਰ.ਸੀ. ਕੋਡਕਰ ਨੇ ਦੱਸਿਆ ਕਿ ਇਸ ਕੇਸ 'ਚ ਹੁਣ ਤੱਕ ਅਦਾਲਤ ਵੱਲੋਂ 35 ਦੋਸ਼ੀਆਂ ਨੂੰ ਸਜਾ ਸੁਣਾਈ ਜਾ ਚੁੱਕੀ ਹੈ। ਪੰਚਮਹਿਲ ਪੁਲਿਸ ਦੇ ਵਿਸ਼ੇਸ਼ ਅਪਰੇਸ਼ਨਜ ਗਰੁੱਪ ਨੇ ਭਟੁਕ ਨੂੰ ਪਿਛਲੇ ਸਾਲ ਫਰਵਰੀ 'ਚ ਗੋਧਰਾ ਦੀ ਇਕ ਕਲੋਨੀ 'ਚੋਂ ਫੜਿਆ ਸੀ। ਅਗਨੀ ਕਾਂਡ 'ਚ ਮੁਲਜ਼ਮ ਐਲਾਨੇ ਜਾਣ ਮਗਰੋਂ ਉਹ ਗੋਧਰਾ ਤੋਂ ਭੱਜ ਗਿਆ ਸੀ ਅਤੇ ਵੱਖ ਵੱਖ ਸ਼ਹਿਰਾਂ 'ਚ ਛੁਪਦਾ ਰਿਹਾ ਸੀ।

ਵਿਸ਼ੇਸ਼ ਸਿਟ ਅਦਾਲਤ ਨੇ ਪਹਿਲੀ ਮਾਰਚ, 2011 'ਚ 31 ਵਿਅਕਤੀਆਂ ਨੂੰ ਦੋਸ਼ੀ ਐਲਾਨਿਆ ਸੀ। ਇਨ੍ਹਾਂ 'ਚੋਂ 11 ਨੂੰ ਮੌਤ ਜਦਕਿ 20 ਨੂੰ ਉਮਰ ਕੈਦ ਦੀ ਸਜਾ ਸੁਣਾਈ ਗਈ ਸੀ। ਗੁਜਰਾਤ ਹਾਈ ਕੋਰਟ ਨੇ ਅਕਤੂਬਰ 2017 'ਚ 11 ਦੋਸ਼ੀਆਂ ਦੀ ਮੌਤ ਦੀ ਸਜਾ ਨੂੰ ਉਮਰ ਕੈਦ 'ਚ ਬਦਲ ਦੱਤਾ ਸੀ ਜਦਕਿ ਬਾਕੀ ਦੀ ਸਜਾ ਨੂੰ ਬਹਾਲ ਰੱਖਿਆ ਸੀ। ਬਾਅਦ 'ਚ ਤਿੰਨ ਹੋਰ ਮੁਲਜ਼ਮਾਂ ਨੂੰ ਉਮਰ ਕੈਦ ਦੀ ਸਜਾ ਸੁਣਾਈ ਗਈ ਸੀ।

## ਬਹਿਬਲ ਕਾਂਡ: ਹਾਈ ਕੋਰਟ ਵੱਲੋਂ ਪੁਲਿਸ ਅਧਿਕਾਰੀਆਂ ਨੂੰ ਰਾਹਤ ਦੇਣ ਤੋਂ ਨਾਂਹ

**ਫਰੀਦਕੋਟ:** ਬਹਿਬਲ ਗੋਲੀ ਕਾਂਡ ਦੀ ਪੜਤਾਲ ਰਿਪੋਰਟ ਨੂੰ ਚੁਣੌਤੀ ਦੇਣ ਵਾਲੀਆਂ ਚਾਰ ਪਟੀਸ਼ਨਾਂ ਦਾ ਨਿਪਟਾਰਾ ਕਰਦਿਆਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸੂਬੇ ਦੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ, ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ ਅਤੇ ਦੋ ਹੋਰ ਅਰਜੀਕਾਰਾਂ ਨੂੰ ਹੁਕਮ ਦਿੱਤੇ ਹਨ ਕਿ ਜੇਕਰ ਉਹ ਆਪਣੀ ਬੇਗੁਨਾਹੀ ਬਾਰੇ ਕੋਈ ਗੱਲ ਕਰਨੀ ਚਾਹੁੰਦੇ ਹਨ ਤਾਂ ਉਹ ਫਰੀਦਕੋਟ ਅਦਾਲਤ ਵਿਚ ਚੱਲ ਰਹੇ ਮੁਕੱਦਮੇ ਵਿਚ ਦੋਸ਼ ਆਇਦ ਹੋਣ ਸਮੇਂ ਹੋਣ ਵਾਲੀ ਬਹਿਸ ਵਿਚ ਇਸ ਦੀ ਜਾਣਕਾਰੀ ਦੇਣ। ਪੰਜਾਬ ਹਰਿਆਣਾ ਹਾਈ ਕੋਰਟ ਦੇ ਜਸਟਿਸ ਰਾਜ ਮੋਹਨ ਸਿੰਘ ਨੇ ਆਪਣੇ 28 ਪੰਨਿਆਂ ਦੇ ਫੈਸਲੇ ਵਿਚ ਬਹਿਬਲ ਗੋਲੀ ਕਾਂਡ ਦੀ ਪੜਤਾਲ ਕਰ ਰਹੀ ਜਾਂਚ ਟੀਮ ਨੂੰ ਆਦੇਸ਼ ਦਿੱਤੇ ਹਨ ਕਿ ਉਹ ਇਸ ਦੀ ਰਿਪੋਰਟ ਫਰੀਦਕੋਟ ਅਦਾਲਤ ਵਿਚ ਪੇਸ਼ ਕਰੇ। ਅਦਾਲਤ ਨੇ ਕੋਟਕਪੂਰਾ ਗੋਲੀ ਕਾਂਡ ਦੀ ਪੜਤਾਲ ਕਰ ਰਹੇ ਏ.ਡੀ.ਜੀ.ਪੀ. ਐੱਲ ਕੇ ਯਾਦਵ ਨੂੰ ਵੀ



ਨਿਰਦੇਸ਼ ਦਿੱਤੇ ਹਨ ਕਿ ਉਹ ਆਪਣੀ ਪੜਤਾਲ ਰਿਪੋਰਟ ਤੁਰਤ ਅਦਾਲਤ ਵਿਚ ਪੇਸ਼ ਕਰਨ। ਸਾਬਕਾ ਡੀ.ਜੀ.ਪੀ. ਸੈਣੀ, ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ ਅਤੇ ਇੰਸਪੈਕਟਰ ਗੁਰਦੀਪ ਸਿੰਘ ਪੰਧੇਰ ਨੇ ਬਹਿਬਲ ਗੋਲੀ ਕਾਂਡ ਦੀ ਪੜਤਾਲ ਨੂੰ ਗੈਰਕਾਨੂੰਨੀ ਅਤੇ ਪੱਖਪਾਤੀ ਦੱਸਦਿਆਂ ਇਹ ਰਿਪੋਰਟ ਰੱਦ ਕਰਨ ਦੀ ਮੰਗ ਕੀਤੀ ਸੀ ਅਤੇ ਬਹਿਬਲ ਗੋਲੀ ਕਾਂਡ ਦੀ ਪੜਤਾਲ ਸੀ.ਬੀ.ਆਈ. ਜਾਂ ਕਿਸੇ ਹੋਰ ਕੇਂਦਰੀ ਏਜੰਸੀ ਨੂੰ ਸੌਂਪਣ ਦੀ ਮੰਗ ਕੀਤੀ ਸੀ। ਹਾਲ ਦੀ ਘੜੀ ਪੰਜਾਬ ਹਰਿਆਣਾ ਹਾਈ ਕੋਰਟ ਨੇ ਬਹਿਬਲ ਕਾਂਡ ਵਿਚ ਨਾਮਜ਼ਦ ਮੁਲਜ਼ਮਾਂ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਰਾਹਤ ਨਹੀਂ ਦਿੱਤੀ ਹੈ।

ਮੁੱਖ ਮੰਤਰੀ ਭਗਵੰਤ ਮਾਨ ਨੇ ਬਹਿਬਲ ਕਲਾਂ ਗੋਲੀਕਾਂਡ ਵਿਚ ਦਰਜ ਐਫ.ਆਈ.ਆਰ. ਅਤੇ ਹੋਈ ਜਾਂਚ ਨੂੰ ਰੱਦ ਕਰਨ ਬਾਰੇ ਦਾਇਰ ਵੱਖ-ਵੱਖ ਪਟੀਸ਼ਨਾਂ ਨੂੰ ਪੰਜਾਬ ਹਰਿਆਣਾ ਹਾਈ ਕੋਰਟ ਵੱਲੋਂ ਖਾਰਜ ਕਰ ਦੇਣ ਦੇ ਫੈਸਲਾ ਦਾ ਸਵਾਗਤ ਕੀਤਾ ਹੈ।

ਉਨ੍ਹਾਂ ਕਿਹਾ ਕਿ ਇਸ ਫੈਸਲੇ ਨੇ ਬਹਿਬਲ ਕਲਾਂ ਵਿਚ ਬੇਕਸੂਰ ਲੋਕਾਂ ਉਤੇ ਗੋਲੀ ਚਲਾਉਣ ਵਾਲੇ ਪੁਲਿਸ ਕਰਮੀਆਂ ਖਿਲਾਫ ਸਖਤ ਕਾਰਵਾਈ ਕਰਨ ਦੀ ਮੰਗ ਕਰਨ ਲਈ ਸਰਕਾਰ ਵਾਸਤੇ ਰਾਹ ਪੱਧਰਾ ਕਰ ਦਿੱਤਾ ਹੈ।

### ਬੰਦੀ ਸਿੰਘਾਂ ਬਾਰੇ ਸਵਾਲ ਪੁੱਛੇ ਜਾਣ 'ਤੇ ਸੁਖਬੀਰ ਖਿਸਕੇ

**ਜਗਰਾਉਂ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਏਸ਼ੀਆ ਦੀ ਦੂਜੀ ਵੱਡੀ ਮੰਡੀ ਜਗਰਾਉਂ ਵਿਚ ਮੂੰਗੀ ਦੀ ਫਸਲ ਦੇ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲੈਣ ਪੁੱਜੇ। ਇਸ ਦੌਰਾਨ ਜਦੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਸੁਖਬੀਰ ਬਾਦਲ ਨੂੰ ਪੱਤਰਕਾਰਾਂ ਨੇ ਪੁੱਛਿਆ ਕਿ ਕੀ ਉਹ ਤੇ ਬੀਬੀ ਹਰਸਿਮਰਤ ਕੌਰ ਬਾਦਲ ਹੁਣ ਬੰਦੀ ਸਿੰਘਾਂ ਦਾ ਮੁੱਦਾ ਲੋਕ ਸਭਾ ਵਿਚ ਉਠਾਉਣਗੇ ਤਾਂ ਉਹ ਅਣਸੁਣੀ ਕਰਕੇ ਖਿਸਕ ਗਏ। ਇਸ ਤੋਂ ਪਹਿਲਾਂ ਉਨ੍ਹਾਂ ਕਿਹਾ ਕਿ ਝੂਠ ਬੋਲ ਕੇ ਸੱਤਾ 'ਤੇ ਕਾਬਜ਼ ਹੋਈ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਪੰਜਾਬ ਦੇ ਲੋਕਾਂ ਨਾਲ ਕੀਤੇ ਵਾਅਦਿਆਂ ਤੋਂ ਭੱਜ ਰਹੀ ਹੈ।

# ਪੰਜਾਬ ਵਜ਼ਾਰਤ ਵਿਚ ਵਾਧਾ: ਪੰਜ ਨਵੇਂ ਚਿਹਰੇ ਸ਼ਾਮਲ

**ਚੰਡੀਗੜ੍ਹ:** ਪੰਜਾਬ ਵਿਚ ਆਮ ਆਦਮੀ ਪਾਰਟੀ (ਆਪ) ਸਰਕਾਰ ਨੇ ਸਾਢੇ ਤਿੰਨ ਮਹੀਨਿਆਂ ਮਗਰੋਂ ਮੰਤਰੀ ਮੰਡਲ ਦਾ ਵਿਸਥਾਰ ਕਰਦਿਆਂ ਪੰਜ ਨਵੇਂ ਚਿਹਰਿਆਂ ਨੂੰ ਮੰਤਰੀ ਬਣਾਇਆ ਹੈ। ਇਨ੍ਹਾਂ 'ਚ ਅਮਨ ਅਰੋੜਾ, ਡਾ. ਇੰਦਰਬੀਰ ਸਿੰਘ ਨਿੱਝਰ, ਚੇਤਨ ਜੌੜੇਮਾਜਰਾ, ਫੌਜਾ ਸਿੰਘ ਸਰਾਰੀ ਤੇ ਅਨਮੋਲ ਗਗਨ ਮਾਨ ਸ਼ਾਮਲ ਹਨ।

ਚੰਡੀਗੜ੍ਹ ਸਥਿਤ ਪੰਜਾਬ ਰਾਜ ਭਵਨ ਵਿਚ ਰਾਜਪਾਲ ਅਤੇ ਯੂਟੀ ਦੇ ਪ੍ਰਸ਼ਾਸਕ ਬਨਵਾਰੀ ਲਾਲ ਪੁਰੋਹਿਤ ਨੇ ਉਨ੍ਹਾਂ ਨੂੰ ਅਹੁਦੇ ਦੇ ਭੇਤ ਗੁਪਤ ਰੱਖਣ ਦੀ ਸਹੁੰ ਚੁਕਾਈ। ਸਾਰੇ ਵਿਧਾਇਕਾਂ ਨੇ ਪੰਜਾਬੀ ਵਿਚ ਹਲਫ ਲਿਆ। ਇਸ ਮੌਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੀ ਹਾਜ਼ਰ ਸਨ। ਕੈਬਨਿਟ ਵਿਚ ਮੁੱਖ ਮੰਤਰੀ ਤੋਂ ਇਲਾਵਾ ਮੰਤਰੀਆਂ ਦੀ ਕੁੱਲ ਗਿਣਤੀ 14 ਹੋ ਗਈ ਹੈ। ਹਾਲੇ ਵੀ ਤਿੰਨ ਮੰਤਰੀਆਂ ਦੀ ਥਾਂ ਖਾਲੀ ਹੈ। ਦੂਜੀ ਵਾਰ ਚੋਣ ਜਿੱਤੇ ਅਮਨ ਅਰੋੜਾ ਸਮੇਤ ਤਿੰਨ ਵਿਧਾਇਕਾਂ ਨੂੰ ਕੈਬਨਿਟ 'ਚ ਥਾਂ ਮਿਲੀ ਹੈ ਜਦਕਿ 11 ਮੰਤਰੀ ਪਹਿਲੀ ਵਾਰ ਵਿਧਾਇਕ ਬਣੇ ਹਨ। ਰਾਜ ਭਵਨ 'ਚ ਨਵੇਂ ਬਣੇ ਗੁਰੂ ਨਾਨਕ ਆਡੀਟੋਰੀਅਮ ਵਿਚ ਸੁਨਾਮ ਤੋਂ ਵਿਧਾਇਕ ਅਮਨ ਅਰੋੜਾ ਨੇ ਸਭ ਤੋਂ ਪਹਿਲਾਂ ਸਹੁੰ ਚੁੱਕੀ। ਉਨ੍ਹਾਂ ਤੋਂ ਬਾਅਦ ਅੰਮ੍ਰਿਤਸਰ ਦੱਖਣੀ ਤੋਂ ਵਿਧਾਇਕ ਡਾ. ਇੰਦਰਬੀਰ ਸਿੰਘ ਨਿੱਝਰ, ਗੁਰੂ ਹਰ ਸਹਾਏ ਤੋਂ ਵਿਧਾਇਕ ਫੌਜਾ ਸਿੰਘ ਸਰਾਰੀ, ਸਮਾਣਾ ਤੋਂ ਚੇਤਨ ਸਿੰਘ ਜੌੜੇਮਾਜਰਾ ਅਤੇ ਖਰੜ ਤੋਂ ਅਨਮੋਲ ਗਗਨ ਮਾਨ ਨੇ ਹਲਫ ਲਿਆ।



ਮੰਤਰੀ ਮੰਡਲ ਵਿਚ ਮਾਲਵਾ, ਮਾਝਾ ਅਤੇ ਦੁਆਬਾ ਖਿੱਤਿਆਂ ਨੂੰ ਤਰਜੀਹ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਕੈਬਨਿਟ 'ਚ ਮਾਲਵਾ ਖੇਤਰ ਦੇ 9, ਮਾਝਾ ਦੇ ਪੰਜ ਅਤੇ ਦੁਆਬਾ ਦੇ ਸਿਰਫ ਇਕ ਵਿਧਾਇਕ ਨੂੰ ਥਾਂ ਮਿਲ ਸਕੀ ਹੈ। ਹਲਫਦਾਰੀ ਸਮਾਗਮ ਵਿਚ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਤੇ ਡਿਪਟੀ ਸਪੀਕਰ ਜੈ ਕਿਸ਼ਨ ਰੋੜੀ, ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ, ਡਾ. ਬਲਜੀਤ ਕੌਰ, ਹਰਭਜਨ ਸਿੰਘ ਈ.ਟੀ.ਓ., ਲਾਲ ਚੰਦ ਕਟਾਰੂਚੱਕ, ਗੁਰਮੀਤ ਸਿੰਘ ਮੀਤ ਹੇਅਰ, ਕੁਲਦੀਪ ਸਿੰਘ ਧਾਲੀਵਾਲ, ਲਾਲਜੀਤ ਸਿੰਘ ਭੁੱਲਰ, ਬ੍ਰਹਮ ਸ਼ੰਕਰ ਜਿੰਪਾ ਅਤੇ ਹਰਜੋਤ ਸਿੰਘ ਬੈਂਸ ਵੀ ਹਾਜ਼ਰ ਸਨ। ਉਨ੍ਹਾਂ ਤੋਂ ਇਲਾਵਾ ਰਾਜ ਸਭਾ ਲਈ ਚੁਣੇ ਗਏ ਸੰਤ ਬਲਬੀਰ ਸਿੰਘ ਸੀਚੇਵਾਲ ਅਤੇ ਵੱਡੀ ਗਿਣਤੀ ਵਿਚ ਹੋਰ ਵਿਧਾਇਕ ਵੀ ਮੌਜੂਦ ਸਨ।

## ਸਾਬਕਾ ਕਾਂਗਰਸੀ ਮੰਤਰੀ ਦੀਆਂ ਮੁਸ਼ਕਿਲਾਂ ਵਧੀਆਂ

**ਮੁਹਾਲੀ:** ਭ੍ਰਿਸ਼ਟਾਚਾਰ ਦੇ ਕਥਿਤ ਦੋਸ਼ਾਂ ਦਾ ਸਾਹਮਣਾ ਕਰ ਰਹੇ ਸਾਬਕਾ ਜੰਗਲਾਤ ਮੰਤਰੀ ਸੰਗਤ ਸਿੰਘ ਗਿਲਜੀਆਂ ਦੀਆਂ ਮੁਸ਼ਕਿਲਾਂ ਵਧਦੀਆਂ ਜਾ ਰਹੀਆਂ ਹਨ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਕਾਂਗਰਸੀ ਆਗੂ ਨੂੰ ਕੋਈ ਰਾਹਤ ਨਹੀਂ ਦਿੱਤੀ। ਉੱਚ ਅਦਾਲਤ ਨੇ ਪਿਛਲੀ ਤਰੀਕ 'ਤੇ ਗਿਲਜੀਆਂ ਨੂੰ ਝਟਕਾ ਦਿੰਦਿਆਂ ਉਸ ਖਿਲਾਫ ਦਰਜ ਐਫ.ਆਈ.ਆਰ. ਨੂੰ ਮੁੱਢੋਂ ਰੱਦ ਕਰਨ ਦੀ ਅਰਜ਼ੀ 'ਤੇ ਸੁਣਵਾਈ ਤੋਂ ਸਾਫ ਮਨਾ ਕਰਦਿਆਂ ਗਿਲਜੀਆਂ ਨੂੰ ਪਹਿਲਾਂ ਜ਼ਮਾਨਤ ਦੀ ਅਰਜ਼ੀ ਦਾਇਰ ਕਰਨ ਲਈ ਕਿਹਾ ਸੀ ਪਰ ਹੁਣ ਵੀ ਸਾਬਕਾ ਮੰਤਰੀ ਨੂੰ ਕੋਈ ਰਾਹਤ ਨਹੀਂ ਮਿਲੀ। ਇਸ ਮਾਮਲੇ ਵਿਚ ਉੱਚ ਅਦਾਲਤ ਨੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰ ਕੇ ਇਸ ਬਹੁ-ਚਰਚਿਤ ਕੇਸ ਦੀ ਸਟੇਟਸ ਰਿਪੋਰਟ ਤਲਬ ਕੀਤੀ ਹੈ। ਕੇਸ ਦੀ ਅਗਲੀ ਸੁਣਵਾਈ 20 ਜੁਲਾਈ ਨੂੰ ਹੋਵੇਗੀ। ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ ਖਿਲਾਫ ਵਿਜੀਲੈਂਸ ਥਾਣਾ ਮੁਹਾਲੀ ਵਿਚ ਭ੍ਰਿਸ਼ਟਾਚਾਰ ਰੋਕੂ ਐਕਟ ਤਹਿਤ ਕੇਸ ਦਰਜ ਕੀਤਾ ਗਿਆ ਸੀ।

## ਮਜੀਠੀਆ ਨੂੰ ਹਾਈ ਕੋਰਟ ਤੋਂ ਵੀ ਨਾ ਮਿਲੀ ਰਾਹਤ



**ਮੁਹਾਲੀ:** ਪੰਜਾਬ ਦੀ ਪਿਛਲੀ ਕਾਂਗਰਸ ਸਰਕਾਰ ਵੱਲੋਂ ਬਹੁ-ਚਰਚਿਤ ਨਸ਼ਾ ਤਸਕਰੀ ਮਾਮਲੇ ਵਿਚ ਨਾਮਜ਼ਦ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਦੀਆਂ ਮੁਸ਼ਕਲਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ।

ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਡਬਲ ਬੈਂਚ ਨੇ ਮਜੀਠੀਆ ਦੀ ਰੈਗੂਲਰ ਜ਼ਮਾਨਤ ਅਰਜ਼ੀ 'ਤੇ ਸੁਣਵਾਈ ਕਰਨ ਤੋਂ ਸਾਫ ਇਨਸਾਫ ਕਰ ਦਿੱਤਾ ਹੈ। ਇਸ ਕੇਸ ਦੀ ਸੁਣਵਾਈ ਕਰ ਰਹੇ ਡਬਲ ਬੈਂਚ ਨੇ ਖੁਦ ਨੂੰ ਇਸ ਕੇਸ ਤੋਂ ਪਾਸੇ ਕਰ ਲਿਆ ਹੈ। ਇਸ ਤਰ੍ਹਾਂ ਹੁਣ ਉੱਚ ਅਦਾਲਤ ਦਾ ਨਵਾਂ ਬੈਂਚ ਸੁਣਵਾਈ ਕਰੇਗਾ। ਉਦੋਂ ਤੱਕ ਮਜੀਠੀਆ ਨੂੰ ਜੇਲ੍ਹ ਵਿਚ ਹੀ ਰਹਿਣਾ ਪਵੇਗਾ। ਇਸ ਸਮੇਂ ਨਿਆਇਕ ਹਿਰਾਸਤ ਅਧੀਨ ਅਕਾਲੀ ਆਗੂ ਮਜੀਠੀਆ ਪਟਿਆਲਾ ਜੇਲ੍ਹ ਵਿਚ ਹੈ। ਮੁਹਾਲੀ ਅਦਾਲਤ ਵਿਚ ਅਗਲੀ ਸੁਣਵਾਈ 11 ਜੁਲਾਈ ਨੂੰ ਹੋਣੀ ਹੈ। ਦੱਸਣਯੋਗ ਹੈ ਕਿ ਕੁਝ ਦਿਨ ਪਹਿਲਾਂ ਮਜੀਠੀਆ ਨੇ ਦੇਸ਼ ਦੀ ਸਿਖਰਲੀ ਅਦਾਲਤ ਵਿਚ ਵੀ ਇਕ ਅਰਜ਼ੀ ਦਾਇਰ ਕੀਤੀ ਸੀ। ਸੁਪਰੀਮ ਕੋਰਟ ਨੇ ਅਕਾਲੀ ਆਗੂ ਨੂੰ ਕੋਈ ਵੀ ਰਾਹਤ ਨਾ ਦਿੰਦੇ ਹੋਏ ਇਸ ਕੇਸ ਦੀ ਸੁਣਵਾਈ ਹਾਈ ਕੋਰਟ ਦੇ ਡਬਲ ਬੈਂਚ ਨੂੰ ਕਰਨ ਲਈ ਕਿਹਾ ਗਿਆ ਸੀ ਪਰ ਹੁਣ ਅਚਾਨਕ ਹਾਈ ਕੋਰਟ ਦੇ ਡਬਲ ਬੈਂਚ ਨੇ ਵੀ ਖੁਦ ਨੂੰ ਇਸ ਕੇਸ ਸੁਣਵਾਈ ਤੋਂ ਪਾਸੇ ਕਰ ਲਿਆ ਹੈ।

## ਵੱਡੇ ਥੰਮ੍ਹ ਡੇਗਣ ਵਾਲੇ 'ਆਪ' ਵਿਧਾਇਕਾਂ ਦੇ ਹੱਥ ਮੁੜ ਖਾਲੀ



**ਚੰਡੀਗੜ੍ਹ:** ਪੰਜਾਬ ਕੈਬਨਿਟ ਵਿਚ ਸਿਰਫ ਤਿੰਨ ਚਿਹਰੇ ਹੀ ਪੁਰਾਣੇ ਹਨ ਜਦਕਿ 11 ਮੰਤਰੀ ਪਹਿਲੀ ਵਾਰ ਵਿਧਾਨ ਸਭਾ 'ਚ ਚੁਣ ਕੇ ਆਏ ਹਨ। ਮੰਤਰੀ ਮੰਡਲ ਦੇ ਪਹਿਲੇ ਵਿਸਥਾਰ ਤੋਂ ਬਾਅਦ ਵੀ ਦੂਜੀ ਵਾਰ ਜਿੱਤ ਹਾਸਲ ਕਰਨ ਅਤੇ ਸੂਬੇ ਦੀ ਸਿਆਸਤ ਵਿਚ ਲੰਬਾ ਸਮਾਂ ਰਾਜ ਕਰਨ ਵਾਲੇ ਕਈ ਵੱਡੇ ਚਿਹਰਿਆਂ ਨੂੰ ਹਰਾਉਣ ਵਾਲੇ ਆਗੂਆਂ ਦੇ ਹੱਥ ਮੁੜ ਖਾਲੀ ਰਹਿ ਗਏ ਹਨ।

ਦੂਜੀ ਵਾਰ ਜਿੱਤ ਹਾਸਲ ਕਰਨ ਵਾਲੀ ਵਿਧਾਇਕ ਸਰਵਜੀਤ ਕੌਰ ਮਾਣੂੰਕੇ, ਪ੍ਰੋ. ਬਲਜਿੰਦਰ ਕੌਰ ਅਤੇ ਪ੍ਰਿੰਸੀਪਲ ਬੁੱਧਰਾਮ ਨੂੰ ਮੰਤਰੀ ਬਣਾਉਣ ਦੀ ਵੀ ਚਰਚਾ ਚੱਲ ਰਹੀ ਸੀ। ਇਸ ਤੋਂ ਇਲਾਵਾ ਪੰਜ ਵਾਰ ਮੁੱਖ ਮੰਤਰੀ ਰਹੇ ਪ੍ਰਕਾਸ਼ ਸਿੰਘ ਬਾਦਲ ਨੂੰ 11,396 ਵੋਟਾਂ ਦੇ ਫਰਕ ਨਾਲ ਹਰਾਉਣ ਵਾਲੇ ਗੁਰਮੀਤ ਸਿੰਘ ਖੁੱਡੀਆਂ, ਕੈਪਟਨ ਅਮਰਿੰਦਰ ਸਿੰਘ ਨੂੰ 19,873 ਵੋਟਾਂ ਦੇ ਫਰਕ ਨਾਲ ਹਰਾਉਣ ਵਾਲੇ ਅਜੀਤ ਪਾਲ ਸਿੰਘ ਕੋਹਲੀ ਅਤੇ ਚਰਨਜੀਤ ਸਿੰਘ ਚੰਨੀ ਨੂੰ ਭਦੌੜ ਤੋਂ 37,558 ਵੋਟਾਂ ਦੇ ਫਰਕ ਨਾਲ ਹਰਾਉਣ ਵਾਲੇ ਲਾਭ ਸਿੰਘ ਉੱਗੋਕੇ ਅਤੇ ਚਮਕੌਰ ਸਾਹਿਬ ਤੋਂ 7,942 ਵੋਟਾਂ ਦੇ ਫਰਕ ਨਾਲ ਹਰਾਉਣ ਵਾਲੇ ਡਾ. ਚਰਨਜੀਤ ਸਿੰਘ ਨੂੰ ਕੈਬਨਿਟ ਵਿਚ ਥਾਂ ਨਹੀਂ ਮਿਲ ਸਕੀ ਹੈ। ਅੰਮ੍ਰਿਤਸਰ (ਪੂਰਬੀ) ਤੋਂ ਨਵਜੋਤ ਸਿੰਘ ਸਿੱਧੂ ਅਤੇ ਬਿਕਰਮ ਸਿੰਘ ਮਜੀਠੀਆ ਨੂੰ 6,750 ਵੋਟਾਂ ਦੇ ਫਰਕ ਨਾਲ ਹਰਾਉਣ ਵਾਲੀ ਡਾ. ਜੀਵਨ ਜੋਤ ਕੌਰ, ਜਲਾਲਾਬਾਦ ਤੋਂ ਸੁਖਬੀਰ ਸਿੰਘ ਬਾਦਲ ਨੂੰ 30,930 ਵੋਟਾਂ ਦੇ ਫਰਕ ਨਾਲ ਹਰਾਉਣ ਵਾਲੇ ਜਗਦੀਪ ਸਿੰਘ ਗੋਲਡੀ ਕੰਬੋਜ ਵਰਗੇ ਵਿਧਾਇਕਾਂ ਨੂੰ ਵੀ ਕੈਬਨਿਟ ਵਿਚ ਕੋਈ ਥਾਂ ਨਹੀਂ ਮਿਲ ਸਕੀ ਹੈ।

## ਹਾਈ ਕੋਰਟ ਵੱਲੋਂ 'ਨਕਲੀ' ਰਾਮ ਰਹੀਮ ਵਾਲੀ ਅਰਜ਼ੀ ਰੱਦ

**ਚੰਡੀਗੜ੍ਹ:** ਪੰਜਾਬ ਹਰਿਆਣਾ ਹਾਈ ਕੋਰਟ ਨੇ ਕੁਝ ਡੇਰਾ ਪ੍ਰੇਮੀਆਂ ਵੱਲੋਂ ਦਾਖਲ ਉਸ ਪਟੀਸ਼ਨ ਨੂੰ ਰੱਦ ਕਰ ਦਿੱਤਾ ਹੈ, ਜਿਸ 'ਚ ਦੋਸ਼ ਲਾਇਆ ਗਿਆ ਸੀ ਕਿ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਦੀ ਥਾਂ ਕਿਸੇ ਹੋਰ ਵਿਅਕਤੀ ਨੂੰ ਪੈਰੋਲ 'ਤੇ ਰਿਹਾਅ ਕੀਤਾ ਗਿਆ ਹੈ।

ਹਰਿਆਣਾ ਸਰਕਾਰ ਅਤੇ ਹੋਰਾਂ ਖਿਲਾਫ ਦਾਖਲ ਪਟੀਸ਼ਨ 'ਚ ਅਸ਼ੋਕ ਕੁਮਾਰ ਤੇ 18 ਹੋਰ ਪਟੀਸ਼ਨਰਾਂ ਨੇ ਡੇਰਾ ਮੁਖੀ ਦੀ ਪਛਾਣ ਲਈ ਦਿਸ਼ਾ-ਨਿਰਦੇਸ਼ ਦੇਣ ਦੀ ਮੰਗ ਕੀਤੀ ਸੀ। ਪਟੀਸ਼ਨ 'ਚ ਦਾਅਵਾ ਕੀਤਾ ਗਿਆ ਸੀ ਕਿ 'ਡਮੀ' (ਨਕਲੀ) ਵਿਅਕਤੀ ਪਟੀਸ਼ਨਰਾਂ ਅਤੇ ਹੋਰ ਡੇਰਾ ਪ੍ਰੇਮੀਆਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾ ਰਿਹਾ ਹੈ। ਪਟੀਸ਼ਨਰਾਂ ਨੇ ਦੋਸ਼ ਲਾਇਆ ਸੀ ਕਿ ਉਨ੍ਹਾਂ ਨੂੰ ਕੁਝ ਗੈਰ-ਪੁਖਤਾ ਸਰੋਤਾਂ ਰਾਹੀਂ ਪਤਾ ਲੱਗਾ ਹੈ ਕਿ ਅਸਲ ਡੇਰਾ ਮੁਖੀ ਨੂੰ ਅਗਵਾ ਕਰ ਕੇ ਰਾਜਸਥਾਨ ਦੇ ਉਦੈਪੁਰ ਵਿਚ ਰੱਖਿਆ ਗਿਆ ਹੈ ਅਤੇ ਹੁਣ ਉਹ ਅਸਲ ਡੇਰਾ ਮੁਖੀ ਦੀ ਥਾਂ 'ਤੇ ਇਸ ਨਕਲੀ ਵਿਅਕਤੀ ਨੂੰ ਰੱਖਣਾ ਚਾਹੁੰਦੇ ਹਨ। ਪਟੀਸ਼ਨ ਵਿਚ ਇਹ ਗੱਲ ਵੀ ਆਖੀ ਗਈ ਸੀ ਕਿ ਡੇਰਾ ਮੁਖੀ ਦੇ ਕੱਦ-ਕਾਠ ਤੇ ਵਿਅਕਤੀਤਵ ਆਦਿ 'ਚ ਕਈ ਬਦਲਾਅ ਦੇਖੇ ਗਏ ਹਨ। ਉਸ ਦਾ ਕੱਦ



ਇਕ ਇੰਚ ਵੱਧ ਹੈ ਜਦਕਿ ਉਸ ਦੀਆਂ ਉਂਗਲਾਂ ਤੇ ਪੈਰਾਂ ਦਾ ਆਕਾਰ ਵੀ ਵਧ ਗਿਆ ਹੈ। ਡੇਰਾ ਮੁਖੀ/ਨਕਲੀ ਵਿਅਕਤੀ ਵੱਲੋਂ ਪੈਰੋਲ ਦੌਰਾਨ ਜਾਰੀ ਵੀਡੀਓਜ ਅਤੇ ਤਸਵੀਰਾਂ ਦੀ ਪੜਤਾਲ ਤੋਂ ਪਤਾ ਲੱਗਾ ਹੈ ਕਿ ਉਸ ਦੇ ਚਿਹਰੇ ਅਤੇ ਹੱਥਾਂ 'ਤੇ ਮੇਕਅਪ ਜਾਂ ਕਿਸੇ ਕਿਸਮ ਦਾ ਮਾਸਕ ਲਾਇਆ ਹੋਇਆ ਹੈ ਜੋ ਦੂਜੀ ਵੀਡੀਓ 'ਚ ਵੱਖਰਾ ਦਿਖਾਈ ਦਿੰਦਾ ਹੈ। ਇਸ ਤੋਂ ਇਲਾਵਾ, ਪਿੰਡਾਂ ਦੇ ਲੋਕਾਂ ਨਾਲ ਮੀਟਿੰਗਾਂ ਦੌਰਾਨ ਕਥਿਤ ਡੇਰਾ ਮੁਖੀ ਆਪਣੇ ਪੁਰਾਣੇ ਦੋਸਤਾਂ ਨੂੰ ਪਛਾਣਨ 'ਚ ਵੀ ਅਸਫਲ ਰਿਹਾ ਹੈ।

## ਗੌਰਵ ਯਾਦਵ ਹੋਣਗੇ ਪੰਜਾਬ ਪੁਲਿਸ ਦੇ ਕਾਰਜਕਾਰੀ ਮੁਖੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸੂਬਾਈ ਪੁਲਿਸ ਪ੍ਰਸ਼ਾਸਨ ਵਿਚ ਵੱਡੀ ਤਬਦੀਲੀ ਕਰਦਿਆਂ 1992 ਬੈਚ ਦੇ ਆਈ.ਪੀ.ਐਸ. ਅਧਿਕਾਰੀ ਗੌਰਵ ਯਾਦਵ ਨੂੰ ਸੂਬੇ ਦੇ ਡੀ.ਜੀ.ਪੀ. ਦਾ ਚਾਰਜ ਦੇਣ ਸਬੰਧੀ ਹੁਕਮ ਜਾਰੀ ਕੀਤੇ ਹਨ। ਗ੍ਰਿਹ ਵਿਭਾਗ ਦੇ ਸੂਤਰਾਂ ਅਨੁਸਾਰ ਨਿਯੁਕਤੀ ਨੂੰ ਮੁੱਖ ਮੰਤਰੀ ਵੱਲੋਂ ਹਰੀ ਝੰਡੀ ਦੇ ਦਿੱਤੀ ਗਈ ਹੈ। ਸੂਬੇ ਦੇ ਮੌਜੂਦਾ ਡੀ.ਜੀ.ਪੀ. ਵੀਰੇਸ਼ ਕੁਮਾਰ ਭਾਵੜਾ 5 ਜੁਲਾਈ ਤੋਂ 2 ਮਹੀਨਿਆਂ ਲਈ ਛੁੱਟੀ 'ਤੇ ਚਲੇ ਗਏ ਹਨ। ਭਰੋਸੇਯੋਗ ਸੂਤਰਾਂ ਦਾ ਦੱਸਣਾ ਹੈ ਕਿ ਸੰਗਰੂਰ ਸੰਸਦੀ ਹਲਕੇ ਤੋਂ ਨਮੋਸ਼ੀ ਭਰੀ ਹਾਰ ਦਾ ਸਾਹਮਣਾ ਕਰਨ ਉਪਰੰਤ 'ਆਪ' ਸਰਕਾਰ ਨੇ ਸ੍ਰੀ ਭਾਵੜਾ ਨੂੰ ਅਹੁਦਾ ਛੱਡਣ ਦੀ ਬੇਨਤੀ ਕਰਨ ਜਾਂ ਛੁੱਟੀ 'ਤੇ ਜਾਣ ਸਬੰਧੀ ਜਬਾਨੀ ਫੁਰਮਾਨ ਜਾਰੀ ਕਰ ਦਿੱਤਾ ਸੀ।

ਇਸੇ ਦੌਰਾਨ ਸ੍ਰੀ ਭਾਵੜਾ ਨੇ ਕੇਂਦਰ ਸਰਕਾਰ ਵਿਚ ਡੈਪੂਟੇਸ਼ਨ 'ਤੇ ਜਾਣ ਸਬੰਧੀ ਵੀ ਅਪਲਾਈ ਕਰ ਦਿੱਤਾ ਸੀ ਪਰ ਸਰਕਾਰ ਵੱਲੋਂ



ਕਾਨੂੰਨ ਪ੍ਰਬੰਧ ਦੇ ਮੁੱਦੇ 'ਤੇ ਡੀ.ਜੀ.ਪੀ. ਉਤੇ ਢਿੱਲੀ ਕਾਰਗੁਜ਼ਾਰੀ ਦੇ ਦੋਸ਼ ਲਾਉਂਦਿਆਂ ਇਸ ਵੱਡੀ ਤਬਦੀਲੀ ਦਾ ਫੈਸਲਾ ਕੀਤਾ ਗਿਆ ਸੀ। 1987 ਬੈਚ ਦੇ ਪੁਲਿਸ ਅਧਿਕਾਰੀ ਵੀਰੇਸ਼ ਕੁਮਾਰ ਭਾਵੜਾ ਇਸ ਸਮੇਂ ਪੰਜਾਬ ਪੁਲਿਸ ਵਿਚ ਸਭ ਤੋਂ ਸੀਨੀਅਰ ਪੁਲਿਸ ਅਧਿਕਾਰੀ ਹਨ ਅਤੇ ਉਨ੍ਹਾਂ ਦੀ ਸੇਵਾਮੁਕਤੀ 2024 ਵਿਚ ਹੋਣੀ ਹੈ। ਇਸ ਪੁਲਿਸ ਅਧਿਕਾਰੀ ਦੀ ਨਿਯੁਕਤੀ 6 ਜਨਵਰੀ ਨੂੰ ਚਰਨਜੀਤ ਸਿੰਘ ਚੰਨੀ ਦੀ ਸਰਕਾਰ ਵੱਲੋਂ ਸੰਘ ਲੋਕ ਸੇਵਾ ਕਮਿਸ਼ਨ (ਯੂ.ਪੀ.ਐਸ.ਸੀ.) ਦੇ ਪੈਨਲ ਦੇ ਆਧਾਰ 'ਤੇ ਦੋ ਸਾਲਾਂ ਦੇ ਸਮੇਂ ਲਈ ਕੀਤੀ ਗਈ ਸੀ। ਤਕਨੀਕੀ ਤੌਰ 'ਤੇ ਡੀ.ਜੀ.ਪੀ. ਨੂੰ ਸਰਕਾਰ ਤਬਦੀਲ ਨਹੀਂ ਸੀ ਕਰ ਸਕਦੀ ਜਿਸ ਕਰਕੇ ਸ੍ਰੀ ਭਾਵੜਾ ਦੇ ਛੁੱਟੀ 'ਤੇ ਜਾਣ ਦੀ ਸੂਰਤ ਵਿਚ ਹੀ ਬਦਲਵੇਂ ਪ੍ਰਬੰਧ ਕੀਤੇ ਜਾ ਸਕਦੇ ਹਨ।

ਨਵੇਂ ਬੰਦੋਬਸਤ ਬਾਰੇ ਦੇਖਿਆ ਜਾਵੇ ਤਾਂ ਸਰਕਾਰ ਨੇ 1987, 1988, 1989 ਅਤੇ 1992 ਬੈਚ ਦੇ 5 ਪੁਲਿਸ ਅਧਿਕਾਰੀਆਂ ਦੀ ਸੀਨੀਆਰਤਾ ਨੂੰ ਨਜ਼ਰ ਅੰਦਾਜ਼ ਕਰਦਿਆਂ ਸ੍ਰੀ ਯਾਦਵ ਨੂੰ ਇਸ ਅਹੁਦੇ ਦਾ ਕਾਰਜਭਾਰ ਸੌਂਪਣ ਦਾ ਫੈਸਲਾ ਕੀਤਾ ਗਿਆ ਹੈ। ਹਾਲਾਂਕਿ ਇਸ ਅਹਿਮ ਅਹੁਦੇ ਦਾ ਕੰਮ ਸੰਭਾਲਣ ਲਈ ਸੰਜੀਵ ਕਾਲੜਾ ਅਤੇ ਹਰਪ੍ਰੀਤ ਸਿੰਘ ਸਿੱਧੂ ਦੇ ਨਾਮ ਦੀ ਵੀ ਚਰਚਾ ਚੱਲ ਰਹੀ ਸੀ। ਸੀਨੀਅਰ ਅਧਿਕਾਰੀਆਂ ਦਾ ਕਹਿਣਾ ਹੈ ਕਿ ਕਾਨੂੰਨੀ ਸਲਾਹ ਮਸ਼ਵਰੇ ਤੋਂ ਬਾਅਦ ਹੀ ਸਰਕਾਰ ਵੱਲੋਂ ਸੂਬੇ ਦੇ ਅਗਲੇ ਡੀ.ਜੀ.ਪੀ. ਦੀ ਨਿਯੁਕਤੀ ਲਈ ਯੂ.ਪੀ.ਐਸ.ਸੀ. ਨੂੰ ਪੈਨਲ ਭੇਜਿਆ ਜਾਵੇਗਾ। ਸਰਕਾਰ ਦੇ ਸੂਤਰਾਂ ਮੁਤਾਬਕ 'ਆਪ' ਲੀਡਰਸ਼ਿਪ ਵੱਲੋਂ ਸ੍ਰੀ ਯਾਦਵ ਦੀ ਸੂਬੇ ਦੇ ਅਗਲੇ ਡੀ.ਜੀ.ਪੀ. ਵਜੋਂ ਇਕ ਤਰ੍ਹਾਂ ਨਾਲ ਚੋਣ ਕਰ ਲਈ ਹੈ ਤੇ ਯੂ.ਪੀ.ਐਸ.ਸੀ. ਦੀ ਮੋਹਰ ਲਵਾਉਣੀ ਹੀ ਬਾਕੀ ਹੈ। ਗੌਰਵ ਯਾਦਵ ਨੂੰ ਆਮ ਆਦਮੀ ਪਾਰਟੀ ਦੀ ਸਰਕਾਰ ਅਤੇ ਪਾਰਟੀ ਦੇ ਸੀਨੀਅਰ ਆਗੂਆਂ ਦੇ ਕਰੀਬੀ ਮੰਨਿਆ ਜਾਂਦਾ ਹੈ। ਇਸ ਲਈ ਦੇਖਿਆ ਜਾਵੇ ਤਾਂ ਸ੍ਰੀ ਯਾਦਵ ਪਹਿਲੇ ਅਜਿਹੇ ਪੁਲਿਸ ਅਧਿਕਾਰੀ ਸਨ ਜਿਨ੍ਹਾਂ ਦੀ ਨਿਯੁਕਤੀ ਮੁੱਖ ਮੰਤਰੀ ਦੇ ਵਿਸ਼ੇਸ਼ ਪ੍ਰਮੁੱਖ ਸਕੱਤਰ ਵਜੋਂ ਕੀਤੀ ਗਈ ਸੀ।

## ਅਲਕਾ ਲਾਂਬਾ ਤੇ ਕੁਮਾਰ ਵਿਸ਼ਵਾਸ ਦੇ ਕੇਸਾਂ ਦੀ ਸੁਣਵਾਈ ਅੱਗੇ ਪਈ

**ਰੂਪਨਗਰ:** ਰੂਪਨਗਰ ਪੁਲਿਸ ਵੱਲੋਂ ਗਾਜ਼ੀਆਬਾਦ ਦੇ ਕਵੀ ਕੁਮਾਰ ਵਿਸ਼ਵਾਸ ਅਤੇ ਦਿੱਲੀ ਦੀ ਕਾਂਗਰਸੀ ਆਗੂ ਅਲਕਾ ਲਾਂਬਾ ਖਿਲਾਫ ਦਰਜ ਕੀਤੇ ਕੇਸ ਦੀ ਸੁਣਵਾਈ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਹੋਈ, ਜਿਸ ਮਗਰੋਂ ਅਲਕਾ ਲਾਂਬਾ ਦੀ ਅਗਲੀ ਸੁਣਵਾਈ 2 ਅਗਸਤ ਅਤੇ ਕੁਮਾਰ ਵਿਸ਼ਵਾਸ ਦੀ 22 ਅਗਸਤ ਤੈਅ ਕੀਤੀ ਗਈ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਰੂਪਨਗਰ ਪੁਲਿਸ ਵੱਲੋਂ ਅਪਰੈਲ ਮਹੀਨੇ ਵਿਚ ਇਕ 'ਆਪ' ਆਗੂ ਦੇ ਬਿਆਨਾਂ ਦੇ ਆਧਾਰ 'ਤੇ ਕੁਮਾਰ ਵਿਸ਼ਵਾਸ ਵਿਰੁੱਧ ਐਫ.ਆਈ.ਆਰ. ਦਰਜ ਕੀਤੀ ਗਈ ਸੀ, ਜਿਸ ਵਿਚ ਮਗਰੋਂ ਅਲਕਾ ਲਾਂਬਾ ਨੂੰ ਵੀ ਨਾਮਜ਼ਦ ਕਰ ਲਿਆ ਗਿਆ ਸੀ। ਉਪਰੰਤ ਕੁਮਾਰ ਵਿਸ਼ਵਾਸ ਪੁਲਿਸ ਕੋਲ ਪੇਸ਼ ਹੋਣ ਦੀ ਥਾਂ ਹਾਈ ਕੋਰਟ ਚਲੇ ਗਏ ਸਨ। ਉਸ ਤੋਂ ਬਾਅਦ ਅਲਕਾ ਲਾਂਬਾ ਨੇ ਵੀ ਹਾਈ ਕੋਰਟ ਵਿਚ ਵੱਖਰਾ ਮੁਕੱਦਮਾ ਦਾਇਰ ਕੀਤਾ ਸੀ।

## ਪੰਜਾਬ ਦੇ ਦਰਿਆਵਾਂ ਤੇ ਬੁੱਢੇ ਨਾਲੇ ਦੀ ਸਫਾਈ ਕਰਵਾਏਗੀ ਸਰਕਾਰ: ਸੀਚੇਵਾਲ

**ਚੰਡੀਗੜ੍ਹ:** ਰਾਜ ਸਭਾ ਮੈਂਬਰ ਤੇ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਿਹਾ ਕਿ ਪੰਜਾਬ ਵਿਚ 'ਆਪ' ਦੀ ਸਰਕਾਰ ਹੁਣ ਵਾਤਾਵਰਨ ਅਤੇ ਸੂਬੇ ਦੇ ਪਾਣੀਆਂ ਦੀ ਸੰਭਾਲ ਲਈ ਕਈ ਕਾਰਜ ਅਰੰਭਣ ਜਾ ਰਹੀ ਹੈ।

ਉਨ੍ਹਾਂ ਇਥੇ 'ਆਪ' ਵਜ਼ਾਰਤ ਦੇ ਦੂਜੇ ਵਾਧੇ ਸਬੰਧੀ ਸਮਾਗਮ ਦੌਰਾਨ ਵੱਖਰੇ ਤੌਰ 'ਤੇ ਗੱਲਬਾਤ ਕਰ ਰਹੇ ਸਨ।

ਸੰਤ ਸੀਚੇਵਾਲ ਨੇ ਦੱਸਿਆ ਕਿ 'ਆਪ' ਸਰਕਾਰ ਆਉਣ ਵਾਲੇ ਦਿਨਾਂ ਵਿਚ ਲੁਧਿਆਣਾ ਦੇ ਨਾਲ ਲੱਗਦੇ ਬੁੱਢੇ ਨਾਲੇ ਦੀ ਸਫਾਈ ਅਤੇ ਹੋਰਨਾਂ ਦਰਿਆਵਾਂ ਦੀ ਸਫਾਈ ਕਰਨ ਲਈ ਵਿਸ਼ੇਸ਼ ਮੁਹਿੰਮ ਸ਼ੁਰੂ ਕਰੇਗੀ। ॥

ਉਨ੍ਹਾਂ ਕਿਹਾ ਕਿ ਬੁੱਢੇ ਨਾਲੇ ਤੇ ਪੰਜਾਬ ਦੇ ਦਰਿਆਵਾਂ ਦੀ ਸੰਭਾਲ ਲਈ ਮੁੱਖ ਮੰਤਰੀ ਅਤੇ ਕੁਲਤਾਰ ਸਿੰਘ ਸੰਧਵਾਂ ਨਾਲ ਗੱਲਬਾਤ ਹੋ ਚੁੱਕੀ ਹੈ।

ਦਰਿਆਵਾਂ ਦੀ ਸਫਾਈ ਤੋਂ ਬਾਅਦ ਭਗਵੰਤ ਮਾਨ ਤੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਇਸ਼ਨਾਨ ਕਰਵਾਇਆ ਜਾਵੇਗਾ।



# ਰਾਸ਼ਟਰਪਤੀ ਚੋਣ: ਭਾਜਪਾ ਦੀ ਹਮਾਇਤ ਵਿਚ ਨਿੱਤਰਿਆ ਅਕਾਲੀ ਦਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਰਾਸ਼ਟਰਪਤੀ ਦੇ ਅਹੁਦੇ ਲਈ ਭਾਜਪਾ ਉਮੀਦਵਾਰ ਦਰੋਪਦੀ ਮੁਰਮੂ ਦੀ ਹਮਾਇਤ ਕਰਨ ਦਾ ਫੈਸਲਾ ਕੀਤਾ ਹੈ। ਬੀਤੇ ਦਿਨੀਂ ਭਾਜਪਾ ਦੇ ਕੌਮੀ ਪ੍ਰਧਾਨ ਜੇ.ਪੀ. ਨੱਢਾ ਨੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਗੱਲਬਾਤ ਕਰਕੇ ਮੁਰਮੂ ਲਈ ਹਮਾਇਤ ਮੰਗੀ ਸੀ। ਸੂਤਰਾਂ ਮੁਤਾਬਕ ਅਕਾਲੀ ਦਲ ਅੰਦਰੋ-ਅੰਦਰੀ ਭਾਜਪਾ ਪ੍ਰਧਾਨ ਵੱਲੋਂ ਮੰਗੀ ਗਈ ਹਮਾਇਤ ਤੋਂ ਬਾਗੋ-ਬਾਗ ਹੈ ਕਿਉਂਕਿ ਭਾਜਪਾ ਨਾਲੋਂ ਤੋੜ-ਵਿਛੋੜੇ ਮਗਰੋਂ ਉਸ ਨੇ ਅਕਾਲੀ ਦਲ ਵੱਲ ਕਦੇ ਨਹੀਂ ਦੇਖਿਆ ਸੀ।

ਇਸ ਦੌਰਾਨ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਇਥੇ ਕੇਂਦਰ ਸ਼ਾਸਿਤ ਪ੍ਰਦੇਸ ਦੇ ਗੈਸਟ ਹਾਊਸ ਵਿਚ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰ ਦਰੋਪਦੀ ਮੁਰਮੂ ਨਾਲ ਮੁਲਾਕਾਤ ਵੀ ਕੀਤੀ। ਉਨ੍ਹਾਂ ਨਾਲ ਸੀਨੀਅਰ ਆਗੂ ਬਲਵਿੰਦਰ ਸਿੰਘ ਭੂੰਦੜ, ਪ੍ਰੇਮ ਸਿੰਘ ਚੰਦੂਮਾਜਰਾ ਅਤੇ ਚਰਨਜੀਤ ਸਿੰਘ ਅਟਵਾਲ ਵੀ ਹਾਜਰ ਸਨ। ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਦੀ ਇਥੇ ਮੀਟਿੰਗ ਹੋਈ ਜਿਸ ਵਿਚ ਫੈਸਲਾ ਲਿਆ ਗਿਆ ਕਿ ਦਰੋਪਦੀ ਮੁਰਮੂ ਦੇ ਘੱਟ ਗਿਣਤੀਆਂ, ਦੱਬੇ-ਕੁਚਲਿਆਂ, ਕਬਾਇਲੀਆਂ ਅਤੇ ਪੱਛੜੇ ਵਰਗਾਂ ਦੇ ਨਾਲ-ਨਾਲ ਮਹਿਲਾਵਾਂ ਦੀ ਪ੍ਰਤੀਨਿਧਤਾ ਦੀ ਪ੍ਰਤੀਕ ਹੋਣ ਕਰਕੇ ਪਾਰਟੀ ਉਨ੍ਹਾਂ ਦੀ ਹਮਾਇਤ ਕਰੇਗੀ।



ਕੋਰ ਕਮੇਟੀ ਦੀ ਮੀਟਿੰਗ ਵਿਚ ਪਾਸ ਕੀਤੇ ਗਏ ਮਤੇ ਵਿਚ ਕਿਹਾ ਗਿਆ ਕਿ ਵੰਡਪਾਊ ਅਤੇ ਫਿਰਕਾਪ੍ਰਸਤ ਧਰੁਵੀਕਰਨ ਖਾਸ ਤੌਰ 'ਤੇ ਮੌਜੂਦਾ ਐਨ.ਡੀ.ਏ. ਸਰਕਾਰ ਦੇ ਰਾਜ ਵਿਚ ਘੱਟ ਗਿਣਤੀਆਂ ਦੇ ਮਨਾਂ ਵਿਚ ਪੈਦਾ ਹੋਈ ਅਸੁਰੱਖਿਆ ਸਮੇਤ ਚੱਲ ਰਹੇ ਮਾਹੌਲ ਨੂੰ ਲੈ ਕੇ ਭਾਵੇਂ ਭਾਜਪਾ ਨਾਲ ਮੱਤਭੇਦ ਹਨ ਪਰ ਅਕਾਲੀ ਦਲ ਨੇ ਸਿਧਾਂਤਕ ਤੌਰ 'ਤੇ ਫੈਸਲਾ ਲੈ ਕੇ ਸ੍ਰੀਮਤੀ ਮੁਰਮੂ ਦੀ ਹਮਾਇਤ ਕਰਨ ਦਾ ਫ਼ੈਸਲਾ ਕੀਤਾ ਹੈ ਕਿਉਂਕਿ ਉਹ ਦੱਬੇ-ਕੁਚਲੇ ਤੇ ਘੱਟ ਗਿਣਤੀਆਂ ਦੇ ਪ੍ਰਤੀਕ ਹਨ ਜਿਨ੍ਹਾਂ ਵਾਸਤੇ ਸਾਡੇ ਮਹਾਨ ਗੁਰੂਆਂ ਨੇ ਆਪਣੀਆਂ ਸ਼ਹਾਦਤਾਂ ਦਿੱਤੀਆਂ ਸਨ।

ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪਾਰਟੀ ਨੇ ਮਨੁੱਖੀ ਅਧਿਕਾਰਾਂ ਨੂੰ ਦਰਪੇਸ਼ ਖਤਰਿਆਂ ਖਾਸ ਤੌਰ 'ਤੇ ਧਾਰਮਿਕ ਸਹਿਣਸ਼ੀਲਤਾ ਅਤੇ ਬੋਲਣ ਦੀ ਆਜ਼ਾਦੀ 'ਤੇ ਪਾਬੰਦੀ, ਪੰਜਾਬ ਖਾਸ ਤੌਰ 'ਤੇ ਸਿੱਖਾਂ ਨਾਲ ਅਨਿਆਂ ਵਰਗੇ ਮਾਮਲਿਆਂ 'ਤੇ ਗੰਭੀਰ ਤੇ ਲੰਬੀ ਚਰਚਾ ਵੀ ਕੀਤੀ। ਉਨ੍ਹਾਂ ਕਿਹਾ ਕਿ ਪਾਰਟੀ ਕਦੇ ਵੀ ਆਪਣੇ ਪੰਜਾਬ, ਘੱਟ ਗਿਣਤੀ, ਕਿਸਾਨ ਅਤੇ ਗਰੀਬ ਪੱਖੀ ਏਜੰਡੇ ਨਾਲ ਸਮਝੌਤਾ ਨਹੀਂ ਕਰੇਗੀ। ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਦੇ ਸਵਾਲ 'ਤੇ ਪਾਰਟੀ ਕੋਲ ਜੋ ਬਦਲ ਮੌਜੂਦ ਸਨ, ਉਨ੍ਹਾਂ ਵਿਚੋਂ ਜਾਂ ਤਾਂ ਕਾਂਗਰਸ ਤੇ ਉਸ ਦੀਆਂ ਸਹਿਯੋਗੀ ਪਾਰਟੀਆਂ ਦੇ ਉਮੀਦਵਾਰ ਦੀ ਹਮਾਇਤ ਕੀਤੀ ਜਾਂਦੀ ਜਾਂ ਫਿਰ ਮਹਾਨ ਗੁਰੂ ਸਾਹਿਬਾਨ ਦੇ ਦਰਸਾਏ ਰਾਹ 'ਤੇ ਚੱਲਣਾ ਸ਼ਾਮਲ ਸੀ। 'ਅਸੀਂ ਗੁਰੂ ਸਾਹਿਬ ਦੇ ਦਰਸਾਏ ਮਾਰਗ 'ਤੇ ਚੱਲਣ ਦਾ ਬਦਲ ਚੁਣਿਆ ਹੈ।'

### ਪਹਿਲਾਂ ਦੱਸਿਆ ਹੁੰਦਾ ਤਾਂ ਮੁਰਮੂ ਨੂੰ ਹਮਾਇਤ ਦੇਣ ਬਾਰੇ ਵਿਚਾਰ ਕਰਦੇ: ਮਮਤਾ

**ਕੋਲਕਾਤਾ:** ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਿਹਾ ਕਿ ਜੇਕਰ ਭਾਜਪਾ ਨੇ ਉੜੀਸਾ ਨਾਲ ਸਬੰਧਤ ਕਬਾਇਲੀ ਆਗੂ ਦਰੋਪਦੀ ਮੁਰਮੂ ਨੂੰ ਚੋਣ ਮੈਦਾਨ ਵਿਚ ਉਤਾਰਨ ਤੋਂ ਪਹਿਲਾਂ ਇਕ ਵਾਰ ਉਨ੍ਹਾਂ ਨਾਲ ਉਸ ਦੇ ਦੇ ਨਾਂ 'ਤੇ ਵਿਚਾਰ ਚਰਚਾ ਕੀਤੀ ਹੁੰਦੀ ਤਾਂ ਵਿਰੋਧੀ ਪਾਰਟੀਆਂ ਐਨ.ਡੀ.ਏ. ਦੀ ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਨੂੰ ਹਮਾਇਤ ਦੇਣ ਬਾਰੇ ਲਾਜ਼ਮੀ ਵਿਚਾਰ ਕਰਦੀਆਂ। ਬੈਨਰਜੀ ਨੇ ਕਿਹਾ ਕਿ ਮਹਾਰਾਸ਼ਟਰ ਦੀ ਸੱਤਾ ਵਿਚ ਫੇਰ-ਬਦਲ ਮਗਰੋਂ ਐਨ.ਡੀ.ਏ. ਦੇ ਅੰਕੜਿਆਂ ਨੂੰ ਮਿਲੇ ਹੁਲਾਰੇ ਨਾਲ ਮੁਰਮੂ ਦੇ ਜਿੱਤਣ ਦੇ ਆਸਾਰ ਵਧ ਗਏ ਹਨ।

# ਪੰਜਾਬ ਯੂਨੀਵਰਸਿਟੀ ਦੇ ਕੇਂਦਰੀਕਰਨ ਖਿਲਾਫ ਮਤਾ ਪਾਸ




**ਚੰਡੀਗੜ੍ਹ:** ਪੰਜਾਬ ਯੂਨੀਵਰਸਿਟੀ ਦਾ ਵਿਧਾਨਕ ਖਾਸਾ ਬਦਲ ਕੇ ਇਸ ਨੂੰ ਕੇਂਦਰੀ ਯੂਨੀਵਰਸਿਟੀ ਬਣਾ ਦੇਣ ਦੀਆਂ ਸੰਭਾਵਨਾਵਾਂ ਦਰਮਿਆਨ ਪੰਜਾਬ ਅਸੈਂਬਲੀ ਨੇ ਮਤਾ ਪਾਸ ਕਰਕੇ ਇਸ ਦਾ ਜ਼ੋਰਦਾਰ ਵਿਰੋਧ ਕੀਤਾ ਹੈ। ਸੂਬਾ ਸਰਕਾਰ ਨੇ ਮਤੇ ਰਾਹੀਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਯੂਨੀਵਰਸਿਟੀ ਦੇ ਰੁਤਬੇ ਵਿਚ ਅਜਿਹਾ ਕੋਈ ਫੇਰਬਦਲ ਨਾ ਕਰੇ। ਭਾਜਪਾ ਵਿਧਾਇਕਾਂ ਅਸ਼ਵਨੀ ਸ਼ਰਮਾ ਤੇ ਜੰਗੀ ਲਾਲ ਮਹਾਜਨ ਨੇ ਇਹ ਕਹਿ ਕੇ ਮਤੇ ਦਾ ਵਿਰੋਧ ਕੀਤਾ ਕਿ ਕੀ ਸੰਸਥਾ (ਪੰਜਾਬ ਯੂਨੀਵਰਸਿਟੀ) ਦਾ ਰੁਤਬਾ ਕੇਂਦਰੀ ਯੂਨੀਵਰਸਿਟੀ ਵਿਚ ਤਬਦੀਲ ਕਰਨ ਬਾਰੇ ਸੱਚਮੁਚ ਕੋਈ ਤਜਵੀਜ਼ ਹੈ। ਪੰਜਾਬ ਦੇ ਸਿੱਖਿਆ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਮਤਾ ਅਸੈਂਬਲੀ ਵਿਚ ਰੱਖਦਿਆਂ ਕਿਹਾ ਕਿ ਪੰਜਾਬ ਯੂਨੀਵਰਸਿਟੀ 'ਤੇ ਪੰਜਾਬ ਦਾ ਅਧਿਕਾਰ ਹੈ ਤੇ ਸੂਬਾ ਸਰਕਾਰ ਕੇਂਦਰ ਨੂੰ ਯੂਨੀਵਰਸਿਟੀ ਦੀ ਵਿਧਾਨਕ ਖਸਲਤ ਤੇ ਕਿਰਦਾਰ ਬਦਲਣ ਦੀ ਇਜਾਜ਼ਤ ਨਹੀਂ ਦੇਵੇਗੀ। ਮਤੇ ਵਿਚ ਕਿਹਾ ਗਿਆ ਕਿ ਜੇਕਰ ਅਜਿਹੀ ਕੋਈ ਤਜਵੀਜ਼ ਕੇਂਦਰ ਸਰਕਾਰ ਦੇ ਵਿਚਾਰ ਅਧੀਨ ਹੈ ਤਾਂ ਇਸ ਨੂੰ ਫੌਰੀ ਰੱਦ ਕਰ ਦਿੱਤਾ ਜਾਵੇ। ਵਿਚਾਰ ਚਰਚਾ ਵਿਚ ਸ਼ਾਮਲ ਹੁੰਦਿਆਂ ਭਾਜਪਾ ਵਿਧਾਇਕ ਜੰਗੀ ਲਾਲ ਮਹਾਜਨ ਨੇ ਕਿਹਾ, "ਜਦੋਂ ਅਜਿਹੀ ਕੋਈ ਤਜਵੀਜ਼ ਹੀ ਨਹੀਂ ਹੈ, ਤਾਂ ਫਿਰ ਅਜਿਹੇ ਮਤੇ ਦੀ ਕੀ ਲੋੜ ਹੈ?" ਕਾਂਗਰਸੀ ਵਿਧਾਇਕ ਪਰਗਟ ਸਿੰਘ ਨੇ ਮਤੇ ਦੀ ਹਮਾਇਤ ਕਰਦਿਆਂ ਕਿਹਾ ਕਿ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਪੰਜਾਬ ਯੂਨੀਵਰਸਿਟੀ ਨਾਲ ਜੁੜੀਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਅਸਲ ਵਿਚ ਇਹ ਇਕੱਲਾ ਪੰਜਾਬ 'ਵਰਸਿਟੀ ਨੂੰ ਪੰਜਾਬ ਨਾਲੋਂ ਤੋੜਨ ਦਾ ਮਸਲਾ ਨਹੀਂ ਬਲਕਿ ਇਸ ਵਰਸਿਟੀ ਨੂੰ ਚੰਡੀਗੜ੍ਹ ਦਾ ਹਿੱਸਾ ਬਣਾਏ ਜਾਣ ਦੀ ਚਾਲ ਹੈ।

### 'ਇਕ ਵਿਧਾਇਕ ਇਕ ਪੈਨਸ਼ਨ' ਸਮੇਤ ਚਾਰ ਬਿੱਲ ਪਾਸ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਨੇ 'ਇਕ ਵਿਧਾਇਕ ਇਕ ਪੈਨਸ਼ਨ' ਬਿੱਲ ਨੂੰ ਪਾਸ ਕਰ ਦਿੱਤਾ ਹੈ। ਪੰਜਾਬ ਸਟੇਟ ਲੈਜਿਸਲੇਚਰ ਮੈਂਬਰਜ਼ (ਪੈਨਸ਼ਨ ਅਤੇ ਮੈਡੀਕਲ ਫੈਸਿਲੀਟੀਜ਼) ਸੋਧ ਬਿੱਲ 2022 ਪਾਸ ਹੋਣ ਕਰਕੇ ਸਾਬਕਾ ਵਿਧਾਇਕਾਂ ਨੂੰ ਇਕ ਤੋਂ ਵੱਧ ਟਰਮਾਂ ਦੇ ਮਿਲਣ ਵਾਲੇ ਪੈਨਸ਼ਨ ਦੇ ਗੱਫੇ ਬੰਦ ਹੋ ਗਏ ਹਨ। ਇਸੇ ਤਰ੍ਹਾਂ ਪੰਜਾਬ ਰੂਰਲ ਡਿਵੈਲਪਮੈਂਟ (ਸੋਧ) ਬਿੱਲ ਪਾਸ ਹੋਣ ਨਾਲ ਕੇਂਦਰ ਕੋਲੋਂ ਦਿਹਾਤੀ ਵਿਕਾਸ ਫੰਡਾਂ ਦਾ ਪੈਸਾ ਮਿਲ ਸਕੇਗਾ। ਸਦਨ ਨੇ ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ ਸੋਧ ਬਿੱਲ ਵੀ ਪਾਸ ਕਰ ਦਿੱਤਾ।

# ਉਪ ਰਾਸ਼ਟਰਪਤੀ ਚੋਣ: ਅਮਰਿੰਦਰ ਸਿੰਘ ਹੋ ਸਕਦੇ ਨੇ ਐਨ.ਡੀ.ਏ. ਉਮੀਦਵਾਰ

**ਨਵੀਂ ਦਿੱਲੀ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਦੇਸ਼ ਦੇ ਅਗਲੇ ਉਪ ਰਾਸ਼ਟਰਪਤੀ ਬਣਨ ਦੀ ਦੌੜ ਵਿਚ ਸ਼ਾਮਲ ਹਨ। ਸੂਤਰਾਂ ਮੁਤਾਬਕ ਭਾਜਪਾ ਦੀ ਅਗਵਾਈ ਵਾਲਾ ਕੌਮੀ ਜਮਹੂਰੀ ਗੱਠਜੋੜ (ਐਨ.ਡੀ.ਏ.) ਸਾਬਕਾ ਮੁੱਖ ਮੰਤਰੀ ਨੂੰ ਉਪ ਰਾਸ਼ਟਰਪਤੀ ਦੇ ਅਹੁਦੇ ਲਈ ਆਪਣਾ ਉਮੀਦਵਾਰ ਐਲਾਨ ਸਕਦਾ ਹੈ। ਇਸ ਦੌਰਾਨ ਪੰਜਾਬ ਭਾਜਪਾ ਦੇ ਸੀਨੀਅਰ ਆਗੂ ਹਰਜੀਤ ਸਿੰਘ ਗਰੇਵਾਲ ਨੇ ਦਾਅਵਾ ਕੀਤਾ ਹੈ ਕਿ ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਲੰਡਨ ਤੋਂ ਪਰਤਦਿਆਂ ਹੀ ਆਪਣੀ ਪਾਰਟੀ 'ਪੰਜਾਬ ਲੋਕ ਕਾਂਗਰਸ' ਦਾ ਭਾਜਪਾ ਵਿਚ ਰਲੇਵਾਂ ਕਰ ਲੈਣਗੇ।

ਭਾਜਪਾ ਅੰਦਰਲੇ ਸੂਤਰਾਂ ਨੇ ਕਿਹਾ, "ਇਸ ਵੇਲੇ ਕਈ ਨਾਵਾਂ 'ਤੇ ਵਿਚਾਰ ਚਰਚਾ ਚੱਲ ਰਹੀ ਹੈ, ਜਿਨ੍ਹਾਂ ਵਿਚ ਅਮਰਿੰਦਰ ਸਿੰਘ, ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਤੇ ਘੱਟ ਗਿਣਤੀ ਮਾਮਲਿਆਂ ਬਾਰੇ ਮੰਤਰੀ ਮੁਖਤਾਰ ਅੱਬਾਸ ਨਕਵੀ ਦੇ ਨਾਂ ਪ੍ਰਮੁੱਖ ਹਨ। ਉਪ ਰਾਸ਼ਟਰਪਤੀ ਉਮੀਦਵਾਰ ਦਾ ਨਾਂ ਭਾਜਪਾ ਦੀ ਸਿਖਰਲੀ ਲੀਡਰਸ਼ਿਪ ਤੇ ਸੰਸਦੀ ਬੋਰਡ ਵੱਲੋਂ ਫਾਈਨਲ ਕੀਤਾ ਜਾਵੇਗਾ। ਅਮਰਿੰਦਰ ਸਿੰਘ



ਅੱਜਕੱਲ੍ਹ ਲੰਡਨ ਵਿਚ ਹਨ, ਜਿੱਥੇ ਉਹ ਪਿੱਠ ਦੇ ਅਪਰੇਸ਼ਨ ਮਗਰੋਂ ਸਿਹਤਯਾਬ ਹੋ ਰਹੇ ਹਨ। ਉਧਰ, ਅਮਰਿੰਦਰ ਨੇੜਲੇ ਸੂਤਰਾਂ ਨੇ ਕਿਹਾ ਕਿ ਉਨ੍ਹਾਂ ਕੋਲ ਸਿੰਘ ਦਾ ਨਾਮ ਐਨ.ਡੀ.ਏ. ਉਮੀਦਵਾਰ ਵਜੋਂ ਤਜਵੀਜ਼ ਕੀਤੇ ਜਾਣ ਬਾਰੇ ਅਜੇ ਕੋਈ ਅਧਿਕਾਰਤ ਜਾਣਕਾਰੀ ਨਹੀਂ ਹੈ। ਉਂਜ ਸਿਆਸੀ ਹਲਕਿਆਂ ਵਿਚ ਇਹ ਚਰਚਾ ਵੀ ਹੈ ਕਿ ਉਪ ਰਾਸ਼ਟਰਪਤੀ ਐਮ.ਵੈਂਕਈਆ ਨਾਇਡੂ ਨੂੰ ਇਕ ਹੋਰ ਕਾਰਜਕਾਲ ਮਿਲ ਸਕਦਾ ਹੈ। ਉਪ ਰਾਸ਼ਟਰਪਤੀ ਦੀ ਚੋਣ 6 ਅਗਸਤ ਲਈ ਤਜਵੀਜ਼ਤ ਹੈ।

# ਵਿਦੇਸ਼ਾਂ 'ਚ ਵੱਸੇ ਰਿਸ਼ਤੇਦਾਰ ਹੁਣ ਬਿਨਾਂ ਪਾਬੰਦੀ 10 ਲੱਖ ਰੁਪਏ ਸਾਲਾਨਾ ਭੇਜ ਸਕਣਗੇ

**ਨਵੀਂ ਦਿੱਲੀ:** ਕੇਂਦਰੀ ਗ੍ਰਹਿ ਮੰਤਰਾਲੇ ਨੇ ਵਿਦੇਸ਼ੀ ਯੋਗਦਾਨ (ਰੈਗੂਲੇਸ਼ਨ) ਐਕਟ (ਐਫ.ਸੀ.ਆਰ.ਏ.) ਨਾਲ ਸਬੰਧਤ ਕੁਝ ਨਿਯਮਾਂ ਵਿਚ ਸੋਧ ਕੀਤੀ ਹੈ, ਜਿਸ ਤਹਿਤ ਭਾਰਤੀਆਂ ਨੂੰ ਅਧਿਕਾਰੀਆਂ ਨੂੰ ਸੂਚਿਤ ਕੀਤੇ ਬਿਨਾਂ ਵਿਦੇਸ਼ ਵਿਚ ਰਹਿਣ ਵਾਲੇ ਰਿਸ਼ਤੇਦਾਰਾਂ ਤੋਂ ਇਕ ਸਾਲ ਵਿਚ 10 ਲੱਖ ਰੁਪਏ ਤੱਕ ਪ੍ਰਾਪਤ ਕਰਨ ਦੀ ਇਜਾਜ਼ਤ ਦਿੱਤੀ ਗਈ ਹੈ।

ਪਹਿਲਾਂ ਇਹ ਸੀਮਾ 1 ਲੱਖ ਰੁਪਏ ਸੀ। ਗ੍ਰਹਿ ਮੰਤਰਾਲੇ ਨੇ ਇਕ ਨੋਟੀਫਿਕੇਸ਼ਨ ਵਿਚ ਇਹ ਵੀ ਕਿਹਾ ਹੈ ਕਿ ਜੇਕਰ ਰਕਮ ਵਧ ਜਾਂਦੀ ਹੈ ਤਾਂ ਸਰਕਾਰ ਨੂੰ ਸੂਚਿਤ ਕਰਨ ਲਈ ਹੁਣ 30 ਦਿਨਾਂ ਦੀ ਬਜਾਏ 90 ਦਿਨ ਹੋਣਗੇ। ਵਿਦੇਸ਼ੀ ਯੋਗਦਾਨ (ਰੈਗੂਲੇਸ਼ਨ) ਸੋਧ ਨਿਯਮਾਂ 2022, ਨੂੰ ਗ੍ਰਹਿ ਮੰਤਰਾਲੇ ਨੇ ਇਕ ਨੋਟੀਫਿਕੇਸ਼ਨ ਰਾਹੀਂ ਨੋਟੀਫਾਈ ਕੀਤਾ। ਇਸੇ ਤਰ੍ਹਾਂ ਫੰਡ ਪ੍ਰਾਪਤ ਕਰਨ ਲਈ ਐਫ.ਸੀ.ਆਰ.ਏ. ਦੇ ਤਹਿਤ ਰਜਿਸਟ੍ਰੇਸ਼ਨ ਜਾਂ ਪੂਰਵ ਇਜਾਜ਼ਤ ਪ੍ਰਾਪਤ ਕਰਨ ਦੀ ਅਰਜ਼ੀ ਨਾਲ ਸਬੰਧਤ ਨਿਯਮਾਂ ਵਿਚ ਵੀ ਤਬਦੀਲੀਆਂ ਕੀਤੀਆਂ ਗਈਆਂ। ਸੋਧੇ ਨਿਯਮਾਂ ਮੁਤਾਬਕ ਵਿਅਕਤੀਆਂ, ਸੰਗਠਨਾਂ ਜਾਂ ਗੈਰ ਸਰਕਾਰੀ ਸੰਗਠਨਾਂ ਨੂੰ ਅਜਿਹੇ ਫੰਡਾਂ ਦੀ ਵਰਤੋਂ ਲਈ ਇਸਤੇਮਾਲ ਕੀਤੇ ਜਾਣ ਵਾਲੇ ਬੈਂਕ ਖਾਤਿਆਂ ਬਾਰੇ ਗ੍ਰਹਿ ਮੰਤਰਾਲੇ ਨੂੰ ਸੂਚਿਤ ਕਰਨ ਲਈ 45 ਦਿਨਾਂ ਦਾ ਸਮਾਂ ਦਿੱਤਾ ਗਿਆ ਹ

# ਪੰਜਾਬ ਵਿਧਾਨ ਸਭਾ ਵੱਲੋਂ ਅਗਨੀਪਥ ਸਕੀਮ ਖਿਲਾਫ ਮਤਾ ਪਾਸ

**ਚੰਡੀਗੜ੍ਹ:** ਪੰਜਾਬ ਅਸੈਂਬਲੀ ਨੇ ਹਥਿਆਰਬੰਦ ਬਲਾਂ ਵਿਚ ਭਰਤੀ ਨਾਲ ਸਬੰਧਤ ਕੇਂਦਰ ਸਰਕਾਰ ਦੀ ਅਗਨੀਪਥ ਸਕੀਮ ਖਿਲਾਫ ਮਤਾ ਪਾਸ ਕੀਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪੇਸ਼ ਇਸ ਮਤੇ ਦਾ ਦੋ ਭਾਜਪਾ ਵਿਧਾਇਕਾਂ ਅਸ਼ਵਨੀ ਸ਼ਰਮਾ ਤੇ ਜੰਗੀ ਲਾਲ ਮਹਾਜਨ ਨੇ ਵਿਰੋਧ ਕੀਤਾ।

ਮਤੇ 'ਤੇ ਹੋਈ ਬਹਿਸ ਵਿਚ ਸ਼ਾਮਲ ਹੁੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਹ ਅਗਨੀਪਥ ਸਕੀਮ ਨਾਲ ਜੁੜਿਆ ਮਸਲਾ ਜਲਦੀ ਹੀ ਪ੍ਰਧਾਨ ਮੰਤਰੀ ਤੇ ਕੇਂਦਰੀ ਗ੍ਰਹਿ ਮੰਤਰੀ ਨਾਲ ਵਿਚਾਰਨਗੇ। ਮੁੱਖ ਮੰਤਰੀ ਨੇ ਜ਼ੋਰਦਾਰ ਢੰਗ ਨਾਲ ਅਗਨੀਪਥ ਦਾ ਵਿਰੋਧ ਕਰਦਿਆਂ ਕਿਹਾ ਕਿ ਇਹ ਸਕੀਮ ਦੇਸ਼ ਦੇ ਨੌਜਵਾਨਾਂ ਦੇ ਖਿਲਾਫ ਹੈ। ਅਸੈਂਬਲੀ ਵਿੱਚ ਵਿਰੋਧੀ ਧਿਰ ਦੇ ਆਗੂ ਤੇ ਕਾਂਗਰਸੀ ਵਿਧਾਇਕ ਪ੍ਰਤਾਪ ਸਿੰਘ ਬਾਜਵਾ ਨੇ ਮੰਗ ਰੱਖੀ ਕਿ ਅਗਨੀਪਥ ਸਕੀਮ ਨੂੰ ਵਾਪਸ ਲਿਆ ਜਾਣਾ ਚਾਹੀਦਾ ਹੈ। ਅਕਾਲੀ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਨੇ ਮਤੇ ਦੀ ਹਮਾਇਤ ਵਿਚ ਖੜ੍ਹਦਿਆਂ ਸਕੀਮ ਵਾਪਸ ਲਏ ਜਾਣ ਦੀ ਮੰਗ ਕੀਤੀ। ਮਤੇ ਮੁਤਾਬਕ ਸਦਨ ਨੇ ਸੂਬਾ ਸਰਕਾਰ ਨੂੰ ਸਿਫਾਰਸ਼ ਕੀਤੀ ਕਿ ਉਹ ਅਗਨੀਪਥ ਸਕੀਮ ਨੂੰ ਫੌਰੀ ਵਾਪਸ ਲਏ ਜਾਣ ਲਈ ਕੇਂਦਰ ਸਰਕਾਰ ਨਾਲ ਇਸ ਮੁੱਦੇ 'ਤੇ ਗੱਲਬਾਤ ਕਰੇ। ਮੁੱਖ ਮੰਤਰੀ ਨੇ ਮਤਾ ਪੜ੍ਹਦਿਆਂ ਕਿਹਾ, "ਭਾਰਤ ਸਰਕਾਰ ਵੱਲੋਂ ਅਗਨੀਪਥ ਸਕੀਮ ਬਾਰੇ ਕੀਤੇ ਇਕਪਾਸੜ ਐਲਾਨ ਕਰਕੇ ਪੰਜਾਬ ਸਮੇਤ ਹੋਰਨਾਂ ਰਾਜਾਂ ਵਿਚ ਤਿੱਖੀਆਂ ਪ੍ਰਤੀਕਿਰਿਆਵਾਂ ਵੇਖਣ ਨੂੰ ਮਿਲੀਆਂ ਸਨ।" ਉਨ੍ਹਾਂ ਕਿਹਾ ਕਿ ਪੰਜਾਬ ਵਿਧਾਨ ਸਭਾ ਇਹ ਮੰਨਦੀ ਹੈ ਕਿ ਅਗਨੀਪਥ ਸਕੀਮ, ਜਿਸ ਤਹਿਤ ਸਿਰਫ ਚਾਰ ਸਾਲਾਂ ਦੇ ਅਰਸੇ ਲਈ ਨੌਜਵਾਨਾਂ ਨੂੰ ਹਥਿਆਰਬੰਦ ਬਲਾਂ ਵਿਚ ਰੱਖਿਆ ਜਾਣਾ ਹੈ ਤੇ ਮਗਰੋਂ ਇਨ੍ਹਾਂ ਵਿਚੋਂ ਸਿਰਫ 25 ਫੀਸਦ ਨੂੰ ਛੱਡ ਕੇ ਬਾਕੀ ਘਰਾਂ ਨੂੰ ਭੇਜ ਦਿੱਤੇ ਜਾਣਗੇ, ਨਾ ਤਾਂ ਕੌਮੀ ਸੁਰੱਖਿਆ ਤੇ ਨਾ ਹੀ ਇਸ ਦੇਸ਼ ਦੇ ਨੌਜਵਾਨਾਂ ਦੇ ਵਡੇਰੇ ਹਿੱਤਾਂ ਵਿਚ ਹੈ। ਮਾਨ ਨੇ ਕਿਹਾ, "ਅਜਿਹੀ ਨੀਤੀ ਕਰ ਕੇ ਦੇਸ਼ ਦੇ ਹਥਿਆਰਬੰਦ ਬਲਾਂ ਲਈ ਉਮਰ ਭਰ ਸੇਵਾ ਕਰਨ ਦੀ ਇੱਛਾ ਰੱਖਣ ਵਾਲੇ ਨੌਜਵਾਨਾਂ ਵਿਚ ਬੇਚੈਨੀ ਪੈਦਾ ਹੋਣ ਦੇ ਆਸਾਰ ਹਨ।" ਉਨ੍ਹਾਂ ਕਿਹਾ ਕਿ ਸਕੀਮ ਹਥਿਆਰਬੰਦ ਬਲਾਂ ਵਿਚ ਭਰਤੀ ਨਾਲ ਜੁੜੇ ਰੁਝਾਨ ਨੂੰ ਵੀ ਕਮਜ਼ੋਰ ਕਰੇਗੀ। ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਵੱਲੋਂ ਸਕੀਮ ਖਿਲਾਫ ਮਤਾ ਲਿਆਉਣ ਦੇ ਸੁਝਾਅ ਦੀ ਤਾਈਦ ਕੀਤੀ। ਕਾਬਲੇਗੌਰ ਹੈ ਕਿ ਬਾਜਵਾ ਨੇ ਅਗਨੀਪਥ ਖਿਲਾਫ ਇਕ ਸਾਂਝਾ ਮਤਾ ਲਿਆਉਣ ਦੀ ਮੰਗ ਕੀਤੀ ਸੀ। ਉਨ੍ਹਾਂ ਦਾਅਵਾ ਕੀਤਾ ਸੀ ਕਿ ਯੋਜਨਾ ਪੁਰਾਣੇ ਫੌਜੀ ਰਜਮੈਂਟ ਢਾਂਚੇ ਨੂੰ ਢਾਹ ਲਾਉਣ ਵਾਲੀ ਹੈ।



### ਕੇਂਦਰ ਨੇ ਫੌਜ 'ਚ ਭਰਤੀ ਹੋਣ ਦੇ ਸੁਪਨੇ ਮਧੋਲੇ: ਮਾਨ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਦਾ ਨੌਜਵਾਨ ਫੌਜ ਵਿਚ ਸੇਵਾ ਕਰਨ ਨੂੰ ਗੌਰਵ ਤੇ ਮਾਣ ਸਮਝਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨਾਲ ਸਬੰਧਤ ਇਕ ਲੱਖ ਤੋਂ ਵੱਧ ਫੌਜੀ ਹਥਿਆਰਬੰਦ ਬਲਾਂ ਵਿਚ ਸੇਵਾਵਾਂ ਨਿਭਾ ਰਹੇ ਹਨ ਤੇ ਇਨ੍ਹਾਂ ਵਿਚੋਂ ਕਈ ਹਰ ਸਾਲ ਦੇਸ਼ ਦੀਆਂ ਸਰਹੱਦਾਂ 'ਤੇ ਆਪਣੀਆਂ ਜਾਨਾਂ ਵਾਰਦੇ ਹਨ। ਉਨ੍ਹਾਂ ਕਿਹਾ, "ਪੰਜਾਬ ਦਾ ਨੌਜਵਾਨ ਭਾਰਤੀ ਹਥਿਆਰਬੰਦ ਬਲਾਂ ਵਿੱਚ ਸੇਵਾ ਕਰਨ ਨੂੰ ਗੌਰਵ ਤੇ ਮਾਣ ਸਮਝਦਾ ਹੈ। ਉਹ ਆਪਣੀ ਦਲੇਰੀ ਤੇ ਬੀਰਤਾ ਲਈ ਮਕਬੂਲ ਹਨ।" ਅਗਨੀਪਥ ਸਕੀਮ ਨੇ ਪੰਜਾਬ ਦੇ ਉਨ੍ਹਾਂ ਸਾਰੇ ਨੌਜਵਾਨਾਂ ਦੇ ਸੁਪਨਿਆਂ ਨੂੰ ਮਧੋਲ ਛੱਡਿਆ ਹੈ, ਜੋ ਹਥਿਆਰਬੰਦ ਬਲਾਂ ਵਿਚ ਨਿਯਮਤ ਫੌਜੀ ਵਜੋਂ ਭਰਤੀ ਹੋਣ ਦੇ ਚਾਹਵਾਨ ਹਨ।

# ਬੇਅਦਬੀ ਕਾਂਡ: ਰਾਮ ਰਹੀਮ ਸਣੇ ਡੇਰਾ ਪ੍ਰੇਮੀਆਂ ਨੇ ਰਚੀ ਸੀ ਸਾਜ਼ਿਸ਼

## ਭਗਵੰਤ ਮਾਨ ਨੇ ਸਿੱਖ ਜਥੇਬੰਦੀਆਂ ਨੂੰ ਸੌਂਪੀ 'ਸਿਟ' ਰਿਪੋਰਟ

**ਚੰਡੀਗੜ੍ਹ:** ਪੰਜਾਬ ਦੇ ਫਰੀਦਕੋਟ ਜ਼ਿਲ੍ਹੇ ਦੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਅਤੇ ਬਰਗਾੜੀ ਵਿਚ ਸਾਲ 2015 'ਚ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ ਦੀ ਜਾਂਚ ਲਈ ਗਠਿਤ ਵਿਸ਼ੇਸ਼ ਜਾਂਚ ਟੀਮ (ਸਿਟ) ਨੇ ਇਨ੍ਹਾਂ ਘਟਨਾਵਾਂ ਲਈ ਡੇਰਾ ਸਿਰਸਾ ਮੁਖੀ ਤੇ ਕਈ ਹੋਰ ਡੇਰਾ ਪ੍ਰੇਮੀਆਂ ਨੂੰ ਕਥਿਤ ਸਾਜ਼ਿਸ਼ਕਾਰ ਕਰਾਰ ਦਿੱਤਾ ਹੈ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕੇਸ ਦੀ ਪੈਰਵੀ ਕਰ ਰਹੀਆਂ ਸਿੱਖ ਜਥੇਬੰਦੀਆਂ ਨੂੰ ਰਿਪੋਰਟ ਦੀਆਂ ਕਾਪੀਆਂ ਸੌਂਪ ਦਿੱਤੀਆਂ ਹਨ। ਸਿੱਖ ਜਥੇਬੰਦੀਆਂ ਦੇ ਆਗੂ ਮੇਜਰ ਸਿੰਘ ਪੰਡੋਰੀ, ਚਮਕੌਰ ਸਿੰਘ, ਭਾਈ ਰੂਪਾ, ਰੇਸ਼ਮ ਸਿੰਘ ਖੁਖਰਾਣਾ ਅਤੇ ਬਲਦੇਵ ਸਿੰਘ ਜੋਗੇਵਾਲਾ ਨੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਚੰਡੀਗੜ੍ਹ ਸਥਿਤ ਉਨ੍ਹਾਂ ਦੀ ਸਰਕਾਰੀ ਰਿਹਾਇਸ਼ 'ਤੇ ਮੁਲਾਕਾਤ ਕੀਤੀ। ਮੁੱਖ ਮੰਤਰੀ ਨੇ ਰਿਪੋਰਟ ਜਨਤਕ ਕਰਦਿਆਂ ਇਸ ਦੀ ਇਕ ਕਾਪੀ ਸਿੱਖ ਜਥੇਬੰਦੀਆਂ ਦੇ ਆਗੂਆਂ ਨੂੰ ਸੌਂਪੀ। ਉਂਜ ਫਰੀਦਕੋਟ ਦੀ ਅਦਾਲਤ ਵਿਚ ਉਕਤ ਮਾਮਲੇ ਦੀ ਅਗਲੀ ਸੁਣਵਾਈ 29 ਜੁਲਾਈ ਨੂੰ ਰੱਖੀ ਗਈ ਹੈ। ਉਸੇ ਦਿਨ ਮੁਲਜ਼ਮਾਂ 'ਤੇ ਦੋਸ਼ ਆਇਦ ਕੀਤੇ ਜਾਣਗੇ।



ਇਹ ਰਿਪੋਰਟ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਨਿਰਦੇਸ਼ 'ਤੇ 4 ਅਪਰੈਲ 2021 ਨੂੰ ਆਈ.ਜੀ. ਐਸ.ਪੀ.ਐਸ. ਪਰਮਾਰ ਦੀ ਅਗਵਾਈ ਹੇਠ ਬਣਾਈ 5 ਮੈਂਬਰੀ ਟੀਮ ਨੇ ਤਿਆਰ ਕੀਤੀ ਹੈ। ਟੀਮ ਨੇ ਇਕ ਸਾਲ ਪੁੱਛ-ਪੜਤਾਲ ਕਰਨ ਉਪਰੰਤ 467 ਸਫਿਆਂ ਦੀ ਰਿਪੋਰਟ ਤਿਆਰ ਕੀਤੀ ਹੈ। ਰਿਪੋਰਟ ਵਿਚ ਬੇਅਦਬੀ ਦੀਆਂ ਘਟਨਾਵਾਂ ਲਈ ਡੇਰਾ ਸਿਰਸਾ ਮੁਖੀ ਅਤੇ ਕਈ ਡੇਰਾ ਪ੍ਰੇਮੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਹੈ। ਚੇਤੇ ਰਹੇ ਕਿ ਸਾਲ 2015 ਵਿਚ ਫਰੀਦਕੋਟ ਜ਼ਿਲ੍ਹੇ ਦੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਚੋਰੀ ਹੋਣ, ਹੱਥ ਲਿਖਤ ਪੋਸਟਰ ਚਿਪਕਾਉਣ ਨਾਲ ਸਬੰਧਤ ਘਟਨਾਵਾਂ ਅਤੇ ਬਰਗਾੜੀ ਵਿਚ ਗੁਰਦੁਆਰੇ ਦੇ ਬਾਹਰ ਅਤੇ ਪਿੰਡ ਦੀਆਂ ਗਲੀਆਂ ਵਿਚ ਗੁਰੂ ਗ੍ਰੰਥ ਸਾਹਿਬ ਦੇ ਪੱਤਰੇ ਖਿੱਲਰੇ ਮਿਲੇ ਸਨ। ਸਿਟ ਦੀ ਰਿਪੋਰਟ ਅਨੁਸਾਰ ਉਕਤ ਮਾਮਲਿਆਂ ਵਿਚ ਮੁਲਜ਼ਮ ਸੁਖਜਿੰਦਰ ਸਿੰਘ ਸੰਨੀ, ਸ਼ਕਤੀ ਸਿੰਘ, ਬਲਜੀਤ ਸਿੰਘ, ਰਣਦੀਪ ਸਿੰਘ, ਰਣਜੀਤ ਸਿੰਘ, ਨਿਸ਼ਾਨ ਸਿੰਘ, ਨਰਿੰਦਰ ਸ਼ਰਮਾ ਅਤੇ ਡੇਰਾ ਮੁਖੀ ਗੁਰਮੀਤ ਸਿੰਘ ਰਾਮ ਰਹੀਮ ਸ਼ਾਮਲ ਹਨ। ਜਦੋਂ ਕਿ ਘਟਨਾ ਵਿਚ ਕਥਿਤ ਤੌਰ 'ਤੇ ਸ਼ਾਮਲ ਡੇਰਾ ਪੈਰੋਕਾਰ ਹਰਸ਼ ਧੂਰੀ, ਪ੍ਰਦੀਪ ਕਲੇਰ ਅਤੇ ਸੰਦੀਪ ਬਰੇਟਾ ਅਜੇ ਤੱਕ ਪੁਲਿਸ ਦੀ ਗ੍ਰਿਫਤ ਤੋਂ ਬਾਹਰ ਹਨ। ਪੁਲਿਸ ਜਾਂਚ ਟੀਮ ਨੇ ਰਿਪੋਰਟ ਵਿਚ ਕਿਹਾ ਕਿ ਇਨ੍ਹਾਂ ਘਟਨਾਵਾਂ ਪਿਛਲਾ ਮਕਸਦ ਫਿਲਮ 'ਐਮ.ਐਸ.ਜੀ-2' ਨਾਲ ਜੁੜਿਆ ਹੋਇਆ ਸੀ। ਡੇਰੇ ਦੇ ਪੈਰੋਕਾਰ ਰਾਮ ਰਹੀਮ ਦੀ ਫਿਲਮ ਰਿਲੀਜ਼ ਨਾ ਹੋਣ ਕਰਕੇ ਨਾਰਾਜ਼ ਚੱਲ ਰਹੇ ਸਨ, ਜਿਸ ਕਰਕੇ ਬੇਅਦਬੀ ਦੀਆਂ ਉਪਰੋਕਤ ਘਟਨਾਵਾਂ ਨੂੰ ਅੰਜਾਮ ਦਿੱਤਾ ਗਿਆ।

### 'ਜਾਂਚ ਦੌਰਾਨ ਡੇਰਾ ਮੁਖੀ ਨੇ ਨਹੀਂ ਦਿੱਤਾ ਸਹਿਯੋਗ'

**ਚੰਡੀਗੜ੍ਹ:** ਐਸ.ਆਈ.ਟੀ. ਦੀ ਟੀਮ ਨੇ ਹਰਿਆਣਾ ਦੇ ਰੋਹਤਕ ਦੀ ਸੁਨਾਰੀਆ ਜੇਲ੍ਹ ਵਿਚ ਵੱਖ-ਵੱਖ ਕੇਸਾਂ ਤਹਿਤ ਸਜਾ ਕੱਟ ਰਹੇ ਗੁਰਮੀਤ ਰਾਮ ਰਹੀਮ ਸਿੰਘ ਕੋਲੋਂ ਉਥੇ ਜਾ ਕੇ ਵੀ ਪੁੱਛ-ਪੜਤਲ ਕੀਤੀ ਸੀ, ਪਰ ਡੇਰਾ ਮੁਖੀ ਨੇ ਜਾਂਚ ਵਿਚ ਸਹਿਯੋਗ ਦੇਣ ਤੋਂ ਇਨਕਾਰੀ ਸੀ। ਬੇਅਦਬੀ ਮਾਮਲਿਆਂ ਦੀ ਜਾਂਚ ਲਈ ਕਈ ਟੀਮਾਂ ਦਾ ਗਠਨ ਕੀਤਾ ਗਿਆ ਸੀ। ਸੀ.ਬੀ.ਆਈ. ਨੇ ਵੀ ਜਾਂਚ ਕੀਤੀ, ਜੋ ਕਿਸੇ ਤਣ ਪੱਤਣ ਨਹੀਂ ਲੱਗ ਸਕੀ। ਸੀ.ਬੀ.ਆਈ. ਨੂੰ ਉਦੋਂ ਡੇਰਾ ਸਿਰਸਾ ਦੀ ਸ਼ਮੂਲੀਅਤ ਦਾ ਕੋਈ ਸਬੂਤ ਨਹੀਂ ਮਿਲਿਆ ਸੀ। ਕੇਂਦਰੀ ਏਜੰਸੀ ਨੇ ਅਦਾਲਤ ਵਿਚ ਕਲੋਜ਼ਰ ਰਿਪੋਰਟ ਤੱਕ ਦਾਇਰ ਕਰ ਦਿੱਤੀ ਸੀ। ਜਦੋਂ ਕਿ ਸਿਟ ਨੇ ਆਪਣੀ ਜਾਂਚ ਰਿਪੋਰਟ ਵਿਚ ਸੀ.ਬੀ.ਆਈ. ਵੱਲੋਂ ਕੀਤੀ ਜਾਂਚ ਦੇ ਦਾਅਵਿਆਂ ਦਾ ਖੰਡਨ ਕੀਤਾ ਹੈ। ਇਹ ਰਿਪੋਰਟ ਪਹਿਲਾਂ ਫਰੀਦਕੋਟ ਦੀ ਅਦਾਲਤ ਵਿਚ ਚਲਾਨ ਦੇ ਰੂਪ ਵਿਚ ਪੇਸ਼ ਕੀਤੀ ਜਾ ਚੁੱਕੀ ਹੈ।

## ਪੰਜਾਬ 'ਚ ਸਰਕਾਰੀ ਬੱਸਾਂ ਤੋਂ ਭਿੰਡਰਾਂਵਾਲੇ ਦੀਆਂ ਤਸਵੀਰਾਂ ਹਟਾਉਣ ਦੇ ਹੁਕਮ

**ਫਰੀਦਕੋਟ:** ਵਧੀਕ ਡਾਇਰੈਕਟਰ ਜਨਰਲ ਪੁਲਿਸ ਕਾਨੂੰਨ ਅਤੇ ਵਿਵਸਥਾ ਪੰਜਾਬ ਨੇ ਆਪਣੇ ਇਕ ਹੁਕਮ ਰਾਹੀਂ ਪੰਜਾਬ ਦੇ ਸਮੂਹ ਪੁਲਿਸ ਕਮਿਸ਼ਨਰਾਂ ਅਤੇ ਐਸ.ਐਸ.ਪੀਜ ਨੂੰ ਪੱਤਰ ਰਾਹੀਂ ਹਦਾਇਤ ਕੀਤੀ ਹੈ ਕਿ ਪੀ.ਆਰ.ਟੀ.ਸੀ. ਦੀਆਂ ਬੱਸਾਂ ਉਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ, ਭਾਈ ਜਗਤਾਰ ਸਿੰਘ ਹਵਾਰਾ ਦੀਆਂ ਤਸਵੀਰਾਂ ਅਤੇ ਇਤਰਾਜਯੋਗ ਸ਼ਬਦਾਵਲੀ ਨੂੰ ਤੁਰਤ ਹਟਾ ਦਿੱਤਾ ਜਾਵੇ। ਆਪਣੇ ਪੱਤਰ ਵਿਚ ਉਨ੍ਹਾਂ ਨੇ ਇਸ ਸਬੰਧੀ ਹਵਾਲਾ ਦਿੰਦਿਆਂ ਦੱਸਿਆ ਕਿ ਪੈਪਸੂ ਟਰਾਂਸਪੋਰਟ ਕਾਰਪੋਰੇਸ਼ਨ (ਪੀ.ਆਰ.ਟੀ.ਸੀ.) ਸੰਗਰੂਰ ਡਿਪੂ ਦੀ ਬੱਸ ਨੰਬਰ ਪੀ.ਬੀ.13ਏ ਐਲ 9350 ਜਿਸ ਦੀ ਡਰਾਈਵਰ ਸਾਈਡ ਦੀ ਤਾਕੀ ਉਤੇ ਜਗਤਾਰ ਸਿੰਘ ਹਵਾਰਾ ਦੀ ਤਸਵੀਰ ਲੱਗੀ ਹੋਈ ਹੈ, ਬਠਿੰਡਾ ਡਿਪੂ ਦੀ ਬੱਸ ਨੰਬਰ ਪੀ.ਬੀ.03 ਬੀ.ਐਨ. 8575 ਜਿਸ ਦੇ ਪਿਛਲੇ ਸ਼ੀਸ਼ੇ ਉਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਤਸਵੀਰ ਲਗਾ ਕੇ ਸ਼ਬਦਾਵਲੀ ਲਿਖੀ ਹੋਈ ਹੈ ਅਤੇ ਬਰਨਾਲਾ ਡਿਪੂ ਦੀ ਬੱਸ ਨੰਬਰ ਪੀ.ਬੀ. 13 ਬੀ.ਐਨ 9433 ਜਿਸ ਦੇ ਪਿਛਲੇ ਸ਼ੀਸ਼ੇ ਉਤੇ ਸ਼ਬਦਾਵਲੀ ਲਿਖੀ ਹੋਈ ਹੈ। ਇਸ ਨਾਲ ਸਮਾਜ ਦੇ ਇਕ ਵਰਗ ਨੂੰ ਇਤਰਾਜ਼ ਹੋ ਸਕਦਾ ਹੈ। ਇਸ ਸਬੰਧੀ ਹਿੰਦੂ ਜਥੇਬੰਦੀਆਂ ਦੇ ਨੋਟਿਸ ਵਿਚ ਆਉਣ ਉਤੇ ਉਨ੍ਹਾਂ ਵੱਲੋਂ ਇਹ ਮੁੱਦਾ ਬਣਾ ਕੇ ਪੰਜਾਬ ਸਰਕਾਰ ਖ਼ਿਲਾਫ ਪ੍ਰਚਾਰ ਕੀਤਾ ਜਾ ਸਕਦਾ ਹੈ।

## ਪੀ.ਏ.ਪੀ. ਦੀਆਂ ਕੰਧਾਂ 'ਤੇ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ



**ਜਲੰਧਰ:** ਪਿਛਲੇ ਦੋ ਹਫਤਿਆਂ ਵਿਚ ਦੂਜੀ ਵਾਰ ਜਲੰਧਰ ਸ਼ਹਿਰ ਦੀਆਂ ਕੰਧਾਂ ਉਤੇ 'ਖਾਲਿਸਤਾਨ ਜ਼ਿੰਦਾਬਾਦ' ਦੇ ਨਾਅਰੇ ਲਿਖੇ ਗਏ। ਇਸ ਤੋਂ ਪਹਿਲਾਂ ਮੁੱਖ ਮੰਤਰੀ ਭਗਵੰਤ ਮਾਨ ਦੀ ਜਲੰਧਰ ਫੇਰੀ ਦੌਰਾਨ 15 ਜੂਨ ਦੀ ਸਵੇਰ ਨੂੰ ਦੇਵੀ ਤਾਲਾਬ ਮੰਦਰ ਅਤੇ ਪਠਾਨਕੋਟ ਬਾਈਪਾਸ 'ਤੇ ਬਣੇ ਫਲਾਈਓਵਰ ਦੀਆਂ ਕੰਧਾਂ 'ਤੇ ਕਾਲੇ ਰੰਗ ਨਾਲ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਿਖੇ ਗਏ ਸਨ।

ਪੰਜਾਬ ਆਰਮਡ ਪੁਲਿਸ (ਪੀ.ਏ.ਪੀ.) ਕੰਪਲੈਕਸ ਦੀਆਂ ਉੱਚੀਆਂ ਤੇ ਮਜ਼ਬੂਤ ਕੰਧਾਂ 'ਤੇ ਵੀ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਿਖੇ ਗਏ। ਇਸ ਤੋਂ ਪਹਿਲਾਂ ਕਿ ਮੀਡੀਆ ਨੂੰ ਇਸ ਦੀ ਭਿਣਕ ਪੈਂਦੀ, ਸਿੱਖਸ ਫਾਰ ਜਸਟਿਸ ਨੇ ਵਟਸਐਪ ਗਰੁੱਪ 'ਤੇ ਇਸ ਸਬੰਧੀ ਵੀਡੀਓ ਜਾਰੀ ਕਰ ਦਿੱਤੀ। ਵੀਡੀਓ ਵਿਚ ਸਿੱਖਸ ਫਾਰ ਜਸਟਿਸ ਦੇ ਆਗੂ ਗੁਰਪਤਵੰਤ ਸਿੰਘ ਪੰਨੂ ਨੇ ਦਾਅਵਾ ਕੀਤਾ ਕਿ ਉਨ੍ਹਾਂ '26 ਜਨਵਰੀ ਰੈਫਰੈਂਡਮ ਵੋਟਿੰਗ' ਦਾ ਨਾਅਰਾ ਵੀ ਕਾਲੇ ਰੰਗ ਨਾਲ ਲਿਖਿਆ ਸੀ। ਜਦੋਂ ਤੱਕ ਫੋਟੋਗ੍ਰਾਫਰ ਪੀ.ਏ.ਪੀ. ਦੀਆਂ ਕੰਧਾਂ ਦੀਆਂ ਤਸਵੀਰਾਂ ਲੈਣ ਪਹੁੰਚੇ ਉਦੋਂ ਤੱਕ ਪੀ.ਏ.ਪੀ. ਦੇ ਮੁਲਜ਼ਮਾਂ ਵੱਲੋਂ ਠੇਕੇ 'ਤੇ ਰੱਖੇ ਤਿੰਨ ਪੇਂਟਰਾਂ ਦੀ ਮਦਦ ਨਾਲ ਸਵੇਰੇ ਹੀ ਗੇਟ ਨੰਬਰ 1 ਦੇ ਨਾਲ ਲੱਗਦੀਆਂ ਕੰਧਾਂ 'ਤੇ ਪਹਿਲਾਂ ਵਾਂਗ ਨੀਲੇ ਰੰਗ ਦਾ ਪੇਂਟ ਕੀਤਾ ਜਾ ਰਿਹਾ ਸੀ। ਡਿਪਟੀ ਕਮਿਸ਼ਨਰ ਆਫ ਪੁਲਿਸ ਜਸਕਰਨ ਸਿੰਘ ਤੇਜਾ ਨੇ ਕਿਹਾ ਕਿ ਇਸ ਮਾਮਲੇ ਬਾਰੇ ਛਾਉਣੀ ਥਾਣੇ ਵਿਚ ਐਫ.ਆਈ.ਆਰ. ਦਰਜ ਕੀਤੀ ਗਈ ਹੈ।

## ਖਾਲਸਾ ਏਡ ਦੇ ਮੁਖੀ ਦਾ ਟਵਿੱਟਰ ਅਕਾਊਂਟ ਬੰਦ

**ਮਾਨਸਾ:** ਸਮਾਜ ਸੇਵੀ ਸੰਸਥਾ ਖਾਲਸਾ ਏਡ ਦੇ ਮੁਖੀ ਰਵੀ ਸਿੰਘ ਖਾਲਸਾ ਦਾ ਟਵਿੱਟਰ ਅਕਾਊਂਟ ਭਾਰਤ ਵਿਚ ਬੰਦ ਕਰ ਦਿੱਤਾ ਗਿਆ ਹੈ। ਇਸ ਤੋਂ ਕੁਝ ਦਿਨ ਪਹਿਲਾਂ ਟਵਿੱਟਰ ਵੱਲੋਂ ਕਿਸਾਨ ਏਕਤਾ ਮੋਰਚਾ ਤੇ ਟਰੈਕਟਰ ਟੂ ਟਵਿੱਟਰ ਦੇ ਖਾਤੇ ਬੰਦ ਕਰ ਦਿੱਤੇ ਗਏ ਸਨ।

ਰਵੀ ਸਿੰਘ ਦਾ ਅਕਾਊਂਟ ਸਰਚ ਕਰਨ 'ਤੇ ਲਿਖਿਆ ਮਿਲਦਾ ਹੈ ਕਿ ਕਾਨੂੰਨੀ ਮੰਗ ਮੁਤਾਬਕ ਭਾਰਤ ਵਿਚ ਇਸ ਖਾਤੇ 'ਤੇ ਰੋਕ ਲਾ ਦਿੱਤੀ ਗਈ ਹੈ। ਉਧਰ, ਖਾਲਸਾ ਏਡ ਦੇ ਮੁਖੀ ਰਵੀ ਸਿੰਘ ਖਾਲਸਾ ਨੇ ਖੁਦ ਵੀ ਫੇਸਬੁੱਕ 'ਤੇ ਟਵਿੱਟਰ ਅਕਾਊਂਟ ਬੰਦ ਹੋਣ ਸਬੰਧੀ ਜਾਣਕਾਰੀ ਦਿੱਤੀ ਹੈ। ਉਨ੍ਹਾਂ ਰੋਸ ਜਤਾਉਂਦਿਆਂ ਕਿਹਾ ਕਿ ਸਿੱਖਾਂ ਦੇ ਸੋਸ਼ਲ ਮੀਡੀਆ ਖਾਤਿਆਂ 'ਤੇ ਪਾਬੰਦੀ ਲਗਾਉਣਾ ਠੀਕ ਨਹੀਂ ਹੈ। ਇਸੇ ਦੌਰਾਨ ਅਕਾਲੀ ਦਲ (ਅੰਮ੍ਰਿਤਸਰ) ਦੇ ਸਕੱਤਰ ਜਰਨਲ ਭਾਈ ਗੁਰਸੇਵਕ ਸਿੰਘ ਜਵਾਹਰਕੇ ਨੇ ਰਵੀ ਸਿੰਘ ਖਾਲਸਾ ਦਾ ਟਵਿੱਟਰ ਅਕਾਊਂਟ ਬੰਦ ਕਰਨਾ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਇੰਟਰਨੈੱਟ ਦੇ ਯੁੱਗ ਵਿਚ ਵਿਚਾਰਾਂ ਦੀ ਆਜ਼ਾਦੀ ਦਾ ਕਤਲ ਕਰਨਾ ਇਸ ਜਮਹੂਰੀ ਦੇਸ਼ ਨੂੰ ਸੋਭਾ ਨਹੀਂ ਦਿੰਦਾ। ਸੀ.ਪੀ.ਆਈ. (ਐਮ.ਐਲ.) ਲਿਬਰੇਸ਼ਨ ਦੇ ਆਗੂ ਸੁਖਦਰਸ਼ਨ ਸਿੰਘ ਨੱਤ ਨੇ ਕਿਹਾ ਕਿ ਇਕ ਤੋਂ ਬਾਅਦ ਇਕ ਟਵਿੱਟਰ ਅਕਾਊਂਟ ਬੰਦ ਕਰਵਾਉਣ ਨਾਲ ਮੋਦੀ ਹਕੂਮਤ ਦੀ ਘੱਟ ਗਿਣਤੀਆਂ ਤੇ ਸੰਘਰਸ਼ਸ਼ੀਲ ਜਥੇਬੰਦੀਆਂ ਪ੍ਰਤੀ ਨਫਰਤ ਤੇ ਦੁਸ਼ਮਣੀ ਜ਼ਾਹਰ ਹੋ ਰਹੀ ਹੈ।



## ਅਫਗਾਨਿਸਤਾਨ ਤੋਂ 11 ਸਿੱਖ ਦਿੱਲੀ ਪਹੁੰਚੇ

**ਨਵੀਂ ਦਿੱਲੀ:** ਅਫਗਾਨਿਸਤਾਨ ਦੇ 11 ਸਿੱਖ ਕਾਬੁਲ ਦੇ ਇਕ ਗੁਰਦੁਆਰੇ 'ਤੇ ਹੋਏ ਹਮਲੇ 'ਚ ਮਾਰੇ ਗਏ ਸਵਿੰਦਰ ਸਿੰਘ ਦੀਆਂ ਅਸਥੀਆਂ ਲੈ ਕੇ ਭਾਰਤ ਪਹੁੰਚ ਗਏ ਹਨ। ਉਨ੍ਹਾਂ ਦੇ ਆਉਣ ਲਈ ਭਾਰਤ ਸਰਕਾਰ ਨਾਲ ਤਾਲਮੇਲ ਕਰ ਰਹੇ ਲੋਕਾਂ ਇਹ ਜਾਣਕਾਰੀ ਦਿੱਤੀ। ਸਰਕਾਰ ਨੇ 19 ਜੂਨ ਨੂੰ ਅਫਗਾਨਿਸਤਾਨ ਦੇ 111 ਹਿੰਦੂਆਂ ਤੇ ਸਿੱਖਾਂ ਨੂੰ ਐਮਰਜੈਂਸੀ ਵੀਜ਼ਾ ਦਿੱਤਾ ਸੀ। ਇਹ ਕਦਮ ਉਸ ਸਮੇਂ ਚੁੱਕਿਆ ਗਿਆ ਸੀ ਜਦੋਂ ਅਫਗਾਨਿਸਤਾਨ 'ਚ ਗੁਰਦੁਆਰਾ ਕਰਤੇ ਪਰਵਾਨ 'ਤੇ ਹੋਏ ਦਹਿਸ਼ਤੀ ਹਮਲੇ 'ਚ ਸਵਿੰਦਰ ਸਿੰਘ ਸਮੇਤ ਦੋ ਜਣਿਆਂ ਦੀ ਮੌਤ ਹੋ ਗਈ ਸੀ। ਸਵਿੰਦਰ ਸਿੰਘ ਕਾਬੁਲ 'ਚ ਦੁਕਾਨ ਕਰਦਾ ਸੀ ਤੇ ਗੁਰਦੁਆਰੇ 'ਚ ਰਹਿੰਦਾ ਸੀ।



ਉਸ ਦਾ ਪਰਿਵਾਰ ਦਿੱਲੀ 'ਚ ਰਹਿੰਦਾ ਹੈ। ਸੰਸਦ ਮੈਂਬਰ ਤੇ ਵਿਸ਼ਵ ਪੰਜਾਬੀ ਸੰਸਥਾ ਦੇ ਕੌਮਾਂਤਰੀ ਪ੍ਰਧਾਨ ਵਿਕਰਮਜੀਤ ਸਿੰਘ ਸਾਹਨੀ ਨੇ ਦੱਸਿਆ ਕਿ ਕਾਬੁਲ ਵਿਚ ਫਸੇ ਬਾਕੀ 164 ਵਿਚੋਂ 11 ਅਫਗਾਨ ਸਿੱਖ ਦਿੱਲੀ ਪਹੁੰਚ ਗਏ ਹਨ। ਉਹ ਅਤਿਵਾਦੀ ਹਮਲੇ 'ਚ ਮਾਰੇ ਗਏ ਸਵਿੰਦਰ ਸਿੰਘ ਦੀਆਂ ਅਸਥੀਆਂ ਵੀ ਲਿਆਏ। ਸ੍ਰੀ ਸਾਹਨੀ ਨੇ ਕਿਹਾ ਕਿ ਉਹ ਕਾਬੁਲ ਵਿਚਲੇ ਸਾਰੇ ਸਿੱਖਾਂ ਦੇ ਸੰਪਰਕ ਵਿਚ ਹਨ ਤੇ ਉਨ੍ਹਾਂ ਨੂੰ ਉਥੋਂ ਸੁਰੱਖਿਅਤ ਕੱਢਣ ਲਈ ਵਿਦੇਸ਼ ਮੰਤਰਾਲੇ ਨਾਲ ਤਾਲਮੇਲ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਭਾਰਤੀ ਦੂਤਾਵਾਸ ਨੇ ਤਾਲਿਬਾਨ ਨਾਲ ਗੱਲਬਾਤ ਤੋਂ ਬਾਅਦ ਕਾਬੁਲ ਵਿਚ ਆਪਣਾ ਕੰਮ ਮੁੜ ਸ਼ੁਰੂ ਕਰ ਦਿੱਤਾ ਹੈ। ਸ੍ਰੀ ਸਾਹਨੀ ਨੇ ਕੇਂਦਰੀ ਵਿਦੇਸ਼ ਮੰਤਰਾਲੇ ਨੂੰ ਬਾਕੀ ਦੇ ਰਹਿੰਦੇ 58 ਵੀਜ਼ੇ ਤੁਰਤ ਜਾਰੀ ਕਰਨ ਦੀ ਬੇਨਤੀ ਕੀਤੀ। ਉਨ੍ਹਾਂ ਪਿਛਲੇ ਦੋ ਸਾਲਾਂ ਤੋਂ ਪਹਿਲਾਂ ਹੀ ਚੱਲ ਰਹੇ ਪ੍ਰੋਗਰਾਮ 'ਮੇਰਾ ਪਰਿਵਾਰ ਮੇਰੀ ਜ਼ਿੰਮੇਵਾਰੀ' ਤਹਿਤ ਬਾਕੀ ਅਫਗਾਨ ਸਿੱਖ ਸ਼ਰਨਾਰਥੀਆਂ ਦੇ ਮੁੜ ਵਸੇਬੇ ਲਈ ਆਪਣੀ ਵਚਨਬੱਧਤਾ ਦੀ ਪੁਸ਼ਟੀ ਕੀਤੀ। ਇਸੇ ਦੌਰਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਅਫਗਾਨਿਸਤਾਨ ਤੋਂ ਆਏ 11 ਸਿੱਖਾਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਕਮੇਟੀ ਦੀ ਟੀਮ ਨੇ ਦਿੱਲੀ ਵਿਚ ਹਰ ਸਹਾਇਤਾ ਦਾ ਭਰੋਸਾ ਦਿੱਤਾ।

## ਜਥੇਦਾਰ ਵੱਲੋਂ ਸਮੁੱਚੀ ਸਿੱਖ ਕੌਮ ਨੂੰ ਸਿਆਸੀ ਮਤਭੇਦ ਭੁਲਾ ਕੇ ਇਕਜੁੱਟ ਹੋਣ ਦਾ ਸੱਦਾ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਦੇ ਸਥਾਪਨਾ ਦਿਵਸ ਸਮਾਰੋਹ ਮੌਕੇ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਮੁੱਚੀ ਸਿੱਖ ਕੌਮ ਨੂੰ ਸਿਆਸੀ ਮਤਭੇਦ ਭੁਲਾ ਕੇ ਇਕਜੁੱਟ ਹੋਣ ਦੀ ਅਪੀਲ ਕੀਤੀ। ਸ਼੍ਰੋਮਣੀ ਕਮੇਟੀ ਵੱਲੋਂ ਸਥਾਪਨਾ ਦਿਵਸ ਸਬੰਧੀ ਅਕਾਲ ਤਖ਼ਤ ਵਿਖੇ ਅਖੰਡ ਪਾਠ ਦੇ ਭੋਗ ਪਾਏ ਗਏ। ਇਸ ਮੌਕੇ ਭਾਈ ਸਿਮਰਪ੍ਰੀਤ ਸਿੰਘ ਦੇ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਹੁਕਮਨਾਮਾ ਗਿਆਨੀ ਮਲਕੀਤ ਸਿੰਘ ਨੇ ਲਿਆ।

ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸੰਗਤ ਨੂੰ ਅਕਾਲ ਤਖ਼ਤ ਦੇ ਸਥਾਪਨਾ ਦਿਵਸ ਦੀ ਵਧਾਈ ਦਿੰਦਿਆਂ ਕਿਹਾ ਕਿ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਸਥਾਪਤ ਕੀਤਾ ਗਿਆ ਅਕਾਲ ਤਖ਼ਤ ਸਿੱਖ ਕੌਮ ਲਈ ਕੇਵਲ ਇਮਾਰਤ ਨਹੀਂ, ਸਗੋਂ ਇਹ ਇਕ ਸੰਕਲਪ ਹੈ, ਜਿਸ ਨੇ ਕੌਮ ਦੀ ਆਜ਼ਾਦ ਹੋਂਦ ਨੂੰ ਰੂਪਮਾਨ ਕੀਤਾ ਹੈ। ਉਨ੍ਹਾਂ ਸਮੁੱਚੀ ਸਿੱਖ ਕੌਮ ਨੂੰ ਆਪਣੇ ਰਾਜਸੀ ਮਤਭੇਦ ਭੁਲਾ ਕੇ ਅਕਾਲ ਤਖ਼ਤ ਦੀ ਅਗਵਾਈ ਹੇਠ ਇਕੱਠੇ ਹੋਣ ਦੀ ਅਪੀਲ ਕਰਦਿਆਂ ਕਿਹਾ ਕਿ ਜੇਕਰ ਸਿੱਖ ਕੌਮ ਨੇ ਗੁਲਾਮੀ ਦੀਆਂ ਜ਼ੰਜੀਰਾਂ ਅਤੇ ਬੰਧਨਾਂ ਨੂੰ ਤੋੜਨਾ ਹੈ ਤਾਂ ਇਕ ਨਿਸ਼ਾਨ ਅਤੇ ਇਕ ਵਿਧਾਨ ਹੇਠ ਇਕੱਠੇ ਹੋਣਾ ਪਵੇਗਾ। ਉਨ੍ਹਾਂ ਸਿੱਖ ਕੌਮ ਨੂੰ ਬਾਣੀ ਤੇ ਬਾਣੇ ਦੇ ਧਾਰਨੀ ਹੋਣ ਦੀ ਪ੍ਰੇਰਣਾ ਕੀਤੀ ਤੇ ਗੁਰਬਾਣੀ ਅਨੁਸਾਰ ਜੀਵਨ ਸੇਧਾਂ ਨਿਰਧਾਰਤ ਕਰਨ ਲਈ ਕਿਹਾ।



## ਸ਼੍ਰੋਮਣੀ ਕਮੇਟੀ ਵੱਲੋਂ ਜੇਲ੍ਹ 'ਚ ਨੌਜਵਾਨ ਦੇ ਕੇਸ ਕਤਲ ਕਰਨ ਦੀ ਨਿੰਦਾ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਬਠਿੰਡਾ ਦੀ ਕੇਂਦਰੀ ਜੇਲ੍ਹ ਵਿਚ ਬੰਦ ਸਿੱਖ ਨੌਜਵਾਨ ਰਾਜਦੀਪ ਸਿੰਘ ਦੇ ਕੇਸ ਕਤਲ ਕੀਤੇ ਜਾਣ ਦੀ ਘਟਨਾ ਨਿਖੇਧੀ ਕੀਤੀ ਹੈ।

ਉਨ੍ਹਾਂ ਕਿਹਾ ਕਿ ਕੇਸ ਸਿੱਖ ਰਹਿਤ ਦਾ ਅਹਿਮ ਅੰਗ ਹਨ। ਜਾਣਕਾਰੀ ਅਨੁਸਾਰ ਜੇਲ੍ਹ ਵਿਚ ਬੰਦ ਸਿੱਖ ਨੌਜਵਾਨ ਦੀ ਜੇਲ੍ਹ ਪ੍ਰਸ਼ਾਸਨ ਵੱਲੋਂ ਕੁੱਟਮਾਰ ਕੀਤੀ ਗਈ ਅਤੇ ਉਸ ਦੇ ਕੇਸ ਕਤਲ ਕਰ ਦਿੱਤੇ ਗਏ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਸੂਬਾ ਸਰਕਾਰ ਤੋਂ ਮੰਗ ਕੀਤੀ ਕਿ ਇਸ ਘਟਨਾ ਦੀ ਡੂੰਘਾਈ ਨਾਲ ਜਾਂਚ ਕਰਵਾ ਕੇ ਜ਼ਿੰਮੇਵਾਰ ਵਿਅਕਤੀਆਂ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੀ ਆਪਣੇ ਪੱਧਰ 'ਤੇ ਵੀ ਘਟਨਾ ਦੀ ਪੜਤਾਲ ਕਰੇਗੀ, ਜਿਸ ਲਈ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਨੂੰ ਆਦੇਸ਼ ਦਿੱਤਾ ਗਿਆ ਹੈ।

# ਮਹਿੰਗਾਈ ਦੀ ਮਾਰ ਸਹਿ ਰਹੇ ਲੋਕਾਂ 'ਤੇ ਜੀ.ਐਸ.ਟੀ. ਦਾ ਹੋਰ ਬੋਝ ਪਾਇਆ

**ਚੰਡੀਗੜ੍ਹ:** ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਦੀ ਅਗਵਾਈ ਹੇਠ ਜੀ.ਐਸ.ਟੀ. ਕੌਂਸਲ ਦੀ 47ਵੀਂ ਮੀਟਿੰਗ 'ਚ ਆਮ ਲੋਕਾਂ ਨੂੰ ਰਾਹਤ ਦੇਣ ਦੀ ਬਜਾਏ ਜੀ.ਐਸ.ਟੀ. ਦਾ ਹੋਰ ਬੋਝ ਪਾ ਦਿੱਤਾ ਗਿਆ ਹੈ। ਜੀ.ਐਸ.ਟੀ. ਕੌਂਸਲ ਦੀ ਮੀਟਿੰਗ 'ਚ ਨਿੱਤ ਵਰਤੋਂ 'ਚ ਆਉਣ ਵਾਲੀਆਂ ਵਸਤਾਂ ਤੇ ਸੇਵਾਵਾਂ ਉਤੇ ਜੀ.ਐਸ.ਟੀ. ਦਰਾਂ ਵਧਾ ਦਿੱਤੀਆਂ ਗਈਆਂ ਹਨ। ਜੀ.ਐਸ.ਟੀ. ਦੀਆਂ ਇਹ ਨਵੀਆਂ ਦਰਾਂ 18 ਜੁਲਾਈ 2022 ਤੋਂ ਲਾਗੂ ਹੋਣਗੀਆਂ। ਕੌਂਸਲ ਦੀ ਮੀਟਿੰਗ 'ਚ ਪ੍ਰਿੰਟਿੰਗ ਵਾਲੀ ਸਿਆਹੀ, ਚਾਕੂ, ਬਲੇਡ, ਪੈਨਸਿਲ ਸ਼ਾਰਪਨਰ, ਚਮਚੇ, ਟਿਊਬਵੈੱਲ ਟਰਬਾਈਨ ਪੰਪ, ਸਬਮਰਸੀਬਲ ਪੰਪ, ਡੇਅਰੀ ਮਸ਼ੀਨਰੀ, ਐਲ.ਈ.ਡੀ. ਲਾਈਟਾਂ 'ਤੇ ਜੀ.ਐਸ.ਟੀ. ਦਰ 12 ਫ਼ੀਸਦ ਤੋਂ ਵਧਾ ਕੇ 18 ਫ਼ੀਸਦ ਕਰਨ ਦਾ ਫੈਸਲਾ ਲਿਆ ਗਿਆ ਹੈ।

ਇਸੇ ਤਰ੍ਹਾਂ ਠੇਕੇ 'ਤੇ ਦਿੱਤੀਆਂ ਜਾਣ ਵਾਲੀਆਂ ਸੜਕਾਂ, ਪੁਲ, ਰੇਲਵੇ, ਮੈਟਰੋ, ਨਦੀਆਂ, ਡੈਮ, ਪਾਈਪਲਾਈਨ, ਸਿੱਖਿਆ ਅਦਾਰੇ ਅਤੇ ਹਸਪਤਾਲਾਂ ਦੇ ਨਿਰਮਾਣ 'ਤੇ ਲੱਗਣ ਵਾਲੇ ਜੀ.ਐਸ.ਟੀ. ਨੂੰ 12 ਤੋਂ ਵਧਾ ਕੇ 18 ਫ਼ੀਸਦ ਕਰ ਦਿੱਤਾ ਗਿਆ ਹੈ। ਕੇਂਦਰੀ ਵਿੱਤ ਮੰਤਰੀ ਦੀ ਅਗਵਾਈ ਹੇਠ ਹੋਈ ਮੀਟਿੰਗ ਵਿਚ ਡੇਢ ਦਰਜਨ ਦੇ ਕਰੀਬ ਰਾਜਾਂ ਦੇ ਵਿੱਤ ਮੰਤਰੀਆਂ ਵੱਲੋਂ ਸੂਬਿਆਂ ਨੂੰ ਜੂਨ 2022





ਮਗਰੋਂ ਵੀ ਮੁਆਵਜ਼ੇ ਦੀ ਅਦਾਇਗੀ ਜਾਰੀ ਰੱਖਣ ਦੀ ਮੰਗ ਕੀਤੀ ਗਈ ਹੈ। ਪਰ ਜੀ.ਐਸ.ਟੀ. ਕੌਂਸਲ ਦੀ ਮੀਟਿੰਗ ਵਿਚ ਫਿਲਹਾਲ ਰਾਜਾਂ ਨੂੰ ਜੀ.ਐਸ.ਟੀ. ਦਾ ਮੁਆਵਜ਼ਾ ਜਾਰੀ ਰੱਖਣ ਬਾਰੇ ਕੋਈ ਫੈਸਲਾ ਨਹੀਂ ਲਿਆ ਗਿਆ। ਕੌਂਸਲ ਨੇ ਆਨਲਾਈਨ ਗੇਮਿੰਗ, ਕੈਸੀਨੋਜ਼ (ਜੂਏਖਾਨੇ) ਤੇ ਘੋੜਿਆਂ ਦੀ ਦੌੜ 'ਤੇ 28 ਫ਼ੀਸਦ ਜੀ.ਐਸ.ਟੀ. ਲਾਉਣ 'ਤੇ ਜ਼ੋਰ ਦਿੱਤਾ, ਪਰ ਇਸ ਬਾਰੇ ਕੋਈ ਫੈਸਲਾ ਨਹੀਂ ਲਿਆ ਗਿਆ। ਇਸ ਸਬੰਧੀ ਕਮੇਟੀ ਬਣਾਈ ਗਈ ਹੈ, ਜਿਸ ਵੱਲੋਂ 15 ਜੁਲਾਈ ਤੱਕ ਰਿਪੋਰਟ ਦਿੱਤੀ ਜਾਵੇਗੀ ਅਤੇ ਉਸ ਤੋਂ ਬਾਅਦ ਅਗਸਤ ਮਹੀਨੇ ਵਿਚ ਹੋਣ ਵਾਲੀ ਮੀਟਿੰਗ ਵਿਚ ਕੋਈ ਫੈਸਲਾ ਲਿਆ ਜਾਵੇਗਾ। ਕੌਂਸਲ ਨੇ ਸੋਨੇ ਤੇ ਕੀਮਤੀ ਪੱਥਰਾਂ (ਹੀਰੇ ਤੇ ਹੋਰ ਨਗਾਂ) ਦੀ ਇਕ ਤੋਂ ਦੂਜੇ ਰਾਜ ਵਿਚ ਆਮਦੋ-ਰਫਤ ਲਈ ਰਾਜਾਂ ਨੂੰ ਈ-ਵੇਅ ਬਿੱਲ ਜਾਰੀ ਕਰਨ ਦੀ ਮਨਜ਼ੂਰੀ ਦੇ ਦਿੱਤੀ ਹੈ। ਕੌਂਸਲ ਨੇ ਇਕ ਹਜ਼ਾਰ ਰੁਪਏ ਪ੍ਰਤੀ ਦਿਨ ਵਾਲੇ ਹੋਟਲ ਦੇ ਕਮਰੇ ਸਣੇ ਕੁਝ ਹੋਰਨਾਂ ਸੇਵਾਵਾਂ 'ਤੇ 12 ਫ਼ੀਸਦ ਟੈਕਸ ਲਾਉਣ ਦਾ ਫੈਸਲਾ ਕੀਤਾ ਹੈ। ਇਸ ਦੇ ਨਾਲ ਹੀ ਜੀ.ਐਸ.ਟੀ. ਕੌਂਸਲ ਨੇ ਫੈਸਲਾ ਕੀਤਾ ਹੈ ਕਿ ਹਸਪਤਾਲ, ਜਿਥੇ ਪ੍ਰਤੀ ਕਮਰਾ 5000 ਰੁਪਏ ਤੋਂ ਵੱਧ ਕਿਰਾਇਆ ਹੈ, ਵਿਚ ਦਾਖਲ ਮਰੀਜ਼ਾਂ (ਆਈ.ਸੀ.ਯੂ. ਨੂੰ ਛੱਡ ਕੇ) ਕਿਰਾਏ ਉਤੇ ਲਏ ਜਾਣ ਵਾਲੇ ਕਮਰੇ 'ਤੇ 5 ਫ਼ੀਸਦ ਜੀ.ਐਸ.ਟੀ. ਵਸੂਲਿਆ ਜਾਵੇਗਾ। ਇਸ ਤੋਂ ਇਲਾਵਾ ਬੈਂਕ ਚੈੱਕ (ਲੂਜ਼ ਜਾਂ ਬੁੱਕ ਫਾਰਮ) ਉਤੇ 18 ਫ਼ੀਸਦ ਜੀ.ਐਸ.ਟੀ. ਲਾ ਦਿੱਤਾ ਗਿਆ ਹੈ। ਪੜ੍ਹਾਈ 'ਚ ਵਰਤੇ ਜਾਣ ਵਾਲੇ ਨਕਸ਼ਿਆਂ ਤੇ ਦਸਤਾਨਿਆਂ ਉਤੇ ਵੀ 12 ਫ਼ੀਸਦ ਜੀ.ਐਸ.ਟੀ. ਲਾ ਦਿੱਤਾ ਗਿਆ ਹੈ। ਜੂਨ 'ਚ 1.44 ਲੱਖ ਕਰੋੜ ਉਗਰਾਹੇ: ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਕਿਹਾ ਹੈ ਕਿ ਜੂਨ 'ਚ ਜੀ.ਐਸ.ਟੀ. ਮਾਲੀਆ ਵਧ ਕੇ 1.44 ਲੱਖ ਕਰੋੜ ਰੁਪਏ ਹੋ ਗਿਆ ਹੈ ਜੋ ਪਿਛਲੇ ਸਾਲ ਇਸੇ ਵਕਫੇ ਨਾਲੋਂ 56 ਫ਼ੀਸਦ ਵਧ ਹੈ। ਜੀ.ਐਸ.ਟੀ. ਦਿਵਸ ਮੌਕੇ ਉਨ੍ਹਾਂ ਕਿਹਾ ਕਿ ਹੁਣ 1.4 ਲੱਖ ਕਰੋੜ ਰੁਪਏ ਜੀ.ਐਸ.ਟੀ. ਵਜੋਂ ਇਕੱਤਰ ਹੋਣ ਦੀ ਇਕ ਹੇਠਲੀ ਹੱਦ ਬਣ ਚੁੱਕੀ ਹੈ। ਇਸ ਤੋਂ ਪਹਿਲਾਂ ਮਈ 'ਚ ਕਰੀਬ 1.41 ਲੱਖ ਕਰੋੜ ਰੁਪਏ ਜਦਕਿ ਅਪਰੈਲ 'ਚ ਰਿਕਾਰਡ 1.68 ਲੱਖ ਕਰੋੜ ਰੁਪਏ ਦਾ ਜੀ.ਐਸ.ਟੀ. ਇਕੱਤਰ ਹੋਇਆ ਸੀ। ਪਿਛਲੇ ਸਾਲ ਜੂਨ 'ਚ 92,800 ਕਰੋੜ ਰੁਪਏ ਜੀ.ਐਸ.ਟੀ. ਇਕੱਤਰ ਹੋਇਆ ਸੀ।

## ਜੀ.ਐਸ.ਟੀ ਨੂੰ 'ਗੱਬਰ ਸਿੰਘ ਟੈਕਸ' ਬਣਾਇਆ: ਰਾਹੁਲ

**ਨਵੀਂ ਦਿੱਲੀ:** ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਜੀ.ਐਸ.ਟੀ. ਲਾਗੂ ਕੀਤੇ ਜਾਣ ਦੇ ਪੰਜ ਵਰ੍ਹੇ ਪੂਰੇ ਹੋਣ 'ਤੇ ਦੋਸ਼ ਲਾਇਆ ਕਿ ਪਾਰਟੀ ਦੀ 'ਅਸਲ ਸਰਲ ਟੈਕਸ ਪ੍ਰਣਾਲੀ' ਨੂੰ ਭਾਜਪਾ ਨੇ 'ਗੱਬਰ ਸਿੰਘ ਟੈਕਸ' 'ਚ ਬਦਲ ਦਿੱਤਾ ਹੈ। ਉਨ੍ਹਾਂ ਟਵੀਟ ਕਰਕੇ ਕਿਹਾ ਕਿ ਕਾਂਗਰਸ 'ਜੀ.ਐਸ.ਟੀ. 2.0' ਲਿਆਵੇਗੀ ਅਤੇ ਇਸ ਤੋਂ ਹੋਣ ਵਾਲੀ ਉਗਰਾਹੀ ਨੂੰ ਸੂਬਿਆਂ ਨੂੰ ਢੁਕਵੇਂ ਢੰਗ ਨਾਲ ਵੰਡਿਆ ਜਾਵੇਗਾ। ਉਨ੍ਹਾਂ ਕਿਹਾ ਕਿ ਜੀ.ਐਸ.ਟੀ. ਦੀਆਂ ਛੇ ਦਰਾਂ ਰੱਖੀਆਂ ਗਈਆਂ ਹਨ ਅਤੇ 1826 ਦਿਨਾਂ 'ਚ ਇਸ 'ਚ ਇਕ ਹਜ਼ਾਰ ਤੋਂ ਜ਼ਿਆਦਾ ਸੋਧਾਂ ਕੀਤੀਆਂ ਗਈਆਂ ਹਨ ਤੇ ਇਹ ਸਰਲ ਕਿਵੇਂ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਜੀ.ਐਸ.ਟੀ. ਕਾਰੋਬਾਰ ਖਾਸ ਕਰਕੇ ਐਮ.ਐਸ.ਐਮ.ਈ. ਲਈ ਬੁਰੇ ਸੁਫਨੇ ਵਾਂਗ ਹੈ।

## ਰੁਪੱਈਆ ਹੋਰ ਕਰੰਸੀਆਂ ਨਾਲੋਂ ਬਿਹਤਰ: ਸੀਤਾਰਾਮਨ

**ਨਵੀਂ ਦਿੱਲੀ:** ਡਾਲਰ ਦੇ ਮੁਕਾਬਲੇ ਰੁਪਏ ਦੀ ਡਿੱਗਦੀ ਹੋਈ ਕੀਮਤ ਬਾਰੇ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਕਿਹਾ ਹੈ ਕਿ ਭਾਰਤੀ ਕਰੰਸੀ ਦੀ ਸਥਿਤੀ ਵਿਸ਼ਵ ਪੱਧਰ ਦੀਆਂ ਕਰੰਸੀਆਂ ਦੇ ਮੁਕਾਬਲੇ ਬਿਹਤਰ ਹੈ। ਜ਼ਿਕਰਯੋਗ ਹੈ ਕਿ ਰੂਸ-ਯੂਕਰੇਨ ਜੰਗ ਕਾਰਨ ਪੈਦਾ ਹੋਏ ਅਸਥਿਰਤਾ ਦੇ ਮਾਹੌਲ, ਵਿਸ਼ਵ ਪੱਧਰ 'ਤੇ ਕੱਚੇ ਤੇਲ ਦੀਆਂ ਲਗਾਤਾਰ ਵਧਦੀਆਂ ਕੀਮਤਾਂ ਅਤੇ ਕੇਂਦਰੀ ਬੈਂਕਾਂ ਵੱਲੋਂ ਅਪਣਾਈਆਂ ਜਾਂਦੀਆਂ ਵਿੱਤੀ ਯੋਜਨਾਵਾਂ ਕਾਰਨ ਕਈ ਦੇਸ਼ਾਂ ਦੀਆਂ ਕਰੰਸੀਆਂ ਦੀ ਕੀਮਤ ਡਾਲਰ ਦੇ ਮੁਕਾਬਲੇ ਘਟੀ ਹੈ।

## ਅਮਰੀਕੀ ਨਾਗਰਿਕਤਾ ਲੈਣ ਵਾਲਿਆਂ 'ਚ ਭਾਰਤ ਦਾ ਦੂਜਾ ਸਥਾਨ

**ਵਾਸ਼ਿੰਗਟਨ:** ਅਮਰੀਕਾ 'ਚ 2022 ਦੌਰਾਨ 15 ਜੂਨ ਤੱਕ 6,61,500 ਲੋਕਾਂ ਨੂੰ ਨਾਗਰਿਕਤਾ ਦਿੱਤੀ ਗਈ ਹੈ ਅਤੇ ਪਹਿਲੀ ਤਿਮਾਹੀ 'ਚ ਕੁਦਰਤੀ ਢੰਗ ਨਾਲ ਅਮਰੀਕੀ ਨਾਗਰਿਕਤਾ ਹਾਸਲ ਕਰਨ ਵਾਲਿਆਂ ਦੀ ਗਿਣਤੀ 'ਚ ਮੈਕਸਿਕੋ ਤੋਂ ਬਾਅਦ ਭਾਰਤ ਦਾ ਦੂਜਾ ਸਥਾਨ ਹੈ।

ਅਮਰੀਕੀ ਨਾਗਰਿਕਤਾ ਤੇ ਇਮੀਗਰੇਸ਼ਨ ਸੇਵਾ ਦੇ ਡਾਇਰੈਕਟਰ ਐਮ ਜੈਡੋ ਨੇ ਦੱਸਿਆ, 'ਸਾਡੇ ਦੇਸ਼ 'ਚ ਆਜ਼ਾਦੀ ਦਾ ਅਧਿਕਾਰ ਤੇ ਖੁਸ਼ ਰਹਿਣ ਦੀ ਆਜ਼ਾਦੀ ਮਿਲਣ ਕਾਰਨ ਦੁਨੀਆਂ ਭਰ 'ਚ ਲੱਖਾਂ ਲੋਕ ਅਮਰੀਕਾ 'ਚ ਰਹਿਣ ਆਉਂਦੇ ਹਨ।' ਵਿੱਤੀ ਵਰ੍ਹੇ 2021 'ਚ ਸੇਵਾ ਨੇ 8,55,000 ਨਵੇਂ ਅਮਰੀਕੀ ਨਾਗਰਿਕਾਂ ਦਾ ਸਵਾਗਤ ਕੀਤਾ ਸੀ। ਉਨ੍ਹਾਂ ਕਿਹਾ ਕਿ ਵਿੱਤੀ ਵਰ੍ਹੇ 2022 'ਚ ਸੇਵਾ ਨੇ 15 ਜੂਨ ਤੱਕ 6,61,500 ਨਵੇਂ ਅਮਰੀਕੀ ਨਾਗਰਿਕਾਂ ਦਾ ਸਵਾਗਤ ਕੀਤਾ। ਉਹ ਇਸ ਸਾਲ ਪਹਿਲੀ ਤੋਂ ਅੱਠ ਜੁਲਾਈ ਤੱਕ 140 ਤੋਂ ਪ੍ਰੋਗਰਾਮਾਂ ਰਾਹੀਂ 6600 ਨਵੇਂ ਨਾਗਰਿਕਾਂ ਦਾ ਸਵਾਗਤ ਕਰਕੇ ਆਜ਼ਾਦੀ ਦਿਹਾੜਾ ਮਨਾਏਗਾ। ਗ੍ਰਹਿ ਮੰਤਰਾਲੇ ਅਨੁਸਾਰ ਵਿੱਤੀ ਵਰ੍ਹੇ 2022 ਦੌਰਾਨ ਪਹਿਲੀ ਤਿਮਾਹੀ 'ਚ ਜਨਮ ਦੇ ਆਧਾਰ 'ਤੇ ਨਾਗਰਿਕਤਾ ਹਾਸਲ ਕਰਨ ਵਾਲਿਆਂ 'ਚ 34% ਲੋਕ ਮੈਕਸਿਕੋ (24,508), ਭਾਰਤ (12,928), ਫਿਲਪੀਨਜ਼ (11,316), ਕਿਊਬਾ (10,689) ਤੇ ਡੋਮਿਨਿਕ ਰਿਪਬਲਿਕ (7,046) ਤੋਂ ਸਨ। ਇਸ ਸਮੇਂ ਦੌਰਾਨ ਅਮਰੀਕਾ ਨੇ 1,97,148 ਨਵੇਂ ਨਾਗਰਿਕਾਂ ਦਾ ਸਵਾਗਤ ਕੀਤਾ।

# ਮਹਾਰਾਸ਼ਟਰ: ਸ਼ਿੰਦੇ ਸਰਕਾਰ ਨੇ ਬਹੁਮਤ ਹਾਸਲ ਕੀਤਾ

**ਮੁੰਬਈ:** ਮਹਾਰਾਸ਼ਟਰ ਦੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਨੇ ਵਿਧਾਨ ਸਭਾ 'ਚ ਭਰੋਸੇ ਦਾ ਵੋਟ ਆਸਾਨੀ ਨਾਲ ਜਿੱਤ ਲਿਆ। ਵਿਧਾਨ ਸਭਾ ਦੇ ਦੋ ਰੋਜ਼ਾ ਵਿਸ਼ੇਸ਼ ਇਜਲਾਸ ਦੇ ਆਖਰੀ ਦਿਨ ਹੋਈ ਵੋਟਿੰਗ ਦੌਰਾਨ 288 'ਚੋਂ 164 ਵਿਧਾਇਕਾਂ ਨੇ ਭਰੋਸੇ ਦੇ ਮਤੇ ਦੇ ਹੱਕ 'ਚ ਵੋਟ ਪਾਏ ਜਦਕਿ 99 ਨੇ ਮਤੇ ਦਾ ਵਿਰੋਧ ਕੀਤਾ। ਤਿੰਨ ਵਿਧਾਇਕਾਂ ਅਬੂ ਆਜ਼ਮੀ ਤੇ ਰਈਸ ਸ਼ੇਖ (ਸਮਾਜਵਾਦੀ ਪਾਰਟੀ) ਅਤੇ ਸ਼ਾਹ ਫਾਰੂਖ ਅਨਵਰ (ਏ.ਆਈ.ਐਮ.ਆਈ.ਐਮ.) ਨੇ ਵੋਟ ਨਹੀਂ ਪਾਈ ਜਦਕਿ ਕਾਂਗਰਸ ਦੇ ਅਸ਼ੋਕ ਚਵਾਨ ਅਤੇ ਵਿਜੈ ਵਡੇਟੀਵਾਰ ਸਮੇਤ 21 ਵਿਧਾਇਕ ਵੋਟਿੰਗ ਦੌਰਾਨ ਗੈਰਹਾਜ਼ਰ ਰਹੇ।



ਚਵਾਨ ਅਤੇ ਵਡੇਟੀਵਾਰ ਦੇਰੀ ਨਾਲ ਵਿਧਾਨ ਸਭਾ ਪਹੁੰਚੇ ਸਨ ਜਿਸ ਕਾਰਨ ਉਹ ਸਦਨ ਅੰਦਰ ਦਾਖਲ ਨਹੀਂ ਹੋ ਸਕੇ। ਕਾਂਗਰਸ ਦੇ ਜਿਹੜੇ ਵਿਧਾਇਕ ਗੈਰਹਾਜ਼ਰ ਰਹੇ, ਉਨ੍ਹਾਂ 'ਚ ਧੀਰਜ ਦੇਸ਼ਮੁਖ, ਪ੍ਰਨੀਤੀ ਸ਼ਿੰਦੇ, ਜਿਤੇਸ਼ ਅੰਤਾਪੁਰਕਰ, ਜੀਸ਼ਾਨ ਸਿੱਦੀਕੀ, ਰਾਜੂ ਆਵਲੇ, ਮੋਹਨ ਹੰਬਾਰਦੇ, ਕੁਨਾਲ ਪਾਟਿਲ, ਮਾਧਵਰਾਓ ਜਾਵਲਗਾਓਂਕਰ ਅਤੇ ਸਿਰੀਸ਼ ਚੌਧਰੀ ਸ਼ਾਮਲ ਹਨ। ਐਨ.ਸੀ.ਪੀ. ਦੇ ਅਨਿਲ ਦੇਸ਼ਮੁਖ, ਨਵਾਬ ਮਲਿਕ, ਦੱਤਾਤ੍ਰੇਯ ਭਰਾਨੇ, ਅੰਨਾ ਬਨਸੋਡੇ, ਬੱਬਨਦਾਦਾ ਸ਼ਿੰਦੇ ਅਤੇ ਸੰਗਰਾਮ ਜਗਤਾਪ ਸਦਨ 'ਚੋਂ ਗੈਰਹਾਜ਼ਰ ਰਹੇ। ਦੇਸ਼ਮੁਖ ਅਤੇ ਮਲਿਕ ਭ੍ਰਿਸ਼ਟਾਚਾਰ ਦੇ ਕੇਸ 'ਚ ਜੇਲ੍ਹ ਅੰਦਰ ਬੰਦ ਹਨ। ਭਾਜਪਾ ਦੇ ਦੋ ਵਿਧਾਇਕ ਮੁਕਤਾ ਤਿਲਕ ਅਤੇ ਲਕਸ਼ਮਣ ਜਗਤਾਪ ਬਿਮਾਰ ਹੋਣ ਕਾਰਨ ਸਦਨ 'ਚ ਨਹੀਂ ਆਏ ਜਦਕਿ ਰਾਹੁਲ ਨਾਰਵੇਕਰ ਸਪੀਕਰ ਹੋਣ ਕਾਰਨ ਵੋਟ ਨਹੀਂ ਪਾ ਸਕੇ। ਏ.ਆਈ.ਐਮ.ਆਈ.ਐਮ. ਦਾ ਵਿਧਾਇਕ ਮੁਫਤੀ ਮੁਹੰਮਦ ਇਸਮਾਈਲ ਵੀ ਸਦਨ 'ਚੋਂ ਗੈਰਹਾਜ਼ਰ ਰਿਹਾ। ਭਰੋਸੇ ਦੇ ਵੋਟ ਤੋਂ ਪਹਿਲਾਂ ਸ਼ਿਵ ਸੈਨਾ ਦਾ ਇਕ ਹੋਰ ਵਿਧਾਇਕ ਸੰਤੋਸ਼ ਬਾਂਗੜ, ਸ਼ਿੰਦੇ ਧੜੇ ਨਾਲ ਜਾ ਰਲਿਆ ਜਿਸ ਨਾਲ ਬਾਗੀ ਵਿਧਾਇਕਾਂ ਦੀ ਗਿਣਤੀ ਵਧ ਕੇ 40 ਹੋ ਗਈ। ਭਰੋਸੇ ਦਾ ਵੋਟ ਜਿੱਤਣ ਮਗਰੋਂ ਆਪਣੇ ਸੰਬੋਧਨ 'ਚ ਫੜਨਵੀਸ ਨੇ ਕਿਹਾ ਕਿ ਜਦੋਂ ਕੁਝ ਵਿਧਾਇਕ ਵੋਟਿੰਗ ਕਰ ਰਹੇ ਸਨ ਤਾਂ ਵਿਰੋਧੀ ਧਿਰ ਦੇ ਮੈਂਬਰ 'ਈਡੀ-ਈਡੀ' ਦੇ ਨਾਅਰੇ ਲਗਾ ਰਹੇ ਸਨ। ਭਾਜਪਾ ਆਗੂ ਨੇ ਕਿਹਾ, "ਇਹ ਸੱਚ ਹੈ ਕਿ ਨਵੀਂ ਸਰਕਾਰ ਈਡੀ ਵੱਲੋਂ ਬਣਾਈ ਗਈ ਹੈ। ਈਡੀ ਤੋਂ ਭਾਵ ਹੈ ਏਕਨਾਥ ਅਤੇ ਦੇਵੇਂਦਰ।' ਸਾਬਕਾ ਮੁੱਖ ਮੰਤਰੀ ਊਧਵ ਠਾਕਰੇ ਦਾ ਨਾਮ ਲਏ ਬਿਨਾਂ ਫੜਨਵੀਸ ਨੇ ਦਾਅਵਾ ਕੀਤਾ ਕਿ ਮਹਾਰਾਸ਼ਟਰ 'ਚ ਪਿਛਲੇ ਕੁਝ ਸਾਲਾਂ ਤੋਂ ਲੀਡਰਸ਼ਿਪ ਦੀ ਕਮੀ ਦੇਖਣ ਨੂੰ ਮਿਲੀ ਹੈ। 'ਪਰ ਹੁਣ ਸਦਨ 'ਚ ਦੋ ਆਗੂ (ਸ਼ਿੰਦੇ ਅਤੇ ਫੜਨਵੀਸ) ਹਨ ਜੋ ਲੋਕਾਂ ਲਈ ਹਮੇਸ਼ਾ ਮੌਜੂਦ ਰਹਿਣਗੇ।' ਸ਼ਿਵ ਸੈਨਾ ਦੇ ਇਕ ਵਿਧਾਇਕ ਦੀ ਮੌਤ ਹੋਣ ਕਾਰਨ ਵਿਧਾਨ ਸਭਾ 'ਚ ਮੈਂਬਰਾਂ ਦੀ ਕੁੱਲ ਗਿਣਤੀ 287 ਰਹਿ ਗਈ ਹੈ ਜਿਸ ਕਾਰਨ ਬਹੁਮਤ ਦਾ ਅੰਕੜਾ 144 ਰਹਿ ਗਿਆ ਸੀ।

## ਰੂਸੀ ਫੌਜ ਵੱਲੋਂ ਲਿਸੀਚਾਂਸਕ 'ਤੇ ਕਬਜ਼ੇ ਦਾ ਦਾਅਵਾ

**ਕੀਵ:** ਰੂਸੀ ਰੱਖਿਆ ਮੰਤਰੀ ਅਤੇ ਫੌਜ ਨੇ ਯੂਕਰੇਨ ਦੇ ਲੁਹਾਂਸਕ ਸੂਬੇ ਦੇ ਅਹਿਮ ਸ਼ਹਿਰ ਲਿਸੀਚਾਂਸਕ 'ਤੇ ਕਬਜ਼ੇ ਦਾ ਦਾਅਵਾ ਕੀਤਾ ਹੈ। ਇਸ ਨਾਲ ਰੂਸ, ਯੂਕਰੇਨ ਦੇ ਡੋਨਬਾਸ ਖਿੱਤੇ 'ਤੇ ਕਬਜ਼ੇ ਦੇ ਆਪਣੇ ਮਿਸ਼ਨ 'ਚ ਕਾਮਯਾਬ ਹੋਣ ਨੇੜੇ ਪੁੱਜ ਗਿਆ ਹੈ।

ਰੂਸੀ ਖ਼ਬਰ ਏਜੰਸੀਆਂ ਮੁਤਾਬਕ ਰੱਖਿਆ ਮੰਤਰੀ ਸ਼ੇਰਗੇਈ ਸ਼ੋਇਗੂ ਨੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੂੰ ਦੱਸਿਆ ਕਿ ਰੂਸੀ ਫੌਜ ਨੇ ਸਥਾਨਕ ਵੱਖਵਾਦੀ ਗੁੱਟਾਂ ਨਾਲ ਮਿਲ ਕੇ ਲਿਸੀਚਾਂਸਕ ਸ਼ਹਿਰ 'ਤੇ ਕਬਜ਼ਾ ਕਰ ਲਿਆ ਹੈ। ਯੂਕਰੇਨੀ ਫੌਜ ਨੇ ਲਿਸੀਚਾਂਸਕ ਨੂੰ ਰੂਸ ਦੇ ਕਬਜ਼ੇ 'ਚ ਜਾਣ ਤੋਂ ਰੋਕਣ ਲਈ ਪੂਰੀ ਮਿਹਨਤ ਕੀਤੀ ਸੀ। ਓਲੈਕਸੀ ਆਰਸਟੋਵਿਚ ਨੇ ਆਨਲਾਈਨ ਇੰਟਰਵਿਊ 'ਚ ਕਿਹਾ ਕਿ ਰੂਸੀ ਫੌਜ ਦਰਿਆ ਨੂੰ ਪਾਰ ਕਰਕੇ ਲਿਸੀਚਾਂਸਕ 'ਚ ਦਾਖਲ ਹੋ ਚੁੱਕੀ ਹੈ। ਉਂਜ ਯੂਕਰੇਨ ਦੇ ਅਧਿਕਾਰੀਆਂ ਨੇ ਸ਼ਹਿਰ ਦੀ ਸਥਿਤੀ ਬਾਰੇ ਕੋਈ ਫੌਰੀ ਪ੍ਰਤੀਕਰਮ ਨਹੀਂ ਦਿੱਤਾ ਹੈ। ਲੁਹਾਂਸਕ ਦੇ ਗਵਰਨਰ ਨੇ ਕਿਹਾ ਕਿ ਰੂਸੀ ਫੌਜ ਵੱਲੋਂ ਸੂਬੇ ਦੇ ਆਖਰੀ ਗੜ੍ਹ ਨੂੰ ਕਬਜ਼ੇ 'ਚ ਲੈਣ ਲਈ ਆਪਣੀ ਸਥਿਤੀ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ। 'ਰੂਸੀ ਫੌਜ ਨੂੰ ਭਾਵੇਂ ਭਾਰੀ ਨੁਕਸਾਨ ਹੋਇਆ ਹੈ ਪਰ ਉਹ ਲਿਸੀਚਾਂਸਕ 'ਚ ਲਗਾਤਾਰ ਅੱਗੇ ਵਧਦੀ ਜਾ ਰਹੀ ਹੈ।' ਲਿਸੀਚਾਂਸਕ 'ਤੇ ਕਬਜ਼ੇ ਮਗਰੋਂ ਰੂਸੀ ਫੌਜ ਦਾ ਦੋਨੇਤਸਕ ਸੂਬੇ ਵੱਲ ਜਾਣ ਦਾ ਰਾਹ ਖੁੱਲ੍ਹ ਜਾਵੇਗਾ। ਰੂਸ ਦੇ ਕਬਜ਼ੇ ਵਾਲੇ ਮੇਲਿਟੋਪੋਲ ਦੇ ਜਲਾਵਤਨੀ ਮੇਅਰ ਨੇ ਦਾਅਵਾ ਕੀਤਾ ਕਿ ਯੂਕਰੇਨੀ ਰਾਕੇਟਾਂ ਨੇ ਰੂਸੀ ਫੌਜ ਦੇ ਚਾਰ ਟਿਕਾਣਿਆਂ 'ਚੋਂ ਇਕ ਨੂੰ ਤਬਾਹ ਕਰ ਦਿੱਤਾ ਹੈ।

# ਨੂਪੁਰ ਸ਼ਰਮਾ ਦੀ 'ਬੇਲਗਾਮ ਜ਼ਬਾਨ' ਨੇ ਪੂਰੇ ਦੇਸ਼ ਨੂੰ ਅੱਗ ਵਿਚ ਧੱਕ ਦਿੱਤਾ: ਸੁਪਰੀਮ ਕੋਰਟ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਪੈਗੰਬਰ ਮੁਹੰਮਦ ਬਾਰੇ ਵਿਵਾਦਿਤ ਟਿੱਪਣੀਆਂ ਕਰਨ ਵਾਲੀ ਮੁਅੱਤਲਸ਼ੁਦਾ ਭਾਜਪਾ ਆਗੂ ਨੂਪੁਰ ਸ਼ਰਮਾ ਦੀ ਝਾੜ-ਝੰਬ ਕਰਦਿਆਂ ਕਿਹਾ ਕਿ ਉਸ ਦੀ 'ਬੇਲਗਾਮ ਜ਼ਬਾਨ' ਨੇ 'ਪੂਰੇ ਦੇਸ਼ ਨੂੰ ਅੱਗ ਵਿਚ ਧੱਕ ਦਿੱਤਾ ਹੈ।' ਸੁਪਰੀਮ ਕੋਰਟ ਨੇ ਕਿਹਾ ਕਿ 'ਦੇਸ਼ ਵਿਚ ਜੋ ਕੁਝ ਹੋ ਰਿਹੈ, ਉਸ ਲਈ ਸਿਰਫ ਤੇ ਸਿਰਫ ਉਹੀ ਜ਼ਿੰਮੇਵਾਰ ਹੈ।' ਸੁਪਰੀਮ ਕੋਰਟ ਨੇ ਇਨ੍ਹਾਂ ਵਿਵਾਦਿਤ ਟਿੱਪਣੀਆਂ ਲਈ ਉਸ ਖਿਲਾਫ ਵੱਖ-ਵੱਖ ਰਾਜਾਂ ਵਿਚ ਦਰਜ ਐਫ.ਆਈ.ਆਰ'ਜ਼ ਨੂੰ ਇਕੱਠਿਆਂ ਕਰਨ ਦੀ ਸ਼ਰਮਾ ਦੀ ਅਰਜ਼ੀ 'ਤੇ ਸੁਣਵਾਈ ਤੋਂ ਨਾਂਹ ਕਰ ਦਿੱਤੀ।

ਬੈਂਚ ਨੇ ਹਾਲਾਂਕਿ ਸ਼ਰਮਾ ਨੂੰ ਪਟੀਸ਼ਨ ਵਾਪਸ ਲੈਣ ਦੀ ਖੁੱਲ੍ਹ ਦੇ ਦਿੱਤੀ। ਬੈਂਚ ਨੇ ਕਿਹਾ ਕਿ ਨੂਪੁਰ ਵੱਲੋਂ ਕੀਤੀਆਂ ਟਿੱਪਣੀਆਂ ਸਸਤੀ ਸ਼ੋਹਰਤ, ਸਿਆਸੀ ਏਜੰਡੇ ਜਾਂ ਫਿਰ ਨਾਪਾਕ ਸਰਗਰਮੀਆਂ ਲਈ ਕੀਤੀਆਂ ਹੋ ਸਕਦੀਆਂ ਹਨ। ਬੈਂਚ ਨੇ ਕਿਹਾ ਕਿ ਨੂਪੁਰ ਸ਼ਰਮਾ ਨੂੰ ਪੂਰੇ ਦੇਸ਼ ਤੋਂ ਮੁਆਫੀ ਮੰਗਣੀ ਚਾਹੀਦੀ ਹੈ। ਜਸਟਿਸ ਸੂਰਿਆ ਕਾਂਤ ਤੇ ਜਸਟਿਸ ਜੇ.ਬੀ.ਪਾਰਦੀਵਾਲਾ ਦੇ ਬੈਂਚ ਨੇ ਕਿਹਾ, "ਅਸਲ ਵਿਚ ਉਸ (ਨੂਪੁਰ ਸ਼ਰਮਾ) ਦੀ ਜ਼ੁਬਾਨ ਬੇਲਗਾਮ ਹੈ ਤੇ ਉਸ ਨੇ ਟੈਲੀਵਿਜ਼ਨ 'ਤੇ ਹਰ ਤਰ੍ਹਾਂ ਦੇ ਗੈਰਜ਼ਿੰਮੇਵਾਰਾਨਾ ਬਿਆਨ ਦਿੱਤੇ ਹਨ ਤੇ ਪੂਰੇ ਦੇਸ਼ ਨੂੰ ਅੱਗ ਵਿਚ ਝੋਕ ਦਿੱਤਾ ਹੈ। ਇਸ ਦੇ ਬਾਵਜੂਦ ਉਹ ਦਾਅਵਾ ਕਰਦੀ ਹੈ ਕਿ ਉਹ ਪਿਛਲੇ ਦਸ ਸਾਲਾਂ ਤੋਂ ਵਕੀਲ ਹੈ...ਉਸ ਨੂੰ ਆਪਣੀਆਂ ਵਿਵਾਦਿਤ ਟਿੱਪਣੀਆਂ ਬਾਰੇ ਫੌਰੀ ਪੂਰੇ ਦੇਸ਼ ਤੋਂ ਮੁਆਫੀ ਮੰਗਣੀ ਚਾਹੀਦੀ ਹੈ।" ਸ਼ਰਮਾ ਵੱਲੋਂ ਇਕ ਟੀਵੀ ਬਹਿਸ ਦੌਰਾਨ ਪੈਗੰਬਰ ਮੁਹੰਮਦ ਬਾਰੇ ਕੀਤੀਆਂ ਵਿਵਾਦਿਤ ਟਿੱਪਣੀਆਂ ਕਰਕੇ ਨਾ ਸਿਰਫ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਹਿੰਸਕ ਪ੍ਰਦਰਸ਼ਨ ਹੋਏ ਬਲਕਿ ਕਈ ਖਾੜੀ ਮੁਲਕਾਂ ਨੇ ਵੀ ਇਨ੍ਹਾਂ ਟਿੱਪਣੀਆਂ ਲਈ ਭਾਰਤ ਦੀ ਤਿੱਖੀ ਨੁਕਤਾਚੀਨੀ ਕੀਤੀ। ਇਸ ਮਗਰੋਂ ਭਾਜਪਾ ਨੇ ਸ਼ਰਮਾ ਨੂੰ ਪਾਰਟੀ 'ਚੋਂ ਹੀ ਮੁਅੱਤਲ ਕਰ ਦਿੱਤਾ।

ਬੈਂਚ ਨੇ ਕਿਹਾ, "ਟਿੱਪਣੀਆਂ ਪਰੇਸ਼ਾਨ ਕਰਨ ਵਾਲੀਆਂ ਹਨ ਤੇ ਇਸ ਵਿਚੋਂ ਹੰਕਾਰ



ਝਲਕਦਾ ਹੈ। ਅਜਿਹੀਆਂ ਟਿੱਪਣੀਆਂ ਕਰਨ ਦੀ ਕੀ ਤੁਕ ਹੈ? ਇਨ੍ਹਾਂ ਟਿੱਪਣੀਆਂ ਕਰਕੇ ਦੇਸ਼ ਵਿਚ ਕਈ ਮੰਦਭਾਗੀਆਂ ਘਟਨਾਵਾਂ ਵਾਪਰੀਆਂ... ਇਹ ਲੋਕ ਧਾਰਮਿਕ ਨਹੀਂ ਹਨ। ਉਹ ਦੂਜੇ ਧਰਮਾਂ ਦਾ ਸਤਿਕਾਰ ਕਰਨਾ ਨਹੀਂ ਜਾਣਦੇ। ਇਹ ਟਿੱਪਣੀਆਂ ਸਸਤੀ ਸ਼ੋਹਰਤ ਹਾਸਲ ਕਰਨ ਜਾਂ ਸਿਆਸੀ ਏਜੰਡੇ ਲਈ ਜਾਂ ਫਿਰ ਨਾਪਾਕ ਇਰਾਦਿਆਂ ਨਾਲ ਕੀਤੀਆਂ ਹੋ ਸਕਦੀਆਂ ਹਨ।" ਬੈਂਚ ਨੇ ਵੱਖ-ਵੱਖ ਰਾਜਾਂ ਵਿਚ ਦਰਜ ਕੇਸਾਂ ਨੂੰ ਇਕੱਠਿਆਂ ਕਰਨ ਨਾਲ ਜੁੜੀ ਸ਼ਰਮਾ ਦੀ ਅਪੀਲ 'ਤੇ ਸੁਣਵਾਈ ਤੋਂ ਨਾਂਹ ਕਰਦਿਆਂ ਪਟੀਸ਼ਨ ਵਾਪਸ ਲੈਣ ਦੀ ਖੁੱਲ੍ਹ ਦੇ ਦਿੱਤੀ। ਸ਼ਰਮਾ ਵੱਲੋਂ ਪੇਸ਼ ਵਕੀਲ ਮਨਿੰਦਰ ਸਿੰਘ ਨੇ ਜਦੋਂ ਅਦਾਲਤ ਨੂੰ ਦੱਸਿਆ ਕਿ ਉਸ ਦੀ ਮੁਵੱਕਿਲ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਮਿਲ ਰਹੀਆਂ ਹਨ, ਤਾਂ ਬੈਂਚ ਨੇ ਕਿਹਾ, "ਉਸ ਨੂੰ ਖਤਰਾ ਦਰਪੇਸ਼ ਹੈ ਜਾਂ ਫਿਰ ਉਹ ਖੁਦ ਸੁਰੱਖਿਆ ਲਈ ਵੰਗਾਰ ਬਣ ਗਈ ਹੈ? ਜਿਸ ਤਰ੍ਹਾਂ ਉਸ ਨੇ ਦੇਸ਼ ਭਰ ਵਿਚ ਭਾਵਨਾਵਾਂ ਨੂੰ ਤੀਲ ਲਾਈ ਹੈ...ਦੇਸ਼ ਵਿਚ ਜੋ ਕੁਝ ਹੋ ਰਿਹੈ, ਉਸ ਲਈ ਸਿਰਫ ਤੇ ਸਿਰਫ ਇਹੀ ਮਹਿਲਾ ਜ਼ਿੰਮੇਵਾਰ ਹੈ।" ਬੈਂਚ ਨੇ ਕਿਹਾ, "ਜਿਸ ਤਰੀਕੇ ਨਾਲ ਉਸ ਨੇ ਭਾਵਨਾਵਾਂ ਨੂੰ ਭੜਕਾਇਆ, ਪੂਰੇ ਦੇਸ਼ ਵਿਚ ਮੰਦਭਾਗੀ ਘਟਨਾਵਾਂ ਵਾਪਰੀਆਂ। ਦੇਸ਼ ਵਿਚ ਜੋ ਕੁਝ ਹੋ ਰਿਹੈ, ਉਸ ਲਈ ਇਹ ਇਕੱਲੀ ਹੀ ਜ਼ਿੰਮੇਵਾਰ ਹੈ। ਅਸੀਂ ਟੀਵੀ ਡਿਬੇਟ ਵੇਖੀ ਹੈ।"

## ਕੇਂਦਰ ਸਰਕਾਰ ਨੇ ਨਫਰਤ ਦਾ ਮਾਹੌਲ ਸਿਰਜਿਆ: ਰਾਹੁਲ

**ਵਾਇਨਾਡ (ਕੇਰਲਾ):** ਕਾਂਗਰਸ ਆਗੂ ਰਾਹੁਲ ਗਾਂਧੀ ਨੇ ਕੇਂਦਰ ਦੀ ਭਾਜਪਾ ਸਰਕਾਰ 'ਤੇ ਦੇਸ਼ ਵਿਚ 'ਗੁੱਸੇ ਤੇ ਨਫਰਤ ਦਾ ਮਹੌਲ' ਸਿਰਜਣ ਦਾ ਦੋਸ਼ ਲਾਇਆ ਹੈ। ਉਨ੍ਹਾਂ ਕਿਹਾ ਕਿ ਇਹ ਦੇਸ਼ ਅਤੇ ਇਥੋਂ ਦੇ ਲੋਕਾਂ ਦੇ ਹਿੱਤਾਂ ਖਿਲਾਫ ਹੈ। ਗਾਂਧੀ ਨੇ ਕਿਹਾ ਕਿ ਸਿਖਰਲੀ ਅਦਾਲਤ ਨੇ ਜੋ ਕੁਝ ਕਿਹਾ ਹੈ, ਉਹ ਸਭ ਸੱਚ ਹੈ, ਪਰ ਦੇਸ਼ ਵਿਚ ਜੋ ਅੱਜ ਮਾਹੌਲ ਬਣਿਆ ਹੈ, ਉਹ ਟਿੱਪਣੀਆਂ ਕਰਨ ਵਾਲੇ ਵਿਅਕਤੀ ਨੇ ਨਹੀਂ ਸਿਰਜਿਆ। ਉਨ੍ਹਾਂ ਕਿਹਾ ਕਿ ਇਹ ਮਹੌਲ ਕੇਂਦਰ ਦੀ ਐਨ.ਡੀ.ਏ. ਸਰਕਾਰ ਨੇ ਸਿਰਜਿਆ ਹੈ।

ਪੰਜਾਬ ਟਾਈਮਜ਼

ਸਨਿਚਰਵਾਰ, 9 ਜੁਲਾਈ 2022

# ਸੱਤਾਧਿਰ ਅਤੇ ਭਗਵੀ ਸਿਆਸਤ

ਹੈਦਰਾਬਾਦ ਵਿਚ ਭਾਰਤੀ ਜਨਤਾ ਪਾਰਟੀ ਦੀ ਕਾਰਜਕਾਰਨੀ ਦੀ ਮੀਟਿੰਗ ਦੌਰਾਨ ਸਭ ਕੁਝ ਸਪਸ਼ਟ ਕਰ ਦਿੱਤਾ ਗਿਆ ਹੈ। ਇਹ ਮੀਟਿੰਗ ਅਸਲ ਵਿਚ 2024 ਵਾਲੀਆਂ ਲੋਕ ਸਭਾ ਚੋਣਾਂ ਨੂੰ ਧਿਆਨ ਵਿਚ ਰੱਖ ਕੇ ਬੁਲਾਈ ਗਈ ਸੀ ਅਤੇ ਇਸ ਵਿਚ ਏਜੰਡੇ ਵੀ ਖਾਸ ਤੌਰ 'ਤੇ ਉਹੀ ਵਿਚਾਰੇ ਗਏ ਜਿਨ੍ਹਾਂ ਤੋਂ ਸਾਫ ਜ਼ਾਹਿਰ ਹੋ ਗਿਆ ਹੈ ਕਿ ਭਾਰਤੀ ਜਨਤਾ ਪਾਰਟੀ ਨੇ ਲੋਕ ਸਭਾ ਚੋਣਾਂ ਲਈ ਤਿਕੜਮਾਂ ਲੜਾਉਣੀਆਂ ਹੁਣ ਤੋਂ ਹੀ ਆਰੰਭ ਕਰ ਦਿੱਤੀਆਂ ਹਨ। ਪਾਰਟੀ ਕਾਰਕੁਨਾਂ ਅਤੇ ਆਗੂਆਂ ਨੂੰ ਕਹਿ ਦਿੱਤਾ ਗਿਆ ਹੈ ਕਿ ਉਹ ਹੇਠਾਂ ਤੱਕ ਜਾ ਕੇ ਲੋਕਾਂ ਨਾਲ ਜੁੜਨ ਤਾਂ ਕਿ ਅਗਲੇ ਕਈ ਦਹਾਕੇ ਸੱਤਾ ਵਿਚ ਰਿਹਾ ਜਾ ਸਕੇ। ਤਿਲੰਗਾਨਾ ਅਤੇ ਪੱਛਮੀ ਬੰਗਾਲ ਵਿਚੋਂ ਪਰਿਵਾਰਕ ਰਾਜ ਖਤਮ ਕਰਨ ਦੇ ਸੱਦੇ ਨਾਲ ਕਿਹਾ ਹੈ ਕਿ ਵੰਸ਼ਵਾਦ ਦੀ ਸਿਆਸਤ ਦੇਸ਼ ਲਈ ਸਭ ਤੋਂ ਖਤਰਨਾਕ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਾਰਟੀ ਦੀਆਂ ਜੜ੍ਹਾਂ ਮਜ਼ਬੂਤ ਕਰਨ ਲਈ ਲੋਕਾਂ ਨਾਲ ਜੁੜੇ ਰਹਿਣ ਅਤੇ ਤੁਸ਼ਟੀਕਰਨ ਦੇ ਮੁਕਾਬਲੇ ਤ੍ਰਿਪਤੀਕਰਨ ਵਾਸਤੇ ਕੰਮ ਕਰਨ ਦਾ ਸੱਦਾ ਦਿੱਤਾ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਤਾਂ ਇੱਥੋਂ ਤੱਕ ਕਿਹਾ ਹੈ ਕਿ ਭਾਜਪਾ ਅਗਲੇ 30-40 ਸਾਲ ਤੱਕ ਸੱਤਾ ਵਿਚ ਰਹੇਗੀ। ਜਿਨ੍ਹਾਂ ਰਾਜਾਂ ਵਿਚ ਭਾਜਪਾ ਦੀਆਂ ਸਰਕਾਰਾਂ ਨਹੀਂ ਹਨ, ਉਨ੍ਹਾਂ ਵਿਚ ਵੀ ਸੱਤਾ ਹਾਸਿਲ ਕਰਨ ਦੀ ਮਨਸ਼ਾ ਪ੍ਰਗਟਾਈ ਗਈ ਹੈ।

ਪਾਰਟੀ ਦੀ ਕੌਮੀ ਕਾਰਜਕਾਰਨੀ ਨੇ ਅਗਨੀਪਥ ਯੋਜਨਾ ਦੀ ਤਾਰੀਫ ਕੀਤੀ ਹੈ ਅਤੇ ਕੇਂਦਰ ਸਰਕਾਰ ਦੁਆਰਾ ਨੌਜਵਾਨਾਂ ਲਈ ਨੌਕਰੀਆਂ ਪੈਦਾ ਕਰਨ ਦੀ ਸ਼ਲਾਘਾ ਕੀਤੀ ਹੈ। ਮਹਿੰਗਾਈ ਤੋਂ ਪੱਲਾ ਝਾੜਦਿਆਂ ਭਾਜਪਾ ਦੇ ਬੁਲਾਰੇ ਨੇ ਕਿਹਾ ਕਿ ਆਰਥਿਕ ਸੰਕਟ ਕੇਵਲ ਭਾਰਤ ਲਈ ਨਹੀਂ ਬਲਕਿ ਰੂਸ-ਯੂਕਰੇਨ ਜੰਗ ਕਰਕੇ ਤੇਲ ਦੀਆਂ ਕੀਮਤਾਂ ਵਿਚ ਵਾਧਾ ਸੰਸਾਰਵਿਆਪੀ ਵਰਤਾਰਾ ਹੈ। ਅਗਨੀਪਥ ਯੋਜਨਾ ਨੂੰ ਲੈ ਕੇ ਦੇਸ਼ ਭਰ ਵਿਚ ਨੌਜਵਾਨ, ਸਿਆਸੀ ਧਿਰਾਂ ਅਤੇ ਬਹੁਤ ਸਾਰੇ ਸੇਵਾਮੁਕਤ ਫੌਜੀ ਅਫਸਰ ਵੀ ਵਿਰੋਧ ਜ਼ਾਹਿਰ ਕਰ ਚੁੱਕੇ ਹਨ। ਉਧਰ, ਇਹ ਪਾਰਟੀ ਸਭ ਖਾਮੀਆਂ ਦੇ ਬਾਵਜੂਦ ਲਗਾਤਾਰ ਜਿੱਤਾਂ ਪ੍ਰਾਪਤ ਕਰ ਰਹੀ ਹੈ। ਗਰੀਬੀ, ਬੇਰੁਜ਼ਗਾਰੀ ਅਤੇ ਪਛਾਣ ਦੇ ਬਹੁਤ ਸਾਰੇ ਮੁੱਦਿਆਂ ਦੇ ਬਾਵਜੂਦ ਭਾਜਪਾ ਦਾ ਲਗਾਤਾਰ ਜਿੱਤਦੇ ਜਾਣ ਪਿੱਛੇ ਵਿਰੋਧੀ ਧਿਰ ਦੀ ਲੋਕਾਂ ਤੋਂ ਦੂਰੀ ਅਤੇ ਸਿਆਸੀ ਤੌਰ ਉੱਤੇ ਸਪਸ਼ਟ ਏਜੰਡੇ ਦੀ ਕਮੀ ਮੰਨਿਆ ਜਾ ਰਿਹਾ ਹੈ। ਭਾਜਪਾ ਨੇ ਕਰਨਾਟਕ, ਮੱਧ ਪ੍ਰਦੇਸ਼ ਅਤੇ ਹਾਲ ਹੀ ਵਿਚ ਮਹਾਰਾਸ਼ਟਰ ਅੰਦਰ ਸ਼ਿਵ ਸੈਨਾ ਦੇ ਵਿਰੋਧੀ ਗੁੱਟ ਨਾਲ ਮਿਲ ਕੇ ਸਰਕਾਰ ਬਣਾਉਣ ਵਿਚ ਕਾਮਯਾਬੀ ਹਾਸਲ ਕੀਤੀ ਹੈ। ਮਹਾਰਾਸ਼ਟਰ ਵਿਚ ਊਧਵ ਠਾਕਰੇ ਦੇ ਸੱਤਾ ਤੋਂ ਬਾਹਰ ਹੋਣ ਪਿੱਛੋਂ ਸ਼ਿਵ ਸੈਨਾ ਦੇ ਦੋਵਾਂ ਧੜਿਆਂ 'ਚ ਬਾਲਾ ਸਾਹਿਬ ਠਾਕਰੇ ਦੀ ਵਿਰਾਸਤ ਅਤੇ ਅਸਲੀ ਸ਼ਿਵ ਸੈਨਾ ਹੋਣ ਬਾਰੇ ਯੁੱਧ ਸ਼ੁਰੂ ਹੋ ਗਿਆ ਹੈ। ਨਵੇਂ ਮੁੱਖ ਮੰਤਰੀ ਏਕਨਾਥ ਸ਼ਿੰਦੇ ਨੇ ਵਿਧਾਨ ਸਭਾ 'ਚ ਆਪਣੇ ਭਾਸ਼ਣ 'ਚ ਆਪਣੇ ਗਰੁੱਪ ਦੇ ਵਿਧਾਇਕਾਂ ਨੂੰ ਬਾਲਾ ਸਾਹਿਬ ਠਾਕਰੇ ਦੇ ਅਸਲੀ ਸ਼ਿਵ ਸੈਨਿਕ ਦੱਸਿਆ। ਉਸ ਅਨੁਸਾਰ, ਉਸ ਨੇ ਬਾਲਾ ਸਾਹਿਬ ਦੀ ਵਿਰਾਸਤ ਨੂੰ ਬਚਾਉਣ ਲਈ ਹੀ ਊਧਵ ਵਿਰੁੱਧ ਬਗਾਵਤ ਕੀਤੀ ਹੈ। ਉਸ ਅਨੁਸਾਰ ਊਧਵ ਨੇ ਕਾਂਗਰਸ ਅਤੇ ਨੈਸ਼ਨਲਿਸਟ ਕਾਂਗਰਸ ਪਾਰਟੀ (ਐੱਨ.ਸੀ.ਪੀ.) ਨਾਲ ਗੱਠਜੋੜ ਕਰ ਕੇ ਬਾਲਾ ਸਾਹਿਬ ਠਾਕਰੇ ਦੀ ਵਿਚਾਰਧਾਰਾ ਨਾਲ ਧਰੋਹ ਕੀਤਾ ਸੀ।

ਭਾਜਪਾ ਬਾਲਾ ਸਾਹਿਬ ਠਾਕਰੇ ਦੀ ਵਿਰਾਸਤ ਨਾਲ ਸਬੰਧਿਤ ਲੜਾਈ ਨੂੰ ਹੋਰ ਹਵਾ ਦੇਣਾ ਚਾਹੁੰਦੀ ਹੈ। ਪਾਰਟੀ ਨੂੰ ਸ਼ਿਵ ਸੈਨਾ ਦੇ ਟੁੱਟਣ ਨਾਲ ਵੱਡਾ ਸਿਆਸੀ ਫਾਇਦਾ ਹੋਇਆ ਹੈ। ਸ਼ਿਵ ਸੈਨਾ ਨਾਲ ਗੱਠਜੋੜ ਹੋਣ ਦੇ ਬਾਵਜੂਦ ਭਾਜਪਾ ਨੇ ਸ਼ਿਵ ਸੈਨਾ ਨੂੰ ਹਰ ਪੱਖ ਤੋਂ ਕਮਜ਼ੋਰ ਹੀ ਕੀਤਾ; ਇਸ ਤੋਂ ਪਹਿਲਾਂ ਵਾਲੀ ਭਾਜਪਾ-ਸ਼ਿਵ ਸੈਨਾ ਗੱਠਜੋੜ ਸਰਕਾਰ ਵਿਚ ਭਾਜਪਾ ਨੇ ਢਾਈ ਸਾਲਾਂ ਬਾਅਦ ਊਧਵ ਠਾਕਰੇ ਨੂੰ ਮੁੱਖ ਮੰਤਰੀ ਬਣਾਉਣ ਤੋਂ ਇਨਕਾਰ ਕਰ ਦਿੱਤਾ ਸੀ। ਬਾਲਾ ਸਾਹਿਬ ਠਾਕਰੇ ਦੀ ਵਿਚਾਰਧਾਰਾ ਅਤੇ ਵਿਰਾਸਤ ਬਾਰੇ ਸ਼ਾਬਦਿਕ ਯੁੱਧ ਵਿਚ ਏਕਨਾਥ ਸ਼ਿੰਦੇ ਦਾ ਸਾਥ ਦੇਣ ਦੇ ਬਾਵਜੂਦ ਭਾਜਪਾ ਚਾਹੁੰਦੀ ਹੈ ਕਿ ਸ਼ਿਵ ਸੈਨਾ ਦੇ ਦੋਵੇਂ ਧੜੇ ਕਮਜ਼ੋਰ ਹੋਣ। ਇਸ ਨੇ ਇਸੇ ਲਈ ਮੁੱਖ ਮੰਤਰੀ ਦੇ ਅਹੁਦੇ ਲਈ ਆਪਣੀ ਦਾਅਵੇਦਾਰੀ ਛੱਡ ਕੇ ਏਕਨਾਥ ਸ਼ਿੰਦੇ ਨੂੰ ਮੁੱਖ ਮੰਤਰੀ ਬਣਾਇਆ ਹੈ। ਦੋਵਾਂ ਧੜਿਆਂ ਦੇ ਅਸਲੀ ਸ਼ਿਵ ਸੈਨਾ ਹੋਣ ਦੇ ਦਾਅਵਿਆਂ ਵਿਚ ਕਈ ਤਰ੍ਹਾਂ ਦੀਆਂ ਕਾਨੂੰਨੀ ਪੇਚੀਦਗੀਆਂ ਹਨ। ਕਾਨੂੰਨੀ ਮਾਹਿਰਾਂ ਅਨੁਸਾਰ ਏਕਨਾਥ ਸ਼ਿੰਦੇ ਨੂੰ ਆਪਣੇ ਧੜੇ ਨੂੰ ਅਸਲੀ ਸ਼ਿਵ ਸੈਨਾ ਸਿੱਧ ਕਰਨ ਲਈ ਦੋ-ਤਿਹਾਈ ਵਿਧਾਇਕਾਂ ਦੇ ਨਾਲ-ਨਾਲ, ਸੰਸਦ ਮੈਂਬਰਾਂ ਅਤੇ ਪਾਰਟੀ ਨਾਲ ਜੁੜੇ ਹੋਰ ਸੰਗਠਨਾਂ (ਜਿਵੇਂ ਨੌਜਵਾਨ, ਟਰੇਡ ਯੂਨੀਅਨਾਂ, ਮਹਿਲਾ ਵਿੰਗ ਆਦਿ) ਦੇ ਆਗੂਆਂ ਦੀ ਬਹੁਸੰਮਤੀ ਦੀ ਹਮਾਇਤ ਦੀ ਵੀ ਜ਼ਰੂਰਤ ਹੈ। ਇਹ ਫੈਸਲਾ ਚੋਣ ਕਮਿਸ਼ਨ ਨੇ ਕਰਨਾ ਹੈ ਕਿ ਕਿਹੜਾ ਗਰੁੱਪ ਅਸਲੀ ਸ਼ਿਵ ਸੈਨਾ ਹੈ। ਕੁਝ ਹੋਰ ਮਾਹਿਰਾਂ ਅਨੁਸਾਰ ਜਦੋਂ ਸਾਰੇ ਫੈਸਲੇ ਏਕਨਾਥ ਸ਼ਿੰਦੇ ਦੇ ਹੱਕ ਵਿਚ ਹੋਏ ਹਨ ਤਾਂ ਇਹ ਫੈਸਲਾ ਵੀ ਉਸ ਦੇ ਹੱਕ ਵਿਚ ਹੀ ਹੋਵੇਗਾ। ਇਸ ਸਬੰਧ ਵਿਚ ਮਹਾਰਾਸ਼ਟਰ ਦੇ ਰਾਜਪਾਲ ਵੱਲੋਂ ਵਿਧਾਨ ਸਭਾ ਦੇ ਸਪੀਕਰ ਦੀ ਚੋਣ ਕਰਾਉਣ ਬਾਰੇ ਦਿਸ਼ਾ-ਨਿਰਦੇਸ਼ ਦੇਣ ਦੀ ਮਿਸਾਲ ਦਿੱਤੀ ਜਾ ਰਹੀ ਹੈ। ਸਪਸ਼ਟ ਹੈ ਕਿ ਸਿਆਸੀ ਨੈਤਿਕਤਾ ਨੂੰ ਤਿਲਾਂਜਲੀ ਦੇ ਦਿੱਤੀ ਗਈ ਹੈ ਅਤੇ ਸੰਵਿਧਾਨਕ ਅਹੁਦਿਆਂ ਨੂੰ ਸਿਆਸੀ ਮਕਸਦਾਂ ਲਈ ਵਰਤਿਆ ਜਾ ਰਿਹਾ ਹੈ। ਇਸ ਨਾਲ ਭਾਜਪਾ ਵਿਰੋਧੀ ਮੁਹਾਜ਼ ਬਣਾਉਣ ਦਾ ਇਕ ਹੋਰ ਤਜਰਬਾ ਖਤਮ ਹੋ ਗਿਆ ਹੈ। ਭਾਜਪਾ ਅਸਲੀ ਸ਼ਕਤੀ ਵਾਲੀ ਸਿਆਸੀ ਧਿਰ ਬਣ ਕੇ ਉੱਭਰ ਰਹੀ ਹੈ ਜਦੋਂਕਿ ਵਿਰੋਧੀ ਪਾਰਟੀਆਂ ਖੇਰੂੰ-ਖੇਰੂੰ ਹੋ ਰਹੀਆਂ ਹਨ। ਮੁੱਖ ਵਿਰੋਧੀ ਵਜੋਂ ਵਿਚਰਦੀ ਕਾਂਗਰਸ ਦਾ ਹਾਲ ਬੇਹੱਦ ਮਾੜਾ ਹੈ। ਸੋਚਣ ਵਾਲੇ ਲੋਕਾਂ ਨੂੰ ਕੁਝ ਆਸ ਖੇਤਰੀ ਪਾਰਟੀਆਂ 'ਤੇ ਹੈ ਪਰ ਭਾਰਤੀ ਜਨਤਾ ਪਾਰਟੀ ਸਿਆਸਤ ਦਾ ਇਹ ਗੜ੍ਹ ਵੀ ਤੋੜ ਦੇਣਾ ਚਾਹੁੰਦੀ ਹੈ। ਇਸੇ ਕਰਕੇ ਖੇਤਰੀ ਪਾਰਟੀਆਂ ਨੂੰ ਹੁਣ ਆਪੋ-ਆਪਣੀ ਪਛਾਣ ਬਰਕਰਾਰ ਰੱਖ ਕੇ ਆਪਣੀ ਸਿਆਸਤ ਉਲੀਕਣੀ ਚਾਹੀਦੀ ਹੈ ਅਤੇ ਜਿੰਨਾ ਸੰਭਵ ਹੋ ਸਕੇ, ਏਕਾ ਕਾਇਮ ਕਰਕੇ ਭਾਰਤੀ ਜਨਤਾ ਪਾਰਟੀ ਨੂੰ ਟੱਕਰ ਦੇਣੀ ਚਾਹੀਦੀ ਹੈ। ਇਸ ਤੋਂ ਬਿਨਾਂ ਹੁਣ ਹੋਰ ਕੋਈ ਚਾਰਾ ਬਾਕੀ ਨਹੀਂ ਬਚਿਆ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ...ਵੋਟ ਏਦਾਂ ਪਾਉਨੇ ਆਂ !

ਸੱਤਾ ਦਿੰਦੇ ਰਹੇ ਨੀਲਿਆਂ ਚਿੱਟਿਆਂ ਨੂੰ, ਰਲ਼ ਕੇ ਲਿਆ ਪੰਜਾਬ ਨੂੰ ਭੋਟ ਯਾਰੋ।
ਪਹਿਲਾਂ ਜਾਣੀਏਂ ਪਾਰਟੀ ਸ਼ੁੱਧ ਸੋਨਾ, ਫੇਰ ਲੱਭੀਏ 'ਅੰਦਰਲੇ' ਖੋਟ ਯਾਰੋ।
ਆ ਕੇ ਜੋਸ਼ ਵਿਚ ਹੋਸ਼ ਨੂੰ ਰੱਖ ਪਾਸੇ, ਲਾ ਦੇਈਏ 'ਨਗਾਰੇ' 'ਤੇ ਚੋਟ ਯਾਰੋ।
ਸਾਡੀ ਅਣਖ ਸਿਆਣਪ ਦੀ ਕਰੇ ਸੋਭਾ, ਜਿਹਦਾ ਕੰਮ ਆ ਜਾਂਦਾ ਏ 'ਲੋਟ' ਯਾਰੋ।
ਕਾਹਲ਼ੀ ਏਨੀ ਕਿ ਨਹੀਂ ਉਡੀਕ ਹੁੰਦੀ, ਚਾਹੀਏ ਰੱਖਣਾ ਕੋਲ਼ 'ਰਿਮੋਟ' ਯਾਰੋ।
ਗੱਫਾ ਕਿਸੇ ਨੂੰ ਮਾਰੀ ਦਾ ਕਿਸੇ ਧੱਫਾ, ਪਾਉਣੀ ਹੁੰਦੀ ਐ ਗੁੱਸੇ 'ਚ ਵੋਟ ਯਾਰੋ।

# ਭਾਰਤ ਦੇ ਸਿਆਸੀ ਘਟਨਾਕ੍ਰਮ ਅਤੇ ਚੋਣ ਪ੍ਰਣਾਲੀ

*ਪੰਜਾਬ ਦੇ ਸਭ ਤੋਂ ਵੱਧ ਗੰਭੀਰ ਅਤੇ ਲੋਕਾਂ ਨਾਲ ਜੁੜੇ ਮੁੱਦੇ ਨਸ਼ੇ, ਪਰਵਾਸ ਤੇ ਬੇਰੁਜ਼ਗਾਰੀ ਹਨ ਪਰ ਇਸ ਇਜਲਾਸ ਦੌਰਾਨ ਤਿੰਨਾਂ ਹੀ ਮੁੱਦਿਆਂ 'ਤੇ ਕੋਈ ਠੋਸ ਨੀਤੀ ਤਾਂ ਕੀ ਰੱਖਣੀ ਸੀ ਬਲਕਿ ਚਰਚਾ ਕਰਨੀ ਵੀ ਵਾਜਬ ਨਹੀਂ ਸਮਝੀ ਗਈ। ਇਜਲਾਸ ਦੌਰਾਨ ਕੁਝ ਵਿਧਾਇਕਾਂ ਵੱਲੋਂ ਨਸ਼ਿਆਂ ਦੇ ਫੈਲਾਅ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮੁੱਦੇ ਉਠਾਉਣ ਦੀ ਕੋਸ਼ਿਸ਼ ਵੀ ਕੀਤੀ ਗਈ ਪਰ ਇਸ ਬਾਰੇ ਸਪੀਕਰ/ਸਰਕਾਰ ਵੱਲੋਂ ਬਹਿਸ ਦੀ ਮੰਗ ਸਵੀਕਾਰ ਨਹੀਂ ਕੀਤੀ ਗਈ।*



ਨਵਕਿਰਨ ਸਿੰਘ ਪੱਤੀ
ਈਮੇਲ: n4navkiran@gmail. com

ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ ਕਹੇ ਜਾਂਦੇ ਭਾਰਤ 'ਚ ਪਿਛਲੇ ਇੱਕ ਹਫਤੇ ਦੌਰਾਨ ਵਾਪਰੇ ਸਿਆਸੀ ਘਟਨਾਕ੍ਰਮ ਇੱਥੋਂ ਦੀ ਚੋਣ ਪ੍ਰਣਾਲੀ ਦਾ ਦੀਵਾਲੀਆਪਣ ਸਿੱਧ ਕਰਦੇ ਹਨ। ਕਿਤਾਬਾਂ ਵਿਚ ਪੜ੍ਹਾਇਆ ਜਾਂਦਾ ਹੈ ਕਿ ਇੱਥੇ 'ਲੋਕਾਂ ਦੀ, ਲੋਕਾਂ ਲਈ, ਲੋਕਾਂ ਦੁਆਰਾ' ਚੁਣੀ ਸਰਕਾਰ ਕੰਮ ਕਰਦੀ ਹੈ ਜਦਕਿ ਉਸ ਦੀ ਹਕੀਕਤ ਮਹਾਰਾਸ਼ਟਰ ਦੇ ਸਿਆਸੀ ਘਟਨਾਕ੍ਰਮ ਤੋਂ ਇਹ ਬਣਦੀ ਹੈ ਕਿ ਇਹ ਚੰਦ ਲੋਕਾਂ ਦੇ ਹੱਥਾਂ ਦੀ ਮੈਨੇਜਮੈਂਟ ਹੈ ਜਿਸ ਵਿਚ ਲੋਕ ਤੇ ਲੋਕ ਰਾਇ ਬਿਲਕੁੱਲ ਮਨਫੀ ਹੈ। ਇਸ ਚੋਣ ਪ੍ਰਣਾਲੀ ਵਿਚ ਵੋਟਾਂ ਤੋਂ ਪਹਿਲਾਂ ਪ੍ਰਸ਼ਾਂਤ ਕਿਸ਼ੋਰ ਵਰਗੇ 'ਸਿਆਸੀ ਵਪਾਰੀ' ਲੋਕਾਂ ਦੇ ਜਜ਼ਬਾਤ ਨੂੰ ਕਿਸੇ ਸਿਆਸੀ ਧਿਰ ਦੇ ਹੱਕ ਵਿਚ ਭਗਤਾਉਣ ਦਾ ਕੰਮ ਕਰਦੇ ਹਨ ਤੇ ਵੋਟਾਂ ਤੋਂ ਬਾਅਦ ਲੋਕ ਰਾਇ ਦੇ ਉਲਟ ਜੋੜ-ਤੋੜ ਹੁੰਦੇ ਹਨ।

ਸਿਆਸੀ ਪੱਖੋਂ ਮਹਾਰਾਸ਼ਟਰ ਭਾਰਤ ਦਾ ਅਹਿਮ ਸੂਬਾ ਹੈ ਜਿਸ ਨਾਲ ਪੂਰੀ ਬਾਲੀਵੁੱਡ ਇੰਡਸਟਰੀ ਜੁੜੀ ਹੋਈ ਹੈ। ਭਾਰਤੀ ਜਨਤਾ ਪਾਰਟੀ ਨੂੰ ਮਹਾਰਾਸ਼ਟਰ ਵਿਚ ਵਿਰੋਧੀ ਧਿਰ ਦੀ ਸਰਕਾਰ ਕਾਫੀ ਚੁੱਭ ਰਹੀ ਸੀ ਇਸੇ ਕਰਕੇ ਭਾਜਪਾ ਨੇ ਮਹਾਰਾਸ਼ਟਰ ਦੀ ਸ਼ਿਵ ਸੈਨਾ-ਐਨ.ਸੀ.ਪੀ. ਅਤੇ ਕਾਂਗਰਸ ਦੇ ਗੱਠਜੋੜ ਵਾਲੀ ਮਹਾ ਵਿਕਾਸ ਅਗਾੜੀ ਸਰਕਾਰ ਨੂੰ ਸੁੱਟਣ ਲਈ ਹਰ ਹਰਬਾ ਵਰਤਿਆ ਹੈ। ਭਾਜਪਾ ਨੇ ਪਿਛਲੇ ਮਹੀਨਿਆਂ ਦੌਰਾਨ ਕੇਂਦਰੀ ਏਜੰਸੀਆਂ ਈ.ਡੀ., ਸੀ.ਬੀ.ਆਈ., ਐਨ.ਆਈ.ਏ. ਦੀ ਆਪਣੇ ਸਿਆਸੀ ਵਿਰੋਧੀਆਂ ਖਿਲਾਫ ਰੱਜ ਕੇ ਵਰਤੋਂ ਕੀਤੀ ਹੈ। ਕੇਂਦਰੀ ਹਕੂਮਤ ਨੇ 'ਬਾਇ ਹੁੱਕ ਔਰ ਬਾਇ ਕਰੁੱਕ' ਤਹਿਤ ਜਿਹੜਾ ਡਰ ਕੇ ਨਾਲ ਆ ਗਿਆ, ਉਹ ਵੀ ਚੰਗਾ ਤੇ ਜਿਹੜਾ ਲਾਲਚ ਨਾਲ ਆ ਗਿਆ ਉਹ ਉਸ ਤੋਂ ਵੀ ਚੰਗਾ ਦੀ ਨੀਤੀ ਅਪਣਾਈ ਹੈ। ਸ਼ਿਵ ਸੈਨਾ ਦੇ ਬਾਗੀ ਮੰਤਰੀ ਏਕਨਾਥ ਸ਼ਿੰਦੇ ਸਮੇਤ ਵਿਧਾਇਕਾਂ ਨੂੰ ਜਿਸ ਤਰ੍ਹਾਂ ਗੁਜਰਾਤ, ਹੜ੍ਹਾਂ ਮਾਰੇ ਅਸਾਮ ਤੇ ਗੋਆ 'ਚ ਸਖਤ ਸੁਰੱਖਿਆ ਪਹਿਰੇ ਹੇਠ 'ਬੰਦ' ਰੱਖਿਆ ਗਿਆ, ਉਸ ਤੋਂ ਸਵਾਲ ਉਪਜਣਾ ਸੁਭਾਵਿਕ ਹੈ ਕਿ ਕੀ ਇਹ ਵਿਧਾਇਕ ਲੋਕਾਂ ਦੇ ਨੁਮਾਇੰਦੇ ਹਨ? ਦਰਅਸਲ, ਭਾਜਪਾ ਵੱਲੋਂ ਪਿਛਲੇ ਸਮੇਂ 'ਕਾਂਗਰਸ ਮੁਕਤ ਭਾਰਤ' ਦੇ ਦਿੱਤੇ ਨਾਅਰੇ ਦਾ ਦਾਇਰਾ ਹੋਰ ਵਿਸ਼ਾਲ ਕਰਦਿਆਂ 'ਵਿਰੋਧੀ ਧਿਰਾਂ ਮੁਕਤ ਭਾਰਤ' ਦੇ ਰੂਪ ਵਿਚ ਲਾਗੂ ਕੀਤਾ ਜਾ ਰਿਹਾ ਹੈ।

ਭਾਜਪਾ ਵਾਂਗ ਸ਼ਿਵ ਸੈਨਾ ਦੀ ਹੁਣ ਤੱਕ ਦੀ ਸਿਆਸਤ ਵੀ ਭਾਵੇਂ ਫਿਰਕੂ ਰੰਗਤ ਵਾਲੀ ਰਹੀ ਹੈ ਤੇ ਦੋਵਾਂ ਨੇ ਲੰਘੀਆਂ ਵਿਧਾਨ ਸਭਾ ਚੋਣਾਂ ਇਕੱਠਿਆਂ ਲੜੀਆਂ ਸਨ ਪਰ ਪਿਛਲੇ ਢਾਈ ਸਾਲ ਦੌਰਾਨ ਮਹਾਰਾਸ਼ਟਰ ਵਿਚ ਹਾਕਮ ਜਮਾਤੀ ਪਾਰਟੀਆਂ ਵੱਲੋਂ ਖੇਡੀ ਖੇਡ ਇਹ ਸਾਬਤ ਕਰਦੀ ਹੈ ਕਿ ਸਰਕਾਰਾਂ ਲੋਕ ਚੋਣਾਂ ਰਾਹੀਂ ਨਹੀਂ ਬਣਾਉਂਦੇ ਬਲਕਿ ਅੰਕੜਿਆਂ ਦੀ ਮੈਨੇਜਮੈਂਟ ਨਾਲ ਪਰਦੇ ਪਿਛਲੇ ਖਿਡਾਰੀ ਬਣਾਉਂਦੇ ਹਨ ਕਿਉਂਕਿ ਮਹਾਰਾਸ਼ਟਰ ਚੋਣਾਂ ਤੋਂ ਪਹਿਲਾਂ ਵੋਟਰਾਂ ਨੇ ਕਦੇ ਕਿਆਸਿਆ ਨਹੀਂ ਹੋਵੇਗਾ ਕਿ ਸ਼ਿਵ ਸੈਨਾ ਵੱਲੋਂ ਕਾਂਗਰਸ ਜਾਂ ਐਨ.ਸੀ.ਪੀ. ਨਾਲ ਸਾਂਝੀ ਸਰਕਾਰ ਵੀ ਬਣਾਈ ਜਾ ਸਕਦੀ ਹੈ ਤੇ ਨਾ ਹੀ ਮੌਜੂਦਾ ਗੱਠਜੋੜ ਬਾਰੇ ਸੋਚਿਆ ਹੋਵੇਗਾ। 288 ਸੀਟਾਂ ਵਾਲੀ ਮਹਾਰਸ਼ਟਰ ਵਿਧਾਨ ਸਭਾ ਵਿਚ ਸ਼ਿਵ ਸੈਨਾ ਦੇ 55, ਐਨ.ਸੀ.ਪੀ. ਦੇ 53 ਅਤੇ ਕਾਂਗਰਸ ਦੇ 44 ਜਦਕਿ 13 ਆਜ਼ਾਦ ਵਿਧਾਇਕ ਹਨ ਤੇ ਲੋਕ ਭਾਵਨਾਵਾਂ ਦੇ ਉਲਟ ਸ਼ਤਰੰਜ ਵਾਂਗ ਅੰਕੜਿਆਂ ਨਾਲ ਖੇਡਿਆ ਗਿਆ ਹੈ। ਇਸ ਪੂਰੇ ਘਟਨਾਕ੍ਰਮ ਦੌਰਾਨ ਭਾਜਪਾ ਦਾ ਸਿਆਸਤ ਕਰਨ ਦਾ ਢੰਗ ਨਾਦਰਸ਼ਾਹੀ ਤੇ ਸਿਰੇ ਦਾ ਗੈਰ-ਜਮਹੂਰੀ ਹੈ।

ਚੋਣ ਪ੍ਰਣਾਲੀ ਦੀ ਅਸਲੀਅਤ ਪਿਛਲੇ ਦਿਨੀਂ ਸੰਗਰੂਰ ਲੋਕ ਸਭਾ ਜ਼ਿਮਨੀ ਚੋਣ ਦੌਰਾਨ ਵੀ ਸਾਹਮਣੇ ਆਈ ਜਦ ਮਹਿਜ਼ 45.30 ਫੀਸਦ ਲੋਕ ਵੋਟ ਪਾਉਣ ਗਏ। ਜਿਸ ਚੋਣ ਪ੍ਰਣਾਲੀ ਵਿਚ 50 ਫੀਸਦ ਤੋਂ ਵੱਧ ਵੋਟਰ ਹਿੱਸਾ ਹੀ ਨਾ ਲੈਣ, ਉਸ ਨੂੰ ਜਮਹੂਰੀ ਚੋਣ ਪ੍ਰਕਿਰਿਆ ਕਿਵੇਂ ਕਿਹਾ ਜਾ ਸਕਦਾ ਹੈ? ਖੈਰ, ਪਿਛਲੇ ਸਮੇਂ ਤੋਂ ਇਹ ਸਵਾਲ ਵੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ ਕਿ ਚੋਣਾਂ ਦੌਰਾਨ ਲੋਕਾਂ ਨੂੰ ਝੂਠੇ ਸਬਜ਼ਬਾਗ ਵਿਖਾ ਕੇ ਵੋਟਾਂ ਵਟੋਰ ਲਈਆਂ ਜਾਂਦੀਆ ਹਨ ਤੇ ਬਾਅਦ ਵਿਚ ਚੋਣ ਲੋਕਾਂ ਦੇ ਮਸਲਿਆਂ ਨੂੰ ਤਿਲਾਂਜਲੀ ਦੇ ਦਿੱਤੀ ਜਾਂਦੀ ਹੈ।



ਭਲੇ ਵੇਲਿਆਂ ਦੀ ਗੱਲ: ਊਧਵ ਠਾਕਰੇ ਅਤੇ ਏਕਨਾਥ ਸ਼ਿੰਦੇ।

ਇਸੇ ਹਫਤੇ ਹੋਏ ਪੰਜਾਬ ਵਿਧਾਨ ਸਭਾ ਇਜਲਾਸ ਵਿਚ ਆਮ ਆਦਮੀ ਪਾਰਟੀ ਨੇ ਇਸ ਚੋਣ ਪ੍ਰਣਾਲੀ ਦਾ ਰੱਜ ਕੇ ਜਲੂਸ ਕੱਢਿਆ ਹੈ, ਪਿਛਲੀ ਸਰਕਾਰ ਸਮੇਂ ਲੰਮੇ ਇਜਲਾਸ ਦੀ ਮੰਗ ਕਰਦੀ ਰਹੀ 'ਆਪ' ਨੇ ਮਹਿਜ਼ ਇੱਕ ਹਫਤੇ ਦਾ ਇਜਲਾਸ ਸੱਦਿਆ ਤੇ ਸ਼ੁਰੂ ਵਿਚ ਹਰਾ ਪੈੱਨ ਚਲਾਉਣ ਦਾ ਦਾਅਵਾ ਕਰਨ ਵਾਲੇ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਇਜਲਾਸ ਦੌਰਾਨ ਹਰੇ ਪੈੱਨ ਦੀ ਵਰਤੋਂ ਘੱਟ ਕੀਤੀ ਨਜ਼ਰ ਪੈਂਦੀ ਹੈ। ਪੰਜਾਬ ਵਿਧਾਨ ਸਭਾ ਦੇ ਪਲੇਠੇ ਇਜਲਾਸ ਤੋਂ ਲੋਕਾਂ ਨੂੰ ਬਹੁਤ ਉਮੀਦਾਂ ਸਨ ਤੇ ਲੋਕਾਂ ਨੂੰ ਲੱਗਦਾ ਸੀ ਕਿ ਲੋਕ ਮਸਲਿਆਂ 'ਤੇ ਚਰਚਾ ਹੋਵੇਗੀ ਪਰ ਇਹ ਇਜਲਾਸ ਘੱਟ ਲੱਗਦਾ ਸੀ ਬਲਕਿ ਕੋਈ 'ਲਾਈਵ ਸ਼ੋਅ' ਵੱਧ ਲੱਗਦਾ ਸੀ ਕਿਸੇ ਵੀ ਮਸਲੇ 'ਤੇ ਸੰਜੀਦਗੀ ਨਾਲ ਬਹਿਸ ਕਰਨ ਦੀ ਥਾਂ ਦੂਜੇ ਨੂੰ ਨੀਵਾਂ ਵਿਖਾਉਣ ਦੀ ਭਾਵਨਾ ਜ਼ਿਆਦਾ ਮਹਿਸੂਸ ਹੁੰਦੀ ਸੀ।

ਸਿਤਮਜ਼ਰੀਫੀ ਇਹ ਹੈ ਕਿ ਇਜਲਾਸ ਦੌਰਾਨ ਚੋਣਾਂ ਸਮੇਂ ਕੀਤੇ ਵਾਅਦੇ ਅਨੁਸਾਰ ਔਰਤਾਂ ਨੂੰ ਇਕ ਹਜ਼ਾਰ ਰੁਪਏ ਮਹੀਨਾ ਦੇਣ ਦੇ ਵਾਅਦੇ 'ਤੇ ਕੋਈ ਵਿਚਾਰ ਨਹੀਂ ਕੀਤਾ ਗਿਆ। ਵਿੱਤ ਮੰਤਰੀ ਹਰਪਾਲ ਚੀਮਾ ਵੱਲੋਂ ਪੇਸ਼ ਬਜਟ 'ਚ ਇਸ ਵਰ੍ਹੇ ਖਰਚੇ ਦਾ ਅਨੁਮਾਨ 1 ਲੱਖ 55 ਹਜ਼ਾਰ 860 ਕਰੋੜ ਰੁਪਏ ਹੈ ਤੇ ਇਸ ਸਾਲ ਸਰਕਾਰ ਨੂੰ 10 ਤੋਂ 15 ਹਜ਼ਾਰ ਕਰੋੜ ਰੁਪਏ ਦਾ ਘਾਟਾ ਪੈ ਰਿਹਾ ਹੈ। ਪ੍ਰਚਲਿਤ ਕਹਾਵਤ ਹੈ ਕਿ 'ਜਿਹੜੇ ਰੋਗ ਨਾਲ ਮਰਗੀ ਬੱਕਰੀ, ਉਹੀ ਰੋਗ ਪਠੋਰੇ ਨੂੰ'; ਇਹੀ ਤਾਂ ਪਿਛਲੇ ਦਹਾਕਿਆਂ ਤੋਂ ਸਮੱਸਿਆ ਚੱਲ ਰਹੀ ਹੈ ਕਿ ਪੰਜਾਬ ਦਾ ਬਜਟ ਘਾਟੇ ਦਾ ਹੁੰਦਾ ਹੈ। ਪੰਜਾਬ ਇਸ ਸਮੇਂ ਚੋਣਾਂ ਸਮੇਂ ਆਮ ਆਦਮੀ ਪਾਰਟੀ ਦੇ ਆਗੂ ਦਾਅਵਾ ਕਰਦੇ ਸਨ ਕਿ ਉਹਨਾਂ ਦੀ ਸਰਕਾਰ ਬਣਨ 'ਤੇ ਪੰਜਾਬ ਨੂੰ ਪੈਰਾਂ ਸਿਰ ਕਰ ਦਿੱਤਾ ਜਾਵੇਗਾ ਪਰ ਇਸ ਬਜਟ ਇਜਲਾਸ ਦੌਰਾਨ ਅਜਿਹਾ ਕੋਈ ਖਾਕਾ ਜਾਂ ਨੀਤੀ ਨਜ਼ਰ ਨਹੀਂ ਪਈ ਜਿਸ ਤੋਂ ਕੋਈ ਪੰਜਾਬ ਪੱਖੀ ਵੱਡੀ ਤਬਦੀਲੀ ਦਾ ਸੰਕੇਤ ਮਿਲਦਾ ਹੋਵੇ। ਪੰਜਾਬ ਸਰਕਾਰ ਵੱਲੋਂ ਮਾਲੀਆ ਵਧਾਉਣ ਲਈ ਕਿਸੇ ਵੱਡੀ ਰਣਨੀਤੀ ਦਾ ਸੰਕੇਤ ਨਹੀਂ ਦਿੱਤਾ ਗਿਆ ਸਗੋਂ ਜੀ.ਐਸ.ਟੀ. ਰਾਹੀਂ ਕੇਂਦਰ ਤੋਂ ਮਿਲਣ ਵਾਲੇ 14 ਹਜ਼ਾਰ ਕਰੋੜ ਰੁਪਏ ਇਸ ਸਾਲ ਤੋਂ ਮਿਲਣੇ ਬੰਦ ਹੋ ਜਾਣਗੇ। ਇਹ ਨਹੀਂ ਹੈ ਕਿ ਪੰਜਾਬ ਦੀ ਵਿਕਾਸ ਦਰ ਹਮੇਸ਼ਾ ਤੋਂ ਥੱਲੇ ਰਹੀ ਹੈ ਬਲਕਿ ਪੰਜਾਬ ਦੀ ਵਿਕਾਸ ਦਰ 1970 ਤੋਂ 1990 ਤੱਕ ਲਗਾਤਾਰ ਵਧਦੀ ਰਹੀ ਹੈ ਤੇ 1992 ਤੋਂ ਬਾਅਦ ਨਿਵਾਣ ਵੱਲ ਗਈ ਹੈ ਤੇ ਅੱਜ ਤਿੰਨ ਲੱਖ ਕਰੋੜ ਤੋਂ ਵੱਧ ਦੇ ਕਰਜ਼ੇ ਹੇਠ ਦੱਬੇ ਪੰਜਾਬ ਲਈ ਨਵੀਂ ਸਰਕਾਰ ਦਾ ਪਲੇਠਾ ਬਜਟ ਸੈਸ਼ਨ ਕੋਈ ਮਾਅਰਕਾ ਮਾਰਦਾ ਨਜ਼ਰ ਨਹੀਂ ਆਇਆ।

ਸਰਕਾਰ ਵੱਲੋਂ ਤਿੰਨ ਮਹੀਨੇ ਲਗਾ ਕੇ ਬਣਾਈ ਗਈ ਆਬਕਾਰੀ ਨੀਤੀ ਸਵਾਲਾਂ ਦੇ ਘੇਰੇ ਵਿਚ ਅਦਾਲਤੀ ਚੱਕਰ ਕੱਟ ਰਹੀ ਹੈ। ਇਹ ਸੱਚ ਹੈ ਕਿ ਪੰਜਾਬ ਵਿਚ ਮਾਈਨਿੰਗ ਮਾਫੀਆ ਸਰਗਰਮ ਹੈ। ਕਾਂਗਰਸ,ਅਕਾਲੀ-ਭਾਜਪਾ ਸਰਕਾਰਾਂ ਦੌਰਾਨ ਹਾਕਮ ਧਿਰ ਦੇ ਕਈ ਵੱਡੇ ਲੀਡਰਾਂ ਨੇ ਮਾਈਨਿੰਗ ਰਾਹੀਂ ਆਪਣੇ ਹੱਥ ਰੰਗੇ ਹਨ। 'ਆਪ' ਨੇ ਵਿਧਾਨ ਸਭਾ ਚੋਣਾਂ ਦੌਰਾਨ ਮਾਈਨਿੰਗ ਮਾਫੀਆ ਦਾ ਮੁੱਦਾ ਜ਼ੋਰ ਸ਼ੋਰ ਨਾਲ ਉਠਾਇਆ ਸੀ ਪਰ ਇਸ ਪਲੇਠੇ ਵਿਧਾਨ ਸਭਾ ਸੈਸ਼ਨ ਦੌਰਾਨ ਮਾਈਨਿੰਗ ਦੇ ਮਸਲੇ 'ਤੇ ਇੱਕ ਦੂਜੇ ਪ੍ਰਤੀ ਤੁਹਮਤਾਂ, ਚੁਟਕਲੇਬਾਜ਼ੀ, ਇਲਜ਼ਾਮਤਰਾਸ਼ੀ ਤਾਂ ਸੁਣਨ ਨੂੰ ਮਿਲੀ ਲੇਕਿਨ ਰੇਤ ਮਾਈਨਿੰਗ ਬਾਰੇ ਕੋਈ ਠੋਸ ਨੀਤੀ ਅਜੇ ਤੱਕ ਵਿਧਾਨ ਸਭਾ ਅੰਦਰ ਜਾਂ ਬਾਹਰ ਨਜ਼ਰ ਨਹੀਂ ਆਈ ਹੈ।

ਪੰਜਾਬ ਦੇ ਸਭ ਤੋਂ ਵੱਧ ਗੰਭੀਰ ਤੇ ਲੋਕਾਂ ਨਾਲ ਜੁੜੇ ਮੁੱਦੇ ਨਸ਼ੇ, ਪਰਵਾਸ ਤੇ ਬੇਰੁਜ਼ਗਾਰੀ ਹਨ ਪਰ ਇਸ ਇਜਲਾਸ ਦੌਰਾਨ ਤਿੰਨਾਂ ਹੀ ਮੁੱਦਿਆਂ 'ਤੇ ਕੋਈ ਠੋਸ ਨੀਤੀ ਤਾਂ ਕੀ ਰੱਖਣੀ ਸੀ ਬਲਕਿ ਚਰਚਾ ਕਰਨੀ ਵੀ ਵਾਜਬ ਨਹੀਂ ਸਮਝੀ ਗਈ। ਇਜਲਾਸ ਦੌਰਾਨ ਕੁਝ ਵਿਧਾਇਕਾਂ ਵੱਲੋਂ ਨਸ਼ਿਆਂ ਦੇ ਫੈਲਾਅ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮੁੱਦੇ ਉਠਾਉਣ ਦੀ ਕੋਸ਼ਿਸ਼ ਵੀ ਕੀਤੀ ਗਈ ਪਰ ਇਸ ਬਾਰੇ ਸਪੀਕਰ/ਸਰਕਾਰ ਵੱਲੋਂ ਬਹਿਸ ਦੀ ਮੰਗ ਸਵੀਕਾਰ ਨਹੀਂ ਕੀਤੀ ਗਈ।

ਪਿਛਲੇ ਹਫਤੇ ਤੋਂ ਭਾਰਤ ਦੇ 15ਵੇਂ ਰਾਸ਼ਟਰਪਤੀ ਦੀ ਚੋਣ ਲਈ 18 ਜੁਲਾਈ ਨੂੰ ਹੋ ਰਹੀਆਂ ਚੋਣਾਂ ਚਰਚਾ ਦਾ ਵਿਸ਼ਾ ਬਣੀਆਂ ਹੋਈਆ ਹਨ। ਇਸ ਚੋਣ ਪ੍ਰਣਾਲੀ ਦੀ ਸਥਿਤੀ ਇਹ ਬਣ ਚੁੱਕੀ ਹੈ ਕਿ ਭਾਰਤ ਦੇ ਰਾਸ਼ਟਰਪਤੀ ਦੀ ਚੋਣ ਲਈ ਕੇਂਦਰੀ ਹਕੂਮਤ ਕਿਸੇ ਵਰਗ/ਖਿੱਤੇ ਨੂੰ ਖੁਸ਼ ਕਰਨ ਲਈ ਹਰ ਤਰ੍ਹਾਂ ਦੀ ਗਿਣਤੀ ਮਿਣਤੀ ਲਾਉਂਦੀ ਹੈ। ਇਸ ਚੋਣ ਲਈ ਭਾਜਪਾ/ਐਨ.ਡੀ.ਏ. ਉਮੀਦਵਾਰ ਦ੍ਰੋਪਦੀ ਮੁਰਮੂ ਦੇ ਨਾਮ ਦਾ ਐਲਾਣ ਕਰਨ ਸਮੇਂ ਭਾਜਪਾ ਪ੍ਰਧਾਨ ਜੇ.ਪੀ. ਨੱਡਾ ਨੇ ਦੱਸਿਆ ਕਿ ਪਹਿਲੀ ਵਾਰ ਕਿਸੇ ਆਦਿਵਾਸੀ ਮਹਿਲਾ ਉਮੀਦਵਾਰ ਨੂੰ ਤਰਜੀਹ ਦਿੱਤੀ ਗਈ ਹੈ। ਦ੍ਰੋਪਦੀ ਮੁਰਮੂ ਉੜੀਸਾ ਦੇ ਮਯੂਰਭੰਜ ਜ਼ਿਲ੍ਹੇ ਤੋਂ ਹਨ ਅਤੇ ਸੰਥਾਲ ਆਦਿਵਾਸੀ ਭਾਈਚਾਰੇ ਤੋਂ ਹਨ। ਭਾਜਪਾ ਇਸ ਚੋਣ ਨੂੰ ਇਸ ਤਰ੍ਹਾਂ ਪੇਸ਼ ਕਰ ਰਹੀ ਹੈ ਜਿਵੇਂ ਆਦਿਵਾਸੀ ਭਾਈਚਾਰੇ 'ਚੋਂ ਰਾਸ਼ਟਰਪਤੀ ਬਣਨ ਨਾਲ ਆਦਿਵਾਸੀਆਂ ਦੀਆਂ ਸਾਰੀਆਂ ਸਮੱਸਿਆਵਾਂ ਹੱਲ ਹੋ ਜਾਣਗੀਆਂ। ਹਕੀਕਤ ਇਸ ਦੇ ਉਲਟ ਹੈ ਦਲਿਤ ਭਾਈਚਾਰੇ ਦਾ ਰਾਸ਼ਟਰਪਤੀ ਹੋਣ ਸਮੇਂ ਪੁਰਾਣੇ ਕਿਰਤ ਕਾਨੂੰਨ ਤੋੜ ਕੇ ਮਜ਼ਦੂਰ ਵਿਰੋਧੀ ਨਵੇਂ ਕਿਰਤ ਕਾਨੂੰਨ ਲਾਗੂ ਕੀਤੇ ਗਏ। ਹਕੂਮਤ ਵੱਲੋਂ ਵੱਖ ਵੱਖ ਸਮਿਆਂ 'ਤੇ ਸਿਆਸੀ ਗਿਣਤੀਆਂ-ਮਿਣਤੀਆਂ ਤਹਿਤ ਔਰਤ, ਸਿੱਖ, ਮੁਸਲਮਾਨ, ਦਲਿਤ ਭਾਈਚਾਰਿਆਂ ਨਾਲ ਸਬੰਧਤ ਰਾਸ਼ਟਰਪਤੀ ਬਣਾਏ ਗਏ ਤੇ ਉਸੇ ਤਰ੍ਹਾਂ ਹੁਣ ਭਾਜਪਾ ਸਿਆਸੀ ਨਫੇ ਬਾਰੇ ਸੋਚ ਰਹੀ ਹੈ।

ਭਾਜਪਾ ਵੱਲੋਂ ਐਲਾਨੇ ਗਏ ਰਾਸ਼ਟਰਪਤੀ ਉਮੀਦਵਾਰ ਦਾ ਜਿੱਤਣਾ ਭਾਵੇਂ ਸੁਭਾਵਿਕ ਹੈ ਪਰ ਸ਼੍ਰੋਮਣੀ ਅਕਾਲੀ ਦਲ (ਬਾਦਲ) ਵੱਲੋਂ ਭਾਜਪਾ ਪਿਛੋਕੜ ਵਾਲੇ ਐਨ.ਡੀ.ਏ. ਉਮੀਦਵਾਰ ਦੇ ਪੱਖ ਵਿਚ ਲਿਆ ਸਟੈਂਡ ਸਿੱਧ ਕਰਦਾ ਹੈ ਕਿ ਪੰਜਾਬ ਦੀ ਇਹ ਸਭ ਤੋਂ ਪੁਰਾਣੀ ਖੇਤਰੀ ਪਾਰਟੀ ਹੁਣ ਕੇਂਦਰੀ ਹਕੂਮਤ ਦਾ ਦਸਤਾ ਬਣਨ ਲਈ ਤਿਆਰ ਹੈ।

# ਮੁਹੰਮਦ ਜ਼ੁਬੈਰ ਦੀ ਜੇਲ੍ਹਬੰਦੀ ਅਤੇ ਪ੍ਰਗਟਾਵੇ ਦੀ ਆਜ਼ਾਦੀ

ਕਿੰਨਾ ਅਜੀਬ ਇਤਫਾਕ ਹੈ, ਜਦੋਂ 27 ਜੂਨ ਨੂੰ ਨਰਿੰਦਰ ਮੋਦੀ ਜਰਮਨੀ ਵਿਚ ਜੀ-7 ਅਤੇ ਹੋਰ ਮੁਲਕਾਂ ਦੇ ਮੁਖੀਆਂ ਨਾਲ ਮਿਲ ਕੇ 'ਆਨਲਾਈਨ ਤੇ ਆਫਲਾਈਨ ਫਰੀ ਸਪੀਚ ਦੀ ਸੁਰੱਖਿਆ ' ਦੇ ਸਾਂਝੇ ਅਹਿਦਨਾਮੇ ਉੱਪਰ ਦਸਤਖਤ ਕਰ ਰਿਹਾ ਸੀ, ਉਸੇ ਦਿਨ ਉਸ ਦੇ ਗ੍ਰਹਿ ਮੰਤਰਾਲੇ ਤਹਿਤ ਕੰਮ ਕਰ ਰਹੀ ਦਿੱਲੀ ਪੁਲਿਸ ਨੇ ਪੱਤਰਕਾਰ ਮੁਹੰਮਦ ਜ਼ੁਬੈਰ ਨੂੰ ਚਾਰ ਸਾਲ ਪਹਿਲਾਂ ਦੇ ਇਕ ਟਵੀਟ ਦੇ ਜੁਰਮ 'ਚ ਗ੍ਰਿਫਤਾਰ ਕਰ ਲਿਆ। ਉਪਰੋਕਤ ਸਾਂਝੇ ਬਿਆਨ ਦੇ ਦੋ ਨੁਕਤੇ ਗੌਰ ਕਰਨ ਵਾਲੇ ਹਨ ਜੋ (1) 'ਆਨਲਾਈਨ ਤੇ ਆਫਲਾਈਨ ਪ੍ਰਗਟਾਵੇ ਦੀ ਆਜ਼ਾਦੀ ਅਤੇ ਵਿਚਾਰਾਂ ਦੀ ਸੁਤੰਤਰਤਾ ਦੀ ਰਾਖੀ ਕਰਨ ਤੇ ਪ੍ਰਸੰਗਿਕ ਕੌਮਾਂਤਰੀ ਪਹਿਲਕਦਮੀਆਂ ਤਹਿਤ ਸਾਡੇ ਕੰਮ ਦੇ ਜ਼ਰੀਏ ਆਜ਼ਾਦ ਅਤੇ ਸੁਤੰਤਰ ਮੀਡੀਆ ਲੈਂਡਸਕੇਪ ਯਕੀਨੀ ਬਣਾਉਣ' ਅਤੇ (2) 'ਖੁੱਲ੍ਹਾ, ਮੁਕਤ, ਆਲਮੀ, ਅੰਤਰ-ਸੰਚਾਲਿਤ, ਭਰੋਸੇਯੋਗ ਅਤੇ ਮਹਿਫੂਜ਼ ਇੰਟਰਨੈੱਟ ਸੁਨਿਸ਼ਚਿਤ ਕਰਨ' ਦਾ ਵਾਅਦਾ ਕਰਦੇ ਹਨ। ਦੋਵੇਂ ਨੁਕਤੇ ਆਰ.ਐਸ.ਐਸ.-ਭਾਜਪਾ ਹਕੂਮਤ ਦਾ ਦੰਭੀ ਕਿਰਦਾਰ ਨੰਗਾ ਕਰਦੇ ਹਨ। ਜ਼ਮੀਨੀ ਹਕੀਕਤ ਇਹ ਹੈ ਕਿ ਪ੍ਰਗਟਾਵੇ

**ਬੂਟਾ ਸਿੰਘ ਮਹਿਮੂਦਪੁਰ**
ਫੋਨ: +91-94634-74342

ਦੀ ਆਜ਼ਾਦੀ ਸਭ ਤੋਂ ਜ਼ਿਆਦਾ ਹਮਲੇ ਦੀ ਮਾਰ ਹੇਠ ਭਾਰਤ ਵਿਚ ਹੈ ਅਤੇ ਦੁਨੀਆ ਵਿਚ ਇੰਟਰਨੈੱਟ ਉੱਪਰ ਸਭ ਤੋਂ ਜ਼ਿਆਦਾ ਪਾਬੰਦੀਆਂ ਲਾਉਣ ਦਾ ਦਸਤੂਰ ਵੀ ਭਾਰਤ ਵਿਚ ਹੈ। ਕਸ਼ਮੀਰ ਵਿਚ ਕੋਈ ਘਟਨਾ ਵਾਪਰਨ 'ਤੇ ਇੰਟਰਨੈੱਟ ਬੰਦ ਕਰਨਾ ਆਮ ਗੱਲ ਹੈ।

ਜ਼ੁਬੈਰ ਨੇ ਇਹ ਟਵੀਟ ਚਾਰ ਸਾਲ ਪਹਿਲਾਂ ਕੀਤੀ ਸੀ ਅਤੇ ਦਿੱਲੀ ਪੁਲਿਸ ਦੇ ਆਪਣੇ ਬਿਆਨ ਅਨੁਸਾਰ ਇਹ ਟਵੀਟ ਕੋਈ ਸੰਗੀਨ ਜੁਰਮ ਨਹੀਂ ਸੀ। ਮੁਹੰਮਦ ਜ਼ੁਬੈਰ ਆਲਟ ਨਿਊਜ਼ ਦੇ ਸਹਿ-ਸੰਸਥਾਪਕ ਹਨ। ਆਲਟ ਨਿਊਜ਼ ਫੈਕਟ ਚੈੱਕਰ ਵੈੱਬ ਸਾਈਟ ਹੈ ਜੋ ਆਨ ਲਾਈਨ ਸਮੱਗਰੀ ਦੀ ਛਾਣਬੀਣ ਕਰਕੇ ਸੱਚ ਸਾਹਮਣੇ ਲਿਆਉਂਦੀ ਹੈ ਅਤੇ ਫੇਕ ਨਿਊਜ਼, ਫੇਕ ਤਸਵੀਰਾਂ ਅਤੇ ਕਥਿਤ ਧਰਮ ਸੰਸਦਾਂ ਤੇ ਹੋਰ ਹਿੰਦੂਤਵੀ ਮੰਚਾਂ ਤੋਂ ਦਿੱਤੇ ਜਾ ਰਹੇ ਨਫਰਤੀ ਭਾਸ਼ਣਾਂ ਬਾਰੇ ਲੋਕਾਂ ਨੂੰ ਚੁਕੰਨੇ ਕਰਦੀ ਹੈ। ਜਾਅਲੀ ਅਤੇ ਭੜਕਾਊ ਜਾਣਕਾਰੀ ਫੈਲਾ ਕੇ ਲੋਕਾਂ ਨੂੰ ਆਪਸ ਵਿਚ ਲੜਾਉਣ ਵਾਲੀਆਂ ਪਾਟਕ ਪਾਊ ਤਾਕਤਾਂ ਦੀਆਂ ਖਤਰਨਾਕ ਸਾਜ਼ਿਸ਼ਾਂ ਦੇ ਮੱਦੇਨਜ਼ਰ ਇਸ ਤੱਥ ਖੋਜ ਅਤੇ ਨਜ਼ਰਸਾਨੀ ਦਾ ਬਹੁਤ ਜ਼ਿਆਦਾ ਮਹੱਤਵ ਹੈ। ਆਲਟ ਨਿਊਜ਼ ਟੀਮ ਦਾ ਕੰਮ ਸੰਘ ਬ੍ਰਿਗੇਡ ਨੂੰ ਬਹੁਤ ਜ਼ਿਆਦਾ ਚੁਭਦਾ ਹੈ। ਉਘੇ ਪੱਤਰਕਾਰ ਰਵੀਸ਼ ਕੁਮਾਰ ਕਹਿੰਦੇ ਹਨ, 'ਜੋ ਕੰਮ ਮੁੱਖਧਾਰਾ ਮੀਡੀਆ ਨੂੰ ਕਰਨਾ ਚਾਹੀਦਾ ਸੀ, ਉਹ ਵਿਅਕਤੀਗਤ ਤੱਥ-ਜਾਂਚ ਕਰਤਾਵਾਂ ਅਤੇ ਸੁਤੰਤਰ ਪਲੇਟਫਾਰਮਾਂ ਵੱਲੋਂ ਕੀਤਾ ਜਾ ਰਿਹਾ ਹੈ। ਐਸੇ ਵਿਅਕਤੀਗਤ ਯੋਧਿਆਂ ਦੀ ਮੋਹਰੀ ਆਵਾਜ਼ ਜ਼ੁਬੈਰ ਹੈ। ਜ਼ੁਬੈਰ ਨੂੰ ਨਿਸ਼ਾਨਾ ਬਣਾ ਕੇ ਸਮੁੱਚੇ ਤੱਥ-ਖੋਜੀ ਭਾਈਚਾਰੇ ਨੂੰ ਚੇਤਾਵਨੀ ਦਿੱਤੀ ਜਾ ਰਹੀ ਹੈ ਕਿ ਅੱਜ ਫੇਕ ਨਿਊਜ਼ ਇਕ ਸਿਆਸੀ ਘਾਤਕ ਹੈ ਜਿਸ ਨੂੰ ਬਹੁਤ ਜ਼ਿਆਦਾ ਨਿਵੇਸ਼ ਜ਼ਰੀਏ ਉਸਾਰਿਆ ਗਿਆ ਹੈ ਅਤੇ ਇਸ ਨਾਲ ਖਿਲਵਾੜ ਨਹੀਂ ਕੀਤਾ ਜਾਣਾ ਚਾਹੀਦਾ। ਮਤਲਬ ਜਨਤਾ ਨੂੰ ਫੇਕ ਨਿਊਜ਼ ਹਜ਼ਮ ਕਰਨ ਦਿਓ, ਫੇਕ ਨਿਊਜ਼ ਦਾ ਭਾਂਡਾ ਭੰਨ ਕੇ ਅਤੇ ਤੱਥਾਂ ਦਾ ਖੁਲਾਸਾ ਕਰਕੇ ਖੇਡ ਨਾ ਵਿਗਾੜੋ।'

ਕਿੱਤੇ ਵਜੋਂ ਮੁਹੰਮਦ ਜ਼ੁਬੈਰ ਇੰਜੀਨੀਅਰ ਹਨ। ਉਸ ਨੇ 2017 ਤੱਕ ਬੰਗਲੌਰ ਦੀ ਇਕ ਟੈਲੀਕਾਮ ਕੰਪਨੀ ਵਿਚ ਨੌਕਰੀ ਕੀਤੀ। ਨੌਕਰੀ ਦੇ ਨਾਲ-ਨਾਲ 2014 'ਚ ਉਸ ਨੇ 'ਅਨਆਫੀਸ਼ੀਅਲ ਸੁਬਰਾਮਨੀਅਮ ਸਵਾਮੀ' ਨਾਂ ਦਾ ਸੋਸ਼ਲ ਮੀਡੀਆ ਪੈਰੋਡੀ ਅਕਾਊਂਟ ਚਲਾਇਆ। ਸਿਆਸੀ ਮੁੱਦਿਆਂ ਉੱਪਰ ਟਿੱਪਣੀਆਂ ਕਾਰਨ ਇਹ ਸੋਸ਼ਲ ਮੀਡੀਆ ਪੇਜ ਬਹੁਤ ਮਕਬੂਲ ਹੋਇਆ ਜਿਸ ਉੱਪਰ ਉਹ ਸਮੇਂ ਦੀ ਹਕੂਮਤ ਅਤੇ ਇਸ ਦੀਆਂ ਗ਼ਲਤ ਨੀਤੀਆਂ ਦੀ ਖਿੱਲੀ ਉਡਾਉਂਦੇ ਸਨ। ਇਨ੍ਹਾਂ ਟਿੱਪਣੀਆਂ ਕਾਰਨ ਜ਼ੁਬੈਰ ਨੂੰ ਧਮਕੀਆਂ, ਗਾਲੀ-ਗਲੋਚ ਅਤੇ ਭਗਵੇਂ ਟਰੋਲਾਂ ਵੱਲੋਂ ਕੀਤੀ ਜਾ ਰਹੀ ਕਿਰਦਾਰਕੁਸ਼ੀ ਦਾ ਸਾਹਮਣਾ ਕਰਨਾ ਪਿਆ। ਆਪਣੇ ਕਦਰਦਾਨਾਂ ਅਤੇ ਕੰਮ ਦੇ ਤਾਰੀਫ ਦੇ ਵਿਸ਼ਾਲ ਘੇਰੇ ਨੂੰ ਦੇਖਦਿਆਂ ਜ਼ੁਬੈਰ ਨੇ ਪੂਰਾ ਵਕਤ ਜਾਣਕਾਰੀ ਦੀ ਛਾਣਬੀਣ ਦੇ ਲੇਖੇ ਲਾਉਣ ਦਾ ਫੈਸਲਾ ਕੀਤਾ ਅਤੇ ਪ੍ਰਤੀਕ ਸਿਨਹਾ ਨਾਲ ਮਿਲ ਕੇ ਆਲਟ ਨਿਊਜ਼ ਦੀ ਸਥਾਪਨਾ ਕੀਤੀ। ਗੁਜਰਾਤ ਤੋਂ ਪ੍ਰਤੀਕ ਸਿਨਹਾ (ਜੋ ਨੋਕੀਆ 'ਚ ਸਾਫਟਵੇਅਰ ਇੰਜੀਨੀਅਰ ਰਹੇ ਹਨ) ਪਹਿਲਾਂ ਹੀ 'ਟਰੁੱਥ ਆਫ ਗੁਜਰਾਤ' ਪੇਜ ਚਲਾ ਰਹੇ ਸਨ। ਉਨ੍ਹਾਂ ਨੇ ਮਿਲ ਕੇ ਕੰਮ ਕਰਨ ਦਾ ਫੈਸਲਾ ਕੀਤਾ। ਇਸ ਵਕਤ ਟਵਿੱਟਰ ਉੱਪਰ ਜ਼ੁਬੈਰ ਦੇ ਪੰਜ ਲੱਖ ਤੋਂ ਵਧੇਰੇ ਫਾਲੋਅਰ ਹਨ। ਆਲਟ ਨਿਊਜ਼ ਟੀਮ ਦਿਨ-ਰਾਤ ਵੀਡੀਓ ਕਲਿੱਪਾਂ, ਤਸਵੀਰਾਂ ਅਤੇ ਹੋਰ ਪੋਸਟਾਂ ਦੀ ਬਾਰੀਕੀ 'ਚ ਛਾਣਬੀਣ ਕਰਦੀ ਹੈ ਅਤੇ ਸਮੱਗਰੀ ਦੇ ਜਾਅਲੀ ਜਾਂ ਅਸਲੀ ਹੋਣ ਦੀ ਪ੍ਰਮਾਣਿਕਤਾ ਸਥਾਪਿਤ ਕਰਕੇ ਭੜਕਾਊ ਪੋਸਟਾਂ ਬਾਰੇ ਜਾਗਰੂਕਤਾ ਪੈਦਾ ਕਰਦੀ ਹੈ। ਉਹ ਹੁਕਮਰਾਨ ਧਿਰ ਦੀ ਪ੍ਰਚਾਰ ਸਮੱਗਰੀ ਸਮੇਤ ਹਰ ਉਸ ਪੋਸਟ ਦੀ ਘੋਖ-ਪਰਖ ਕਰਦੇ ਹਨ ਜੋ ਗ਼ਲਤ ਤੇ ਭੜਕਾਊ ਜਾਣਕਾਰੀ ਫੈਲਾ ਕੇ ਸਮਾਜੀ ਸਦਭਾਵਨਾ ਅਤੇ ਭਾਈਚਾਰਕ ਸਾਂਝ 'ਚ ਲਈ ਖਤਰਾ ਬਣ ਸਕਦੀ ਹੈ ਅਤੇ ਹਿੰਸਾ ਤੇ ਦੰਗੇ ਕਰਵਾ ਸਕਦੀ ਹੈ। ਆਲਟ ਨਿਊਜ਼ ਟੀਮ ਸਿਰਫ ਪੋਸਟਾਂ ਦੀ ਪ੍ਰਮਾਣਿਕਤਾ ਦੀ ਘੋਖ ਹੀ ਨਹੀਂ ਕਰਦੀ ਸਗੋਂ ਜਾਅਲੀ ਸਾਬਤ ਹੋਣ 'ਤੇ ਜ਼ੁਬੈਰ ਸਬੰਧਿਤ ਵਿਅਕਤੀਆਂ ਨੂੰ ਇਸ ਬਾਰੇ ਦੱਸਦੇ ਵੀ ਹਨ। ਇਸ ਦਬਾਓ ਹੇਠ ਭੜਕਾਊ ਅਨਸਰ ਜਾਅਲੀ ਸਮੱਗਰੀ ਹਟਾਉਣ ਲਈ ਮਜਬੂਰ ਹੁੰਦੇ ਰਹੇ ਹਨ। ਤੱਥਾਂ ਅਤੇ ਸੱਚ ਦੀ ਇਹ ਖੋਜ ਸਮਾਜ ਵਿਰੋਧੀ ਤਾਕਤਾਂ ਦੇ ਮਨਸੂਬਿਆਂ 'ਚ ਅੜਿੱਕਾ ਬਣਦੀ ਹੋਣ ਕਾਰਨ ਆਲਟ ਨਿਊਜ਼ ਦੇ ਸੰਚਾਲਕਾਂ ਜ਼ੁਬੈਰ ਅਤੇ ਪ੍ਰਤੀਕ ਸਿਨਹਾ ਨੂੰ ਝੂਠੇ ਕੇਸਾਂ 'ਚ ਉਲਝਾਉਣ ਦਾ ਘਿਨਾਉਣਾ ਸਿਲਸਿਲਾ ਸ਼ੁਰੂ ਹੋ ਗਿਆ। ਇਕ ਪਾਸੇ ਉਨ੍ਹਾਂ ਨੂੰ ਪੋਸਟਾਂ ਦੀ ਪ੍ਰਮਾਣਿਕਤਾ ਦੀ ਜਾਂਚ ਕਰਨ ਲਈ ਸਖਤ ਮਿਹਨਤ ਕਰਨੀ ਪੈਂਦੀ ਹੈ ਦੂਜੇ ਪਾਸੇ ਉਨ੍ਹਾਂ ਨੂੰ ਝੂਠੇ ਕੇਸਾਂ ਦੀ ਕਾਨੂੰਨੀ ਪੈਰਵਾਈ ਕਰਨ, ਬੇਸਿਰ-ਪੈਰ ਐੱਫਆਈਆਰ ਖਤਮ ਕਰਾਉਣ 'ਚ ਵਕਤ ਅਤੇ ਪੈਸਾ ਖਰਚਣਾ ਪੈ ਰਿਹਾ ਹੈ।

ਜ਼ੁਬੈਰ ਵਿਰੁੱਧ ਪੰਜ ਐੱਫ.ਆਈ.ਆਰ. ਦਰਜ ਹਨ। ਇਸੇ ਤਰਾਂ ਪ੍ਰਤੀਕ ਸਿਨਹਾ ਵਿਰੁੱਧ ਐੱਫ.ਆਈ.ਆਰ. ਹਨ। ਇਨ੍ਹਾਂ ਵਿਚ ਇਕ ਕੇਸ ਵਿਚ ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਨੇ ਮੁਹੰਮਦ ਜ਼ੁਬੈਰ ਨੂੰ ਬੁਲਾਇਆ ਅਤੇ ਨਵੇਂ ਦੋਸ਼ਾਂ ਤਹਿਤ ਗ੍ਰਿਫਤਾਰ ਕਰ ਲਿਆ। ਉਸ ਵਿਰੁੱਧ ਇਹ ਕੇਸ 2020 'ਚ ਪੌਕਸੋ (ਪ੍ਰੋਟੈਕਸ਼ਨ ਆਫ ਚਿਲਡਰਨ ਫਰੌਮ ਸੈਕਸੂਅਲ ਔਫੈਂਸਿਜ਼) ਐਕਟ ਤਹਿਤ ਦਰਜ ਕੀਤਾ ਗਿਆ ਸੀ। ਉਸ ਉੱਪਰ ਇਲਜ਼ਾਮ ਲਗਾਇਆ ਗਿਆ ਕਿ ਉਸ ਨੇ ਟਵਿੱਟਰ 'ਤੇ ਜਗਦੀਸ਼ ਸਿੰਘ ਨਾਂ ਦੇ ਵਿਅਕਤੀ ਵੱਲੋਂ ਕੀਤੀ ਜਾ ਰਹੀ ਗਾਲੀ-ਗਲੋਚ ਦੇ ਜਵਾਬ 'ਚ ਉਸ ਦੀ ਨਿੱਜੀ ਤਸਵੀਰ ਕਰਦੇ ਪਾਉਂਦੇ ਵਕਤ ਸੋਸ਼ਲ ਮੀਡੀਆ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਨਹੀਂ ਕੀਤੀ। ਜ਼ੁਬੈਰ ਨੇ ਉਸ ਨੂੰ ਲਿਖਿਆ ਸੀ, 'ਹੈਲੋ ਮਿਸਟਰ ਜਗਦੀਸ਼ ਸਿੰਘ। ਕੀ ਤੁਹਾਡੀ ਕਿਊਟ ਪੋਤੀ ਨੂੰ ਸੋਸ਼ਲ ਮੀਡੀਆ ਉੱਪਰ ਤੁਹਾਡੇ ਵੱਲੋਂ ਲੋਕਾਂ ਨੂੰ ਗਾਲੀ-ਗਲੋਚ ਕਰਨ ਦੀ ਤੁਹਾਡੀ ਪਾਰਟ ਟਾਈਮ ਜੌਬ ਬਾਰੇ ਜਾਣਕਾਰੀ ਹੈ? ਮੈਂ ਤੁਹਾਨੂੰ ਆਪਣੀ ਪ੍ਰੋਫਾਈਲ ਪਿਕਚਰ ਬਦਲਣ ਦੀ ਸਲਾਹ ਦਿੰਦਾ ਹਾਂ।' ਜਗਦੀਸ਼ ਸਿੰਘ ਨੇ ਉਸ ਦੇ ਵਿਰੁੱਧ ਪਰਚਾ ਦਰਜ ਕਰਵਾ ਦਿੱਤਾ ਅਤੇ ਜ਼ੁਬੈਰ ਨੂੰ ਉਸ ਕੇਸ ਵਿਚ ਹਾਈਕੋਰਟ ਨੇ ਪ੍ਰੋਟੈਕਸ਼ਨ ਦੇ ਦਿੱਤੀ ਅਤੇ ਪੁਲਿਸ ਨੂੰ ਉਸ ਵਿਰੁੱਧ ਕੋਈ ਧੱਕੇਸ਼ਾਹੀ ਨਾ ਕਰਨ ਦਾ ਆਦੇਸ਼ ਦਿੱਤਾ। 27 ਜੂਨ ਨੂੰ ਜ਼ੁਬੈਰ ਨੂੰ ਉਸੇ ਕੇਸ 'ਚ ਬੁਲਾ ਕੇ ਇਕ ਹੋਰ ਕੇਸ ਵਿਚ ਸਮਾਜਿਕ ਸਦਭਾਵਨਾ ਨੂੰ ਭੰਗ ਕਰਨ ਅਤੇ ਨਫਰਤ ਭੜਕਾਉਣ ਦੀਆਂ ਧਾਰਾਵਾਂ (153ਏ ਅਤੇ 295ਏ) ਲਗਾ ਕੇ ਗ੍ਰਿਫਤਾਰ ਕਰ ਲਿਆ ਗਿਆ। ਪਹਿਲੇ ਕੇਸ ਵਿਚ ਉਸ ਦਾ ਦੋਸ਼ ਸਾਬਤ ਨਹੀ ਹੁੰਦਾ ਸੀ। ਹਾਈਕੋਰਟ ਵਿਚ ਦਿੱਲੀ ਪੁਲਿਸ ਨੇ ਖੁਦ ਕਿਹਾ ਸੀ ਕਿ ਜ਼ੁਬੈਰ ਦੀ ਟਵੀਟ ਕੋਈ ਐਸਾ ਗੰਭੀਰ ਜੁਰਮ ਨਹੀਂ ਬਣਦੀ ਕਿ ਉਸ ਨੂੰ ਗ੍ਰਿਫਤਾਰ ਕੀਤਾ ਜਾਵੇ। ਸਪਸ਼ਟ ਤੌਰ 'ਤੇ ਇਹ ਬਦਲਾ-ਲਊ ਕਾਰਵਾਈ ਹੈ ਅਤੇ ਰਾਜਨੀਤਕ ਦਬਾਉ ਤਹਿਤ ਹੈ। ਹੁਣ ਜੋ ਨਵਾਂ ਕੇਸ ਦਰਜ ਕੀਤਾ ਗਿਆ ਹੈ ਉਹ ਇਕ ਹੋਟਲ ਦੇ ਸਾਈਨ ਬੋਰਡ ਦੀ ਫੋਟੋ ਹੈ। ਜਿਸ ਵਿਚ 'ਹਨੀਮੂਨ ਹੋਟਲ' ਨੂੰ ਵਿਅੰਗ ਵਜੋਂ 'ਹਨੂਮਾਨ ਹੋਟਲ' ਲਿਖਿਆ ਗਿਆ ਹੈ। ਇਹ ਵੀ ਦਰਅਸਲ 2018 'ਚ ਕੀਤਾ ਟਵੀਟ ਹੈ ਅਤੇ ਇਹ 1983 ਦੀ ਹਿੰਦੀ ਕਾਮੇਡੀ ਫਿਲਮ 'ਕਿਸੀ ਸੇ ਨਾ ਕਹਿਨਾ' 'ਚੋਂ ਲਈ ਤਸਵੀਰ ਹੈ। ਫਿਲਮ ਨੂੰ ਲੱਖਾਂ ਲੋਕਾਂ ਨੇ ਦੇਖਿਆ ਪਰ ਕਿਸੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਨਹੀਂ ਸੀ ਪਹੁੰਚੀ, ਖੁਦ ਸੰਘ ਬ੍ਰਿਗੇਡ ਵਾਲਿਆਂ ਦੀ ਭਾਵਨਾਵਾਂ ਵੀ ਚਾਰ ਦਹਾਕੇ ਸ਼ਾਂਤ ਰਹੀਆਂ। ਹੁਣ ਅਚਾਨਕ ਪੁਰਾਣੀ ਪੋਸਟ ਦਿੱਲੀ ਪੁਲਿਸ ਨੂੰ ਵੀ 'ਅਤਿਅੰਤ ਭੜਕਾਊ' ਨਜ਼ਰ ਆਉਣੀ ਸ਼ੁਰੂ ਹੋ ਗਈ। ਵਜ੍ਹਾ ਸਾਫ ਹੈ ਕਿ ਆਰ.ਐੱਸ.ਐੱਸ.-ਭਾਜਪਾ ਕੋਲ 'ਬੇਪਛਾਣ' ਧਾਰਮਿਕ ਸ਼ਰਧਾਲੂਆਂ ਦੀ ਕੋਈ ਕਮੀ ਨਹੀਂ ਹੈ ਜੋ ਮੁਲਕ ਦੇ ਕਿਸੇ ਵੀ ਹਿੱਸੇ ਵਿਚ ਭਗਵੇਂ ਰਾਜ ਦੇ ਆਲੋਚਕਾਂ ਵਿਰੁੱਧ ਕੇਸ ਦਰਜ ਕਰਾਉਣ ਲਈ ਤੁਰੰਤ ਪ੍ਰਗਟ ਹੋ ਜਾਂਦੇ ਹਨ ਅਤੇ ਪੁਲਿਸ ਅਧਿਕਾਰੀ ਉਨ੍ਹਾਂ ਦੀ ਇੱਛਾ ਅਨੁਸਾਰ ਪਰਚੇ ਦਰਜ ਕਰਨ ਦੀ ਖਿਦਮਤ ਵਿਚ ਹਾਜ਼ਰ ਹੋ ਜਾਂਦੇ ਹਨ। ਛਾਣਬੀਣ ਕਰਨ 'ਤੇ ਇਹ ਜ਼ਿਆਦਾਤਰ ਸੰਘ ਪਰਿਵਾਰ ਦੇ ਕਾਰਿੰਦੇ ਨਿਕਲਦੇ ਹਨ। ਜ਼ੁਬੈਰ ਵਿਰੁੱਧ ਭਾਵਨਾਵਾਂ ਨੂੰ ਠੇਸ ਪੁੱਜਣ ਦੀ ਸ਼ਿਕਾਇਤ ਕਰਨ ਵਾਲਾ 'ਬੇਪਛਾਣ' ਵੀ ਭਗਵਾਂ ਕਾਰਿੰਦਾ ਸੂਰਤ ਸ਼ਹਿਰ ਤੋਂ ਵਿਕਾਸ ਅਹੀਰ ਨਿਕਲਿਆ। ਉਹ 'ਹਿੰਦੂ ਯੁਵਾ ਵਾਹਿਨੀ' ਦੀ ਗੁਜਰਾਤ ਸ਼ਾਖਾ ਦਾ ਪ੍ਰਧਾਨ ਅਤੇ ਭਾਜਪਾ ਦੇ ਵਿਦਿਆਰਥੀ ਵਿੰਗ ਦਾ ਕੋ-ਕਨਵੀਨਰ ਹੈ। ਛਾਣਬੀਣ ਕਰਨ 'ਤੇ ਉਸ ਦੇ 757 ਸ਼ੱਕੀ ਟਵਿੱਟਰ ਅਕਾਊਂਟਾਂ ਨਾਲ ਜੁੜੇ ਹੋਣ ਦੇ ਸਬੂਤ ਮਿਲੇ ਹਨ ਜੋ ਵਿਆਪਕ ਭਗਵੇਂ ਆਈ.ਟੀ. ਪ੍ਰਚਾਰ ਤੰਤਰ ਦੀ ਕੜੀ ਹਨ।



ਮੁਹੰਮਦ ਜ਼ੁਬੈਰ

***ਮੁਹੰਮਦ ਜ਼ੁਬੈਰ ਨੇ ਸਬੰਧਿਤ ਟਵੀਟ 4 ਸਾਲ ਪਹਿਲਾਂ ਕੀਤੀ ਸੀ ਅਤੇ ਦਿੱਲੀ ਪੁਲਿਸ ਦੇ ਬਿਆਨ ਅਨੁਸਾਰ ਇਹ ਟਵੀਟ ਕੋਈ ਸੰਗੀਨ ਜੁਰਮ ਨਹੀਂ ਸੀ। ਜ਼ੁਬੈਰ ਆਲਟ ਨਿਊਜ਼ ਦੇ ਸਹਿ-ਸੰਸਥਾਪਕ ਹਨ। ਆਲਟ ਨਿਊਜ਼ ਫੈਕਟ ਚੈੱਕਰ ਵੈੱਬ ਸਾਈਟ ਹੈ ਜੋ ਆਨ ਲਾਈਨ ਸਮੱਗਰੀ ਦੀ ਛਾਣਬੀਣ ਕਰਕੇ ਸੱਚ ਸਾਹਮਣੇ ਲਿਆਉਂਦੀ ਹੈ ਅਤੇ ਫੇਕ ਨਿਊਜ਼, ਫੇਕ ਤਸਵੀਰਾਂ ਤੇ ਕਥਿਤ ਧਰਮ ਸੰਸਦਾਂ ਤੇ ਹੋਰ ਹਿੰਦੂਤਵੀ ਮੰਚਾਂ ਤੋਂ ਦਿੱਤੇ ਜਾ ਰਹੇ ਨਫਰਤੀ ਭਾਸ਼ਣਾਂ ਬਾਰੇ ਲੋਕਾਂ ਨੂੰ ਚੁਕੰਨੇ ਕਰਦੀ ਹੈ।***

ਆਲਟ ਨਿਊਜ਼ ਦਾ ਲੋਗੋ।

ਚਾਰ ਦਿਨ ਦਾ ਪੁਲਿਸ ਰਿਮਾਂਡ ਖਤਮ ਹੋਣ 'ਤੇ ਦਿੱਲੀ ਪੁਲਿਸ ਮੁਹੰਮਦ ਜ਼ੁਬੈਰ ਦੀ ਜ਼ਮਾਨਤ ਦੀ ਦਰਖਾਸਤ ਰੱਦ ਕਰਾਉਣ ਅਤੇ ਉਸ ਨੂੰ 14 ਦਿਨ ਲਈ ਜੁਡੀਸ਼ੀਅਲ ਹਿਰਾਸਤ ਤਹਿਤ ਜੇਲ੍ਹ ਭਿਜਵਾਉਣ ਵਿਚ ਕਾਮਯਾਬ ਹੋ ਗਈ। ਪੁਲਿਸ ਨੇ ਕੇਸ ਵਿਚ ਅਪਰਾਧਿਕ ਸਾਜ਼ਿਸ਼ ਦੀ ਧਾਰਾ 120-ਬੀ ਅਤੇ ਫੋਨ ਨੂੰ ਫਾਰਮੈਟ ਕਰਕੇ ਸਬੂਤਾਂ ਨੂੰ ਖਤਮ ਕਰਨ ਦੇ ਜੁਰਮ ਬਾਬਤ ਆਈਪੀਸੀ ਸੈਕਸ਼ਨ 201 ਵੀ ਜੋੜ ਦਿੱਤਾ ਤਾਂ ਜੁ ਜ਼ਮਾਨਤ ਨਾ ਹੋ ਸਕੇ। ਇਸ ਦੇ ਨਾਲ ਹੀ ਮਾਮਲੇ ਨੂੰ ਸਨਸਨੀਖੇਜ਼ ਰੰਗਤ ਦੇਣ ਲਈ ਜ਼ੁਬੈਰ ਨੂੰ ਪਾਕਿਸਤਾਨ ਅਤੇ ਹੋਰ ਦੇਸ਼ਾਂ 'ਚੋਂ ਫੰਡ ਆਉਣ ਦਾ ਝੂਠਾ ਬਿਰਤਾਂਤ ਵੀ ਪੇਸ਼ ਕਰਨਾ ਸ਼ੁਰੂ ਕਰ ਦਿੱਤਾ ਗਿਆ। ਇਹ ਬਿਰਤਾਂਤ ਇਸ ਲਈ ਘੜਿਆ ਗਿਆ ਹੈ ਤਾਂ ਜੁ ਪੱਤਰਕਾਰ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਨ ਵਾਲਿਆਂ 'ਚ ਘਚੋਲਾ ਖੜ੍ਹਾ ਕੀਤਾ ਜਾ ਸਕੇ ਜ਼ੁਬੈਰ ਤਾਂ ਦੇਸ਼ਧ੍ਰੋਹੀ ਹੈ।

ਦਰਅਸਲ ਇਸ ਕੇਸ ਨੂੰ ਬਹਾਨਾ ਬਣਾ ਕੇ ਜ਼ੁਬੈਰ ਨੂੰ ਆਲਟ ਨਿਊਜ਼ ਦੀਆਂ ਸਰਗਰਮੀਆਂ ਕਾਰਨ ਅਤੇ ਉਸ ਦੇ ਵਿਚਾਰਾਂ ਕਾਰਨ ਨਿਸ਼ਾਨਾ ਬਣਾਇਆ ਗਿਆ ਹੈ। ਪਿਛਲੇ ਦਿਨੀਂ ਵੀ ਉਸ ਵਿਰੁੱਧ ਅਜਿਹਾ ਇਕ ਕੇਸ ਦਰਜ ਕੀਤਾ ਗਿਆ ਸੀ। ਉਸ ਨੇ ਮੁਸਲਮਾਨਾਂ ਵਿਰੁੱਧ ਘੋਰ ਨਫਰਤ ਭੜਕਾਊ ਭਾਸ਼ਣ ਦੇਣ ਵਾਲੇ ਭਗਵੇਂ ਠੱਗਾਂ ਯਤੀ ਨਰਸਿੰਘਾਨੰਦ, ਬਜਰੰਗ ਮੁਨੀ ਅਤੇ ਆਨੰਦ ਸਵਰੂਪ ਬਾਰੇ ਟਵੀਟ ਕਰਦਿਆਂ ਉਨ੍ਹਾਂ ਨੂੰ 'ਹੇਟ ਮੌਂਗਰਜ਼' (ਨਫਰਤ ਭੜਕਾਊ) ਕਿਹਾ ਸੀ। ਬੱਸ ਇੰਨੀ ਕੁ ਗੱਲ ਨੂੰ ਲੈ ਕੇ ਯੂ.ਪੀ. ਪੁਲਿਸ ਵੱਲੋਂ ਉਸ ਦੇ ਖਿਲਾਫ 295ਏ ਅਤੇ ਸੂਚਨਾ ਤਕਨਾਲੋਜੀ ਦੀ ਧਾਰਾ 67 ਤਹਿਤ ਐੱਫ.ਆਈ.ਆਰ. ਦਰਜ ਕਰ ਲਈ ਗਈ। ਮਹੰਤ ਅਦਿੱਤਿਆਨਾਥ ਨੇ ਸੱਚ ਦੀ ਆਵਾਜ਼ ਉਠਾਉਣ ਵਾਲਿਆਂ, ਮੁਸਲਮਾਨਾਂ ਅਤੇ ਦਲਿਤਾਂ ਵਿਰੁੱਧ ਝੂਠੇ ਪਰਚੇ ਦਰਜ ਕਰਨ ਜਦਕਿ ਭਗਵੇਂ ਬ੍ਰਿਗੇਡ ਨੂੰ ਮਨਮਾਨੀਆਂ ਕਰਨ ਦੀ ਖੁੱਲ੍ਹੀ ਛੁੱਟੀ ਦਿੱਤੀ ਹੋਈ ਹੈ।

ਬਜਰੰਗ ਮੁਨੀ ਬੜੀ ਸੰਗਤ ਆਸ਼ਰਮ ਸੀਤਾਪੁਰ (ਉੱਤਰ ਪ੍ਰਦੇਸ਼) ਦਾ ਪੁਜਾਰੀ ਹੈ ਅਤੇ ਉਸ ਨੇ ਰਾਮ ਨੌਮੀ ਦੇ ਮੌਕੇ ਉੱਪਰ ਸਥਾਨਕ ਪੁਲਿਸ ਦੀ ਮੌਜੂਦਗੀ ਵਿਚ ਮੁਸਲਮਾਨ ਔਰਤਾਂ ਨਾਲ ਸਮੂਹਿਕ ਬਲਾਤਕਾਰ ਦੀ ਧਮਕੀ ਦਿੱਤੀ ਸੀ। ਉਸ ਨੂੰ ਦਸ ਦਿਨਾਂ ਵਿਚ ਹੀ ਜ਼ਮਾਨਤ ਦੇ ਦਿੱਤੀ ਗਈ ਸੀ। ਫਿਰ ਬਜਰੰਗ ਮੁਨੀ ਨੇ ਧਮਕੀ ਦਿੱਤੀ ਕਿ 'ਮੇਰੀ ਮੁਹੰਮਦ ਜ਼ੁਬੈਰ ਨੂੰ ਖੁੱਲ੍ਹੀ ਚੁਣੌਤੀ ਹੈ ਕਿ ਉਹ ਕਿਸੇ ਵੀ ਭਗਵਾਂਧਾਰੀ 'ਸੰਤ' ਵਿਰੁੱਧ ਇਕ ਵੀ ਸ਼ਬਦ ਬੋਲ ਕੇ ਦਿਖਾਵੇ, ਸੈਕੂਲਰ ਹਿੰਦੂਆਂ ਨੂੰ ਐਸਾ ਕਰਨ ਦੀ ਇਜਾਜ਼ਤ ਹੈ ਕਿਉਂਕਿ ਉਹ ਮੇਰੇ ਧਰਮ ਦੇ ਹਨ ਚਾਹੇ ਉਹ ਵੱਖਰੇ ਮਾਰਗ ਉੱਪਰ ਚੱਲ ਰਹੇ ਹਨ। ਇਹ ਅਧਿਕਾਰ ਕਿਸੇ ਜੁਨੈਦ, ਜ਼ੁਬੈਰ, ਸੁਹੇਲ ਨੂੰ ਨਹੀਂ ਹੈ।'

ਇਨ੍ਹਾਂ ਧਮਕੀਆਂ ਤੋਂ ਬੇਪ੍ਰਵਾਹ ਜ਼ੁਬੈਰ ਅਤੇ ਉਸ ਦੇ ਸਾਥੀ ਨਫਰਤ ਭੜਕਾਊ ਤਾਕਤਾਂ ਦਾ ਪਰਦਾਫਾਸ਼ ਕਰਨ 'ਚ ਪੂਰੇ ਜੋਸ਼-ਖਰੋਸ਼ ਨਾਲ ਜੁਟੇ ਹੋਏ ਹਨ। ਉਨ੍ਹਾਂ ਦੇ ਕੀਤੇ ਵੱਡਮੁੱਲੇ ਕੰਮਾਂ ਦੀ ਇਕ ਨਿੱਕੀ ਜਹੀ ਝਲਕ ਦੇ ਤੌਰ 'ਤੇ ਕੁਝ ਮਿਸਾਲਾਂ ਲਈਆਂ ਜਾ ਸਕਦੀਆਂ ਹਨ। ਉਨ੍ਹਾਂ ਨੇ ਭਗਵੇਂ ਝੂਠ ਨੰਗੇ ਕੀਤੇ ਕਿ ਮੁਸਲਮਾਨਾਂ ਵੱਲੋਂ ਸੜਕਾਂ ਉੱਪਰ ਥੁੱਕ ਲੱਗੇ ਨੋਟ ਸੁੱਟ ਕੇ 'ਕੋਰੋਨਾ ਜਹਾਦ' ਰਾਹੀਂ ਕੋਰੋਨਾ ਫੈਲਾਇਆ ਜਾ ਰਿਹਾ ਹੈ; ਕਿ ਦਿੱਲੀ 'ਚ ਤਬਲੀਗੀ ਜਮਾਤ ਦਾ ਧਾਰਮਿਕ ਇਕੱਠ ਭਾਰਤ ਵਿਚ ਕੋਰੋਨਾ ਫੈਲਾਉਣ ਦੀ ਜਹਾਦੀ ਸਾਜ਼ਿਸ਼ ਤਹਿਤ ਕੀਤਾ ਗਿਆ ਸੀ; ਕਿ ਕਿਸਾਨ ਅੰਦੋਲਨ ਦੌਰਾਨ 26 ਜਨਵਰੀ ਨੂੰ ਲਾਲ ਕਿਲ੍ਹੇ ਉੱਪਰ ਲਹਿਰਾਇਆ ਝੰਡਾ ਆਮ ਕੇਸਰੀ ਨਿਸ਼ਾਨ ਸੀ, ਇਹ ਖਾਲਸਤਾਨੀ ਝੰਡਾ ਨਹੀਂ ਸੀ ਜਿਵੇਂ ਮੋਦੀ ਸਰਕਾਰ ਅਤੇ ਗੋਦੀ ਮੀਡੀਆ ਵੱਲੋਂ ਪ੍ਰਚਾਰਿਆ ਜਾ ਰਿਹਾ ਸੀ; ਕਿ ਸਿੰਘੂ ਬਾਰਡਰ ਉੱਪਰ ਕਿਸਾਨ ਅੰਦੋਲਨ ਉੱਪਰ ਹਮਲਾ ਕਰਨ ਵਾਲੇ ਕਥਿਤ ਸਥਾਨਕ ਲੋਕ ਦਰਅਸਲ ਭਾਜਪਾ ਦੇ ਕਾਰਿੰਦੇ ਸਨ; ਕਿ ਕਿਸਾਨ ਅੰਦੋਲਨ ਦੀ ਹਮਾਇਤ ਕਰਨ ਵਾਲੀ ਗਾਇਕਾ ਰਿਹਾਨਾ ਦੀ ਪਾਕਿਸਤਾਨੀ ਝੰਡੇ ਵਾਲੀ ਉਹ ਤਸਵੀਰ ਜਾਅਲੀ ਹੈ ਜੋ ਉਸ ਦਾ ਅਕਸ ਖਰਾਬ ਕਰਨ ਲਈ ਭਾਜਪਾ ਦੇ ਆਈ.ਟੀ. ਸੈੱਲ ਵੱਲੋਂ ਸ਼ੇਅਰ ਕੀਤੀ ਜਾ ਰਹੀ ਸੀ; ਕਿ ਚਿੱਤੌੜਗੜ੍ਹ ਅਤੇ ਮੰਗਲੌਰ ਵਿਚ ਮੰਦਿਰਾਂ ਨੂੰ ਮਸਜਿਦਾਂ ਵਿਚ ਨਹੀਂ ਬਦਲਿਆ ਗਿਆ ਸੀ; ਕਿ ਵੀਡੀਓ ਕਲਿੱਪ ਦੇ ਦਾਅਵੇ ਅਨੁਸਾਰ ਖੰਡਵਾ (ਮੱਧ ਪ੍ਰਦੇਸ਼) ਵਿਚ ਹਿੰਦੂ ਸਾਧੂ ਉੱਪਰ ਹਮਲਾ ਕਰਨ ਵਾਲਾ ਮੁਸਲਮਾਨ ਨਹੀਂ ਸੀ; ਕਿ ਯੂ.ਪੀ. ਵਿਚ ਹਥਿਆਰ ਸਮੇਤ ਫੜੀ ਗਈ ਲੜਕੀ ਮੁਸਲਮਾਨ ਨਹੀਂ ਸੀ; ਕਿ ਇਹ ਖਬਰ ਝੂਠ ਹੈ ਕਿ ਪੱਛਮੀ ਬੰਗਾਲ ਸਰਕਾਰ ਮੁਸਲਮਾਨ ਕਾਰੋਬਾਰੀਆਂ ਦਾ ਜੀ.ਐੱਸ.ਟੀ. ਮੁਆਫ ਕਰ ਰਹੀ ਹੈ।

ਜ਼ੁਬੈਰ ਦੀ ਬਦਲਾ-ਲਊ ਜੇਲ੍ਹਬੰਦੀ ਪਿੱਛੇ ਆਰ.ਐੱਸ.ਐੱਸ.-ਭਾਜਪਾ ਦੀ ਔਖ ਦੀ ਫੌਰੀ ਵਜ੍ਹਾ ਨੂਪੁਰ ਸ਼ਰਮਾ ਮਾਮਲਾ ਹੈ। ਜ਼ੁਬੈਰ ਦੇ ਉੱਦਮ ਨਾਲ ਭਾਜਪਾ ਦੀ ਇਸ ਅਧਿਕਾਰਕ ਬੁਲਾਰੀ ਦੀ ਭੜਕਾਊ ਟਿੱਪਣੀ ਦਾ ਵੀਡੀਓ ਕਲਿੱਪ ਕੁਲ ਦੁਨੀਆ ਨੇ ਦੇਖ ਲਿਆ। ਮੁਸਲਮਾਨ ਭਾਈਚਾਰੇ ਨੇ ਇਸ ਦਾ ਗੰਭੀਰ ਨੋਟਿਸ ਲਿਆ। ਦੇਸ਼-ਬਦੇਸ਼ 'ਚ ਮੋਦੀ ਹਕੂਮਤ ਨੂੰ ਤਿੱਖੀਆਂ ਫਿਟਕਾਰਾਂ, ਬਦੇਸ਼ਾਂ 'ਚ ਭਾਰਤੀ ਸਫੀਰਾਂ ਨੂੰ ਉੱਥੋਂ ਦੀਆਂ ਸਰਕਾਰਾਂ ਦੀ ਜਵਾਬ ਤਲਬੀ, ਖਾੜੀ ਮੁਲਕਾਂ 'ਚ ਕਾਰੋਬਾਰਾਂ ਦੇ ਬਾਈਕਾਟ ਆਦਿ ਕਈ ਤਰ੍ਹਾਂ ਦੀ ਭਾਰੀ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ। ਇਸ ਆਲਮੀ ਦਬਾਓ ਹੇਠ ਭਾਜਪਾ ਨੂੰ ਆਪਣੇ ਭੜਕਾਊ ਬੁਲਾਰਿਆਂ ਵਿਰੁੱਧ ਕਾਰਵਾਈ ਕਰਨੀ ਪਈ। ਹੁਣ ਸੁਪਰੀਮ ਕੋਰਟ ਨੇ ਵੀ ਨੂਪੁਰ ਸ਼ਰਮਾ ਨੂੰ 'ਅੱਗ ਲਾਊ' ਬੇਲਗਾਮ ਜੀਭ ਕਰਾਰ ਦੇ ਦਿੱਤਾ ਹੈ। ਸਰਵਉੱਚ ਅਦਾਲਤ ਨੇ ਭੜਕਾਊ ਬਹਿਸ ਕਰਾਉਣ ਵਾਲੇ ਗੋਦੀ ਮੀਡੀਆ ਚੈਨਲ ਟਾਈਮਜ਼ ਨਾਓ ਨੂੰ ਫਿਟਕਾਰ ਪਾਈ ਹੈ ਅਤੇ ਨੂਪੁਰ ਸ਼ਰਮਾ ਨੂੰ ਮੁਲਕ ਤੋਂ ਮਾਫੀ ਮੰਗਣ ਲਈ ਕਿਹਾ ਹੈ। ਇਸ ਸਖਤ ਟਿੱਪਣੀ ਤੋਂ ਭੜਕ ਕੇ ਭਗਵੇਂ ਆਈ.ਟੀ. ਸੈੱਲ ਨੇ ਸੁਪਰੀਮ ਕੋਰਟ ਨੂੰ 'ਸੁਪਰੀਮ ਕੋਠਾ' ਕਹਿ ਕੇ ਭੰਡਣਾ ਸ਼ੁਰੂ ਕਰ ਦਿੱਤਾ। ਅੱਗ ਲਾਊ ਨੂਪੁਰ ਅਜੇ ਵੀ ਆਜ਼ਾਦ ਹੈ ਅਤੇ ਉਸ ਦੀ ਨਫਰਤੀ ਟਿੱਪਣੀ ਨੂੰ ਸਾਹਮਣੇ ਲਿਆਉਣ ਵਾਲਾ ਸੱਚ ਦਾ ਖੋਜੀ ਹੁਕਮਰਾਨ ਧਿਰ ਨੇ ਸੱਤਾ ਦੇ ਜ਼ੋਰ ਜੇਲ੍ਹ ਪਹੁੰਚਾ ਦਿੱਤਾ ਹੈ। ਉਸ ਨੂੰ ਸੁਪਰੀਮ ਕੋਰਟ ਨੇ ਵੀ ਕੋਈ ਰਾਹਤ ਦੇਣ ਦੀ ਜ਼ਰੂਰਤ ਨਹੀਂ ਸਮਝੀ ਹਾਲਾਂਕਿ ਜ਼ੁਬੈਰ ਅਤੇ ਉਨ੍ਹਾਂ ਦੇ ਸਾਥੀ ਸੋਸ਼ਲ ਮੀਡੀਆ ਪੋਸਟਾਂ ਦਾ ਸੱਚ ਸਾਹਮਣੇ ਲਿਆ ਕੇ ਲੋਕਾਂ ਨੂੰ ਜਾਗਰੂਕ ਕਰ ਰਹੇ ਹਨ। ਅੰਤਰਰਾਸ਼ਟਰੀ ਪੱਧਰ 'ਤੇ ਉਸ ਦੀ ਰਿਹਾਈ ਲਈ ਉੱਠੀ ਵਿਆਪਕ ਆਵਾਜ਼ ਦਾ ਵੀ ਕੋਈ ਨੋਟਿਸ ਸੁਪਰੀਮ ਕੋਰਟ ਨੇ ਨਹੀਂ ਲਿਆ ਹੈ।

ਸੁਪਰੀਮ ਕੋਰਟ ਦੀ ਮਾਮੂਲੀ ਝਾੜਝੰਬ ਤੋਂ ਬੌਖਲਾਹਟ 'ਚ ਆਏ ਸੰਘ ਬ੍ਰਿਗੇਡ ਵੱਲੋਂ ਆਉਣ ਵਾਲੇ ਦਿਨਾਂ 'ਚ ਭੜਕਾਊ ਮੁਹਿੰਮ ਨੂੰ ਕਿਸੇ ਨਾ ਕਿਸੇ ਰੂਪ 'ਚ ਤੇਜ਼ ਕਰਨ ਦੇ ਆਸਾਰ ਹਨ। ਹਾਲ ਹੀ ਵਿਚ ਗੁੜਗਾਓਂ (ਹਰਿਆਣਾ) 'ਚ ਬਜਰੰਗ ਦਲ, ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਆਰ.ਐੱਸ.ਐੱਸ. ਦੇ ਕਾਰਿੰਦਿਆਂ ਵੱਲੋਂ ਇਕ ਰੈਲੀ ਵਿਚ ਮੁਸਲਮਾਨਾਂ ਨੂੰ ਭੜਕਾਉਣ ਲਈ ਮੁਸਲਿਮ ਪੈਗੰਬਰ ਵਿਰੁੱਧ ਭੜਕਾਊ ਨਾਅਰੇ ਲਗਾਉਣ ਦੀ ਖਬਰ ਹੈ।

ਇਸੇ ਤਰ੍ਹਾਂ 3 ਜੁਲਾਈ ਨੂੰ ਇਸੇ ਹਰਿਆਣੇ ਦੇ ਮਾਨੇਸਰ ਦੇ ਇਕ ਮੰਦਿਰ ਵਿਚ ਪੰਚਾਇਤ ਆਯੋਜਿਤ ਕਰਕੇ ਮੁਸਲਮਾਨਾਂ ਨੂੰ 'ਗ਼ੈਰਕਾਨੂੰਨੀ ਰੋਹਿੰਗਿਆ, ਬੰਗਲਾਦੇਸ਼ੀ ਅਤੇ ਪਾਕਿਸਤਾਨੀ' ਕਰਾਰ ਦੇ ਕੇ ਪ੍ਰਸ਼ਾਸਨ ਤੋਂ ਮੰਗ ਕੀਤੀ ਗਈ ਕਿ ਇਕ ਹਫਤੇ ਦੇ ਅੰਦਰ 'ਗ਼ੈਰਕਾਨੂੰਨੀ ਘੁਸਪੈਠੀਆਂ' ਦੀ ਸ਼ਨਾਖਤ ਕਰਕੇ ਉਨ੍ਹਾਂ ਨੂੰ ਉੱਥੋਂ ਕੱਢਿਆ ਜਾਵੇ। ਪੰਚਾਇਤ ਵਿਚ ਆਲੇ ਦੁਆਲੇ ਦੇ ਇਲਾਕਿਆਂ ਦੇ 200 ਲੋਕ ਸ਼ਾਮਿਲ ਸਨ। ਇੱਥੇ ਬਜਰੰਗ ਦਲ, ਵਿਸ਼ਵ ਹਿੰਦੂ ਪ੍ਰੀਸ਼ਦ ਦੇ ਸਥਾਨਕ ਆਗੂਆਂ ਨੇ ਜੂਸ ਵੇਚਣ ਵਾਲੇ ਅਤੇ ਵਾਲ ਕੱਟਣ ਦਾ ਕੰਮ ਕਰਨ ਵਾਲੇ ਮੁਸਲਮਾਨਾਂ ਦੀਆਂ ਦੁਕਾਨਾਂ ਇਸ ਬਹਾਨੇ ਬੰਦ ਕਰਾਉਣ ਕਿ ਉਨ੍ਹਾਂ ਨੇ ਦੁਕਾਨਾਂ ਦੇ ਨਾਮ ਹਿੰਦੂ ਦੇਵਤਿਆਂ ਦੇ ਨਾਂ 'ਤੇ ਰੱਖੇ ਹੋਏ ਹਨ ਅਤੇ ਮੁਸਲਮਾਨਾਂ ਦਾ ਆਰਥਕ ਬਾਈਕਾਟ ਕਰਨ ਦੇ ਸੱਦੇ ਦਿੱਤੇ। ਉਨ੍ਹਾਂ ਨੇ ਇਹ ਵੀ ਕਿਹਾ ਕਿ ਜੇ ਉਦੈਪੁਰ (ਰਾਜਸਥਾਨ) 'ਚ ਹਿੰਦੂ ਦਰਜੀ ਦੇ ਕਤਲ ਵਰਗਾ ਹੋਰ ਕੋਈ ਕਾਂਡ ਹੁੰਦਾ ਹੈ ਤਾਂ ਹਿੰਦੂਆਂ ਨੂੰ ਹਥਿਆਰ ਚੁੱਕ ਲੈਣੇ ਚਾਹੀਦੇ ਹਨ।

ਵਿਗੜ ਰਹੇ ਹਾਲਾਤ ਇਹੀ ਦੱਸਦੇ ਹਨ ਕਿ ਝੂਠੇ ਬਿਰਤਾਂਤ ਘੜ ਕੇ ਆਪਣੇ ਰਾਜਨੀਤਕ ਏਜੰਡੇ ਨੂੰ ਅੱਗੇ ਵਧਾ ਰਹੇ ਸੰਘ ਦੇ ਰਥ ਨੂੰ ਰੋਕਣ ਲਈ ਆਲਟ ਨਿਊਜ਼ ਵਰਗੀਆਂ ਫੈਕਟ ਚੈੱਕ ਸੰਸਥਾਵਾਂ ਦੀ ਅਤੇ ਮੁਹਿੰਮਦ ਜ਼ੁਬੈਰ ਤੇ ਪ੍ਰਤੀਕ ਸਿਨਹਾ ਵਰਗੇ ਸੱਚ ਦੇ ਨਿਧੜਕ ਖੋਜੀਆਂ ਦੀ ਬੇਹੱਦ ਜ਼ਰੂਰਤ ਹੈ। ਇਸ ਲਈ ਪ੍ਰੈੱਸ ਅਤੇ ਪ੍ਰਗਟਾਵੇ ਦੇ ਹੱਕ ਦੀ ਆਜ਼ਾਦੀ ਦੀ ਰਾਖੀ ਲਈ ਹਰ ਇਨਸਾਫਪਸੰਦ ਨਾਗਰਿਕ ਨੂੰ ਦਲੇਰੀ ਨਾਲ ਡੱਟਣਾ ਚਾਹੀਦਾ ਹੈ; ਨਹੀਂ ਤਾਂ ਜੇਲ੍ਹਾਂ ਵਿਚ ਡੱਕੇ ਹੱਕਾਂ ਦੇ ਪਹਿਰੇਦਾਰਾਂ ਦੀ ਕਤਾਰ ਹੋਰ ਲੰਮੀ ਹੁੰਦੀ ਜਾਵੇਗੀ।

# ਲੋਕਤੰਤਰ ਲਈ ਚੰਗੀ ਜਾਂ ਮਾੜੀ ਭਾਵਨਾ ਦਾ ਇਤਿਹਾਸ ਤੇ ਅਜੋਕੇ ਆਗੂ

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਅਸੀਂ ਬੀਤੇ ਹਫਤੇ ਜਾਂ ਕਹਿ ਲਓ ਕਿ ਜੂਨ ਦੇ ਆਖਰੀ ਹਫਤੇ ਪੰਜਾਬ ਵਿਧਾਨ ਸਭਾ ਦਾ ਬਜਟ ਸਮਾਗਮ ਹੋਇਆ ਵੇਖਿਆ ਹੈ। ਇਸ ਸਮਾਗਮ ਦੌਰਾਨ ਸੰਗਰੂਰ ਦੀ ਲੋਕ ਸਭਾ ਉਪ ਚੋਣ ਵਿਚ ਪੰਜਾਬ ਸਰਕਾਰ ਦੀ ਕਮਾਨ ਸੰਭਾਲ ਰਹੀ ਆਮ ਆਦਮੀ ਪਾਰਟੀ ਦਾ ਉਮੀਦਵਾਰ ਹਾਰ ਗਿਆ ਹੋਣ ਕਰਕੇ ਮੰਨਿਆ ਜਾਂਦਾ ਸੀ ਕਿ ਉਸ ਨੂੰ ਵਿਰੋਧੀ ਧਿਰ ਦੇ ਮੈਂਬਰ ਗੁੱਠੇ ਲਾਉਣ ਦਾ ਯਤਨ ਕਰਨਗੇ, ਪਰ ਏਦਾਂ ਹੋ ਨਹੀਂ ਸਕਿਆ। ਕਾਰਨ ਇਹ ਸੀ ਕਿ ਇੱਕ ਤਾਂ ਵਿਰੋਧੀ ਧਿਰ ਦੇ ਮੈਂਬਰ ਹੀ ਏਨੇ ਥੋੜ੍ਹੇ ਜਿਹੇ ਹਨ ਕਿ ਉਹ ਹਾਊਸ ਦੀ ਚਵਾਨੀ-ਪੱਤੀ ਵੀ ਨਹੀਂ ਬਣਦੇ ਅਤੇ ਅਗਾਂਹ ਉਨ੍ਹਾਂ ਵਿਚੋਂ ਅਕਾਲੀ ਦਲ, ਭਾਜਪਾ ਤੇ ਬਸਪਾ ਵਾਲੇ ਸਾਰੇ ਜਣੇ ਮਿਲ ਕੇ ਨਾ ਤੁਰਦੇ ਹੋਣ ਕਾਰਨ ਮੁੱਖ ਵਿਰੋਧੀ ਧਿਰ ਕਾਂਗਰਸ ਦੇ ਅਠਾਰਾਂ ਅਤੇ ਇੱਕ ਬਾਗੀ ਕਾਂਗਰਸੀ ਸਮੇਤ ਉੱਨੀ ਮੈਂਬਰ ਮਿਲਾ ਕੇ ਕੁਝ ਕਰਨ ਜੋਗੇ ਨਹੀਂ ਰਹਿ ਜਾਂਦੇ। ਇਨ੍ਹਾਂ ਵਿਚੋਂ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਇੱਕ-ਦੂਸਰੇ ਨੂੰ ਪਛਾੜ ਕੇ ਅੱਗੇ ਲੰਘਣ ਦੀ ਦੌੜ ਵੀ ਉਨ੍ਹਾਂ ਨੂੰ ਖਰਾਬ ਕਰਦੀ ਹੈ। ਅੰਤਲੇ ਦੋ ਦਿਨਾਂ ਵਿਚ ਹੀ ਪ੍ਰਤਾਪ ਸਿੰਘ ਬਾਜਵਾ ਵਿਰੋਧੀ ਧਿਰ ਦਾ ਆਗੂ ਬਣ ਕੇ ਉੱਭਰ ਸਕਿਆ ਹੈ, ਵਰਨਾ ਹਰ ਗੱਲ ਵਿਚ ਰਾਜਾ ਵੜਿੰਗ ਉਸ ਦੇ ਪੈਰ ਮਿੱਧਦਾ ਜਾਪਦਾ ਸੀ। ਸੰਗਰੂਰ ਦੀ ਚੋਣ ਵਿਚ ਹਾਰ ਵਾਲੀ ਗੱਲ ਮੁੱਖ ਮੁੱਦਾ ਨਾ ਬਣ ਸਕਣ ਦਾ ਦੂਸਰਾ ਕਾਰਨ ਇਹ ਹੈ ਕਿ ਜਿਹੜੀ ਧਿਰ ਜਿੱਤੀ ਹੈ, ਉਸ ਵੱਲੋਂ ਇਸ ਜਿੱਤ ਲਈ ਹਿੱਕ ਠੋਕ ਕੇ ਬੋਲਣ ਵਾਲਾ ਕੋਈ ਮੈਂਬਰ ਵਿਧਾਨ ਸਭਾ ਵਿਚ ਹੈ ਨਹੀਂ ਤੇ ਜਿਹੜੇ ਓਥੇ ਬੈਠੇ ਹੋਏ ਸਨ, ਉਹ ਸਾਰੇ ਖੁਦ ਉਸ ਸੀਟ ਤੋਂ ਬਹੁਤ ਘੱਟ ਵੋਟਾਂ ਲੈ ਕੇ ਕੁਝ ਕਰਨ ਜੋਗੇ ਨਹੀਂ ਸਨ ਰਹੇ। ਕਾਂਗਰਸ ਸਵਾ ਗਿਆਰਾਂ ਫੀਸਦੀ ਤੋਂ ਘੱਟ ਵੋਟਾਂ ਤੱਕ ਰਹਿ ਗਈ, ਭਾਜਪਾ ਨੂੰ ਸਵਾ ਨੌਂ ਫੀਸਦੀ ਤੋਂ ਕੁਝ ਕੁ ਵੱਧ ਮਿਲੀਆਂ ਤੇ ਅਕਾਲੀ ਦਲ ਸਵਾ ਛੇ ਫੀਸਦੀ ਉੱਤੇ ਡਿੱਗਾ ਹੋਇਆ ਸੀ। ਇਸ ਹਾਲਤ ਵਿਚ ਜਦੋਂ ਵਿਰੋਧੀ ਧਿਰ ਦੇ ਇੱਕ ਮੈਂਬਰ ਨੇ ਮਿਹਣਾ ਮਾਰਿਆ ਕਿ ਆਮ ਆਦਮੀ ਪਾਰਟੀ ਮਸਾਂ ਤਿੰਨ ਮਹੀਨਿਆਂ ਅੰਦਰ ਲੋਕਾਂ ਦੇ ਮਨਾਂ ਤੋਂ ਲਹਿ ਗਈ ਹੈ ਤਾਂ ਹਾਕਮ ਧਿਰ ਦੇ ਇੱਕ ਮੈਂਬਰ ਨੇ ਜਵਾਬ ਵਿਚ ਹੱਸ ਕੇ ਕਹਿ ਦਿੱਤਾ ਕਿ ਅਸੀਂ ਤਾਂ ਸਿਰਫ ਚੋਣ ਹਾਰੇ ਹਾਂ, ਤੁਹਾਡਾ ਕੁਝ ਬਚਿਆ ਹੀ ਨਹੀਂ। ਇਸ ਪਿੱਛੋਂ ਵਿਰੋਧੀ ਧਿਰ ਦੇ ਕਿਸੇ ਮੈਂਬਰ ਨੇ ਸੰਗਰੂਰ ਦਾ ਰਾਗ ਛੇੜ ਕੇ ਭੰਡ ਕਰਾਉਣ ਦਾ ਇਰਾਦਾ ਨਹੀਂ ਸੀ ਕੀਤਾ।

ਜਿਨ੍ਹਾਂ ਮੁੱਦਿਆਂ ਉੱਤੇ ਭਖਵੀਂ ਬਹਿਸ ਹੋਈ, ਉਨ੍ਹਾਂ ਵਿਚੋਂ ਇੱਕ ਇਸ ਰਾਜ ਵਿਚ ਫੈਲੇ ਭ੍ਰਿਸ਼ਟਾਚਾਰ ਨੂੰ ਰੋਕਣ ਦਾ ਸੀ। ਵਿਰੋਧੀ ਧਿਰ ਨੇ ਰਾਜਸੀ ਬਦਲਾਖੋਰੀ ਦਾ ਦੋਸ਼ ਲਾਇਆ ਤਾਂ ਹਾਕਮ ਧਿਰ ਨੇ ਕਹਿ ਦਿੱਤਾ ਕਿ ਰਾਜ ਕਰ ਚੁੱਕੀ ਧਿਰ ਦੇ ਮੈਂਬਰ ਐਵੇਂ ਹਾਈ ਕੋਰਟ ਜਾ ਵੜਦੇ ਹਨ, ਜਦੋਂ ਉਨ੍ਹਾਂ ਉੱਤੇ ਕੋਈ ਕੇਸ ਵੀ ਨਹੀਂ ਬਣਿਆ ਹੁੰਦਾ ਤੇ ਓਥੇ ਜਾਣ ਨਾਲ ਸਾਨੂੰ ਪਤਾ ਲੱਗ ਜਾਂਦਾ ਹੈ ਕਿ ਇਸ ਸਾਬਕਾ ਵਜ਼ੀਰ ਦੇ ਪਾਪ ਕੰਬਦੇ ਹਨ। ਦੂਸਰਾ



ਉਨ੍ਹਾਂ ਇਹ ਕਹਿ ਦਿੱਤਾ ਕਿ ਜੇ ਕੋਈ ਵੱਡਾ ਭ੍ਰਿਸ਼ਟਾਚਾਰੀਆ ਕਿਸੇ ਵੱਡੀ ਪਾਰਟੀ ਵਿਚ ਵੀ ਸ਼ਾਮਲ ਹੋ ਗਿਆ ਤਾਂ ਫਾਈਲ ਖੁੱਲ੍ਹਣ ਪਿੱਛੋਂ ਉਸ ਨੂੰ ਵੱਡੀ ਪਾਰਟੀ ਵਿਚ ਹੋਣ ਦਾ ਕੋਈ ਲਾਭ ਨਹੀਂ ਮਿਲ ਸਕਣਾ, ਕੀਤੀ ਭੁਗਤਣੀ ਪਵੇਗੀ। ਅਗਲਾ ਮੁੱਦਾ ਭਾਰਤੀ ਫੌਜ ਵਿਚ ਭਰਤੀ ਲਈ ਅਗਨੀਪਥ ਸਕੀਮ ਦੇ ਵਿਰੁੱਧ ਮਤਾ ਪਾਸ ਕਰਨ ਦਾ ਸੀ, ਜਿਸ ਵਿਚ ਭਾਜਪਾ ਦੇ ਦੋ ਮੈਂਬਰਾਂ ਨੂੰ ਛੱਡ ਕੇ ਬਾਕੀ ਸਮੁੱਚਾ ਹਾਊਸ ਇੱਕ ਸੁਰ ਸੀ ਤੇ ਮਤਾ ਆਰਾਮ ਨਾਲ ਪਾਸ ਹੋ ਗਿਆ। ਤੀਸਰਾ ਮੁੱਦਾ ਪੰਜਾਬ ਯੂਨੀਵਰਸਿਟੀ ਕੇਂਦਰ ਸਰਕਾਰ ਦੇ ਕਬਜ਼ੇ ਵਿਚ ਜਾਣ ਤੋਂ ਰੋਕਣ ਦਾ ਸੀ, ਜਿਸ ਬਾਰੇ ਬਾਕੀ ਪੂਰਾ ਹਾਊਸ ਇੱਕ-ਸੁਰ ਸੀ, ਪਰ ਭਾਜਪਾ ਦੇ ਦੋ ਮੈਂਬਰ ਵੱਖਰੀ ਬੋਲੀ ਬੋਲ ਕੇ ਵੀ ਕੇਂਦਰ ਸਰਕਾਰ ਨੂੰ ਯੂਨੀਵਰਸਿਟੀ ਦੇਣ ਦਾ ਪੱਖ ਲੈਣ ਦੀ ਥਾਂ ਇਹ ਕਹਿਣ ਲੱਗੇ ਕਿ ਕੇਂਦਰ ਸਰਕਾਰ ਨੇ ਏਦਾਂ ਦੀ ਕੋਈ ਚਿੱਠੀ ਹੀ ਨਹੀਂ ਭੇਜੀ, ਐਵੇਂ ਉਨ੍ਹਾਂ ਦੀ ਬਦਨਾਮੀ ਕੀਤੀ ਜਾ ਰਹੀ ਹੈ। ਬਹਿਸ ਦੇ ਵਕਤ ਉਨ੍ਹਾਂ ਦੇ ਇੱਕ ਮੈਂਬਰ ਨੇ ਇਹ ਵੀ ਕਹਿ ਦਿੱਤਾ ਕਿ ਪੰਜਾਬ ਸਰਕਾਰ ਆਪਣੇ ਹਿੱਸੇ ਦਾ ਚਾਲੀ ਫੀਸਦੀ ਫੰਡ ਇਸ ਯੂਨੀਵਰਸਿਟੀ ਨੂੰ ਦੇਣ ਦੀ ਥਾਂ ਦਸ ਫੀਸਦੀ ਵੀ ਮਸਾਂ ਦੇਂਦੀ ਹੈ। ਜਵਾਬ ਵਿਚ ਸਿੱਖਿਆ ਮੰਤਰੀ ਨੇ ਉੱਠ ਕੇ ਦੱਸਿਆ ਕਿ ਇਹ ਦੋਸ਼ ਨਿਰਾ ਝੂਠ ਹੈ, ਪੰਜਾਬ ਸਰਕਾਰ ਸਾਰੇ ਫੰਡ ਦੇਣ ਲਈ ਤਿਆਰ ਹੈ ਅਤੇ ਇਹ ਵੀ ਨੋਟ ਕਰਨਾ ਬਣਦਾ ਹੈ ਕਿ ਪੰਜਾਬ ਵਿਚੋਂ ਇੱਕ ਸੌ ਪਚਾਸੀ ਕਾਲਜ ਇਸ ਯੂਨੀਵਰਸਿਟੀ ਨਾਲ ਸੰਬੰਧਤ ਹੋਣ ਕਾਰਨ ਵਿਦਿਆਰਥੀ ਫੀਸਾਂ ਦੀ ਕਮਾਈ ਇਸ ਯੂਨੀਵਰਸਿਟੀ ਨੂੰ ਸੌ ਕਰੋੜ ਤੋਂ ਵੱਧ ਦੀ ਹੋਈ ਜਾਂਦੀ ਹੈ। ਇਸ ਦੇ ਬਾਅਦ ਕੋਈ ਨਹੀਂ ਬੋਲਿਆ। ਵਿਰੋਧੀ ਧਿਰ ਦੇ ਬਾਕੀ ਸਾਰੇ ਧੜੇ ਅਤੇ ਧਿਰਾਂ ਇਸ ਮਾਮਲੇ ਵਿਚ ਪਹਿਲਾਂ ਹੀ ਇੱਕ ਰਾਏ ਹੋਣ ਕਰ ਕੇ ਇਹ ਮਤਾ ਵੀ ਵਿਧਾਨ ਸਭਾ ਨੇ ਆਰਾਮ ਨਾਲ ਪਾਸ ਕਰ ਦਿੱਤਾ ਅਤੇ ਬਹੁਤਾ ਕੰਮ-ਕਾਜ ਸਰਕਾਰ ਚਲਾ ਰਹੀ ਪਾਰਟੀ ਦੀ ਬਹੁ-ਗਿਣਤੀ ਨਾਲ ਸੌਖਾ ਚੱਲਦਾ ਰਿਹਾ।

ਏਥੇ ਆ ਕੇ ਇੱਕ ਵੱਡੀ ਗੱਲ ਮੁੱਖ ਮੰਤਰੀ ਭਗਵੰਤ ਮਾਨ ਨੇ ਕਹੀ, ਜਿਹੜੀ ਲੋਕਤੰਤਰ ਵਿਚ ਹਰ ਲੀਡਰ ਤੇ ਹਰ ਪਾਰਟੀ ਨੂੰ ਸਮਝਣੀ ਚਾਹੀਦੀ ਹੈ। ਉਸ ਨੇ ਕਿਹਾ ਕਿ ਕਿਸੇ ਵੀ ਇਮਤਿਹਾਨ ਵਿਚ ਜਿਹੜਾ ਬੱਚਾ ਪਹਿਲੇ ਨੰਬਰ ਵਾਲਾ ਹੈ, ਉਸ ਨੂੰ ਦੂਸਰੇ ਅਤੇ ਤੀਸਰੇ ਨੰਬਰ ਵਾਲੇ ਦਾ ਧੰਨਵਾਦੀ ਹੋਣਾ ਚਾਹੀਦਾ ਹੈ, ਕਿਉਂਕਿ ਜੇ ਦੂਸਰੇ ਅਤੇ ਤੀਸਰੇ ਨੰਬਰ ਵਾਲੇ ਦੋ ਬੱਚਿਆਂ ਤੋਂ ਸਖਤ ਮੁਕਾਬਲੇ ਦਾ ਡਰ ਨਾ ਹੁੰਦਾ ਤਾਂ ਉਹ ਸ਼ਾਇਦ ਏਨੀ ਮਿਹਨਤ ਨਾ ਕਰਦਾ। ਮੁੱਖ ਮੰਤਰੀ ਨੇ ਆਪਣੇ ਸਾਹਮਣੇ ਬੈਠੇ ਵਿਰੋਧੀ ਧਿਰ ਵਾਲਿਆਂ ਨੂੰ ਕਿਹਾ ਕਿ ਜੇ ਤੁਸੀਂ ਸਾਡੇ ਨਾਲ ਤਿੱਖੇ ਮੁਕਾਬਲੇ ਵਿਚ ਨਾ ਹੁੰਦੇ ਤਾਂ ਅਸੀਂ ਇਸ ਹੱਦ ਤੱਕ ਸ਼ਾਇਦ ਮਿਹਨਤ ਨਾ ਕਰਦੇ ਅਤੇ ਏਨੇ ਜਣੇ ਜਿੱਤ ਕੇ ਨਾ ਆਉਂਦੇ, ਇਸ ਲਈ ਤੁਹਾਡਾ ਵੀ ਧੰਨਵਾਦ ਹੈ। ਇਸ ਗੱਲ ਨਾਲ ਉਸ ਨੇ ਆਪਣੇ-ਪਰਾਏ ਸਭ ਨੂੰ ਸਮਝਾ ਦਿੱਤਾ ਕਿ ਲੋਕਤੰਤਰ ਵਿਚ ਵਿਰੋਧੀ ਧਿਰ ਦਾ ਹੋਣਾ ਹੀ ਨਹੀਂ, ਸਗੋਂ ਮਜ਼ਬੂਤ ਵਿਰੋਧੀ ਧਿਰ ਦਾ ਹੋਣਾ ਜ਼ਰੂਰੀ ਹੈ, ਵਰਨਾ ਰਾਜ ਕਰਦੀ ਧਿਰ ਮਨ-ਮਰਜ਼ੀ ਕਰਨ ਲੱਗ ਜਾਂਦੀ ਹੈ। ਉਸ ਦੇ ਇਹ ਕਹਿਣ ਦਾ ਇੱਕ ਹੋਰ ਅਰਥ ਇਹ ਨਿਕਲਦਾ ਹੈ ਕਿ ਉਹ ਆਪਣੀ ਸਰਕਾਰ ਤਾਂ ਚਲਾਵੇ, ਪਰ ਵਿਰੋਧੀ ਧਿਰ ਨੂੰ ਕਮਜ਼ੋਰ ਕਰਨ ਦਾ ਉਹੋ ਜਿਹਾ ਯਤਨ ਕੋਈ ਨਾ ਕਰੇ, ਜਿੱਦਾਂ ਦਾ ਪਿਛਲੀਆਂ ਪੰਜਾਬ ਸਰਕਾਰਾਂ ਵੇਲੇ ਹੁੰਦਾ ਕਈ ਵਾਰੀ ਵੇਖਿਆ ਸੀ ਤੇ ਜੇ ਉਹ ਏਦਾਂ ਕਰੇਗਾ ਤਾਂ ਉਸ ਦਾ ਹਸ਼ਰ ਵੀ ਉਹ ਹੀ ਹੋਵੇਗਾ, ਜਿਹੜਾ ਪਿਛਲਿਆਂ ਹਾਕਮਾਂ ਦਾ ਹੋਇਆ ਸੀ। ਦੂਸਰਾ ਇਸ ਦਾ ਅਰਥ ਕੇਂਦਰ ਸਰਕਾਰ ਚਲਾਉਣ ਵਾਲਿਆਂ ਨੂੰ ਸੋਚਣਾ ਚਾਹੀਦਾ ਹੈ ਕਿ ਗੱਲ ਪਾਰਲੀਮੈਂਟ ਦੀ ਹੋਵੇ ਜਾਂ ਦੇਸ਼ ਦੇ ਕਿਸੇ ਵੀ ਰਾਜ ਦੀ, ਵਿਰੋਧੀ ਧਿਰ ਨੂੰ ਕਮਜ਼ੋਰ ਕਰਨ ਦੇ ਯਤਨ ਲੋਕਤੰਤਰ ਨੂੰ ਢਾਹ ਲਾਉਂਦੇ ਹਨ।

ਜਿਹੜੇ ਹਫਤੇ ਅਸੀਂ ਪੰਜਾਬ ਦੀ ਸਰਕਾਰ ਨੂੰ ਸੰਗਰੂਰ ਦੀ ਲੋਕ ਸਭਾ ਸੀਟ ਵਾਲੀ ਹਾਰ ਦੀ ਸੱਟ ਸਹਿਣ ਪਿੱਛੋਂ ਵੀ ਉਸ ਦੇ ਮੁੱਖ ਮੰਤਰੀ ਨੂੰ ਵਿਰੋਧੀ ਧਿਰ ਦੀ ਮਜ਼ਬੂਤੀ ਦੀ ਗੱਲ ਕਰਦੇ ਸੁਣਿਆ ਹੈ, ਓਸੇ ਹਫਤੇ ਅਸੀਂ ਕੇਂਦਰ ਵਾਲਿਆਂ ਨੂੰ ਹਰ ਹੱਥਕੰਡਾ ਵਰਤ ਕੇ ਵਿਰੋਧੀ ਧਿਰ ਦੀ ਮਹਾਰਾਸ਼ਟਰ ਸਰਕਾਰ ਦਾ ਤਖਤਾ ਪਲਟਦੇ ਵੇਖਿਆ ਹੈ। ਭਾਰਤ ਦੇ ਰਾਜਾਂ ਤੇ ਕੇਂਦਰੀ ਸ਼ਾਸਤ ਪ੍ਰਦੇਸ਼ਾਂ ਵਾਲੀਆਂ ਕੁੱਲ ਤੀਹ ਸਰਕਾਰਾਂ ਵਿਚੋਂ ਬਾਰਾਂ ਭਾਜਪਾ ਦੀਆਂ, ਦੋ ਬਿਹਾਰ ਤੇ ਮਹਾਰਾਸ਼ਟਰ ਵਿਚ ਉਸ ਦੇ ਇਸ਼ਾਰੇ ਉੱਤੇ ਨੱਚਦੇ ਮੁੱਖ ਮੰਤਰੀਆਂ ਦੀਆਂ ਅਤੇ ਦੋ ਆਂਧਰਾ ਪ੍ਰਦੇਸ਼ ਅਤੇ ਉੜੀਸਾ ਵਿਚ ਭਾਜਪਾ ਦੀ ਵਿਰੋਧਤਾ ਦੀ ਥਾਂ ਸੁਰ ਨਾਲ ਸੁਰ ਮਿਲ ਕੇ ਚੱਲਣ ਵਾਲੀਆਂ ਹਨ। ਇਹ ਸੋਲਾਂ ਰਾਜ ਛੱਡ ਲਏ ਜਾਣ ਤਾਂ ਬਾਕੀ ਚੌਦਾਂ ਵਿਚੋਂ ਦੇਸ਼ ਦੀ ਮੁੱਖ ਵਿਰੋਧੀ ਧਿਰ ਕਾਂਗਰਸ ਕੋਲ ਦੋ ਸਰਕਾਰਾਂ ਆਪਣੀਆਂ ਅਤੇ ਤਿੰਨ ਭਾਈਵਾਲੀ ਵਾਲੀਆਂ ਹਨ। ਰਹਿੰਦੇ ਬਾਰਾਂ ਵਿਚੋਂ ਮਸਾਂ ਪੰਜ ਰਾਜ ਦਿੱਲੀ, ਪੰਜਾਬ, ਪੱਛਮੀ ਬੰਗਾਲ, ਕੇਰਲਾ ਅਤੇ ਤੇਲੰਗਾਨਾ ਹੀ ਭਾਜਪਾ ਸਾਹਮਣੇ ਸਿਰ ਚੁੱਕਣ ਵਾਲੇ ਕਹੇ ਜਾ ਸਕਦੇ ਹਨ, ਜੰਮੂ-ਕਸ਼ਮੀਰ ਵਿਚ ਸਰਕਾਰ ਹੈ ਨਹੀਂ ਅਤੇ ਉੱਤਰ ਪੂਰਬੀ ਰਾਜਾਂ ਦੇ ਮੁੱਖ ਮੰਤਰੀ ਕਦੀ ਕੇਂਦਰ ਦੀਆਂ ਸਰਕਾਰਾਂ ਨਾਲ ਆਢਾ ਲਾਉਂਦੇ ਨਹੀਂ ਹੁੰਦੇ। ਏਦਾਂ ਸਾਫ ਹੈ ਕਿ ਭਾਜਪਾ ਅੱਗੇ ਵੱਡਾ ਅੜਿੱਕਾ ਕੋਈ ਨਹੀਂ।

ਏਹੋ ਜਿਹੇ ਹਾਲਾਤ ਵਿਚ ਭਾਜਪਾ ਅੰਦਰ ਜੇ ਇੱਕ-ਅਧਿਕਾਰ ਦੀ ਭਾਵਨਾ ਸਿਰ ਨਾ ਚੁੱਕੇ ਤੇ ਕੰਟਰੋਲ ਤੋਂ ਬਾਹਰ ਨਾ ਉੱਛਲਦੀ ਹੋਵੇ ਤਾਂ ਉਸ ਨੂੰ ਰਾਜਾਂ ਵਿਚ ਵਿਰੋਧੀ ਧਿਰਾਂ ਦੀਆਂ ਸਰਕਾਰਾਂ ਨੂੰ ਠਿੱਬੀ ਲਾਉਣ ਦੀ ਨੀਤੀ ਛੱਡ ਕੇ ਉਨ੍ਹਾਂ ਨਾਲ ਸੁਖਾਵੇਂ ਸੰਬੰਧ ਰੱਖਣੇ ਚਾਹੀਦੇ ਹਨ। ਇਸ ਨਾਲ ਦੇਸ਼ ਵਿਚ ਲੋਕਤੰਤਰ ਨੂੰ ਲੀਹ ਉੱਤੇ ਰੱਖਣ ਦੇ ਗਾਰੰਟੀ ਕਰਨ ਜੋਗੀ ਵਿਰੋਧੀ ਧਿਰ ਵੀ ਦਿਖਾਈ ਦੇਂਦੀ ਰਹੇਗੀ ਅਤੇ ਉਨ੍ਹਾਂ ਰਾਜਾਂ ਵਿਚ ਰਹਿੰਦੇ ਲੋਕਾਂ ਵਿਚ ਇਹ ਪ੍ਰਭਾਵ ਵੀ ਰਹੇਗਾ ਕਿ ਕੇਂਦਰ ਸਰਕਾਰ ਹਉਮੈ ਦੀ ਸ਼ਿਕਾਰ ਨਹੀਂ, ਅਸੂਲਾਂ ਦਾ ਖਿਅਲ ਰੱਖ ਕੇ ਚੱਲਦੀ ਹੈ। ਇਹ ਆਦਰਸ਼ ਭਾਵਨਾ ਹੈ, ਰਾਜਸੀ ਖੇਤਰ ਦੇ ਘੁਲਾਟੀਏ ਕਦੀ ਇਨ੍ਹਾਂ ਗੱਲਾਂ ਵੱਲ ਕੰਨ ਨਹੀਂ ਕਰਦੇ ਹੁੰਦੇ। ਜਦੋਂ ਕਾਂਗਰਸ ਪਾਰਟੀ ਦਾ ਦਬਦਬਾ ਸੀ, ਇਸ ਨੇ ਵੀ ਕੋਈ ਪਾਰਟੀ ਅਤੇ ਕੋਈ ਰਾਜ ਠਿੱਬੀ ਲਾਉਣ ਤੋਂ ਬਚਿਆ ਨਹੀਂ ਸੀ ਰਹਿਣ ਦਿੱਤਾ ਤੇ ਅਜੋਕੇ ਹਾਲਾਤ ਵਿਚ ਉਨ੍ਹਾਂ ਹੀ ਠਿੱਬੀਆਂ ਅਤੇ ਅੜਿੱਕਿਆਂ ਦਾ ਸ਼ਿਕਾਰ ਇਸ ਦੀਆਂ ਆਪਣੀਆਂ ਸਰਕਾਰਾਂ ਨੂੰ ਵੀ ਹੋਣਾ ਪੈ ਰਿਹਾ ਹੈ, ਜਿਨ੍ਹਾਂ ਦੀ ਸ਼ੁਰੂਆਤ ਕਾਂਗਰਸ ਨੇ 1959 ਵਿਚ ਪਹਿਲੀ ਵਾਰ ਇੱਕ ਚੁਣੀ ਹੋਈ ਖੱਬੇ ਪੱਖੀ ਸਰਕਾਰ ਕੇਰਲਾ ਵਿਚ ਤੋੜ ਕੇ ਕੀਤੀ ਸੀ। ਜਿਹੜੀ ਧੁਨ ਓਦੋਂ ਕਾਂਗਰਸ ਦੀ ਪ੍ਰਧਾਨ ਇੰਦਰਾ ਗਾਂਧੀ ਦੇ ਸਿਰ ਉੱਤੇ ਸਵਾਰ ਸੀ, ਉਹ ਅੱਜ ਇੰਦਰਾ ਗਾਂਧੀ ਨੂੰ ਹਰ ਮੌਕੇ ਭੰਡਦੇ ਰਹਿਣ ਵਾਲੇ ਕੁਝ ਲੋਕਾਂ ਵਿਚ ਏਨੀ ਭਾਰੂ ਹੈ ਕਿ ਸੰਭਾਲੀ ਨਹੀਂ ਜਾਂਦੀ, ਉੱਛਲ ਕੇ ਬਾਹਰ ਆ ਰਹੀ ਹੈ। ਜੇ ਭਾਵਨਾ ਉਸ ਦੇ ਵਾਲੀ ਹੈ ਤਾਂ ਭਵਿੱਖ ਵੀ ਉਹੋ ਜਿਹਾ ਹੋ ਸਕਦਾ ਹੈ, ਮੌਜੂਦਾ ਹਾਕਮਾਂ ਨੂੰ ਇਹ ਚੇਤੇ ਰੱਖਣਾ ਚਾਹੀਦਾ ਹੈ।

# ਅਗਨੀਪਥ ਦੇ ਅਗਨੀਵੀਰ ਬਨਾਮ ਸਾਬਕਾ ਫ਼ੌਜੀ ਤੇ ਆਮ ਜਨਤਾ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਕੇਂਦਰ ਸਰਕਾਰ ਨੇ ਦੇਸ਼ ਦੇ ਨੌਜਵਾਨਾਂ ਲਈ ਅਗਨੀਪਥ ਨਾਂ ਦੀ ਨਵੀਂ ਸਕੀਮ ਦਾ ਐਲਾਨ ਕਰ ਕੇ ਮੁੜ ਕਾਰਪੋਰੇਟ ਘਰਾਣਿਆਂ ਨੂੰ ਪੱਠੇ ਪਾਉਣ ਦੀ ਚਾਲ ਚੱਲੀ ਹੈ। ਹੁਣ 17.5 ਤੋਂ 22 ਸਾਲ ਦੇ ਨੌਜਵਾਨਾਂ ਨੂੰ ਬਹੁਤ ਥੋੜੀ ਸੈਨਿਕ ਤੇ ਸੁਰੱਖਿਆ ਸਿੱਖਿਆ ਦਿੱਤੀ ਜਾਵੇਗੀ ਤੇ ਇਸ ਤੋਂ ਪਿੱਛੋਂ ਉਨ੍ਹਾਂ ਵਿਚੋਂ ਇਕ ਚੁਥਾਈ ਨੂੰ ਸਥਾਈ ਰੁਜ਼ਗਾਰ ਦਿੱਤਾ ਜਾਵੇਗਾ ਤੇ ਬਾਕੀ ਦੇ ਤਿੰਨ ਚੁਥਾਈ ਸਿਖਿਆਰਥੀਆਂ ਨੂੰ ਰੁਜ਼ਗਾਰ ਲਈ ਖ਼ੁਦ ਹੱਥ ਪੱਲਾ ਮਾਰਨਾ ਪਵੇਗਾ। ਇਸ ਨਾਲ ਪੱਕੀ ਨੌਕਰੀ ਸਦਕਾ ਮਿਲਣ ਵਾਲੀ ਤਨਖਾਹ, ਭੱਤੇ, ਪੈਨਸ਼ਨ ਗ੍ਰੈਚੁਇਟੀ ਅਤੇ ਟਰੇਨਿੰਗ ਮਿਲਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਉਹ ਕਾਰਪੋਰੇਟ ਮਾਡਲ ਵਾਲੇ ਉਦਯੋਗਪਤੀਆਂ ਤੇ ਪੂੰਜੀਪਤੀਆਂ ਦੇ ਗੇਟ ਕੀਪਰ ਤੇ ਬਾਡੀਗਰਡ ਹੋ ਕੇ ਰਹਿ ਜਾਣਗੇ। ਜਾਪਦਾ ਹੈ ਖੇਤੀ ਦੇ ਕਾਲੇ ਕਾਨੂੰਨਾਂ ਵਾਂਗ ਅਗਨੀਪਥ ਯੋਜਨਾ ਵੀ ਕਾਰਪੋਰੇਟ ਘਰਾਣਿਆਂ ਦੇ ਇਸ਼ਾਰੇ ਨਾਲ ਹੀ ਬਣੀ ਹੈ। ਇਸਦਾ ਸਰਕਾਰੀ ਖਜ਼ਾਨੇ ਨੂੰ ਤਾਂ ਲਾਭ ਹੋਵੇਗਾ ਪਰ ਹਥਿਆਰਾਂ ਦੀ ਸਿੱਖਿਆ ਲੈ ਚੁੱਕੇ ਨੌਜਵਾਨ ਆਪੋ ਆਪਣੇ ਭਾਈਚਾਰੇ ਤੇ ਦੇਸ਼ ਲਈ ਅਤਿਵਾਦੀ ਹੋ ਸਕਦੇ ਹਨ। ਉਸ ਦੇਸ਼ ਵਿਚ ਜਿੱਥੇ 15 ਤੋਂ 29 ਸਾਲਾਂ ਦੇ 20 ਫੀਸਦੀ ਨੌਜਵਾਨਾਂ ਨੂੰ ਨੌਕਰੀ ਨਹੀਂ ਮਿਲ ਰਹੀ, ਉਨ੍ਹਾਂ ਵਿਚੋਂ ਕੇਵਲ 17.5 ਤੋਂ 22 ਸਾਲ ਵਾਲਿਆਂ ਨੂੰ ਰੱਖਿਆ ਜਾਣਾ ਕਿਹੋ ਜਿਹਾ ਨਿਆਂ ਹੈ?

ਦੇਸ਼ਵਾਸੀ ਇਹ ਵੀ ਜਾਣਦੇ ਹਨ ਕਿ ਦੇਸ਼ ਦੀ ਵਰਤਮਾਨ ਸਰਕਾਰ ਵੋਟਾਂ ਦੀ ਬਹੁਮਤ ਸਦਕਾ ਆਮ ਜਨਤਾ ਵਿਰੋਧੀ ਅਜਿਹੇ ਫੈਸਲੇ ਲੈਣ ਤੋਂ ਪਹਿਲਾਂ ਪਾਰਲੀਮੈਂਟ ਵਿਚ ਮੰਥਨ ਕਰਾਉਣਾ ਵੀ ਜ਼ਰੂਰੀ ਨਹੀਂ ਸਮਝਦੀ ਤੇ ਨਾ ਹੀ ਦੇਸ਼ ਦੀ ਨਿਆਂ ਪ੍ਰਣਾਲੀ ਨੂੰ ਭਰੋਸੇ ਵਿਚ ਲੈਣ ਦੀ ਲੋੜ ਸਮਝਦੀ ਹੈ। ਕਿਸੇ ਲੋਕ ਸੇਵਾ ਕਮਿਸ਼ਨ ਦੀ ਅਗਵਾਈ ਤੋਂ ਬਿਨਾ ਕੀਤੀ ਅਜਿਹੀ ਭਰਤੀ ਇਕ ਚੁਥਾਈ ਨੂੰ ਪੱਕੇ ਕਰਨ ਤੇ ਤਿੰਨ ਚੁਥਾਈ ਨੂੰ ਬਰਖਾਸਤ ਕਰਨ ਵੇਲੇ ਵੀ ਭਾਈ ਭਤੀਜਾਵਾਦ ਵਾਲੀ ਭਾਵਨਾ ਦਾ ਸ਼ਿਕਾਰ ਹੋ ਸਕਦੀ ਹੈ ਜਿਹੜਾ ਨਵੀਂ ਕਿਸਮ ਦੇ ਅਤਿਵਾਦ ਨੂੰ ਜਨਮ ਦੇ ਸਕਦਾ ਹੈ।

ਸੈਨਿਕ ਦ੍ਰਿਸ਼ਟੀ ਤੋਂ ਘੋਖਿਆਂ ਵੀ ਇਹ ਸਕੀਮ ਹਾਂ-ਪੱਖੀ ਮਾਪ ਤੋਲਾਂ ਉੱਤੇ ਪੂਰੀ ਨਹੀਂ ਉਤਰਦੀ। ਇਹ ਕਹਿਣਾ ਉੱਕਾ ਹੀ ਵਾਜਬ ਨਹੀਂ ਕਿ ਭਾਰਤੀ ਸੈਨਾ ਦੇ ਸਿਪਾਹੀ ਬੁੱਢੇ ਹੋ ਗਏ ਹਨ ਤੇ ਅਗਨੀਵੀਰਾਂ ਦੀ ਜਵਾਨੀ ਇਸ ਪਾੜੇ ਨੂੰ ਪੂਰੇਗੀ। ਵੱਡੇ ਸਾਬਕਾ ਫ਼ੌਜੀ ਅਫਸਰਾਂ ਦੀ ਦਲੀਲ ਹੈ ਕਿ ਕੋਈ ਛੋਟੀ ਜਾਂ ਵੱਡੀ ਉਮਰ ਦਾ ਵਿਅਕਤੀ ਯੋਗ ਸਿਖਲਾਈ ਤੇ ਸੇਧ ਬਿਨਾ ਹਮਲੇ ਦੀ ਅੱਗ ਨਾਲ ਨਹੀਂ ਨਿਪਟ ਸਕਦਾ। ਉਹ ਦੱਸਦੇ ਹਨ ਕਿ ਵਧੇਰੇ ਕਰਕੇ 22 ਤੋਂ 35 ਸਾਲ ਦੇ ਸੈਨਿਕ ਸਿਪਾਹੀ ਹੀ ਮੌਕਾ ਸਾਂਭਦੇ ਆਏ ਹਨ। ਉਨ੍ਹਾਂ ਨੇ ਜੰਗ ਦੇ ਮੈਦਾਨ ਵਿਚ 30-35 ਕਿਲੋਗ੍ਰਾਮ ਭਾਰ ਚੁੱਕਣ ਦੀ ਲੰਮੀ ਸਿਖਲਾਈ ਲਈ ਹੁੰਦੀ ਹੈ। ਗਿਣੇ ਚੁਣੇ ਨੌਜਵਾਨਾਂ ਨੂੰ ਛੱਡ ਕੇ 17 ਤੋਂ 22 ਸਾਲ ਦੇ ਨੌਜਵਾਨ ਇਸਦੇ ਯੋਗ ਨਹੀਂ ਹੁੰਦਾ। ਇਹ ਕਾਰਨ ਹੈ ਕਿ ਪਿਆਦਾ ਫ਼ੌਜ ਵਿਚ 22 ਤੋਂ 35 ਸਾਲ ਦੇ ਗੱਭਰੂ ਹੀ ਰੱਖੇ ਜਾਂਦੇ ਹਨ। 17 ਤੋਂ 21 ਸਾਲ ਵਾਲਾ ਮਾਪ ਤੋਲ ਏਥੇ ਵੀ ਪੂਰਾ ਨਹੀਂ ਉਤਰਦਾ। ਉੱਕਾ ਹੀ ਨਹੀਂ। ਉਂਝ ਵੀ ਵਰਤਮਾਨ ਹਥਿਆਰ ਏਨੇ ਟੈਕਨੀਕਲ ਤੇ ਗੁੰਝਲਦਾਰ ਹਨ ਕਿ ਉਨ੍ਹਾਂ ਦੀ ਯੋਗ ਵਰਤੋਂ ਲਈ ਲੰਮੀ ਸਿਖਲਾਈ ਦੀ ਲੋੜ ਹੈ।

ਅਨੁਭਵੀ ਸੈਨਾਪਤੀ ਤਾਂ ਇਹ ਵੀ ਦੱਸਦੇ ਹਨ ਕਿ ਅੱਜ ਤੱਕ ਵੱਖ-ਵੱਖ ਸ਼੍ਰੇਣੀਆਂ ਤੋਂ ਆਏ ਨੌਜਵਾਨਾਂ ਨੂੰ ਸਿੱਖ ਰੈਜਮੈਂਟ ਤੇ ਗੋਰਖਾ ਰੈਜਮੈਂਟ ਵਰਗੇ ਵਿਸ਼ੇਸ਼ ਯੂਨਿਟਾਂ ਵਿਚ ਏਸ ਲਈ ਭਰਤੀ ਕੀਤਾ ਜਾਂਦਾ ਸੀ ਤਾਂ ਕਿ ਉਹ ਅਪਣੀ ਪਹਿਚਾਣ ਅਤੇ ਮਾਣ-ਮੱਤੀ ਵਿਰਾਸਤ ਨੂੰ ਚਮਕਾਉਣ ਲਈ ਤਨ, ਮਨ ਨਾਲ ਕੰਮ ਕਰਨ। ਨਵੀਂ ਸਕੀਮ ਅਨੁਸਾਰ ਕਿਸੇ ਵੀ ਪ੍ਰਾਂਤ ਦੇ ਨੌਜਵਾਨ ਨੂੰ ਕਿਸੇ ਹੋਰ ਪ੍ਰਾਂਤ ਵਾਲਿਆਂ ਵਿਚ ਖਪਣ ਦੀ ਦਿੱਕਤ ਆ ਸਕਦੀ ਹੈ।

ਅੰਤਰਰਾਸ਼ਟਰੀ ਇਤਿਹਾਸਕਾਰ ਤਾਂ ਇਹ ਵੀ ਕਹਿੰਦੇ ਹਨ ਕਿ ਕਿਸੇ ਨੇ ਪ੍ਰਧਾਨ ਮੰਤਰੀ ਦੇ ਕੰਨਾਂ ਵਿਚ ਇਕ ਸਦੀ ਪਹਿਲਾਂ ਵਾਲੇ ਹਿਟਲਰ ਯੂਥ ਬ੍ਰਿਗੇਡ ਵਾਲੀ ਫੂਕ ਮਾਰ ਦਿੱਤੀ ਹੈ, ਜਿਸ ਨੇ ਆਰੀਆ ਨਸਲ ਨੂੰ ਵਡਿਆਉਣ ਤੇ ਉਭਾਰਨ ਲਈ ਜਰਮਨੀ ਵਿਖੇ ਯਹੂਦੀਆਂ ਦਾ ਕਤਲੇਆਮ ਕੀਤਾ ਤੇ ਕਰਵਾਇਆ ਸੀ।

ਕੁਝ ਵੀ ਹੋਵੇ ਸਰਕਾਰੀ ਖਰਚੇ ਘੱਟ ਕਰਨ ਲਈ ਦੇਸ਼ ਦੀ ਅਮਨ-ਸ਼ਾਂਤੀ ਨੂੰ ਦਾਅ ਉੱਤੇ ਲਾਉਣਾ ਤੇ ਵਰਤਮਾਨ ਫ਼ੌਜੀ ਪ੍ਰਣਾਲੀ ਨੂੰ ਕਮਜ਼ੋਰ ਕਰਨਾ ਖਤਰਨਾਕ ਹੈ। ਆਪਣੀ ਦਲੀਲ ਉੱਤੇ ਵਰਤਮਾਨ ਫੌਜੀਆਂ ਦੀ ਮੁਹਰ ਲਵਾਉਣ ਦੀ ਥਾਂ ਇਸਨੂੰ ਸੇਵਾ ਮੁਕਤ ਸੈਨਿਕਾਂ ਤੇ ਜਰਨੈਲਾਂ ਨਾਲ ਵਿਚਾਰਨਾ ਜ਼ਰੂਰੀ ਸੀ। ਜਮਹੂਰੀ ਤਾਕਤਾਂ ਨੂੰ ਕਾਰਪੋਰੇਟ ਮਾਡਲ ਵੱਲ ਧਕੇਲ ਕੇ ਆਰਥਿਕ ਅਸਮਾਨਤਾ, ਸਮਾਜਿਕ ਨਾ-ਬਰਾਬਰੀ, ਰਿਸ਼ਵਤਖੋਰੀ ਨੂੰ ਪੱਠੇ ਪਾਉਣ ਤੋਂ ਘੱਟ ਨਹੀਂ। ਇਸ ਸਕੀਮ ਨੂੰ ਲਾਗੂ ਕਰਨ ਲਈ ਵਿਖਾਈ ਜਾਂਦੀ ਜਲਦਬਾਜ਼ੀ ਇਹੀਓ ਸਿੱਧ ਕਰਦੀ ਹੈ ਕਿ ਬਚਣ ਦੀ ਲੋੜ ਹੈ।

## ਮਾਹਿਲਪੁਰ ਲੰਗੇਰੀ ਦੀ ਮਾਸ਼ਾ ਦੀ ਕੈਨੇਡਾ ਵਿਚ ਟੌਹਰ

ਸਾਡੇ ਸਾਂਝੇ ਮਿੱਤਰ ਅਜੀਤ ਲੰਗੇਰੀ ਦੀ ਬੇਟੀ ਮੇਰੇ ਤੇ ਆਪਣੇ ਮਾਪਿਆਂ ਵਾਂਗ ਖਾਲਸਾ ਕਾਲਜ ਮਾਹਿਲਪੁਰ ਤੋਂ ਪੜ੍ਹੀ ਹੋਈ ਹੈ। ਉਹ ਤਿੰਨ ਤੋਂ ਵੱਧ ਸਾਲਾਂ ਤੋਂ ਕੈਨੇਡਾ ਦੀ ਰਾਜਧਾਨੀ ਵਿਕਟੋਰੀਆ ਵਿਚ ਰਹਿ ਰਹੀ ਹੈ। ਉਸਨੂੰ ਉਥੋਂ ਦੀ ਸਰਕਾਰ ਨੇ ਆਪਣੇ ਉਸ ਮਹਿਕਮੇ ਵਿਚ ਨਿਯੁਕਤ ਕੀਤਾ ਹੈ, ਜਿਹੜਾ ਬਾਹਰਲੇ ਦੇਸ਼ਾਂ ਤੋਂ ਉਥੇ ਜਾ ਕੇ ਕੰਮ ਕਰਨ ਵਾਲਿਆਂ ਦੇ ਤਾਲਮੇਲ ਤੇ ਪਰਸਪਰ ਮੇਲ ਮਿਲਾਪ ਨਾਲ ਸਬੰਧ ਰੱਖਦਾ ਹੈ। ਉਨ੍ਹਾਂ ਵਿਚ ਚੀਨੇ, ਕੋਰੀਅਨ, ਵੀਅਤਨਾਮੀ, ਫਿਲਪੀਨਸ, ਫਰਾਂਸੀਸੀ, ਜਪਾਨੀ, ਸਪੇਨੀ, ਅਰਬੀ, ਈਰਾਨੀ, ਹਿੰਦੂ ਤੇ ਪੰਜਾਬੀ ਬਾਰੇ ਆਪੋ ਆਪਣੀ ਮਾਤ ਭਾਸ਼ਾ ਵਿਚ ਗੱਲ ਕਰਨਾ ਪਸੰਦ ਕਰਦੇ ਹਨ। ਚੀਨ ਵਾਲਿਆਂ ਵਿਚੋਂ ਕੁਝ ਤਾਂ ਪੁਰਾਤਨ ਤੇ ਪ੍ਰੰਪਰਕ ਚੀਨੀ ਬੋਲਦੇ ਹਨ ਤੇ ਬਾਕੀ ਸਰਲ ਤੇ ਸਾਦੀ ਚੀਨੀ ਭਾਸ਼ਾ। ਕਰੋਨਾ ਦੇ ਕਰੋਪੀ ਕਾਲ ਵਿਚ ਤਾਂ ਇਨ੍ਹਾਂ ਦਾ ਆਪਸੀ ਤਾਲਮੇਲ ਗਲੀ ਬਾਜ਼ਾਰਾਂ ਵਿਚ ਵੀ ਨਹੀਂ ਸੀ ਹੁੰਦਾ। ਕੈਨੇਡਾ ਦੀ ਸਰਕਾਰ ਹੀ ਉਨ੍ਹਾਂ ਦਾ ਮੇਲ ਮਿਲਾਪ ਕਰਾਉਂਦੀ ਸੀ, ਉੱਪਰ ਦੱਸੇ ਮਹਿਕਮੇ ਦੁਆਰਾ। ਸਾਡੀ ਮਾਸ਼ਾ ਉਸ ਮਹਿਕਮੇ ਦੀ ਮੈਨੇਜਰ ਹੈ। ਬਾਰਾਂ ਭਾਸ਼ਾਵਾਂ ਦੀ ਪ੍ਰਬੰਧਕ ਤੇ ਸੰਯੋਜਕ। ਅੰਗਰੇਜ਼ੀ ਐਮ ਏ ਮਾਪਿਆਂ ਦੀ ਧੀ ਤੇ ਖੁਦ ਵੀ ਇਸੇ ਭਾਸ਼ਾ ਦੀ ਐਮ. ਏ ਮਾਸ਼ਾ ਕੌਰ। ਕੈਨੇਡੀਅਨ ਸਰਕਾਰ ਦੇ ਉਸ ਮਹਿਕਮੇ ਦੀ ਮੁਖੀ ਹੈ, ਜਿਹੜਾ ਬਾਰਾਂ ਭਾਸ਼ਾਵਾਂ ਦੇ ਆਪੋ ਵਿਚਲੇ ਸਹਿਜ ਸੰਚਾਰ ਦਾ ਸੰਯੋਜਕ ਹੈ ਭਾਵੇਂ ਖੁਦ ਇਨ੍ਹਾਂ ਵਿਚੋਂ ਕੇਵਲ ਪੰਜਾਬੀ ਤੇ ਹਿੰਦੀ ਭਾਸ਼ਾ ਦੀ ਮਾਹਿਰ ਹੈ। ਉਥੇ ਅੰਗਰੇਜ਼ੀ ਭਾਸ਼ਾ ਦੀ ਕੋਈ ਪੁੱਛ ਪ੍ਰਤੀਤ ਨਹੀਂ। ਉਰਦੂ ਭਾਸ਼ਾ ਦੀ ਵੀ ਨਹੀਂ ਕਿਉਂ ਉਥੋਂ ਦੇ ਪਾਕਿਸਤਾਨੀ ਵੀ ਪੰਜਾਬੀ ਬੋਲਦੇ ਹਨ।

ਮਾਹਿਲਪੁਰੀਏ ਇਕ ਸਦੀ ਤੋਂ ਵੱਧ ਸਮੇਂ ਤੋਂ ਰੋਜ਼ੀ ਰੋਟੀ ਲਈ ਕੈਨੇਡਾ, ਅਮਰੀਕਾ ਵਰਗੇ ਦੇਸ਼ਾਂ ਦੀ ਖੱਟੀ ਲੈ ਕੇ ਵਾਪਸ ਆਪਣੇ ਦੇਸ਼ ਆਉਂਦੇ ਰਹੇ ਹਨ। ਹੁਣ ਇਸ ਰੁਝਾਨ ਵਿਚ ਵੱਡੀ ਤਬਦੀਲੀ ਆ ਗਈ ਹੈ। ਉਹ ਵਾਪਸ ਆਉਣ ਦੀ ਥਾਂ ਉਥੋਂ ਦੇ ਵਸਨੀਕ ਹੋ ਜਾਂਦੇ ਹਨ। ਜਾਪਦਾ ਹੈ ਮਾਸ਼ਾ ਵੀ ਉਥੋਂ ਦੀ ਹੋ ਕੇ ਰਹਿ ਜਾਵੇਗੀ। ਜੇ ਕਿਸੇ ਵਿੱਧ ਪਰਤ ਵੀ ਆਈ ਤਾਂ ਉਸਨੂੰ ਏਥੋਂ ਵਾਲਿਆਂ ਨੇ ਮਾਸ਼ਾ ਵਜੋਂ ਨਹੀਂ ਜਾਣਨਾ ਮਾਸ਼ਾ ਕੌਰ ਕੈਨੇਡੀਅਨ ਕਹਿਣ ਲੱਗ ਜਾਣਾ ਹੈ। ਦਰਸ਼ਨ ਸਿੰਘ ਕੈਨੇਡੀਅਨ ਵਾਂਗ। ਅਸੀਂ ਤਾਂ ਹਰ ਤਰ੍ਹਾਂ ਖ਼ੁਸ਼ ਹਾਂ। ਸਵਾਗਤ ਹੈ।

**ਅੰਤਿਕਾ**

ਟੀ ਐਨ ਰਾਜ਼
ਉਰਦੂ ਕਾ ਮੁਹਾਫਿਜ਼ ਹੈ,
ਹਿੰਦੂ ਨਾ ਮੁਸਲਮਾਂ ਹੀ
ਬੇਗੋਦ ਸੇ ਬੱਚੇ ਕੋ,
ਅਬ ਕਿਸ ਨੇ ਉਠਾਨਾ ਹੈ।

# ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ, ਮਿਸ਼ੀਗਨ

ਸ਼ੋਹਰਤ ਦੇ ਦੀਵੇ ਵਿਚ ਖੂਨ ਜਿਗਰ ਦਾ ਪੈਂਦਾ ਏ, ਦੁਨੀਆਂ ਵਿਚ ਨਾਮ ਕਮਾਉਣਾ ਸੌਖਾ ਨਹੀਂ ਹੁੰਦਾ।
ਕਾਮਯਾਬ ਨੇ ਜਿਹੜੇ ਉਨ੍ਹਾਂ ਤੋਂ ਸਦਕੇ ਜਾਵਾਂ ਮੈਂ, ਬਾਹਰਲੇ ਮੁਲਕ 'ਚ ਪੈਰ ਜਮਾਉਣਾ ਸੌਖਾ ਨਹੀਂ ਹੁੰਦਾ।

ਖੇਡਾਂ: ਕਬੱਡੀ, ਵਾਲੀਬਾਲ, ਅਥਲੈਟਿਕਸ

## ਮਿਸ਼ੀਗਨ ਦੇ ਭਾਰਤੀ ਪੰਜਾਬੀ ਭਾਈਚਾਰੇ ਵਲੋਂ

# 15ਵਾਂ ਪੰਜਾਬੀ ਖੇਡ ਮੇਲਾ ਤੇ ਕਬੱਡੀ ਟੂਰਨਾਮੈਂਟ

## 16 ਜੁਲਾਈ 2022

*(ਸਨਿਚਰਵਾਰ, ਸਵੇਰੇ 8 ਤੋਂ ਸ਼ਾਮ 9 ਵਜੇ ਤੱਕ)*

**Willow Metro Park**
Near Detroit Metro Airport, I-275
23200 S Huron Road, New Boston, MI 48164

## ਇਨਾਮ

**ਕਬੱਡੀ ਓਪਨ**
ਪਹਿਲਾ ਇਨਾਮ $21,000
ਦੂਜਾ ਇਨਾਮ $18,000
ਤੀਜਾ ਇਨਾਮ $16,000
ਚੌਥਾ ਇਨਾਮ $15,000

**ਵਾਲੀਬਾਲ (ਓਪਨ)**
ਪਹਿਲਾ ਇਨਾਮ $3100
ਦੂਜਾ ਇਨਾਮ $2100

**Free Food & Free Entertainment**

**ਸਭਨਾਂ ਨੂੰ ਖੁੱਲ੍ਹਾ ਸੱਦਾ**









## PSSCA Khed Mela Organizing Committee Members


ਸੁੱਖਾ ਸੇਖੋਂ

ਕੇਵਲ ਗਿੱਲ

ਮਨਪ੍ਰੀਤ ਗਿੱਲ

ਕੁਲਬੀਰ ਗਿੱਲ

ਅਮਰਜੀਤ ਗਿੱਲ

ਰਵਿੰਦਰ ਬਿੰਦ

ਜਸਵਿੰਦਰ ਧਾਲੀਵਾਲ

ਸੁਖਵੰਤ ਸਿੰਘ ਗਿੱਲ

ਰਾਜ ਨਿੱਜਰ


ਅਰਜੁਨ ਗਿੱਲ

ਸੁਖਦੇਵ ਸੇਖੋਂ

ਕਰਮਬੀਰ ਸਿੰਘ

ਕਰਨ ਗਿੱਲ

## *ਹੋਰ ਜਾਣਕਾਰੀ ਲਈ ਕਾਲ ਕਰੋ*

ਜਸਵਿੰਦਰ ਧਾਲੀਵਾਲ ਫੋਨ: 734-347-1154
ਸੁਖਵੰਤ ਗਿੱਲ ਫੋਨ: 734-231-7035
ਰਾਜ ਨਿੱਜਰ ਫੋਨ: 734-637-7540
ਰਾਜ ਜਾਮਾਰਾਏ ਫੋਨ: 734-644-1010
ਸੁਖਦੇਵ ਸੇਖੋਂ ਫੋਨ: 248-431-9678
ਕਰਮਬੀਰ ਸਿੰਘ ਫੋਨ: 734-558-3151

*ਇਸ ਵਰ੍ਹੇ ਵੀ ਸੁਰੱਖਿਆ ਦੇ ਸਖਤ ਪ੍ਰਬੰਧ ਕੀਤੇ ਗਏ ਹਨ ਤਾਂ ਜੋ ਲੋਕ ਆਪਣੇ ਪਰਿਵਾਰਾਂ ਸਮੇਤ ਮੇਲੇ ਦਾ ਸੁਰੱਖਿਅਤ ਮਾਹੌਲ ਵਿਚ ਅਨੰਦ ਮਾਣ ਸਕਣ।*

LIVE ON Chardikla tv CHANNEL 422 | Real tv CHANNEL 136 | f LIVE LIVEKABADDI | LIVE KABADDI | jadoo tv | YouTube LIVE KABADDI | IPTV | jus punjabi

# ਫਰਿਜ਼ਨੋ ਵਿਚ ਧੂਮ-ਧਾਮ ਨਾਲ ਮਨਾਇਆ ਅਮਰੀਕਾ ਦਾ ਆਜ਼ਾਦੀ ਦਿਹਾੜਾ

**ਫਰਿਜ਼ਨੋ (ਕੈਲੀਫੋਰਨੀਆ):** ਲੰਘੀ 3 ਜੁਲਾਈ ਨੂੰ ਪੂਰੇ ਮੁਲਕ ਵਿਚ ਅਮਰੀਕਾ ਦਾ 246ਵਾਂ ਆਜ਼ਾਦੀ ਜਿਹੜਾ ਸ਼ਾਨੋ-ਸ਼ੌਕਤ ਨਾਲ ਮਨਾਇਆ ਗਿਆ। ਇਸੇ ਕੜੀ ਤਹਿਤ ਕਬੱਡੀ ਪ੍ਰਮੋਟਰ ਅਤੇ ਟਰਾਂਸਪੋਰਟਰ ਨਾਜਰ ਸਿੰਘ ਸਹੋਤਾ, ਲੇਖਕ ਅਮਰਜੀਤ ਸਿੰਘ ਦੌਧਰ ਅਤੇ ਸਾਥੀਆਂ ਦੇ ਉੱਦਮ ਸਦਕਾ ਫਰਿਜ਼ਨੋ ਦੇ ਬੰਬੇ ਬਿਜ਼ਨਸ ਪਾਰਕ ਵਿਚ ਵੀ ਅਮਰੀਕਾ ਦਾ ਆਜ਼ਾਦੀ ਦਿਨ ਧੂਮ ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਅਮਰੀਕਨ ਫਲੈਗ ਅਤੇ ਖਾਲਸਾਈ ਝੰਡਿਆਂ ਨਾਲ ਸ਼ਿੰਗਾਰੇ ਘੋੜੇ ਅਤੇ ਫੋਰਡ ਟਰੈਕਟਰ ਖ਼ਾਸ ਖਿੱਚ ਦਾ ਕੇਂਦਰ ਰਹੇ। ਘੋੜ ਸਵਾਰਾਂ ਨੇ ਘੋੜਿਆਂ ਦੀ ਚਾਲ ਘੜਾਉਂਦਿਆਂ ਘੋੜ ਸਵਾਰੀ ਦੇ ਚੰਗੇ ਜੌਹਰ ਦਿਖਾਏ।

ਕੋਵਿਡ 19 ਪਿੱਛੋਂ ਇਸ ਮੇਲੇ ਨੂੰ ਲੈ ਕੇ ਲੋਕਾਂ ਵਿਚ ਭਾਰੀ ਉਤਸ਼ਾਹ ਵੇਖਣ ਨੂੰ ਮਿਲਿਆ। ਘੋੜ ਸਵਾਰੀ ਅਤੇ ਟਰੈਕਟਰ ਸ਼ੋਅ ਤੋਂ ਬਾਅਦ ਅੰਡਰ 21 ਕਬੱਡੀ ਸ਼ੋਅ ਮੈਚ ਦਾ ਦਰਸ਼ਕਾਂ ਨੇ ਖੂਬ ਆਨੰਦ ਮਾਣਿਆ। ਪ੍ਰੋਗਰਾਮ ਦੀ ਸ਼ੁਰੂਆਤ ਪੱਤਰਕਾਰ ਨੀਟਾ ਮਾਛੀਕੇ ਨੇ ਸ਼ਾਇਰਾਨਾ ਅੰਦਾਜ਼ ਵਿਚ ਸਭਨਾਂ ਨੂੰ ਨਿੱਘੀ ਜੀ ਆਇਆਂ ਆਖ ਕੇ ਕੀਤੀ। ਇਸ ਉਪਰੰਤ ਕਬੱਡੀ ਕੁਮੈਂਟੇਟਰ ਸਵਰਨ ਸਿੰਘ ਨੇ ਆਪਣੇ ਟੋਟਕਿਆਂ ਨਾਲ ਖੂਬ ਰੰਗ ਬੰਨ੍ਹਿਆ। ਰੱਸਾਕਸ਼ੀ ਦੇ ਰੌਚਕ ਮੁਕਾਬਲਿਆਂ ਅਤੇ ਦਰਸ਼ਕਾਂ ਦੇ ਲਲਕਾਰਿਆਂ ਨੇ ਮੇਲੇ ਨੂੰ ਚਰਮ ਸੀਮਾ ਤਕ ਪਹੁੰਚਾ ਦਿੱਤਾ। ਘੋੜ ਸਵਾਰਾਂ ਨੂੰ ਟਰਾਫੀਆਂ ਨਾਲ ਸਨਮਾਨਿਆ ਗਿਆ। ਪੰਜਾਬੀ ਮਾਂ ਬੋਲੀ ਦੇ ਆਸ਼ਕ ਅਸ਼ੋਕ ਬਾਂਸਲ ਮਾਨਸਾ ਅਤੇ ਪੱਤਰਕਾਰ ਕੁਲਵੰਤ ਧਾਲੀਆਂ ਦਾ ਉਨ੍ਹਾਂ ਦੀਆਂ ਸੇਵਾਵਾਂ ਬਦਲੇ ਸਨਮਾਨ ਕੀਤਾ ਗਿਆ। ਇਨਾਮਾਂ ਦੀ ਵੰਡ ਸ਼੍ਰੋਮਣੀ ਕਮੇਟੀ ਮੈਂਬਰ ਜੁਗਰਾਜ ਸਿੰਘ ਦੌਧਰ, ਹਾਕਮ ਸਿੰਘ ਢਿੱਲੋਂ ਅਤੇ ਹੋਰ ਪਤਵੰਤੇ ਸੱਜਣਾਂ ਨੇ ਕੀਤੀ। ਅੰਤ ਵਿਚ ਸ. ਨਾਜਰ ਸਿੰਘ ਸਹੋਤਾ ਨੇ ਸਭਨਾਂ ਦਾ ਧੰਨਵਾਦ ਕਰਦਿਆਂ ਅਮਰੀਕਨ ਅਤੇ ਪੰਜਾਬੀ ਭਾਈਚਾਰੇ ਨੂੰ 4 ਜੁਲਾਈ ਦੀ ਵਧਾਈ ਦਿੱਤੀ। ਪੂਰੇ ਸਮਾਗਮ ਦੌਰਾਨ ਲੰਗਰ ਦੀ ਸੇਵਾ ਭਾਈ ਇਕਬਾਲ ਸਿੰਘ ਨੇ ਬਾਖੂਬੀ ਕੀਤੀ। ਲਾਸਟ ਵਿਚ 4 ਜੁਲਾਈ ਸੈਲੀਬਰੇਸ਼ਨ ਨੂੰ ਮੁੱਖ ਰੱਖਦਿਆਂ ਪਟਾਕੇ ਚਲਾਏ ਗਏ ਅਤੇ ਰਾਤ ਦੇ ਭੋਜਨ ਨਾਲ ਅਮਿੱਟ ਪੈੜਾਂ ਛੱਡਦਾ ਹੋਇਆ ਇਹ ਪ੍ਰੋਗਰਾਮ ਯਾਦਗਾਰੀ ਹੋ ਨਿੱਬੜਿਆ।

***– ਤਸਵੀਰਾਂ ਤੇ ਵੇਰਵਾ:***
***ਕੁਲਵੰਤ ਧਾਲੀਆਂ/ ਨੀਟਾ ਮਾਛੀਕੇ***













































JUST DOIT
















SANDHU

# ਪੂਰਬ, ਪੱਛਮ ਤੇ ਪਰਵਾਸ ਦੀਆਂ ਬਾਤਾਂ...

## ਬਹੁ-ਸਭਿਆਚਾਰਕ ਜੀਵਨ ਦੀ ਪ੍ਰਮਾਣਿਕ ਪੇਸ਼ਕਾਰੀ

ਕਲਾ ਪਰਿਕਰਮਾ

**ਰਵਿੰਦਰ ਰਵੀ**
**ਫੋਨ: +1-250-635-4455**



ਸੁਰਿੰਦਰ ਸਿੰਘ ਸੀਰਤ ਦੇ ਕਹਾਣੀ ਸੰਗ੍ਰਹਿ ਦਾ ਨਾਮਕਰਨ ਕਰ ਰਹੀ ਕਹਾਣੀ 'ਪੂਰਬ, ਪੱਛਮ ਤੇ ਪਰਵਾਸ' ਦੇ ਸਿਰਲੇਖ ਵੱਲ ਦੇਖਦਿਆਂ ਹੀ ਜਗਤ ਪ੍ਰਸਿੱਧ ਅੰਗਰੇਜ਼ੀ ਪੱਤਰਕਾਰ, ਕਵੀ, ਕਹਾਣੀਕਾਰ ਤੇ ਨਾਵਲਕਾਰ ਰੁਡਯਾਰਡ ਕਿਪਲਿੰਗ ਦੀ 1892 ਵਿਚ ਲਿਖੀ ਕਵਿਤਾ 'ਦਿ ਬੈਲਡ ਆਫ ਈਸਟ ਐਂਡ ਵੈਸਟ' ਦੀਆਂ ਹੇਠ ਲਿਖੀਆਂ ਤੁਕਾਂ ਮੇਰੇ ਸਿਮਰਨ ਵਿਚ ਉਭਰਦੀਆਂ ਹਨ:

Oh, East is East and West is West
Never the twain Shall meet
(ਉਹ, ਪੂਰਬ ਪੂਰਬ ਹੈ ਤੇ ਪੱਛਮ ਪੱਛਮ
ਇਹਨਾਂ ਦੋਹਾਂ ਦਾ ਮੇਲ ਕਦੇ ਨਹੀਂ ਹੋ ਸਕਦਾ)

ਬਰਤਾਨਵੀ ਮੂਲ ਦੇ ਰੁਡਯਾਰਡ ਕਿਪਲਿੰਗ ਦਾ ਜਨਮ 30 ਮਈ, 1855 ਨੂੰ ਮੁੰਬਈ (ਭਾਰਤ) ਵਿਚ ਹੋਇਆ ਸੀ। ਭਾਰਤ ਉਸ ਸਮੇਂ ਬਰਤਾਨਵੀ ਸਾਮਰਾਜ ਦੀ ਨੌਆਬਾਦੀ ਸੀ। ਉਪਰੋਕਤ ਕਾਵਿ-ਤੁਕਾਂ ਪੂਰਬ ਅਤੇ ਪੱਛਮ ਵਿਚਾਲੇ ਤਣਾਅ ਅਤੇ ਫਰਕ ਵਲ ਸੰਕੇਤ ਕਰਦੀਆਂ ਹਨ, ਤੇ ਇਹ ਸਿੱਟਾ ਵੀ ਪੇਸ਼ ਕਰਦੀਆਂ ਹਨ ਕਿ ਇਨ੍ਹਾਂ ਦੋ ਸਭਿਆਤਾਵਾਂ ਤੇ ਇਨ੍ਹਾਂ ਨਾਲ ਜੁੜੇ ਸਿਧਾਂਤਾਂ ਦਾ ਕਦੇ ਵੀ ਆਪਸ ਵਿਚ ਮੇਲ ਨਹੀਂ ਹੋ ਸਕਦਾ। ਆਪਣੇ ਕਾਵਿਕ ਕਥਨ ਨਾਲ ਰੁਡਯਾਰਡ ਕਿਪਲਿੰਗ ਨੇ ਇਨ੍ਹਾਂ ਦੋਹਾਂ ਸਭਿਆਤਾਵਾਂ ਵਿਚਕਾਰ ਵਖਰੇਵੇਂ ਦੀ ਲੀਕ ਖਿੱਚ ਦਿੱਤੀ ਸੀ। ਉਹ ਪੜ੍ਹਿਆ ਲਿਖਿਆ ਜ਼ਹੀਨ ਲੇਖਕ ਸੀ ਜਿਸ ਨੂੰ 1907 ਵਿਚ ਸਾਹਿਤ ਲਈ ਨੋਬੇਲ ਇਨਾਮ ਨਾਲ ਸਨਮਾਨਿਆ ਗਿਆ ਸੀ।

ਰੁਡਯਾਰਡ ਕਿਪਲਿੰਗ ਵਾਂਗ ਹੀ ਸੁਰਿੰਦਰ ਸੀਰਤ ਦਾ ਜਨਮ ਭਾਰਤ ਵਿਚ ਹੋਇਆ ਸੀ। ਸੀਰਤ ਦੀ ਕਿਪਲਿੰਗ ਵਾਂਗ ਬਹੁ-ਵਿਧਾਵੀ ਸਥਾਪਤ ਲੇਖਕ ਹੈ ਜਿਸ ਨੇ ਕਵਿਤਾ, ਗਜ਼ਲ, ਕਹਾਣੀ ਤੇ ਨਾਵਲ ਲਿਖੇ ਹਨ।


ਸੁਰਿੰਦਰ ਸੀਰਤ ਇਸ ਸਮੇਂ ਕੈਲੀਫੋਰਨੀਆ (ਅਮਰੀਕਾ) ਵਿਚ ਰਹਿ ਰਿਹਾ ਭਾਰਤੀ ਮੂਲ ਦਾ ਪਰਵਾਸੀ ਹੈ। ਉਸ ਨੇ ਵੀ ਅਮਰੀਕਾ ਰਹਿੰਦਿਆਂ ਪੂਰਬ ਤੇ ਪੱਛਮ ਦੇ ਤਣਾਅ ਅਤੇ ਇਨ੍ਹਾਂ ਦੋ ਦ੍ਰਿਸ਼ਟੀਕੋਣਾਂ ਵਿਚਕਾਰ ਵਿਚਰਦੇ ਪਰਵਾਸੀ ਬੰਦੇ ਦੀ ਮਾਨਸਿਕਤਾ ਨੂੰ ਅਨੁਭਵ ਕੀਤਾ ਹੈ।

ਸੰਸਾਰੀਕਰਨ ਦੀ ਪ੍ਰਕਿਰਿਆ ਹੇਠ ਸੰਸਾਰ ਹੁਣ ਬਹੁ-ਭਾਸ਼ਾਈ ਤੇ ਬਹੁ-ਸਭਿਆਚਾਰਕ ਵਜੂਦ ਧਾਰਨ ਕਰ ਚੁੱਕਾ ਹੈ। ਇਸੇ ਲਈ ਸੁਰਿੰਦਰ ਸੀਰਤ ਇਸ ਪੁਸਤਕ ਦਾ ਨਾਮਕਰਨ ਕਰਨ ਵਾਲੀ ਕਹਾਣੀ ਦਾ ਆਰੰਭ ਇਨ੍ਹਾਂ ਸ਼ਬਦਾਂ ਨਾਲ ਕਰਦਾ ਹੈ:

ਸੈਨ ਫਰਾਂਸਿਸਕੋ ਦੇ ਮੈਰੀਟਲ ਹੋਟਲ ਵਿਚ ਬਹੁਤ ਵੱਡੀ ਰਿਸੈਪਸ਼ਨ ਪਾਰਟੀ ਵੱਖ-ਵੱਖ ਦੇਸ਼ਾਂ ਦੇ ਮਹਿਮਾਨਾਂ ਨਾਲ ਆਪਣੇ ਸਿਖਰ 'ਤੇ ਸੀ। ਗੋਰੇ, ਕਾਲੇ ਅਤੇ ਭੂਰੇ ਰੰਗਾਂ ਦੇ ਇਸਤਰੀ ਪੁਰਸ਼ਾਂ ਵਿਚ ਕੋਈ ਮੱਤਭੇਦ ਨਜ਼ਰ ਨਹੀਂ ਸੀ ਆ ਰਿਹਾ। ਭਾਰਤੀ ਵਿਆਹੁਤਾ ਜੋੜਾ ਆਪਣੇ ਸਿੰਘਾਸਨ 'ਤੇ ਬਿਰਾਜਮਾਨ ਸੀ। ਅਚਾਨਕ ਚੁਲਬੁਲੀ ਜਿਹੀ 35 ਕੁ ਸਾਲਾਂ ਦੀ ਸਜੀਲੀ ਮੁਟਿਆਰ ਨੇ ਡੀ.ਜੇ. ਬੰਦ ਕਰ ਦਿੱਤਾ ਅਤੇ ਮਾਈਕ ਹੱਥ ਵਿਚ ਫੜਦਿਆਂ ਹੀ ਬੋਲਣਾ ਸ਼ੁਰੂ ਕਰ ਦਿੱਤਾ:

"ਹੈਲੋ ਐਵਰੀ ਵਨ! ਮੈਂ ਅਨੀਤਾ ਦੁਰਗਿਆਨੀ ਹਾਂ, ਆਂਟੀ ਆਫ ਦਿ ਬ੍ਰਾਈਡ, ਐਜ਼ ਯੂ ਆਲ ਨੋ, ਆਈ ਮੀਨ, ਵਿਸ਼ਾਲੀ, ਹੁਣ ਤੋਂ ਵਿਸ਼ਾਲੀ ਬਤਰਾ। ਐ ਬਿੱਗ ਹੈਂਡ ਆਫ ਐਪਲੌਜ਼ ਟੂ ਦਿ ਮੈਰੀਡ ਕੱਪਲ, ਪਲੀਜ਼।"

ਹਾਲ ਤਾੜੀਆਂ, ਸੀਟੀਆਂ ਤੇ ਬੜ੍ਹਕਾਂ ਨਾਲ ਗੂੰਜ ਉਠਿਆ...




*ਸੁਰਿੰਦਰ ਸਿੰਘ ਸੀਰਤ ਦੇ ਕਹਾਣੀ ਸੰਗ੍ਰਹਿ 'ਪੂਰਬ, ਪੱਛਮ ਤੇ ਪਰਵਾਸ' ਦਾ ਮੁਖੜਾ।*

ਰੁਡਯਾਰਡ ਕਿਪਲਿੰਗ ਪੂਰਬ ਅਤੇ ਪੱਛਮ ਨੂੰ ਅੱਡ-ਅੱਡ ਕਰਕੇ ਰੁਕ ਗਿਆ ਸੀ ਪਰ ਸੀਰਤ ਇਸ ਕਹਾਣੀ ਵਿਚ ਪੂਰਬ ਅਤੇ ਪੱਛਮ ਦੇ ਸੁਮੇਲ 'ਚੋਂ ਜਨਮੇਂ ਨਵੇਂ ਪਰਵਾਸੀ ਸੰਸਾਰ-ਚਿੰਤਨ ਦੀਆਂ ਚਿੰਤਾਵਾਂ ਨਾਲ ਜੁੜੇ ਤਣਾਵਾਂ ਤੇ ਅੰਤਰ-ਪੀੜ੍ਹੀ (Intergenerational) ਸਰੋਕਾਰਾਂ ਨੂੰ ਆਪਣੀ ਇਸ ਕਹਾਣੀ ਦਾ ਆਧਾਰ ਬਣਾ ਕੇ ਸੰਸਾਰ ਦੇ ਪਰਵਾਸੀ ਚਿੰਤਨ ਦੀ ਗੱਲ ਨੂੰ ਅੱਗੇ ਤੋਰਦਾ ਹੈ।

'ਮਖੌਟੇ' ਕਹਾਣੀ ਅਜੋਕੇ ਮਖੌਟਾ-ਕਲਚਰ ਦੇ ਵਿਭਿੰਨ ਰੂਪਾਂ ਨੂੰ ਪੇਸ਼ ਕਰਦੀ ਹੈ। ਅਜੋਕਾ ਸ਼ਖਸ ਮਖੌਟਿਆਂ ਨਾਲ ਜੁੜੇ ਵੱਖ-ਵੱਖ ਸਵੈ-ਵਿਰੋਧੀ ਤੇ ਅੰਤਰ-ਵਿਰੋਧੀ ਕਿਰਦਾਰ ਭੋਗਦਾ ਆਪਣਾ ਅਸਲ ਅਸਤਿਤਵ ਖੋ ਬੈਠਦਾ ਹੈ। ਆਪਣੇ ਆਪ ਲਈ ਤੇ ਸਭ ਲਈ ਬੇਪਛਾਣ ਤੇ ਅਜਨਬੀ ਹੋ ਜਾਂਦਾ ਹੈ। ਟੁੱਟ, ਭੱਜ, ਤਿੜਕ ਤੇ ਬਿਖਰ ਜਾਂਦਾ ਹੈ। ਆਪਣਾ ਵਜੂਦ ਤੇ ਆਪਣੀ ਪਛਾਣ ਗਵਾ ਬਹਿੰਦਾ ਹੈ। ਵਿਭਿੰਨ ਮਖੌਟਿਆਂ ਨਾਲ ਜੁੜੀ ਉਸ ਦੀ ਅਦਾਕਾਰੀ ਹੀ ਉਸ ਦਾ ਅਸਲ ਅਸਤਿਤਵ ਬਣ ਜਾਂਦੀ ਹੈ।



*ਸੁਰਿੰਦਰ ਸਿੰਘ ਸੀਰਤ*

ਇਸ ਸੰਗ੍ਰਹਿ ਦੀਆਂ ਬਾਕੀ ਕਹਾਣੀਆਂ ਵੀ 'ਪੂਰਬ, ਪੱਛਮ ਤੇ ਪਰਵਾਸ' ਦੀ ਤ੍ਰਿਬਿਧਾ ਦੇ ਸਨਮੁਖ, ਬਹੁ-ਸਭਿਆਚਾਰਕ ਚਿੰਤਨ ਦੁਆਲੇ ਘੁੰਮਦੀਆਂ ਹੋਈਆਂ ਵੱਖ-ਵੱਖ ਕੋਣਾਂ ਤੇ ਹਾਲਾਤ ਤੋਂ ਇਸ ਦੀਆਂ ਬਹੁ-ਦਿਸ਼ਾਵੀ ਝਾਕੀਆਂ ਹੀ ਜਾਪਦੀਆਂ ਹਨ। ਸੱਚਮੁੱਚ ਸੁਰਿੰਦਰ ਸੀਰਤ ਕਹਾਣੀ ਕਲਾ ਦੀ ਤਕਨੀਕ ਅਤੇ ਕਿਰਦਾਰ-ਨਿਗਾਰੀ ਦਾ ਮਾਹਿਰ ਹੈ। ਉਸ ਦੇ ਸੰਵਾਦ ਨਾਟਕੀ ਅਤੇ ਪ੍ਰਭਾਵਸ਼ਾਲੀ ਹਨ।

## ਪਰਵਾਸ ਤੋਂ ਪੂਰਬ, ਪੂਰਬ ਤੋਂ ਪੱਛਮ

*ਕਹਾਣੀ ਮੇਰੇ ਨਾਲ ਸ਼ੁਰੂ ਤੋਂ ਹੀ ਚਲੀ ਆ ਰਹੀ ਹੈ। ਮੈਂ ਇਸ ਨੂੰ ਪੜ੍ਹਦਾ ਰਿਹਾ, ਸੁਣਦਾ ਰਿਹਾ, ਇਸ ਨਾਲ ਵਾਦ-ਵਿਵਾਦ ਰਚਾਉਂਦਾ ਰਿਹਾ ਅਤੇ ਜਦ ਇਸ ਨੂੰ ਅਪਨਾਉਣ ਦਾ ਜੀਅ ਕੀਤਾ, ਇਸ ਨੂੰ ਕਾਗਜ਼ 'ਤੇ ਉਤਾਰਦਾ ਰਿਹਾ। ਮੇਰਾ ਸਾਹਿਤਕ ਸਫਰ ਪੰਜਾਹ ਵਰ੍ਹਿਆਂ ਤੋਂ ਉੱਪਰ ਲੰਘ ਗਿਆ ਏ। ਇਸ ਲੰਮੇ ਸਮੇਂ ਦੌਰਾਨ ਬਹੁਤ ਕੁਝ ਵਾਪਰਿਆ ਹੈ। ਇਸ ਵਿਚ ਜ਼ਰਾ ਜਿੰਨਾ ਵੀ ਲੁਕਾਅ ਨਹੀਂ ਕਿ ਜੋ ਜੋ ਵਾਪਰਿਆ, ਹੰਢਾਇਆ ਤੇ ਜੋ ਜੋ ਮੁਤਾਸਰ ਕਰਦਾ ਗਿਆ, ਸੋ-ਸੋ ਕਲਮ ਦੀ ਛੋਹ ਨਾਲ ਕਾਗਜ਼ 'ਤੇ ਆਕਾਰ ਧਾਰਦਾ ਰਿਹਾ। ਤ੍ਰਾਸਦੀ ਇਹ ਹੋਈ ਕਿ ਮੈਂ ਇਹ ਸਾਰੀਆਂ ਕਿਰਤਾਂ ਸੰਭਾਲ ਨਹੀਂ ਸਕਿਆ। 1988 ਵਿਚ ਅਚਾਨਕ ਘਰ (ਜੰਮੂ) ਵਿਚ ਆਏ ਹੜ੍ਹ ਦੇ ਪਾਣੀ ਨੇ ਮੇਰੀ ਲਾਇਬ੍ਰੇਰੀ ਨਸ਼ਟ ਕਰ ਦਿੱਤੀ। ਉਹ ਰਚਿਤ ਮਸੌਦਾ ਜਿਸ ਦਾ ਸਬੰਧ ਮੇਰੇ ਪਿਛੋਕੜ ਸੀ, ਉਹ ਹੁਣ ਗੈਰ-ਹਾਜ਼ਰ ਹੈ। ਇਸ ਵਰ੍ਹੇ ਮਗਰੋਂ ਫਿਰ ਅਚਾਨਕ, ਬਿਨਾ ਕਿਸੇ ਪ੍ਰੋਗਰਾਮ, ਮੇਰੇ ਜੀਵਨ ਦੇ ਨਾਲ-ਨਾਲ ਮੇਰਾ ਸਾਹਿਤਕ ਸਫਰ ਕੈਲੀਫੋਰਨੀਆ ਦੀ ਧਰਤੀ ਤੇ ਨੇਪਰੇ ਚੜ੍ਹਨਾ ਆਰੰਭ ਹੋ ਗਿਆ। ਇਸ ਪੁਸਤਕ ਵਾਲੀਆਂ ਸਾਰੀਆਂ ਕਹਾਣੀਆ ਕੈਲੀਫੋਰਨੀਆ ਦੀ ਮਹਿਕ ਨਾਲ ਸ਼ਿੰਗਾਰੀਆਂ ਹੋਈਆਂ ਹਨ। ਇਨ੍ਹਾਂ ਦਾ ਵਹਾਓ ਪਰਵਾਸ ਤੋਂ ਪੂਰਬ ਅਤੇ ਪੂਰਬ ਤੋਂ ਪੱਛਮ ਵੱਲ ਹੋ ਤੁਰਦਾ ਹੈ।*

*-ਸੁਰਿੰਦਰ ਸਿੰਘ ਸੀਰਤ*

# ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 16 ਜੁਲਾਈ 2022 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-542



**ਇਨਸਾਨ ਜਾਂ ਹੈਵਾਨ ਹੋਵੇ, ਮਾਂ ਤਾਂ ਆਖਰ ਮਾਂ ਹੁੰਦੀ ਹੈ।**
**ਲੱਖ ਵਾਰੀ ਪੇਟੋਂ ਭੁੱਖੀ ਹੋਵੇ, ਬੱਚਿਆਂ ਨੂੰ ਤਾਂ ਹਾਂ ਹੁੰਦੀ ਹੈ।**

## ਕੈਪਸ਼ਨ ਮੁਕਾਬਲਾ-540



ਨੰਗ ਧੜੰਗਾ ਬਚਪਨ ਦੇਖੋ,
ਡੰਗਰ ਚਾਰਨ ਲਾਇਆ,
ਛਪੜੀ ਕੰਢੇ ਖੜ੍ਹਾ ਮੱਝ ਉੱਤੇ,
ਭੁੱਖਣ ਭਾਣਾ ਤ੍ਰਿਹਾਇਆ
ਨਾ ਕੋਈ ਨੇੜੇ ਤੇੜੇ ਦਿਸਦਾ,
ਜਿਸ 'ਵਾਜਾਂ ਮਾਰ ਬੁਲਾਵੇ,
ਮੱਥੇ ਉੱਤੇ ਹੱਥ ਰੱਖ ਦੇਖਦਾ,
ਅੰਦਰੋਂ ਅੰਦਰੀਂ ਘਬਰਾਵੇ।
**-ਸੇਵਾ ਸਿੰਘ 'ਨੂਰਪੁਰੀ'**

---

ਮੇਰੇ ਬਚਪਨ ਦੇ ਦਿਨ ਕਿੰਨੇ ਚੰਗੇ ਸੀ
ਹੱਸਦਿਆਂ ਖੇਡਦਿਆਂ ਵਧੀਆ ਲੰਘੇ ਸੀ
ਸਾਰਾ ਸਾਰਾ ਦਿਨ ਗਾਵਾਂ ਮੱਝਾਂ ਚਾਰਨੀਆਂ
ਸੂਏ ਨਹਿਰਾਂ 'ਚ ਨਹਾਉਂਦੇ ਨੰਗੇ ਸੀ
ਮੁੱਲ ਖ੍ਰੀਦ ਲੈਂਦਾ ਜੇ
ਮਿਲਦੀ ਖੁਸ਼ੀ ਕਿੱਧਰੇ
ਬਚਪਨ ਦੇ ਹਸੀਨ ਪਲ਼
ਨਾ ਕਿਸੇ ਤੋਂ ਮੁੱਲ ਮੰਗੇ ਸੀ।
***-ਨੋਬਲ ਜੰਬੇ***

ਦੂਰ ਦੁਰਾਡੇ ਨਜ਼ਰ ਨਾ ਆਵੇ
ਭਵਿੱਖ ਆਪਣਾ ਮੈਂ ਵੇਖ ਲਿਆ
ਮੁੜ ਚੱਲਿਆ ਭੁੱਖਾ ਪਿਆਸਾ ਮੈਂ
ਧੁੱਪੇ ਵੀ ਪਿੰਡਾ ਸੇਕ ਲਿਆ
ਉੱਚਾ ਹੋ ਵੇਖਿਆ ਮੈਂ
ਮਿਲਿਆ ਨਾ ਕਿੱਧਰੇ ਪਾਣੀ
ਮਾਰੂਥਲ ਸਭ ਪਾਸੇ ਨਜ਼ਰ ਆਇਆ
ਜ਼ਿੰਦਗੀ ਦੀ ਜਿਵੇਂ ਖਤਮ ਕਹਾਣੀ।
**-ਨਵਨੀਤ ਸਿੰਘ ਭੁੰਬਲੀ**
**ਫੋਨ: 96468-65500**

---

ਬਚਪਨ ਬਣਿਆਂ ਫਿਰਦੈ ਪਾਲੀ,
ਰੋਟੀ ਕਪੜੇ ਤੋਂ ਤਥ ਖਾਲੀ।
ਤਿੱਖੜ ਦੁਪਹਿਰਾ ਸਿਰ 'ਤੇ ਆਇਆ,
ਭੁੱਖਾ ਤਿਹਾਇਆ ਬਾਲ ਮਜ਼ਦੂਰ।
ਮੱਝ 'ਤੇ ਚੜ੍ਹ ਕੇ ਤੱਕੀ ਜਾਵੇ,
ਅੱਛੇ ਦਿਨ ਸਾਡੇ, ਕਿੰਨੀ ਕੁ ਦੂਰ ?
***-ਗੁਰਦੇਵ ਸਿੰਘ ਢਪਾਲੀ***
***ਗੁਰੂ ਤੇਗ ਬਹਾਦਰ ਨਗਰ, ਬਠਿੰਡਾ।***
***ਫੋਨ: 94176-49275***

---

ਮੱਝਾਂ ਦੀਆਂ ਅਸੀਂ ਫੜ ਕੇ ਪੂਛਾਂ
ਵਿਚ ਛੱਪੜਾਂ ਦੇ ਤਾਰੀ ਲਾਈਏ।
ਸ਼ਾਹੀ -ਸਵਾਰੀ ਨਿਕਲੀ ਸਾਡੀ
ਉੱਚੇ ਖੜ੍ਹ ਕੇ ਨਿਗਾਹ ਘੁਮਾਈਏ।
ਸਾਡੀਆਂ ਤਾਂ ਬੱਸ ਏਹੀ ਖੇਡਾਂ
ਲਿੱਬੜੇ ਤਿਬੜੇ ਘਰ ਨੂੰ ਆਈਏ।
***-ਜਗਮੀਤ ਸਿੰਘ ਪੰਧੇਰ***
***ਵਿੰਨੀਪੈਗ, ਕੈਨੇਡਾ***
***ਫੋਨ: +1 2042963177***

---

ਸੀ ਉਮਰ ਜੋ ਖੇਡਣ ਮੱਲਣ ਦੀ
ਬਾਪੂ ਨਾਲ ਡੰਗਰ ਚਾਰੇ ਨੇ,
ਇਹ ਨਿੱਕੀਆਂ ਨਿੱਕੀਆਂ ਜਿੰਦਾਂ ਨੂੰ
ਜੀ ਪਏ ਮਾਮਲੇ ਭਾਰੇ ਨੇ।
***- ਅਰਸ਼ ਸਿੱਧੂ***
***ਫੋਨ: 94642-15070***

# 'ਆਪ' ਦਾ ਪਲੇਠਾ ਬਜਟ ਫਾਰਸ ਵੀ ਨਾ ਬੰਨ੍ਹ ਸਕਿਆ

ਭਗਵੰਤ ਮਾਨ ਸਰਕਾਰ ਦਾ ਪਹਿਲਾ ਬਜਟ ਵਿਧਾਨ ਸਭਾ ਵਿਚ ਪਾਸ ਹੋ ਗਿਆ। ਬਜਟ ਵਿਚ ਪੰਜਾਬ ਸਰਕਾਰ ਵੱਲੋਂ 2022-23 ਦੌਰਾਨ ਕੀਤੇ ਜਾਣ ਵਾਲੇ ਖਰਚੇ ਅਤੇ ਉਸ ਵਾਸਤੇ ਪ੍ਰਾਪਤ ਸਾਧਨਾਂ ਦੇ ਅਨੁਮਾਨ ਪੇਸ਼ ਕੀਤੇ ਗਏ ਹਨ। ਇਸ ਤੋਂ ਇਲਾਵਾ ਸਰਕਾਰ ਨੇ ਆਪਣੀਆਂ ਤਰਜੀਹਾਂ ਦਾ ਐਲਾਨ ਵੀ ਕਰ ਦਿੱਤਾ ਹੈ। ਇਸ ਬਜਟ ਨੂੰ ਕਈ ਪੱਖਾਂ ਤੋਂ ਵਿਚਾਰਿਆ ਜਾ ਸਕਦਾ ਹੈ। ਪਹਿਲਾਂ ਜਿਵੇਂ ਵਿੱਤ ਮੰਤਰੀ ਨੇ ਸਿਆਸੀ ਤਬਦੀਲੀ ਦੀ ਗੱਲ ਕੀਤੀ ਹੈ। ਕੁਝ ਲੋਕ, ਖਾਸਕਰ ਵਿਰੋਧੀ ਪਾਰਟੀਆਂ ਇਸ ਪੱਖੋਂ ਬਿਆਨ ਦੇ ਰਹੇ ਹਨ। ਦੂਜਾ ਪੱਖ ਪੰਜਾਬ ਦੇ ਲੋਕਾਂ ਅਤੇ ਆਰਥਿਕ ਵਿਕਾਸ ਦੀਆਂ ਲੋੜਾਂ ਦੇ ਪ੍ਰਸੰਗ ਵਿਚ ਚਰਚਾ ਕੀਤੀ ਜਾ ਸਕਦੀ ਹੈ ਅਤੇ ਕੁਝ ਮਾਹਿਰ ਇਸ ਪੱਖੋਂ ਵੀ ਵਿਚਾਰ ਵੀ ਪੇਸ਼ ਕਰ ਰਹੇ ਹਨ। ਤੀਜਾ ਤਰੀਕਾ ਬਜਟ ਵਿਚ ਸਰਕਾਰ ਵਲੋਂ



**ਸੁੱਚਾ ਸਿੰਘ ਗਿੱਲ**
ਫੋਨ: +91-98550-82857

ਐਲਾਨੀਆਂ ਤਰਜੀਹਾਂ ਦੇ ਪੱਖ ਤੋਂ ਵਿਚਾਰਿਆ ਜਾ ਸਕਦਾ ਹੈ। ਇਸ ਲੇਖ ਵਿਚ ਬਜਟ ਨੂੰ ਤੀਜੇ ਪੱਖ ਤੋਂ ਵਿਚਾਰਿਆ ਗਿਆ ਹੈ ਅਤੇ ਇਸ ਦਾ ਵਿਸ਼ਲੇਸ਼ਣ ਤੇ ਵਿਆਖਿਆ ਕੀਤੀ ਗਈ ਹੈ। ਵਿੱਤ ਮੰਤਰੀ ਦੇ ਭਾਸ਼ਣ ਵਿਚ ਕਿਹਾ ਗਿਆ ਹੈ ਕਿ ਪਹਿਲੇ ਸਾਲ ਦੇ ਬਜਟ ਦਾ ਧਿਆਨ ਤਿੰਨ ਥਾਵਾਂ 'ਤੇ ਕੇਂਦਰਤ ਹੈ। ਇਹ ਹਨ:

(1) ਸੂਬੇ ਦੀ ਵਿੱਤੀ ਸਿਹਤ ਨੂੰ ਠੀਕ ਕਰਨਾ ਅਤੇ ਆਪਣੇ ਸਾਧਨਾਂ ਦੀ ਉਗਰਾਹੀ ਕਰਕੇ ਕਰਜ਼ੇ ਦੇ ਵਧ ਰਹੇ ਭਾਰ ਨੂੰ ਮੱਠਾ ਕਰਨਾ; (2) ਅਸਰਦਾਰ ਅਤੇ ਨਿਪੁੰਨ ਤਰੀਕੇ ਨਾਲ ਪਬਲਿਕ ਸਾਧਨਾਂ ਦੀ ਵਰਤੋਂ ਕਰਕੇ ਫਜ਼ੂਲ ਖਰਚੇ ਘਟਾਉਣਾ ਅਤੇ ਮੌਜੂਦਾ ਸਕੀਮਾਂ ਨੂੰ ਨਵੇਂ ਸਿਰਿਉਂ ਵਿਉਂਤ ਕੇ ਚੰਗਾ ਪ੍ਰਸ਼ਾਸਨ ਦੇਣਾ; ਅਤੇ (3) ਦੋ ਨੀਹਾਂ- ਸਿਹਤ ਅਤੇ ਵਿਦਿਆ, 'ਤੇ ਕੇਂਦਰਤ ਬਜਟ। ਇਹ ਬਜਟ ਭਾਵੇਂ ਆਰਥਿਕਤਾ ਦੇ ਹਰ ਪਹਿਲੂ ਤੇ ਵਿਕਾਸ ਅਤੇ ਸਾਧਨਾਂ ਦੀ ਵੰਡ ਦੀ ਗੱਲ ਕਰਦਾ ਹੈ ਪਰ ਇਸ ਦਾ ਕੇਂਦਰੀ ਬਿੰਦੂ ਇਹ ਤਿੰਨ ਹੀ ਖੇਤਰ ਹਨ।

ਸਭ ਤੋਂ ਪਹਿਲਾਂ ਸੂਬੇ ਦੀ ਵਿੱਤੀ ਸਿਹਤ ਬਾਰੇ ਗੱਲ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਬਜਟ ਤੋਂ ਪਹਿਲਾਂ ਸਰਕਾਰ ਨੇ ਸੂਬੇ ਦੇ ਸਾਧਨਾਂ ਬਾਰੇ ਵਿਧਾਨ ਸਭਾ ਵਿਚ ਵ੍ਹਾਈਟ ਪੇਪਰ ਪੇਸ਼ ਕੀਤਾ। ਇਸ ਵਿਚ ਕਿਹਾ ਗਿਆ ਕਿ ਪਿਛਲੀਆਂ ਸਰਕਾਰਾਂ ਵਲੋਂ ਵਿੱਤੀ ਸਾਧਨਾਂ ਦੀ ਸੰਜਮ ਨਾਲ ਵਰਤੋਂ ਨਾ ਕਰਨ ਅਤੇ ਬਜਟ ਦੇ ਸਿਧਾਂਤਾਂ ਦੀ ਅਣਦੇਖੀ ਕਾਰਨ 31 ਮਾਰਚ 2022 ਤੱਕ 2.63 ਲੱਖ ਕਰੋੜ ਰੁਪਏ ਦਾ ਕਰਜ਼ਾ ਸੂਬੇ ਸਿਰ ਹੋ ਗਿਆ। ਇਸ ਤੋਂ ਇਲਾਵਾ ਸਰਕਾਰੀ ਏਜੰਸੀਆਂ/ਪਬਲਿਕ ਸੈਕਟਰ ਦੇ ਅਦਾਰਿਆਂ, ਬੋਰਡਾਂ ਅਤੇ ਕਾਰਪੋਰੇਸ਼ਨਾਂ ਸਿਰ 55000 ਕਰੋੜ ਰੁਪਏ ਦਾ ਕਰਜ਼ਾ ਵੀ ਚੜ੍ਹਾ ਦਿੱਤਾ ਸੀ। ਇਸ ਕਰਜ਼ੇ ਦੀ ਗਰੰਟੀ (22,500 ਕਰੋੜ ਰੁਪਏ) ਵੀ ਸੂਬਾ ਸਰਕਾਰ ਨੇ ਦਿੱਤੀ ਹੈ। ਪੰਜਾਬ ਸਰਕਾਰ ਸਿਰ ਸਿੱਧੇ ਕਰਜ਼ੇ ਵਿਚ ਸਰਕਾਰੀ ਗਰੰਟੀ ਸ਼ਾਮਲ ਕਰ ਲਈ ਜਾਵੇ ਤਾਂ ਇਹ ਬੋਝ 2.86 ਲਖ ਕਰੋੜ ਬਣ ਜਾਂਦਾ ਹੈ। ਇਸ ਹਿਸਾਬ ਨਾਲ ਪਿਛਲੇ ਪੰਜਾਂ ਸਾਲਾਂ ਦੌਰਾਨ ਇਸ ਵਿਚ 44.23% ਵਾਧਾ ਹੋਇਆ ਹੈ। ਇਸ ਵਧੇ ਨੂੰ ਠੱਲ੍ਹ ਪਾਏ ਬਗ਼ੈਰ ਸੂਬੇ ਦੇ ਲੀਹੋਂ ਲੱਥੇ ਵਿਕਾਸ ਨੂੰ ਲੀਹ 'ਤੇ ਲਿਆਉਣਾ ਮੁਸ਼ਕਿਲ ਹੈ।

ਅੱਜ ਕੇਂਦਰ ਦੇ ਟੈਕਸਾਂ ਅਤੇ ਗ੍ਰਾਂਟਾਂ ਦਾ ਹਿੱਸਾ ਪਿਛਲੇ ਦਸਾਂ ਸਾਲਾਂ (2011-12 ਤੋਂ 2021-22) ਵਿਚ 22.85% ਤੋਂ ਵਧ ਕੇ 46.11% ਹੋ ਗਿਆ ਹੈ। ਸੂਬੇ ਦੇ ਆਪਣੇ ਵਿੱਤੀ ਸਾਧਨਾਂ ਦਾ ਹਿੱਸਾ ਇਨ੍ਹਾਂ ਸਾਲਾਂ ਵਿਚ 71.82% ਤੋਂ ਘਟ ਕੇ 47.79% ਰਹਿ ਗਿਆ ਹੈ; ਭਾਵ, ਸੂਬੇ ਦੀ ਆਪਣੀ ਸਮਰੱਥਾ (ਟੈਕਸਾਂ ਤੇ ਟੈਕਸ ਤੋਂ ਇਲਾਵਾ ਹੋਰ ਤਰੀਕਿਆਂ ਰਾਹੀਂ ਸਾਧਨ ਇਕੱਠੇ ਕਰਨਾ) ਕਾਫੀ ਘਟ ਗਈ ਹੈ ਅਤੇ ਕੇਂਦਰ ਸਰਕਾਰ 'ਤੇ ਨਿਰਭਰਤਾ ਕਾਫੀ ਵਧ ਗਈ ਹੈ। ਇਸ ਤਵਾਜ਼ਨ ਨੂੰ ਠੀਕ ਕਰਨ ਲਈ ਸੂਬਾ ਸਰਕਾਰ ਨੇ ਪਿਛਲੇ ਦਸਾਂ ਸਾਲਾਂ ਵਿਚ ਕੋਈ ਵਿਸ਼ੇਸ਼ ਕੋਸ਼ਿਸ਼ ਨਹੀਂ ਕੀਤੀ। ਇਸ ਦੇ ਨਾਲ ਹੀ ਕੇਂਦਰ ਸਰਕਾਰ ਵਲੋਂ ਜੀਐਸਟੀ ਵੱਲ ਤਬਦੀਲੀ ਕਾਰਨ ਮੁਆਵਜ਼ੇ ਦਾ ਭੁਗਤਾਨ ਵੀ ਜੂਨ 2022 ਤੋਂ ਬਾਅਦ ਖਤਮ ਹੋ ਰਿਹਾ ਹੈ। ਇਸ ਨਾਲ ਪੰਜਾਬ ਨੂੰ ਕੇਂਦਰ ਤੋਂ ਮਿਲਣ ਵਾਲੇ ਭੁਗਤਾਨ ਵਿਚ ਸਾਲਾਨਾ 14000-15000 ਕਰੋੜ ਰੁਪਏ ਦਾ ਘਾਟਾ ਪੈਣਾ ਹੈ।

ਸੂਬਾ ਸਰਕਾਰ ਨੇ ਵਿੱਤੀ ਸਮਝਦਾਰੀ ਅਤੇ ਕਾਰਜਕੁਸ਼ਲਤਾ ਨਾਲ ਇਸ ਨੂੰ ਠੀਕ ਕਰਨ ਲਈ ਕੁਝ ਕਦਮ ਚੁੱਕਣ ਦਾ ਐਲਾਨ ਕੀਤਾ ਹੈ। ਇਸ ਵਿਚ ਵਿੱਤੀ ਜੋਖਿਮ ਬਿਆਨ ਲਾਗੂ ਕਰਨਾ, ਲਿੰਗ ਆਧਾਰਿਤ ਬਜਟ ਦਿਸ਼ਾ ਨਿਰਦੇਸ਼ ਲਾਗੂ ਕਰਨਾ, ਸੰਸਾਰ ਬੈਂਕ ਦੀ ਮਦਦ ਨਾਲ ਵਿੱਤੀ ਅਤੇ ਸੰਸਥਾਈ ਲਚਕ ਪੈਦਾ ਕਰਨਾ, ਟੈਕਸ ਚੋਰੀ ਰੋਕਣ ਲਈ ਖੁਫੀਆ ਯੂਨਿਟ ਲਾਉਣਾ ਅਤੇ ਕਰਜ਼ਾ ਮੋੜਨ ਨੂੰ ਯਕੀਨੀ ਬਣਾਉਣ ਵਾਸਤੇ 1000 ਕਰੋੜ ਰੁਪਏ ਦਾ ਡੁਬਦਾ ਫੰਡ ਕਾਇਮ ਕਰਨ ਦਾ ਫੈਸਲਾ ਕੀਤਾ ਹੈ। ਇਸ ਐਲਾਨ ਤੋਂ ਬਾਅਦ ਬਜਟ ਦੇ ਖਰਚੇ ਅਤੇ ਆਮਦਨ ਦੇ ਵੇਰਵੇ ਪੇਸ਼ ਕੀਤੇ ਗਏ ਹਨ। ਇਨ੍ਹਾਂ ਨੂੰ ਬਣਾਉਣ ਸਮੇਂ ਐਲਾਨ ਕੀਤੇ ਕਦਮਾਂ ਨੂੰ ਭੁਲਾ ਕੇ ਬਜਟ ਬਣਾਇਆ ਗਿਆ ਹੈ। ਬਜਟ ਵਿਚ 2022-23 ਦਾ ਅਨੁਮਾਨਤ ਖਰਚਾ 1,55,860 ਕਰੋੜ ਰੁਪਏ ਦਿਖਾਇਆ ਹੈ। ਇਸ ਵਿਚੋਂ ਮਾਲੀ ਖਰਚਾ 1,07,932 ਕਰੋੜ ਦਿਖਾਇਆ ਹੈ। ਇਸ ਦੇ ਮੁਕਾਬਲੇ ਮਾਲੀ ਆਮਦਨ 95,378 ਕਰੋੜ ਹੋਣ ਦਾ ਅਨੁਮਾਨ ਹੈ; ਮਤਲਬ, ਮਾਲੀ ਘਾਟਾ 12,554 ਕਰੋੜ ਰੁਪਏ ਹੈ। ਇਸ ਵਿੱਤੀ ਘਾਟੇ ਕਾਰਨ ਕਰਜ਼ਾ ਹੋਰ ਵਧੇਗਾ। ਵੈਸੇ ਵੀ ਪਿਛਲੇ ਤਿੰਨ ਮਹੀਨਿਆਂ ਵਿਚ ਸਰਕਾਰ ਨੇ 8000 ਕਰੋੜ ਰੁਪਏ ਦਾ ਹੋਰ ਕਰਜ਼ਾ ਲੈ ਲਿਆ ਹੈ। ਇਸ ਤੋਂ ਇਲਾਵਾ ਪੂੰਜੀਗਤ ਖਰਚੇ ਅਤੇ ਪਿਛਲੇ ਕਰਜ਼ੇ ਦੀਆਂ ਕਿਸ਼ਤਾਂ ਤੇ ਵਿਆਜ ਬਜਟ ਵਿਚੋਂ 47,928 ਕਰੋੜ ਰੁਪਏ ਦੇ ਬਰਾਬਰ ਖਰਚਿਆ ਜਾਵੇਗਾ।



ਵਿੱਤ ਵਿਭਾਗ ਨੇ ਮਾਲੀ ਆਮਦਨ ਵਧਾਉਣ ਬਾਰੇ ਠੀਕ ਅਨੁਮਾਨ ਲਗਾਉਣ ਉਪਰ ਚੰਗੀ ਤਰ੍ਹਾਂ ਧਿਆਨ ਨਹੀਂ ਦਿੱਤਾ। ਪੰਜਾਬ ਸਰਕਾਰ ਦੇ ਛੇਵੇਂ ਵਿੱਤ ਕਮਿਸ਼ਨ ਦੀ ਰਿਪੋਰਟ (ਮਾਰਚ 2022) ਵਿਚ ਅਨੁਮਾਨ ਲਗਾਇਆ ਸੀ ਕਿ ਟੈਕਸ ਚੋਰੀ ਕਾਰਨ ਸੂਬੇ ਨੂੰ ਹਰ ਸਾਲ 28500 ਕਰੋੜ ਦਾ ਨੁਕਸਾਨ ਹੁੰਦਾ ਹੈ। ਇਸ ਤੋਂ ਇਲਾਵਾ ਸਬਸਿਡੀਆਂ ਦੀ ਤਰਕਸੰਗਤਾ ਨਾਲ 10,000 ਕਰੋੜ ਰੁਪਏ ਬਚਾਏ ਜਾ ਸਕਦੇ ਹਨ। ਅਜਿਹੇ ਸੁਝਾਅ ਸਰਕਾਰ ਨੂੰ ਕਈ ਪਾਸਿਆਂ ਤੋਂ ਭੇਜੇ ਗਏ ਸਨ ਪਰ ਇਨ੍ਹਾਂ ਵਲ ਲੋੜੀਂਦੀ ਤਵੱਜੋ ਨਹੀਂ ਦਿੱਤੀ ਗਈ। ਇਕ ਸੁਝਾਅ ਕਈ ਸਾਲਾਂ ਤੋਂ ਦਿੱਤਾ ਜਾ ਰਿਹਾ ਹੈ ਕਿ ਸ਼ਹਿਰਾਂ ਨਾਲ ਗੈਰ-ਮਨਜ਼ੂਰਸ਼ੁਦਾ ਰਿਹਾਇਸ਼ੀ ਕਾਲੋਨੀਆਂ ਬਣਾਈਆਂ ਜਾਂਦੀਆਂ ਹਨ ਜਿਨ੍ਹਾਂ ਨੂੰ ਚੋਣਾਂ ਨੇੜੇ ਰੈਗੂਲਰ ਕਰ ਦਿੱਤਾ ਜਾਂਦਾ ਹੈ, ਇਨ੍ਹਾਂ ਦੇ ਵਸਨੀਕਾਂ ਨੂੰ ਸਮੇਂ ਨਾਲ ਸ਼ਹਿਰੀ ਸਹੂਲਤਾਂ ਜਿਵੇਂ ਸੜਕਾਂ, ਪਾਣੀ, ਸੀਵਰੇਜ ਆਦਿ ਮੁਹੱਈਆ ਕੀਤੀਆਂ ਜਾਂਦੀਆਂ ਹਨ ਪਰ ਇਨ੍ਹਾਂ ਦੇ ਵਸਨੀਕਾਂ ਤੋਂ ਜਾਇਦਾਦ ਟੈਕਸ, ਪਾਣੀ ਤੇ ਸੀਵਰੇਜ ਦੇ ਬਿੱਲ ਨਹੀਂ ਇਕੱਠੇ ਕੀਤੇ ਜਾਂਦੇ। ਇਹ ਬਿੱਲ ਇਕੱਠੇ ਕਰਨ ਨਾਲ ਸ਼ਹਿਰੀ ਮਿਉਂਸਿਪਲ ਕਮੇਟੀਆਂ ਅਤੇ ਕਾਰਪੋਰੇਸ਼ਨਾਂ ਨੂੰ ਸਵੈ-ਨਿਰਭਰ ਬਣਾਇਆ ਜਾ ਸਕਦਾ ਹੈ। ਇਕ ਸਮਝ ਇਹ ਬਣਦੀ ਹੈ ਕਿ ਗਰੀਬਾਂ ਨੂੰ ਸਬਸਿਡੀ ਦੇਣਾ ਠੀਕ ਹੈ ਪਰ ਸਰਦੇ ਪੁੱਜਦੇ ਲੋਕਾਂ ਤੋਂ ਸੇਵਾਵਾਂ ਦੇ ਰੇਟ ਚਾਰਜ ਕਰਨੇ ਵਾਜਿਬ ਹਨ, ਮੁਫ਼ਤਖੋਰੀ ਤੋਂ ਬਚਣ ਦੀ ਲੋੜ ਹੈ। ਮੁਫ਼ਤਖੋਰੀ ਦੀ ਆਦਤ ਵੱਡੇ ਵਪਾਰੀਆਂ ਤੇ ਉਦਯੋਗਪਤੀਆਂ ਨੂੰ ਨਹੀਂ ਪਾਉਣੀ ਚਾਹੀਦੀ, ਜਿਵੇਂ ਉਦਯੋਗਿਕ ਇਕਾਈਆਂ ਨੂੰ ਬਿਜਲੀ ਸਬਸਿਡੀ ਦੇਣੀ ਸ਼ੁਰੂ ਕੀਤੀ ਗਈ ਹੈ। ਜੇ ਸਰਕਾਰ ਨੇ ਇਨ੍ਹਾਂ ਸੁਝਾਵਾਂ ਵਲ ਧਿਆਨ ਦਿਤਾ ਹੁੰਦਾ ਤਾਂ ਬਜਟ ਵਿਚ ਮਾਲੀ ਘਾਟੇ ਦੀ ਬਜਾਇ ਕਰਜ਼ੇ ਉਤਾਰਨ ਵਾਸਤੇ ਅਤੇ ਪੂੰਜੀ ਨਿਵੇਸ਼ ਵਾਸਤੇ ਸਰਕਾਰ ਕੋਲ ਹੋਰ ਕਾਫੀ ਫੰਡ ਉਪਲਬਧ ਹੋ ਸਕਦੇ ਸਨ। ਇਸ ਸਾਲ ਸਰਕਾਰੀ ਨਿਵੇਸ਼ ਵਾਸਤੇ 10,981 ਕਰੋੜ ਰੁਪਏ ਰੱਖੇ ਹਨ ਜੋ ਸੂਬੇ ਦੀ ਕੁੱਲ ਆਮਦਨ ਦਾ 2% ਤੋਂ ਵੀ ਘੱਟ ਹਿੱਸਾ ਬਣਦਾ ਹੈ। ਇਸ ਨਾਲ ਡਿੱਗੇ ਹੋਏ ਅਰਥਚਾਰੇ ਨੂੰ ਪੈਰਾਂ ਸਿਰ ਖੜ੍ਹਾ ਨਹੀਂ ਕੀਤਾ ਜਾ ਸਕਦਾ।

ਇਸ ਤੋਂ ਬਾਅਦ ਸਿੱਖਿਆ ਅਤੇ ਸਿਹਤ ਖੇਤਰਾਂ ਨੂੰ ਪਹਿਲ ਬਾਰੇ ਵਿਚਾਰ ਕਰਨੀ ਬਣਦੀ ਹੈ। ਇਹ ਖੇਤਰ ਮਨੁੱਖੀ ਸਰੋਤਾਂ ਦੇ ਵਿਕਾਸ ਵਾਸਤੇ ਜ਼ਰੂਰੀ ਹਨ। ਇਨ੍ਹਾਂ ਖੇਤਰਾਂ ਵਾਸਤੇ ਬਜਟ ਵਿਚ ਵਾਧੇ ਦਾ ਸਵਾਗਤ ਕਰਦਿਆਂ ਇਹ ਵਿਚਾਰਨ ਦੀ ਲੋੜ ਹੈ ਕਿ ਸੂਬੇ ਦੀਆਂ ਲੋੜਾਂ ਦਿੱਲੀ ਨਾਲੋਂ ਵੱਖਰੀਆਂ ਹਨ। ਦਿੱਲੀ ਸ਼ਹਿਰੀ ਸੂਬਾ ਹੈ, ਪੰਜਾਬ ਦੇ ਜ਼ਿਆਦਾਤਰ ਲੋਕ ਪਿੰਡਾਂ ਵਿਚ ਰਹਿੰਦੇ ਹਨ। ਬਹੁਤੇ ਪਿੰਡਾਂ ਵਿਚ ਸਰਕਾਰੀ ਸਕੂਲ ਹਨ ਪਰ ਸਕੂਲ ਇਮਾਰਤ ਅਤੇ ਹੋਰ ਸਹੂਲਤਾਂ ਤੋਂ ਵਾਂਝੇ ਹਨ। ਅਧਿਆਪਕਾਂ ਦੀ ਘਾਟ ਹੈ। ਪ੍ਰਬੰਧਕੀ ਖਾਮੀਆਂ ਕਾਰਨ ਇਹ ਬੱਚਿਆਂ ਨੂੰ ਮਿਆਰੀ ਵਿਦਿਆ ਦੇਣ ਦੇ ਕਾਬਲ ਨਹੀਂ। ਇਵੇਂ ਹੀ ਪਿੰਡਾਂ ਨੇੜੇ ਡਿਸਪੈਂਸਰੀਆਂ ਅਤੇ ਹਸਪਤਾਲ ਹਨ ਜਿਥੇ ਡਾਕਟਰਾਂ ਤੇ ਪੈਰਾ-ਮੈਡੀਕਲ ਸਟਾਫ ਦੀ ਕਮੀ ਹੈ। ਕਈ ਥਾਵਾਂ 'ਤੇ ਇਮਾਰਤਾਂ ਖੰਡਰ ਬਣੀਆਂ ਪਈਆਂ ਹਨ। ਦਵਾਈਆਂ ਅਤੇ ਹੋਰ ਸਹੂਲਤਾਂ ਦੀ ਘਾਟ ਹੈ। ਗਿਣਵੇਂ ਚੁਣਵੇਂ ਸਕੂਲਾਂ ਅਤੇ ਸੀਮਤ ਸਿਹਤ ਸਹੂਲਤਾਂ ਨੂੰ ਠੀਕ ਕਰਨ ਨਾਲ ਗੱਲ ਨਹੀਂ ਬਣਨੀ। ਪਿਛਲੀਆਂ ਸਰਕਾਰਾਂ ਨੇ ਵੀ ਕੁਝ ਆਦਰਸ਼ ਸਕੂਲ ਅਤੇ ਬਾਅਦ ਵਿਚ ਇਲੀਟ ਸਕੂਲ ਬਣਾਏ ਸਨ ਜਿਹੜੇ ਕਾਮਯਾਬ ਨਹੀਂ ਹੋ ਸਕੇ। ਇਸ ਕਰਕੇ ਕੁਝ ਸਕੂਲ ਆਫ ਐਮੀਨੈਂਸ ਜਾਂ ਕੁਝ ਪੇਂਡੂ/ਮੁਹੱਲਾ ਕਲੀਨਿਕ ਬਣਾਉਣ ਨਾਲ ਕੰਮ ਨਹੀਂ ਚੱਲਣਾ। ਸਾਰਾ ਸਿਸਟਮ ਨਵਿਆਉਣ ਵਾਲਾ ਹੈ। ਵਿਦਿਆ, ਸਿਹਤ ਅਤੇ ਹੋਰ ਸਰਕਾਰੀ ਅਦਾਰਿਆਂ ਵਿਚ ਕੰਮ ਕਰਨ ਵਾਲੇ ਮੁਲਾਜ਼ਮਾਂ ਨੂੰ ਪੂਰੀ ਤਨਖਾਹ ਮਿਲਣੀ ਚਾਹੀਦੀ ਹੈ। ਅਫਸੋਸ ਕਿ ਪੰਜਾਬ ਦੀਆਂ ਯੂਨੀਵਰਸਿਟੀਆਂ ਤੇ ਕਾਲਜਾਂ ਦੇ ਅਧਿਆਪਕਾਂ ਦੇ ਤਨਖਾਹ ਗਰੇਡ ਕਈ ਸਾਲਾਂ ਤੋਂ ਸੋਧੇ ਨਹੀਂ ਗਏ। ਪੰਜਾਬੀ ਯੂਨੀਵਰਸਿਟੀ ਬਾਰੇ ਐਲਾਨ ਕਿ ਇਸ ਨੂੰ ਵਿੱਤੀ ਸੰਕਟ ਵਿਚੋਂ ਬਾਹਰ ਕਢਿਆ ਜਾਵੇਗਾ ਪਰ ਬਜਟ ਵਿਚ ਇਸ ਨੂੰ ਪੂਰਾ ਨਾ ਕਰਨਾ ਸਰਕਾਰ ਦੀ ਵਚਨਬੱਧਤਾ ਨੂੰ ਠੇਸ ਮਾਰਦਾ ਹੈ।

ਪੁਰਾਣੀਆਂ ਸਕੀਮਾਂ ਜਾਰੀ ਰੱਖੀਆਂ ਹਨ ਅਤੇ ਨਵੇਂ ਕਾਰਜ ਸਰਕਾਰ ਨੇ ਸ਼ੁਰੂ ਕੀਤੇ ਹਨ। ਇਨ੍ਹਾਂ ਦਾ ਸਵਾਗਤ ਕਰਨਾ ਬਣਦਾ ਹੈ। ਵਾਤਾਵਰਨ ਨੂੰ ਬਚਾਉਣ ਵਾਸਤੇ ਨਵੇਂ ਪ੍ਰੋਗਰਾਮ ਜਿਵੇਂ ਝੋਨੇ ਦੀ ਸਿਧੀ ਬਿਜਾਈ ਅਤੇ ਮੂੰਗੀ ਦਾਲ ਦਾ ਘੱਟੋ-ਘੱਟ ਸਮਰਥਨ ਮੁੱਲ ਯਕੀਨੀ ਬਣਾਇਆ ਗਿਆ ਹੈ। ਵਿਧਾਇਕਾਂ ਨੂੰ ਇਕ ਪੈਨਸ਼ਨ ਦੇਣ ਦਾ ਫੈਸਲਾ ਸ਼ਲਾਘਾਯੋਗ ਹੈ। ਭ੍ਰਿਸ਼ਟਾਚਾਰ ਵਿਰੋਧੀ ਲਾਮਬੰਦੀ ਸਮੇਂ ਦੀ ਲੋੜ ਹੈ। ਸੋਲਾਂ ਨਵੇਂ ਮੈਡੀਕਲ ਕਾਲਜ ਅਗਲੇ ਪੰਜ ਸਾਲਾਂ ਵਿਚ ਬਣਾਉਣ ਦਾ ਐਲਾਨ ਚੰਗਾ ਹੈ ਪਰ ਬਜਟ ਵਿਚ ਰੱਖੀ ਰਾਸ਼ੀ ਘੱਟ ਹੈ। ਬਜਟ ਵਿਚ ਕੁਝ ਨਵੀਆਂ ਪਹਿਲਕਦਮੀਆਂ ਹਨ ਪਰ ਵਿੱਤੀ ਸਾਧਨਾਂ ਦੀਆਂ ਸੀਮਾਵਾਂ ਇਸ ਬਜਟ ਨੂੰ ਗ੍ਰਹਿਣ ਲਾਉਂਦੀਆਂ ਹਨ। ਬਜਟ ਦੀ ਪੁਣ-ਛਾਣ ਤੋਂ ਇਹ ਸਮਝ ਬਣਦੀ ਹੈ ਕਿ ਇਸ ਨੂੰ ਅਫਸਰਸ਼ਾਹੀ ਦੀ ਅਗਵਾਈ ਵਿਚ ਤਿਆਰ ਕੀਤਾ ਗਿਆ ਹੈ ਅਤੇ ਸੂਬੇ ਦੇ ਮਾਹਿਰਾਂ ਨੂੰ ਗੱਲਬਾਤ ਵਿਚ ਸ਼ਾਮਲ ਨਹੀਂ ਕੀਤਾ ਗਿਆ। ਇਵੇਂ ਹੀ ਕਿਸਾਨਾਂ ਅਤੇ ਮਜ਼ਦੂਰਾਂ ਦੇ ਮਸਲਿਆਂ ਵਿਚ ਉਨ੍ਹਾਂ ਦੇ ਆਗੂਆਂ ਨੂੰ ਲੋੜੀਂਦੀ ਤਵੱਜੋ ਨਹੀਂ ਦਿੱਤੀ ਗਈ। ਅਜਿਹਾ ਕਰਨ ਨਾਲ ਬਜਟ ਜ਼ਿਆਦਾ ਸਾਰਥਕ ਅਤੇ ਪ੍ਰਸੰਗਿਕ ਬਣ ਸਕਦਾ ਸੀ।

# ਪੰਜਾਬ ਦਾ ਬਜਟ ਅਤੇ ਖੇਤੀ ਖੇਤਰ

ਪੰਜਾਬ ਖੇਤੀ ਪ੍ਰਧਾਨ ਸੂਬਾ ਹੈ। ਇਸ ਕਰਕੇ ਇੱਥੋਂ ਦੇ ਬਜਟ ਦਾ ਮੁੱਖ ਧੁਰਾ ਖੇਤੀਬਾੜੀ ਹੀ ਹੋਣਾ ਚਾਹੀਦਾ ਹੈ ਲੇਕਿਨ ਪਹਿਲਾਂ ਵਾਲੀਆਂ ਸਰਕਾਰਾਂ ਵਾਂਗ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਵੀ ਆਪਣੇ ਪਲੇਠੇ ਬਜਟ ਵਿਚ ਖੇਤੀ ਸੈਕਟਰ ਨੂੰ ਵਿਸ਼ੇਸ਼ ਤਰਜੀਹ ਨਹੀਂ ਦਿੱਤੀ। ਪੰਜਾਬ ਦੇ ਕੁੱਲ ਬਜਟ 155860 ਕਰੋੜ ਰੁਪਏ ਵਿਚੋਂ ਖੇਤੀ ਸੈਕਟਰ ਨੂੰ 11560 ਕਰੋੜ ਰੁਪਏ (7.41%) ਅਲਾਟ ਕੀਤੇ ਹਨ। ਕੀ ਸੱਚਮੁੱਚ ਇਹ ਰਕਮ ਖੇਤੀ ਸੈਕਟਰ ਦੀਆਂ ਪਹਾੜ ਕੱਦ

**ਡਾ. ਸੁਖਪਾਲ ਸਿੰਘ**
ਫੋਨ: +91-98760-63523

ਸਮੱਸਿਆਵਾਂ ਦਾ ਹੱਲ ਕਰ ਦੇਵੇਗੀ? ਅੱਜ ਪੰਜਾਬ ਦਾ ਅਰਥਚਾਰਾ ਗੰਭੀਰ ਸੰਕਟ ਵਿਚੋਂ ਗੁਜ਼ਰ ਰਿਹਾ ਹੈ। ਬੇਰੁਜ਼ਗਾਰੀ ਅਤੇ ਨੌਜਵਾਨਾਂ ਵਿਚ ਨਸ਼ਿਆਂ ਦੀ ਭਰਮਾਰ ਦੇ ਨਾਲ-ਨਾਲ ਕਾਨੂੰਨ ਵਿਵਸਥਾ ਵੀ ਨਾਜ਼ੁਕ ਹੋ ਰਹੀ ਹੈ।

ਕਿਸਾਨ ਅਤੇ ਮਜ਼ਦੂਰ ਵੱਡੇ ਆਰਥਿਕ ਸੰਕਟ ਦੇ ਸ਼ਿਕਾਰ ਹਨ। ਛੋਟੀ ਕਿਸਾਨੀ ਖੇਤੀ ਵਿਚੋਂ ਬਾਹਰ ਹੋ ਰਹੀ ਹੈ ਜਿਨ੍ਹਾਂ ਵਿਚੋਂ ਕਾਫ਼ੀ ਲੋਕ ਉਜਰਤੀ ਮਜ਼ਦੂਰਾਂ ਦੀ ਕਤਾਰ ਵਿਚ ਸ਼ਾਮਲ ਹੋ ਰਹੇ ਹਨ। ਪਿਛਲੇ ਦੋ ਦਹਾਕਿਆਂ ਤੋਂ ਪੰਜਾਬ ਵਿਚ ਹਰ ਰੋਜ਼ ਦੋ ਕਿਸਾਨ ਅਤੇ ਇੱਕ ਮਜ਼ਦੂਰ ਖ਼ੁਦਕੁਸ਼ੀ ਕਰਕੇ ਆਪਣੀ ਜੀਵਨ ਲੀਲ੍ਹਾ ਖ਼ਤਮ ਕਰ ਰਹੇ ਹਨ। ਸਾਰੀਆਂ ਸਰਕਾਰਾਂ ਨੇ ਬਹੁਤ ਲੋਕ ਲੁਭਾਊ ਨਾਅਰੇ ਦਿੱਤੇ ਪਰ ਅਖ਼ੀਰ ਵਿਚ ਇਹ ਨਾਅਰੇ ਲਾਰਿਆਂ ਦੀ ਜੂਨੇ ਪੈਂਦੇ ਰਹੇ ਹਨ।

ਖੇਤੀਬਾੜੀ ਸੈਕਟਰ ਦੇ ਵਿਕਾਸ ਲਈ ਵੱਡੀ ਬਜਟ ਰਾਸ਼ੀ ਦੀ ਜ਼ਰੂਰਤ ਹੈ। ਮੁਲਕ ਵਿਚ ਹਰੀ ਕ੍ਰਾਂਤੀ ਲਿਆਉਣ ਲਈ ਖੇਤੀ ਉੱਪਰ ਕੁੱਲ ਬਜਟ ਦਾ 24 ਪ੍ਰਤੀਸ਼ਤ ਤਕ ਵੀ ਖ਼ਰਚ ਕੀਤਾ ਜਾਂਦਾ ਰਿਹਾ ਹੈ ਪਰ ਪੰਜਾਬ ਦੀ ਆਰਥਿਕ ਦਸ਼ਾ ਅਨੁਸਾਰ ਇੱਥੇ ਖੇਤੀ ਵਿਕਾਸ ਲਈ ਕੋਈ ਵੱਡੇ ਕਦਮ ਚੁੱਕਣ ਦੀਆਂ ਸੰਭਾਵਨਾਵਾਂ ਮੱਧਮ ਦਿਖਾਈ ਦਿੰਦੀਆਂ ਹਨ। ਅੱਜ ਪੰਜਾਬ ਸਿਰ 2.63 ਲੱਖ ਕਰੋੜ ਰੁਪਏ ਦਾ ਕਰਜ਼ਾ ਹੈ ਜੋ ਰਾਜ ਦੀ ਕੁੱਲ ਜੀਡੀਪੀ ਦਾ 45.9 ਪ੍ਰਤੀਸ਼ਤ ਹੈ।

ਅੱਜ ਪੰਜਾਬ ਦੇ ਔਸਤਨ ਕਿਸਾਨ ਪਰਿਵਾਰ ਸਿਰ ਦਸ ਲੱਖ ਰੁਪਏ ਅਤੇ ਮਜ਼ਦੂਰਾਂ ਪਰਿਵਾਰ ਸਿਰ 80 ਹਜ਼ਾਰ ਰੁਪਏ ਦਾ ਕਰਜ਼ਾ ਹੈ। ਇਕ-ਤਿਹਾਈ ਛੋਟੇ ਕਿਸਾਨਾਂ ਅਤੇ ਵੱਡੀ ਗਿਣਤੀ ਮਜ਼ਦੂਰਾਂ ਦੀ ਆਰਥਿਕ ਦਸ਼ਾ ਇੰਨੀ ਮਾੜੀ ਹੈ ਕਿ ਉਹ ਕਰਜ਼ੇ ਦਾ ਵਿਆਜ ਵੀ ਵਾਪਸ ਨਹੀਂ ਕਰ ਸਕਦੇ। ਖ਼ੁਦਕੁਸ਼ੀਆਂ ਰੁਕਣ ਦਾ ਨਾਂ ਨਹੀਂ ਲੈ ਰਹੀਆਂ। ਇਸ ਹਾਲਤ ਵਿਚ ਇਹ ਆਸ ਕੀਤੀ ਜਾਂਦੀ ਸੀ ਕਿ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਕਰਜ਼ੇ ਤੋਂ ਕੋਈ ਰਾਹਤ ਮਿਲੇਗੀ ਅਤੇ ਖ਼ੁਦਕਸ਼ੀ ਪੀੜਤ ਪਰਿਵਾਰਾਂ ਨੂੰ ਢੁਕਵਾਂ ਮੁਆਵਜ਼ਾ ਮਿਲੇਗਾ ਪਰ ਬਜਟ ਵਿਚ ਇਸ ਦਾ ਕੋਈ ਜ਼ਿਕਰ ਨਹੀਂ। ਪੂੰਜੀ ਸੰਘਣੀ ਖੇਤੀ ਵਿਚ ਮਨੁੱਖੀ ਰੁਜ਼ਗਾਰ ਵਿਚ ਕਾਫੀ ਕਮੀ ਆਈ ਹੈ। ਮਜ਼ਦੂਰਾਂ ਦੀ ਆਰਥਿਕ ਅਤੇ ਸਮਾਜਿਕ ਹਾਲਤ ਬਹੁਤ ਕਮਜ਼ੋਰ ਹੈ। ਪਹਿਲਾਂ ਵਾਲੀਆਂ ਸਰਕਾਰਾਂ ਵਾਂਗ ਮੌਜੂਦਾ ਸਰਕਾਰ ਨੇ ਵੀ ਇਸ ਬਜਟ ਵਿਚ ਮਜ਼ਦੂਰਾਂ ਨੂੰ ਅਣਗੌਲਿਆਂ ਕੀਤਾ ਹੈ। ਚੰਗਾ ਹੁੰਦਾ ਜੇਕਰ ਘਰ ਘਰ ਆਟਾ ਪਹੁੰਚਾਉਣ ਦੀ ਥਾਂ ਕਣਕ/ਚੌਲ ਜਾਂ ਇਨ੍ਹਾਂ ਦੀ ਖਰੀਦ ਲਈ ਪੈਸੇ ਮੁਹੱਈਆ ਕੀਤੇ ਜਾਂਦੇ। ਬਜਟ ਵਿਚ ਪੇਂਡੂ ਮਜ਼ਦੂਰਾਂ ਲਈ ਕੋਈ ਰੁਜ਼ਗਾਰ ਸਕੀਮ ਸ਼ੁਰੂ ਕਰਨੀ ਚਾਹੀਦੀ ਸੀ।

ਪੰਜਾਬ ਦੇ ਖੇਤੀ ਵਿਕਾਸ ਲਈ 'ਨਵੇਂ ਰੋਡ ਮੈਪ' ਬਣਾਉਣ ਦੀ ਬੇਹੱਦ ਜ਼ਰੂਰਤ ਹੈ। ਅਸਲ ਵਿਚ ਖੇਤੀ ਖੇਤਰ ਲਈ ਨਵਾਂ ਮਾਡਲ ਚਾਹੀਦਾ ਹੈ ਜਿਸ ਵਿਚ ਫ਼ਸਲਾਂ ਦੀ ਉਤਪਾਦਕਤਾ ਵਿਚ ਵਾਧੇ ਦੇ ਨਾਲ ਨਾਲ ਲਾਹੇਵੰਦ ਖੇਤੀ ਅਤੇ ਕਿਸਾਨਾਂ ਦੀ ਆਮਦਨ ਵਧਾਉਣ ਦੀ ਬਹੁਤ ਜ਼ਰੂਰਤ ਹੈ। ਹਰੀ ਕ੍ਰਾਂਤੀ ਦੇ ਮਾਡਲ ਨਾਲ ਫਸਲਾਂ ਦੇ ਉਤਪਾਦਨ ਵਿਚ ਵਾਧਾ ਹੋਇਆ ਪਰ ਹੁਣ ਇਸ ਮਾਡਲ ਨੂੰ ਤਬਦੀਲ ਕਰਨ ਦੀ ਵੱਡੀ ਜ਼ਰੂਰਤ ਹੈ। ਜਿਥੇ ਮੌਜੂਦਾ ਮਾਡਲ ਨੇ ਕਿਸਾਨਾਂ ਉਪਰ ਕਰਜ਼ੇ ਦੇ ਭਾਰ ਵਿਚ ਵਾਧਾ ਕੀਤਾ ਹੈ, ਉਥੇ ਵਾਤਾਵਰਨ ਵਿਚ ਵੀ ਵੱਡਾ ਵਿਗਾੜ ਪੈਦਾ ਕੀਤਾ ਹੈ।

ਨਵੇਂ ਖੇਤੀ ਮਾਡਲ ਅਧੀਨ ਸਾਨੂੰ ਫ਼ਸਲੀ ਵੰਨ-ਸਵੰਨਤਾ 'ਤੇ ਕੇਂਦਰਤ ਕਰਨ ਦੀ ਜ਼ਰੂਰਤ ਹੈ। ਨਵੀਆਂ ਫ਼ਸਲਾਂ ਦੀ ਖੇਤੀ ਤਾਂ ਹੀ ਪ੍ਰਫੁੱਲਤ ਹੋ ਸਕਦੀ ਹੈ, ਜੇ ਨਵੀਆਂ ਫਸਲਾਂ ਦੇ ਝਾੜ ਵਿਚ ਵਧੇ ਵਾਲੀਆਂ ਕਿਸਮਾਂ ਈਜ਼ਾਦ ਕੀਤੀਆਂ ਜਾਣ। ਇਸ ਦੇ ਨਾਲ ਹੀ ਇਹ ਵੀ ਜ਼ਰੂਰੀ ਹੈ ਕਿ ਕਿਸਾਨਾਂ ਨੂੰ ਨਵੀਆਂ ਫ਼ਸਲਾਂ ਦੀ ਖੇਤੀ ਤੋਂ ਪ੍ਰਚੱਲਤ ਕਣਕ-ਝੋਨੇ ਦੇ ਫ਼ਸਲੀ ਚੱਕਰ ਨਾਲੋਂ ਵੱਧ ਮੁਨਾਫ਼ਾ ਹੋਵੇ। ਭਾਰਤ ਪੱਧਰ ਉੱਪਰ 23 ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) ਐਲਾਨਿਆ ਜਾਂਦਾ ਹੈ। ਪੰਜਾਬ ਸਰਕਾਰ ਨੂੰ ਘੱਟੋ-ਘੱਟ 4-5 ਫ਼ਸਲਾਂ ਨੂੰ ਐੱਮ.ਐੱਸ.ਪੀ. ਉਪਰ ਖਰੀਦਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਇਹ ਕੰਮ ਫਸਲਾਂ ਦੀ ਕੀਮਤ ਭਰਪਾਈ ਕਰਕੇ ਵੀ ਕੀਤਾ ਜਾ ਸਕਦਾ ਹੈ ਜਿਸ ਵਿਚ ਐੱਮ.ਐੱਸ.ਪੀ. ਤੋਂ ਮੰਡੀ ਕੀਮਤ ਘੱਟ ਹੋਣ ਦੀ ਸੂਰਤ ਵਿਚ ਸਰਕਾਰ ਕਿਸਾਨ ਨੂੰ ਬਾਕੀ ਕੀਮਤ ਅਦਾ ਕਰ ਸਕਦੀ ਹੈ। ਮੌਜੂਦਾ ਬਜਟ ਵਿਚ ਸਿਰਫ਼ ਮੂੰਗੀ ਦੀ ਖਰੀਦ ਲਈ 66 ਕਰੋੜ ਕਰੋੜ ਰੁਪਏ ਦੀ ਰਾਸ਼ੀ ਰੱਖੀ ਗਈ ਹੈ ਜਦੋਂ ਕਿ ਬਾਕੀ ਫ਼ਸਲਾਂ ਦੀ ਖ਼ਰੀਦ ਨੂੰ ਅਣਗੌਲਿਆਂ ਕੀਤਾ ਗਿਆ ਹੈ। ਜਿੰਨਾ ਚਿਰ ਨਵੀਆਂ ਫਸਲਾਂ ਦੀ ਸਰਕਾਰੀ ਖਰੀਦ ਨਹੀਂ ਕੀਤੀ ਜਾਂਦੀ, ਓਨਾ ਚਿਰ ਫ਼ਸਲੀ ਵੰਨ-ਸਵੰਨਤਾ ਹੋਣਾ ਨਾਮੁਮਕਿਨ ਹੈ। ਮੌਜੂਦਾ ਬਜਟ ਵਿਚ ਪਰਾਲੀ ਦੀ ਸਾਂਭ ਸੰਭਾਲ ਲਈ 200 ਕਰੋੜ ਰੁਪਏ ਰੱਖਿਆ ਗਿਆ ਹੈ ਪਰ ਜਿੰਨਾ ਚਿਰ ਪਰਾਲੀ ਦੇ ਪ੍ਰਬੰਧਨ ਲਈ ਕੋਈ ਢੁੱਕਵੀਂ ਤਕਨੀਕ ਵਿਕਸਤ ਨਹੀਂ ਕੀਤੀ ਜਾਂਦੀ, ਓਨਾ ਚਿਰ ਇਸ ਸਮੱਸਿਆ ਦਾ ਹੱਲ ਸੰਭਵ ਨਹੀਂ।

ਪੰਜਾਬ ਜੱਦੀ ਪੁਸ਼ਤੀ ਖੇਤੀ ਕਰਨ ਵਾਲਾ ਸੂਬਾ ਹੈ। ਇਥੋਂ ਦੇ ਵਿਕਾਸ ਲਈ ਸਾਨੂੰ ਆਪਣਾ ਸਥਾਨਕ ਮਾਡਲ ਤਿਆਰ ਕਰਨਾ ਚਾਹੀਦਾ ਹੈ। ਖੇਤੀ ਵਿਚੋਂ ਵਸੋਂ ਨੂੰ ਕੱਢਿਆ ਨਹੀਂ ਜਾ ਸਕਦਾ ਕਿਉਂਕਿ ਅਰਥਚਾਰੇ ਦਾ ਹੋਰ ਕੋਈ ਵੀ ਖੇਤਰ ਇੰਨੀ ਵੱਡੀ ਵਸੋਂ ਨੂੰ ਰੁਜ਼ਗਾਰ ਮੁਹੱਈਆ ਨਹੀਂ ਕਰ ਸਕਦਾ। ਸਾਨੂੰ ਰਵਾਇਤੀ ਫ਼ਸਲਾਂ ਦੀ ਖੇਤੀ ਕਰਨੀ ਚਾਹੀਦੀ ਹੈ ਜਿਹੜੀਆਂ ਲੰਮੇ ਸਮੇਂ ਤੋਂ ਇੱਥੇ ਹੋ ਰਹੀਆਂ ਹਨ ਅਤੇ ਜਿਨ੍ਹਾਂ ਦੀ ਖਪਤ ਵੀ ਸਾਡੀ ਖ਼ੁਰਾਕ ਦਾ ਹਿੱਸਾ ਹੋਵੇ। ਪੰਜਾਬ ਦੀ ਖੇਤੀ ਵਿਚ ਫ਼ਸਲੀ ਵੰਨ-ਸਵੰਨਤਾ ਦੇ ਨਾਲ ਨਾਲ ਇਥੇ ਸਾਡੀਆਂ ਫਸਲਾਂ ਆਧਾਰਿਤ ਐਗਰੋ-ਉਦਯੋਗ ਲੱਗਣੇ ਬਹੁਤ ਜ਼ਰੂਰੀ ਹਨ। ਇਨ੍ਹਾਂ ਉਦਯੋਗਾਂ ਨਾਲ ਜਿਥੇ ਫਸਲਾਂ ਦੀ ਪ੍ਰਾਸੈਸਿੰਗ, ਸਟੋਰੇਜ ਅਤੇ ਮੁੱਲ ਵਾਧਾ ਹੋਵੇਗਾ, ਉਥੇ ਰੁਜ਼ਗਾਰ ਦੇ ਮੌਕੇ ਵੀ ਪੈਦਾ ਹੋਣਗੇ। ਇਸ ਨਾਲ ਪੇਂਡੂ ਕਿਰਤ ਸ਼ਕਤੀ ਮੁੱਖ ਤੌਰ 'ਤੇ ਖੇਤ ਮਜ਼ਦੂਰਾਂ ਨੂੰ ਉਨ੍ਹਾਂ ਦੇ ਬੂਹੇ ਉੱਪਰ ਰੁਜ਼ਗਾਰ ਮਿਲ ਸਕਦਾ ਹੈ। ਸਾਡੇ ਸੂਬੇ ਦਾ ਵਿਕਾਸ ਖੇਤੀ ਸੈਕਟਰ ਦੇ ਵਿਕਾਸ ਨਾਲ ਹੀ ਜੁੜਿਆ ਹੋਇਆ ਹੈ। ਸਾਡਾ ਬਜਟ ਖੇਤੀ ਖੋਜ ਅਤੇ ਵਿਕਾਸ ਉਪਰ ਕੇਂਦਰਤ ਹੋਣਾ ਚਾਹੀਦਾ ਹੈ ਤਾਂ ਕਿ ਨਵੀਆਂ ਫ਼ਸਲਾਂ ਅਤੇ ਨਵੀਆਂ ਖੇਤੀ ਤਕਨੀਕਾਂ ਨੂੰ ਵਿਕਸਤ ਕੀਤਾ ਜਾ ਸਕੇ। ਖੇਤੀ ਨੂੰ ਮੁੱਖ ਰੱਖ ਕੇ ਖੇਤੀ ਯੋਜਨਾ ਕਮਿਸ਼ਨ ਬਣਾਉਣਾ ਚਾਹੀਦਾ ਹੈ।

ਪੰਜਾਬ ਦੀ ਨਵੀਂ ਸਰਕਾਰ ਕੋਲ ਅਜੇ ਵੀ ਕਾਫੀ ਸਮਾਂ ਹੈ। ਯੋਜਨਾਬੱਧ ਤਰੀਕੇ ਨਾਲ ਅਰਥਚਾਰੇ ਦਾ ਸਮੁੱਚਾ ਵਿਕਾਸ ਸੰਭਵ ਹੈ। ਖੇਤੀ ਸੁਧਾਰਾਂ ਖ਼ਿਲਾਫ਼ ਉੱਠੇ ਕਿਸਾਨ ਅੰਦੋਲਨ ਨੇ ਲੋਕਾਂ ਵਿਚ ਵੱਡੀ ਜਾਗ੍ਰਿਤੀ ਪੈਦਾ ਕੀਤੀ ਜਿਸ ਨਾਲ ਰਵਾਇਤੀ ਸਿਆਸੀ ਪਾਰਟੀਆਂ ਦੇ ਆਧਾਰ ਨੂੰ ਠੇਸ ਪਹੁੰਚੀ ਹੈ। ਲੋਕਾਂ ਦੀ ਇਸ ਸਿਆਸੀ ਚੇਤਨਾ ਨਾਲ ਆਮ ਆਦਮੀ ਪਾਰਟੀ ਨੂੰ ਸੱਤਾ ਵਿਚ ਆਉਣ ਲਈ ਕਾਫੀ ਬਲ ਮਿਲਿਆ। ਇਸ ਕਰਕੇ ਮੌਜੂਦਾ ਸਰਕਾਰ ਤੋਂ ਲੋਕਾਂ ਦੇ ਮਨਾਂ ਵਿਚ ਵੱਡੀਆਂ ਉਮੀਦਾਂ ਪੈਦਾ ਹੋ ਗਈਆਂ ਪਰ ਮੌਜੂਦਾ ਬਜਟ ਇਨ੍ਹਾਂ ਉਮੀਦਾਂ ਉਪਰ ਖਰਾ ਉਤਰਦਾ ਨਜ਼ਰ ਨਹੀਂ ਆਇਆ।

# ਜੱਗੀ ਕੁੱਸਾ: ਨਾਵਲਾਂ ਤੋਂ ਖੇਡ ਮੇਲਿਆਂ ਵੱਲ

ਪੰਜਾਬੀ ਖੇਡ ਸਾਹਿਤ



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਸ਼ਿਵਚਰਨ ਜੱਗੀ ਵੈਲੀਆਂ, ਇਨਕਲਾਬੀਆਂ ਤੇ ਲੇਖਕਾਂ ਦੇ ਪਿੰਡ ਕੁੱਸੇ ਦਾ ਜੰਮਪਲ ਹੈ। ਉਸ ਨੇ ਆਸਟਰੀਆ ਦੇ ਸ਼ਹਿਰ ਵਿਆਨਾ ਤੱਕ ਦੇ ਖੇਡ ਮੇਲਿਆਂ ਬਾਰੇ ਲਿਖ ਕੇ ਆਪਣਾ ਤੇ ਆਪਣੇ ਪਿੰਡ ਦਾ ਨਾਂ ਦੂਰ-ਦੂਰ ਤਕ ਧੁਮਾ ਦਿੱਤਾ ਹੈ। ਕੁੱਸਾ ਕਿਸੇ ਸਮੇਂ ਅਣਗੌਲਿਆ ਪਿੰਡ ਸੀ ਜਿਸ ਨੂੰ ਉਥੋਂ ਦੇ ਲੇਖਕਾਂ ਨੇ ਮਸ਼ਹੂਰ ਕੀਤਾ। ਉਥੋਂ ਦਾ ਪਹਿਲਾ ਲੇਖਕ ਮਰਹੂਮ ਓਮ ਪ੍ਰਕਾਸ਼ ਕੁੱਸਾ ਹੋਇਆ, ਜੋ 1967-68 ਸੈਸ਼ਨ ਦੌਰਾਨ ਢੁੱਡੀਕੇ ਕਾਲਜ ਵਿਚ ਸਾਡਾ ਮੁੱਢਲਾ ਵਿਦਿਆਰਥੀ ਸੀ। ਉਸ ਨੇ 'ਇਕ ਲੱਪ ਚਿਣਗਾਂ ਦੀ' ਕਾਵਿ ਸੰਗ੍ਰਹਿ ਛਪਵਾਇਆ। ਸਰੀਰੋਂ ਤਾਂ ਉਹ ਕਮਜ਼ੋਰ ਸੀ ਪਰ ਕਵਿਤਾ ਪੂਰੇ ਜ਼ੋਰ ਨਾਲ ਪੜ੍ਹਦਾ ਸੀ ਤੇ ਲਾਲ ਇਨਕਲਾਬ ਤੋਂ ਘੱਟ ਗੱਲ ਨਹੀਂ ਸੀ ਕਰਦਾ। ਬਦਕਿਸਮਤੀ ਨਾਲ ਉਹ ਇਨਕਲਾਬ ਆਉਣ ਤੋਂ ਪਹਿਲਾਂ ਹੀ ਪਰਲੋਕ ਸਿਧਾਰ ਗਿਆ।

ਫਿਰ ਕਰਮਜੀਤ ਕੁੱਸਾ ਹੋਇਆ ਜੀਹਦੇ ਨਾਵਲ ਕਾਲਜਾਂ/ਯੂਨੀਵਰਸਿਟੀਆਂ ਵਿਚ ਪਾਠ ਪੁਸਤਕਾਂ ਵਜੋਂ ਪੜ੍ਹਾਏ ਜਾਣ ਲੱਗੇ। 'ਰਾਤ ਦੇ ਰਾਹੀ' ਤੇ 'ਰੋਹੀ ਬੀਆਬਾਨ' ਨੇ ਉਹਦੀ ਗੁੱਡੀ ਐਨੀ ਅਸਮਾਨੀ ਚੜ੍ਹਾਈ ਕਿ ਉਹਦੇ ਪੈਰ ਜ਼ਮੀਨ ਤੋਂ ਚੁੱਕੇ ਗਏ। ਉਹਨੂੰ ਛੋਟੀ ਉਮਰੇ ਐਨੀ ਪ੍ਰਸ਼ੰਸਾ ਮਿਲੀ ਜੋ ਉਹਤੋਂ ਪਚਾਈ ਨਾ ਗਈ। ਉਹ ਆਪਣੇ ਆਪ ਨੂੰ ਪੰਜਾਬੀ ਦਾ ਸ਼ੋਲੋਖੋਵ ਸਮਝਣ ਲੱਗਾ ਪਰ ਇਕ ਗੋਸ਼ਟੀ ਵਿਚ ਆਪਣੇ ਨਾਵਲ 'ਜ਼ਖਮੀ ਦਰਿਆ' ਦੀ ਤਿੱਖੀ ਆਲੋਚਨਾ ਸੁਣ ਕੇ ਨਿਰਾਸ਼ ਹੋ ਗਿਆ। ਨਿਰਾਸ਼ ਹੋਇਆ ਵਧੇਰੇ ਸ਼ਰਾਬ ਪੀਣ ਲੱਗ ਪਿਆ ਤੇ ਆਲੋਚਕਾਂ ਨੂੰ ਗਾਲ੍ਹਾਂ ਦੇਣ ਲੱਗ ਪਿਆ। ਅਖ਼ੀਰ ਸ਼ਰਾਬ ਹੀ ਉਹਨੂੰ ਲੈ ਬੈਠੀ। ਆਖ਼ਰ ਸ਼ਿਵ ਕੁਮਾਰ ਬਟਾਲਵੀ, ਸੰਤ ਰਾਮ ਉਦਾਸੀ, ਮੀਸ਼ੇ ਤੇ ਹੋਰਨਾਂ ਸ਼ਰਾਬੀ ਲੇਖਕਾਂ ਵਾਂਗ ਉਹ ਵੀ ਸ਼ਰਾਬ ਦੀ ਭੇਟਾ ਚੜ੍ਹ ਗਿਆ।

ਹੁਣ ਪਾਵੇਲ ਕੁੱਸਾ ਚੜ੍ਹਦੀ ਉਮਰ ਦਾ ਇਨਕਲਾਬੀ ਲੇਖਕ ਹੈ। ਉਸ ਦੇ ਜਾਣਕਾਰੀ ਭਰਪੂਰ ਗੰਭੀਰ ਲੇਖ ਅਖ਼ਬਾਰਾਂ ਵਿਚ ਛਪਦੇ ਰਹਿੰਦੇ ਹਨ। ਉਸ ਨੇ ਖੇਡਾਂ ਦੇ ਵਪਾਰੀਕਰਨ ਬਾਰੇ ਬੜਾ ਵਧੀਆ ਲੇਖ ਲਿਖਿਆ ਹੈ। ਪਿੰਡ ਕੁੱਸਾ ਹੋਰ ਵੀ ਕਈ ਗੱਲਾਂ ਕਰਕੇ ਪ੍ਰਸਿੱਧ ਹੋ ਗਿਐ। ਭਾਅ ਜੀ ਗੁਰਸ਼ਰਨ ਸਿੰਘ ਹੋਰਾਂ ਦਾ ਲੋਕ ਸਨਮਾਨ ਇਸੇ ਪਿੰਡ ਵਿਚ ਬਹੁਤ ਵੱਡੀ ਪੱਧਰ 'ਤੇ ਹੋਇਆ ਸੀ, ਜਿਸ ਵਿਚ ਹਜ਼ਾਰਾਂ ਲੋਕ ਸ਼ਾਮਲ ਹੋਏ ਸਨ। ਕੁੱਸੇ ਦੇ ਕੁਝ ਕਬੱਡੀ ਖਿਡਾਰੀਆਂ ਨੇ ਵੀ ਪਿੰਡ ਕੁੱਸਾ ਲੋਕਾਂ ਦੇ ਮੂੰਹ ਚੜ੍ਹਾਇਆ। ਰਹਿੰਦੀ ਕਸਰ ਜੱਗੀ ਕੁੱਸਾ ਕੱਢੀ ਜਾ ਰਿਹੈ। ਉਹਦੇ ਨਾਵਲ ਅਨਾਰੀ ਬੰਬਾਂ ਵਾਂਗ ਚੰਗਿਆੜੇ ਛੱਡਦੇ ਹਨ ਜੋ ਪਾਠਕਾਂ ਦੀਆਂ ਅੱਖਾਂ ਚੁੰਧਿਆ ਦਿੰਦੇ ਹਨ। ਉਸ ਨੇ ਪਰਦੇਸ ਵਸਦਿਆਂ ਆਪਣੇ ਪਿੰਡ ਪ੍ਰਤੀ ਮੋਹ ਇੰਜ ਪਰਗਟ ਕੀਤਾ ਹੈ:

ਵਤਨ ਜਾਂਦਿਆਂ ਰਾਹੀਆ!
ਮੇਰੇ ਪਿੰਡ ਨੂੰ ਮੇਰਾ ਸਲਾਮ ਆਖੀਂ!!
ਤੇ ਆਖੀਂ ਮੇਰੇ ਪਿੰਡ ਦੀ
ਪਵਿੱਤਰ ਮਾਂ-ਮਿੱਟੀ ਨੂੰ
ਤੇਰੀ ਨਿੱਘੀ ਗੋਦ 'ਚ
ਪਲਿਆ ਤੇਰਾ ਪੁੱਤਰ
ਸਰਘੀ ਵੇਲੇ ਹਰ ਰੋਜ਼
ਤੈਨੂੰ ਸਜਦਾ ਕਰਦੈ!!!
ਰੱਬ ਕਰੇ ਤੇਰੇ ਵੱਲੋਂ
ਸਦਾ ਠੰਢੀਆਂ ਹਵਾਵਾਂ ਹੀ ਆਉਣ!

ਉਹਦੇ ਦੋ ਦਰਜਨ ਤੋਂ ਵੱਧ ਨਾਵਲ, ਚਾਰ ਕਹਾਣੀ ਸੰਗ੍ਰਹਿ, ਤਿੰਨ ਹਾਸ ਵਿਅੰਗ ਸੰਗ੍ਰਹਿ, ਇਕ ਕਾਵਿ ਸੰਗ੍ਰਹਿ ਤੇ ਇਕ ਨਿਬੰਧ ਸੰਗ੍ਰਹਿ ਛਪ ਚੁੱਕੇ ਨੇ। ਜੱਗੀ ਖ਼ੁਦ ਕੁੱਸੇ ਦੀ ਸੱਥ ਦਾ ਸ਼ਿੰਗਾਰ ਰਿਹੈ। ਸੱਥ 'ਚ ਦਿਸਚਸਪ ਟੋਟਕੇ ਸੁਣਾਉਣ ਵਾਲਾ। ਉਹਦੀਆਂ ਗੱਲਾਂ ਖਿੜੇ ਅਮਲੀਆਂ ਵਰਗੀਆਂ ਹੁੰਦੀਆਂ ਹਨ। ਪੰਜਾਬ ਦੇ ਠਾਣਿਆਂ ਵਿਚ ਕਈ ਪੁਲਸੀਏ ਆਇਆਂ ਗਿਆਂ ਦਾ ਸਵਾਗਤ ਮਾਂ ਭੈਣ ਦੀਆਂ ਫਿਲੌਰੀ ਗਾਲ੍ਹਾਂ ਨਾਲ ਕਰਦੇ ਹਨ ਤੇ ਇਹੋ ਕੁਝ ਫਿਰ ਠਾਣਿਓਂ 'ਸਿੱਖਿਆ' ਲੈਣ ਵਾਲੇ ਕਰਨ ਲੱਗ ਜਾਂਦੇ ਹਨ। ਜੱਗੀ ਨੇ ਵੀ ਠਾਣੇ ਜਾ ਕੇ ਈ ਇਹ ਸਾਰਾ ਕੁਛ ਸਿੱਖਿਆ। ਪੁਲਸੀਆਂ ਤੇ ਵੈਲੀਆਂ ਬਦਮਾਸ਼ਾਂ ਦੀਆਂ ਗਾਲ੍ਹਾਂ ਨਾਲ ਉਹਦੇ ਪਾਤਰ 'ਫਿੱਟਣੀਆਂ ਦੇ ਫੇਟ' ਲੱਗਦੇ ਹਨ। ਉਹਦੇ ਨਾਵਲਾਂ ਦੀ ਕਸ਼ਿਸ਼ ਉਹਦੇ ਤਿੱਖੇ, ਤੇਜ਼, ਕਰਾਰੇ ਤੇ ਮਜ਼ਾਕੀਆ ਸੰਵਾਦਾਂ ਵਿਚ ਹੈ।

ਸ਼ਿਵਚਰਨ ਜੱਗੀ ਦਾ ਜਨਮ ਮਾਤਾ ਗੁਰਨਾਮ ਕੌਰ ਦੀ ਕੁੱਖੋਂ ਪੰਡਤ ਬ੍ਰਹਮਾ ਨੰਦ ਦੇ ਘਰ 1 ਅਕਤੂਬਰ, 1965 ਨੂੰ ਹੋਇਆ ਸੀ। ਉਨ੍ਹਾਂ ਦਿਨਾਂ 'ਚ ਭਾਰਤ/ਪਾਕਿਸਤਾਨ ਵਿਚਕਾਰ ਜੰਗ ਹੋਈ ਸੀ। ਹਵਾਈ ਜਹਾਜ਼ਾਂ ਤੇ ਬੰਬਾਂ ਦੀਆਂ ਆਵਾਜ਼ਾਂ ਉਸ ਨੇ ਮਾਂ ਦੇ ਪੇਟ ਵਿਚ ਸੁਣੀਆਂ। ਜੱਗੀ ਨੇ ਪ੍ਰਾਇਮਰੀ ਦੀ ਪੜ੍ਹਾਈ ਕੁੱਸੇ ਦੇ ਸਕੂਲ 'ਚੋਂ ਕੀਤੀ ਤੇ ਦਸਵੀਂ ਤਖਤੂਪੁਰੇ ਦੇ ਖ਼ਾਲਸਾ ਹਾਈ ਸਕੂਲ ਵਿਚੋਂ। ਬਚਪਨ ਵਿਚ ਪੜ੍ਹਾਈ ਦੇ ਨਾਲ ਮਾਲ ਡੰਗਰ ਚਾਰਨ ਤੇ ਖੇਤੀਬਾੜੀ ਦੇ ਕੰਮ ਵਿਚ ਹੱਥ ਵਟਾਉਣ ਦਾ ਤਜਰਬਾ ਆਪਣੇ ਆਪ ਹੁੰਦਾ ਗਿਆ। ਇਹੋ ਕਾਰਨ ਹੈ ਕਿ ਉਹ ਪੇਂਡੂ ਤੇ ਕਿਰਸਾਣੀ ਜੀਵਨ ਨੂੰ ਸ਼ਿੱਦਤ ਨਾਲ ਪੇਸ਼ ਕਰ ਸਕਿਆ। ਉਹ ਮੋਗੇ ਦੇ ਡੀ. ਐੱਮ. ਕਾਲਜ ਵਿਚ ਪੜ੍ਹਨ ਲੱਗਾ ਸੀ ਕਿ ਪਿੰਡਾਂ ਵਿਚ ਪੁਲਿਸ ਦੇ ਛਾਪੇ ਪੈਣ ਲੱਗੇ। ਜੱਗੀ ਦੀ ਵੀ ਪੁੱਛਗਿੱਛ ਹੋਣ ਲੱਗੀ। ਮਾਪਿਆਂ ਦਾ 'ਕੱਲਾ ਪੁੱਤ ਹੋਣ ਕਰਕੇ ਘਰ ਦਿਆਂ ਨੂੰ ਕੁਝ ਵੱਧ ਫ਼ਿਕਰ ਹੋਇਆ ਕਿ ਹੋਰਨਾਂ ਕਾਲਜੀਏਟਾਂ ਵਾਂਗ ਉਹਨੂੰ ਵੀ ਪੁਲਿਸ ਨਾ ਵਲ੍ਹੇਟ ਲਵੇ। ਇਕ ਵਾਰ ਉਹ ਠਾਣੇ ਦੇ ਦਰਸ਼ਨ ਕਰ ਆਇਆ ਜਿੱਥੇ ਪੁਲਸੀਆਂ ਦੀ ਬੋਲਬਾਣੀ ਵੀ ਸਿੱਖ ਗਿਆ। ਮਾਪਿਆਂ ਨੇ ਜੱਗੀ ਨੂੰ ਵਿਦੇਸ਼ ਭੇਜਣ ਵਿਚ ਬਚਾਅ ਸਮਝਿਆ। ਕਾਲਜ ਦੀ ਪੜ੍ਹਾਈ ਵਿਚੇ ਛੁਡਵਾ ਕੇ ਏਜੰਟ ਰਾਹੀਂ 2 ਅਕਤੂਬਰ, 1980 ਨੂੰ ਆਸਟਰੀਆ ਲੰਘਾ ਦਿੱਤਾ।


ਤਦ ਤਕ ਉਹਦੀ ਉਮਰ ਭਾਵੇਂ ਪੰਦਰਾਂ ਸਾਲ ਦੀ ਹੀ ਸੀ ਪਰ ਉਹ ਕਵਿਤਾ ਕਹਾਣੀ ਨੂੰ ਮੂੰਹ ਮਾਰਨ ਲੱਗ ਪਿਆ ਸੀ। ਚੜ੍ਹਦੀ ਜੁਆਨੀ ਵਿਚ ਪਿੰਡ ਤੇ ਪੰਜਾਬ ਦੇ ਵਿਛੋੜੇ ਨੇ ਉਹਦੇ ਮਨ ਵਿਚ ਵਤਨ ਦੀ ਤੜਪ ਹੋਰ ਵਧਾ ਦਿੱਤੀ। ਉਹ ਪੰਜਾਬ ਤੋਂ ਪੰਜਾਬੀ ਦੀਆਂ ਕਿਤਾਬਾਂ, ਖ਼ਾਸ ਕਰ ਕੇ ਨਾਵਲ ਮੰਗਾ ਕੇ ਪੜ੍ਹਨ ਲੱਗਾ। ਕੁੱਸੇ ਰਹਿੰਦਿਆਂ ਉਹ ਕਰਮਜੀਤ ਕੁੱਸਾ ਤੇ ਬੂਟਾ ਸਿੰਘ ਸ਼ਾਦ ਦੇ ਨਾਵਲ ਪੜ੍ਹ ਚੁੱਕਾ ਸੀ। ਆਸਟਰੀਆ ਦੇ ਸ਼ਹਿਰ ਸਾਲਜ਼ਬਰਗ ਵਿਚ ਰਹਿੰਦਿਆਂ ਉਸ ਨੇ ਕੰਪਿਊਟਰ ਦੀ ਪੜ੍ਹਾਈ ਕੀਤੀ ਤੇ ਕੰਪਿਊਟਰ ਮਾਹਿਰ ਬਣਨ ਨਾਲ ਜਰਮਨ ਭਾਸ਼ਾ ਵੀ ਸਿੱਖ ਗਿਆ। ਅੰਗਰੇਜ਼ੀ ਉਸ ਨੇ ਪੰਜਾਬ ਵਿਚ ਸਿੱਖ ਲਈ ਸੀ ਆਸਟਰੀਆ ਵਿਚ ਆਸਟਰੀਅਨ ਵੀ ਸਿੱਖ ਲਈ। ਆਪਣੀ ਲਿਆਕਤ ਨਾਲ ਉਹ ਆਸਟਰੀਅਨ ਅਤੇ ਜਰਮਨ ਬਾਰਡਰ ਪੁਲਿਸ ਵਿਚ ਇੰਸਪੈਕਟਰ ਲੱਗ ਗਿਆ। ਇਸ ਨੇ ਉਸ ਨੂੰ ਗਲੋਬਲੀ ਜਾਣਕਾਰੀ ਨਾਲ ਲੈਸ ਕਰ ਦਿੱਤਾ। ਉਸ ਨੇ ਪਹਿਲਾ ਨਾਵਲ 'ਜੱਟ ਵੱਢਿਆ ਬੋਹੜ ਦੀ ਛਾਵੇਂ' ਲਿਖਿਆ ਜੋ ਪਾਠਕਾਂ ਨੂੰ ਬੇਹੱਦ ਪਸੰਦ ਆਇਆ ਤੇ ਫਿਰ ਚੱਲ ਸੋ ਚੱਲ ਹੋ ਗਈ।

ਉਸ ਨੇ ਨਾਵਲਾਂ ਦੇ ਨਾਂ ਮਕਬੂਲ ਲੋਕੋਕਤੀਆਂ, ਲੋਕ ਗੀਤਾਂ, ਕਾਵਿ ਪੰਕਤੀਆਂ ਤੇ ਗੁਰਬਾਣੀ ਦੀਆਂ ਟੂਕਾਂ 'ਤੇ ਰੱਖੇ ਜੋ ਮੂੰਹੋਂ-ਮੂੰਹ ਚੜ੍ਹਦੇ ਗਏ। ਮਿਸਾਲ ਵਜੋਂ ਏਤੀ ਮਾਰ ਪਈ ਕੁਰਲਾਣੇ, ਤਵੀ ਤੋਂ ਤਲਵਾਰ ਤਕ, ਊਠਾਂ ਵਾਲੇ ਬਲੋਚ, ਲੱਗੀ ਵਾਲੇ ਕਦੇ ਨਾ ਸੌਂਦੇ, ਰਾਜੇ ਸ਼ੀਂਹ ਮੁਕੱਦਮ ਕੁੱਤੇ, ਪੁਰਜ਼ਾ ਪੁਰਜ਼ਾ ਕੱਟ ਮਰੇ, ਹਾਜੀ ਲੋਕ ਮੱਕੇ ਨੂੰ ਜਾਂਦੇ, ਗੋਰਖ ਦਾ ਟਿੱਲਾ, ਉੱਜੜ ਗਏ ਗਰਾਂ, ਕੁੱਲੀ ਨੀ ਫ਼ਕੀਰ ਦੀ ਵਿੱਚੋਂ, ਬਾਰ੍ਹੀਂ ਕੋਹੀਂ ਬਲਦਾ ਦੀਵਾ, ਕੋਈ ਲੱਭੋ ਸੰਤ ਸਿਪਾਹੀ ਨੂੰ, ਬਾਝ ਭਰਾਵਾਂ ਮਾਰਿਆ, ਅੱਖੀਆਂ 'ਚ ਤੂੰ ਵੱਸਦਾ, ਰੂਹ ਲੈ ਗਿਆ ਦਿਲਾਂ ਦਾ ਜਾਨੀ, ਸੱਚ ਆਖਾਂ ਤਾਂ ਭਾਂਬੜ ਮੱਚਦਾ ਤੇ ਬੋਦੀ ਵਾਲਾ ਤਾਰਾ ਆਦਿ।

ਕੰਪਿਊਟਰ ਮਾਹਿਰ ਹੋਣ ਕਰਕੇ ਉਹ ਇੰਟਰਨੈੱਟ ਉਤੇ ਵੀ ਛਾ ਗਿਆ ਤੇ ਇਨਫਾਰਮੇਸ਼ਨ ਟੈਕਨਾਲੋਜੀ ਦੀ ਹੋਰਨਾਂ ਪੰਜਾਬੀ ਲੇਖਕਾਂ ਦੇ ਮੁਕਾਬਲੇ ਵੱਧ ਵਰਤੋਂ ਕਰਨ ਲੱਗਾ। ਉਸ ਦੀਆਂ ਵੀਡੀਓਜ਼ ਦਾ ਵੀ ਕੋਈ ਲੇਖਾ ਨਹੀਂ। ਆਸਟਰੀਆ 'ਚ ਰਹਿਣ ਪਿੱਛੋਂ ਹੁਣ ਉਹ ਇੰਗਲੈਂਡ ਦਾ ਵਸਨੀਕ ਬਣ ਗਿਆ ਹੈ ਅਤੇ ਪੰਜਾਬ ਗੇੜਾ ਮਾਰਦਾ ਰਹਿੰਦਾ ਹੈ। ਮਾਂ-ਬਾਪ ਚਲਾਣੇ ਕਰ ਗਏ ਅਤੇ ਬਾਲ ਬੱਚੇ ਵਿਆਹ ਲਏ ਹਨ। ਹੁਣ ਫਿਲਮਾਂ ਵਾਲੇ ਵੀ ਉਹਤੋਂ ਡਾਇਲਾਗ ਲਿਖਾਉਣ ਲਈ ਉਹਦੇ ਮਗਰ-ਮਗਰ ਫਿਰਦੇ ਹਨ। ਕੋਈ ਪਤਾ ਨਹੀਂ ਉਹ ਫ਼ਿਲਮੀ ਦੁਨੀਆਂ ਵਿਚ ਹੀ ਜਾ ਵੜੇ। ਪਿੰਡ ਕੁੱਸਾ ਉਹਦਾ ਬੇਸ ਹੈ, ਉਹਦਾ ਰਨਵੇਅ, ਜਿੱਥੋਂ ਉਸ ਨੇ ਉਡਾਰੀਆਂ ਭਰੀਆਂ ਹਨ। ਕਾਮਨਾ ਕਰਦੇ ਹਾਂ ਉਹ ਹੋਰ ਉੱਚੀਆਂ ਉਡਾਰੀਆਂ ਲਾਵੇ, ਹੋਰ ਨਾਂ ਕਮਾਵੇ ਪਰ ਪੈਰ ਜ਼ਮੀਨ 'ਤੇ ਹੀ ਰੱਖੇ। ਪੇਸ਼ ਹੈ ਉਹਦੀ ਖੇਡ ਲਿਖਤ:

## ਵਿਆਨਾ ਦਾ ਖੇਡ ਮੇਲਾ

ਅਸੀਂ ਆਪਣੇ ਸਭਿਆਚਾਰ, ਰੀਤੀ ਰਿਵਾਜਾਂ ਅਤੇ ਆਪਣੀਆਂ ਦੇਸੀ ਖੇਡਾਂ ਤੋਂ ਬੇਮੁੱਖ ਨਹੀਂ ਹੋ ਸਕਦੇ। ਜਿਹੜਾ ਆਪਣੇ ਪੰਜਾਬੀ ਸਭਿਆਚਾਰ ਤੋਂ ਦੂਰ ਹੋ ਜਾਂਦਾ ਹੈ ਜਾਂ ਤਾਂ ਉਹ ਅਸਲੀ ਪੰਜਾਬੀ ਨਹੀਂ ਤੇ ਜਾਂ ਫਿਰ ਪੱਛਮ ਦੇ ਫੁਕਰਪੁਣੇ 'ਚ ਆ ਕੇ ਆਪਣੇ ਵਿਰਸੇ ਨੂੰ ਭੁੱਲ ਗਿਆ ਸਮਝੋ। ਇਹ ਭੁੱਲ-ਭੁਲੱਈਆ ਪੰਜਾਬੀ ਮਾਂ-ਬੋਲੀ ਅਤੇ ਪੰਜਾਬੀ ਸਭਿਆਚਾਰ ਲਈ ਸ਼ੁਭ ਸ਼ਗਨ ਨਹੀਂ! ਦਾਰੂ ਪੀ ਕੇ ਬੋਤੇ 'ਤੇ ਚੜ੍ਹ ਜਾਣਾ




ਸਭਿਆਚਾਰ ਨਹੀਂ ਹੁੰਦਾ ਤੇ ਨਾ ਹੀ ਚਾਦਰਾ ਬੰਨ੍ਹ ਕੇ ਮੇਲੇ ਵਿਚ ਗਾਲ੍ਹਾਂ ਕੱਢਣੀਆਂ ਸਭਿਆਚਾਰ ਹੁੰਦੈ। ਖੂੰਡੇ ਨਾਲ ਕਿਸੇ ਦਾ ਸਿਰ ਪਾੜ ਦੇਣਾ ਵੀ ਸਭਿਆਚਾਰ ਨਹੀਂ ਅਤੇ ਨਾ ਹੀ ਰੂੜੀ-ਮਾਰਕਾ ਪੀ ਕੇ ਲਲਕਾਰੇ ਮਾਰਨਾ ਹੀ ਸਭਿਆਚਾਰ ਹੈ! ਸਭਿਆਚਾਰ ਪ੍ਰਤੀ ਅਸੀਂ ਤਦ ਹੀ ਇਮਾਨਦਾਰ ਹਾਂ, ਜੇ ਅਸੀਂ ਆਪਣੀ ਮਾਂ-ਬੋਲੀ ਲਈ ਕੁਝ ਕਰਦੇ ਹਾਂ। ਆਪਣੀਆਂ ਲੋਕ-ਖੇਡਾਂ ਪ੍ਰਤੀ ਸੁਹਿਰਦ ਹਾਂ ਅਤੇ ਆਪਣੇ ਰੀਤੀ-ਰਿਵਾਜਾਂ ਪ੍ਰਤੀ ਸੁਚੇਤ! ਆਸਟਰੀਆ ਵਿਖੇ ਸਥਾਪਤ ਪੰਜਾਬ ਸਪੋਰਟਸ ਕਲੱਬ ਵਿਆਨਾ ਪਿਛਲੇ ਕਈ ਸਾਲਾਂ ਤੋਂ ਪੰਜਾਬੀਆਂ ਨੂੰ ਖੇਡਾਂ ਵੱਲ ਖਿੱਚ ਰਿਹਾ ਹੈ। ਕੀ ਰੱਸਾਕਸ਼ੀ, ਫੁੱਟਬਾਲ, ਦੌੜਾਂ, ਛਾਲਾਂ ਤੇ ਕੀ ਮਾਂ-ਖੇਡ ਕਬੱਡੀ! ਬੜੇ ਸੁਚੱਜੇ ਢੰਗ ਨਾਲ ਚੱਲ ਰਿਹਾ ਇਹ ਪੰਜਾਬ ਸਪੋਰਟਸ ਕਲੱਬ, ਵਿਆਨਾ ਦੇ ਖੇਡ ਇਤਿਹਾਸ ਵਿਚ ਸ਼ਾਨਾਮੱਤਾ ਰੋਲ ਨਿਭਾ ਰਿਹੈ ਤੇ ਦਿਨੋਂ ਦਿਨ ਖੇਡ ਸੰਸਾਰ ਵਿਚ ਨਵੀਆਂ ਮੰਜ਼ਿਲਾਂ ਸਰ ਕਰ ਰਿਹੈ।

ਉਨ੍ਹਾਂ ਨੇ ਸਾਡੇ ਸ਼ੇਰੇ-ਪੰਜਾਬ ਸਪੋਰਟਸ ਕਲੱਬ ਨੂੰ ਸੱਦਾ ਪੱਤਰ ਭੇਜਿਆ ਕਿ 14 ਅਪ੍ਰੈਲ ਨੂੰ ਉਥੋਂ ਦੇ ਖੇਡ ਮੇਲੇ 'ਚ ਟੀਮ ਲੈ ਕੇ ਜ਼ਰੂਰ ਪਹੁੰਚਣਾ। ਸਾਡੀ ਟੀਮ ਤਿਆਰ ਸੀ, ਪਰ ਮੇਰਾ ਮਨ ਮੇਲੇ ਵਿਚ ਜਾਣ ਦਾ ਨਹੀਂ ਸੀ। ਮੇਰੇ 'ਤੇ ਸਮਾਂ ਹੀ ਕੁਝ ਐਸਾ ਚੱਲ ਰਿਹਾ ਸੀ ਅਖੇ ਪਿੰਡ ਉੱਜੜਿਆ ਜਾਵੇ, ਕਮਲੀ ਨੂੰ ਕੱਤਣ ਦੀ! ਸਾਡੀ ਟੀਮ ਵਾਲੇ ਵੀ ਅੜੀਅਲ ਟੱਟੂ ਵਾਂਗ ਅੜ ਗਏ, ਬਾਬਾ ਜੀ ਜੇ ਤੁਸੀਂ ਨਹੀਂ ਜਾਂਦੇ ਤਾਂ ਫਿਰ ਜਾਂਦੇ ਅਸੀਂ ਵੀ ਨਹੀਂ! ਸਾਧ ਕਸੂਤਾ ਫ਼ਸ ਗਿਆ। ਬਾਈ ਹਾਕਮ ਬਰਾੜ, ਬਲਬੀਰ ਬੱਲ ਅਤੇ ਉਸਤਾਦ ਨਰਿੰਦਰ ਸਿੰਘ ਅਟਵਾਲ ਨੇ ਐਹੋ ਜਿਹੇ ਟੰਬੇ ਦਿਖਾਏ ਕਿ ਆਖਰ ਨੂੰ ਜਾਣ ਲਈ ਮਜਬੂਰਨ ਤਿਆਰ ਹੋਣਾ ਪਿਆ। ਭਰਾਵਾਂ ਦਾ ਆਖਿਆ ਸਿਰ ਮੱਥੇ! ਇਤਫ਼ਾਕਨ ਉਸੇ ਦਿਨ ਹੀ ਬਾਈ ਰਘਬੀਰ ਸਿੰਘ ਕੋਹਾੜ ਹੋਰਾਂ ਦਾ ਪੈਰਿਸ ਖੇਡ ਮੇਲਾ ਸੀ। ਸੱਦਾ ਉਥੋਂ ਵੀ ਆਇਆ ਪਿਆ ਸੀ। ਰਾਤਾਂ ਛੋਟੀਆਂ ਤੇ ਯਾਰ ਬਥੇਰੇ, ਕੀਹਦਾ-ਕੀਹਦਾ ਮਾਣ ਰੱਖਲਾਂ? ਖ਼ੈਰ, ਬਾਈ ਰਘਬੀਰ ਕੋਹਾੜ ਤੋਂ ਮੁਆਫ਼ੀ ਮੰਗੀ ਤੇ ਹਾਸੇ ਨਾਲ ਆਖਿਆ, ਬਾਈ ਜੀ ਆਵਦੇ ਘਰੇ ਵਿਆਹ ਹੋਵੇ ਤਾਂ ਬੰਦਾ ਬਿਗਾਨੀ ਬਰਾਤ 'ਚ ਨੱਚਦਾ ਬੁਰਾ ਲੱਗਦੈ..!

ਉਸਤਾਦ ਨਰਿੰਦਰ ਅਟਵਾਲ ਪਰਿਵਾਰ ਸਮੇਤ ਇਕ ਦਿਨ ਪਹਿਲਾਂ ਵਿਆਨਾ ਜਾ ਪਹੁੰਚੇ। ਫ਼ਰੈਂਕਫੋਰਟ ਦੀ ਟੀਮ ਵੀ ਇਕ ਦਿਨ ਪਹਿਲਾਂ ਪਹੁੰਚ ਗਈ। ਸਾਡੇ ਖਿਡਾਰੀ ਰਬਿੰਦਰ ਰੈਂਸੀ, ਲਾਡੀ ਔਜਲਾ, ਲਾਡੀ ਥਿੰਦ, ਗੋਲਡੀ ਥਿੰਦ, ਦਵਿੰਦਰ ਮਠਾੜੂ ਅਤੇ ਸ਼ੇਰੇ ਪੰਜਾਬ ਦੇ ਕਾਰਕੁਨ ਗੁਦਾਵਰ ਬੈਂਸ, ਅਵਤਾਰ ਸਿੰਘ ਬੈਂਸ, ਜੀਤਾ ਔਜਲਾ ਤੇ ਪੰਮੇ ਵਿਰਕ ਹੋਰੀਂ ਇਕ ਦਿਨ ਪਹਿਲਾਂ ਸ਼ਾਮ ਨੂੰ ਮੇਰੇ ਕੋਲੇ ਆਏ। ਮੈਂ ਅਗਲੇ ਦਿਨ ਦੇ ਪ੍ਰੋਗਰਾਮ ਬਾਰੇ ਪੁੱਛਿਆ ਤਾਂ ਰੈਂਸੀ ਆਖਣ ਲੱਗਿਆ, 'ਬਾਬਾ ਜੀ ਸਵੇਰੇ ਸੱਤ ਵਜੇ ਤੁਰ ਪੈਣੈਂ।' ਮੈਂ ਗੁਦਾਵਰ ਬੈਂਸ ਨੂੰ ਕਿਹਾ, 'ਜੇ ਇਹ ਅੱਠ ਵਜੇ ਤੋਂ ਪਹਿਲਾਂ ਰਜਾਈਆਂ 'ਚੋਂ ਨਿਕਲ ਆਏ ਤਾਂ ਮੈਨੂੰ ਫੜ ਲਈਂ! ਇਨ੍ਹਾਂ ਨੇ ਤਾਂ ਕੱਛੂਕੁੰਮੇ ਵਾਂਗੂੰ ਰਜਾਈ 'ਚੋਂ ਸਿਰੀ ਜਿਹੀ ਕੱਢ ਕੇ ਕਹਿਣੈਂ: ਪੰਜ ਕੁ ਮਿੰਟ ਹੋਰ ਸੌਂ ਲਈਏ। ਇਹ ਤਾਂ ਮਾੜੇ ਕੱਟਰੂ ਵਾਂਗੂੰ ਰਜਾਈ ਵਿਚ ਈ ਧੁਰਲੀਆਂ ਮਾਰੀ ਜਾਣਗੇ, ਦੇਖ ਲਈਂ!'

ਖ਼ੈਰ, ਨਿਆਣਿਆਂ ਦੀ ਰਿਹਾੜ ਵਾਂਗ ਆਖੀ ਜਾਣ, ਬਾਬਾ ਜੀ ਤੁਸੀਂ ਸੱਤ ਵਜੇ ਤਿਆਰ ਰਹਿਓ, ਅਸੀਂ ਤੁਹਾਨੂੰ ਸੱਤ ਵਜੇ ਘਰੋਂ ਚੱਕ ਲੈਣੈਂ! ਚਲੋ ਮੈਂ ਵੀ ਸਵੇਰੇ ਛੇ ਕੁ ਵਜੇ ਨਹਾ-ਧੋ ਲਿਆ ਤੇ ਛੇ ਵੱਜ ਕੇ ਪੈਂਤੀ ਮਿੰਟ 'ਤੇ ਤਿਆਰ ਹੋ ਕੇ ਬੈਠ ਗਿਆ, ਬਈ ਲੈਣ ਆਉਣਗੇ! ਸੱਤ ਵਜੇ ਕੀਹਨੇ ਆਉਣਾ ਸੀ? ਰਾਤ ਵਾਲੇ ਵਪਾਰੀ ਤਾਂ ਲਾਹੌਰ ਪਹੁੰਚ ਗਏ ਸਨ। ਮੈਂ ਜਦੋਂ ਸਵਾ ਕੁ ਸੱਤ ਵਜੇ ਰੈਂਸੀ ਦੇ ਸੈੱਲ ਫ਼ੋਨ 'ਤੇ ਫ਼ੋਨ ਕੀਤਾ ਤਾਂ ਕੋਈ ਫ਼ੋਨ ਨਾ ਚੁੱਕੇ। ਕਰ ਲਓ ਘਿਉ ਨੂੰ ਭਾਂਡਾ! ਬੜਾ ਅਵਾਜ਼ਾਰ ਹੋਇਆ ਕਿ ਜਿਹੜੇ ਹੁਣ ਫ਼ੋਨ ਨਹੀਂ ਚੁੱਕ ਰਹੇ, ਉਠ ਕੇ ਤਿਆਰ ਕਦੋਂ ਹੋਣਗੇ? ਤਿੰਨ ਸੌ ਕਿਲੋਮੀਟਰ ਦਾ ਸਫ਼ਰ ਕਿਵੇਂ ਤੈਅ ਹੋਵੇਗਾ? ਅੱਗੇ ਟਰੈਫ਼ਿਕ ਦਾ ਕੋਈ ਇਤਬਾਰ ਨਹੀਂ। ਕਾਰਾਂ 'ਤੇ ਘੱਟੋ ਘੱਟ ਤਿੰਨ ਘੰਟੇ ਦਾ ਰਸਤਾ ਸੀ।





ਜੱਗੀ ਕੁੱਸਾ ਦੀ ਪੁਸਤਕ ਊਠਾਂ ਵਾਲੇ ਬਲੋਚ ਦਾ ਸਰਵਰਕ

ਪੌਣੇ ਅੱਠ ਵਜੇ ਰੈਂਸੀ ਦਾ ਫ਼ੋਨ ਆ ਗਿਆ। ਪੁੱਛਣ 'ਤੇ ਉਸ ਨੇ ਇਕੋ ਗੱਲ ਆਖੀ, ਬਾਬਾ ਜੀ ਰਾਤ ਲੇਟ ਸੁੱਤੇ ਸੀ, ਬੱਸ ਮੈਂ ਨਹਾਉਣ ਲੱਗਿਐਂ, ਤੁਸੀਂ ਤਿਆਰ ਰਹੋ! ਮੈਂ ਲਾਡੀ ਤੇ ਦਵਿੰਦਰ ਬਾਰੇ ਪੁੱਛਿਆ ਤਾਂ ਉਹ ਆਖਣ ਲੱਗਾ,ਉਹ ਤਾਂ ਰਾਤ ਦੇ ਈ ਲਹਿਰਾਂ ਲਾਈ ਜਾ ਰਹੇ ਨੇ ਬਾਬਾ ਜੀ! ਮੈਂ ਸੋਚਿਆ ਜਿਹੜੇ ਰਾਤ ਦੇ ਹੀ ਲਹਿਰਾਂ ਲਾਈ ਜਾ ਰਹੇ ਨੇ, ਖੇਡਣਗੇ ਸੁਆਹ? ਸਵਾ ਅੱਠ ਵਜੇ ਦੇ ਕਰੀਬ ਰੈਂਸੀ ਮੈਨੂੰ ਲੈਣ ਆ ਗਿਆ। ਜਦੋਂ ਰਸਤੇ ਵਿਚੋਂ ਲਾਡੀ ਔਜਲੇ ਅਤੇ ਦਵਿੰਦਰ ਨੂੰ ਲੈ ਕੇ ਅਸੀਂ ਗੁਰੂ ਘਰ ਪਹੁੰਚੇ ਤਾਂ ਮੁੰਡਿਆਂ ਨੂੰ ਲੱਡੂਆਂ ਦੀ ਭਿਣਕ ਪੈ ਗਈ। ਲੱਡੂਆਂ ਨੂੰ ਉਹ ਇੱਲ੍ਹਾਂ ਵਾਂਗ ਟੁੱਟ ਕੇ ਪੈ ਗਏ। ਗੁਰੂ ਘਰ ਦੇ ਲੱਡੂ ਖਾਂਦੇ, ਚਾਹਾਂ ਪੀਂਦੇ, ਸੱਤ ਵਜੇ ਤੁਰਦੇ ਮੁੰਡਿਆਂ ਨੇ ਸਾਢੇ ਨੌਂ ਵਜਾ ਦਿੱਤੇ। ਮੈਂ ਖਿਝ ਕੇ ਆਖਿਆ, ਸ਼ੌਕੀਨ ਬਰਾਤੀਆਂ ਆਂਗੂੰ ਤੁਰਨ ਵੇਲੇ ਜੁੱਤੀਆਂ ਨਾ ਝਾੜਨ ਲੱਗ ਪਿਆ ਕਰੋ। ਮੇਰਾ ਮੂਡ ਦੇਖ ਕੇ ਅੱਗੜ ਪਿੱਛੜ ਗੱਡੀਆਂ ਕਾਫ਼ਲੇ ਦੀ ਸ਼ਕਲ ਵਿਚ ਤੁਰ ਪਈਆਂ। ਸਾਡੀ ਗੱਡੀ ਰੈਂਸੀ ਚਲਾ ਰਿਹਾ ਸੀ। ਗੀਤ ਗੂੰਜ ਰਿਹਾ ਸੀ, 'ਤੇਰੀ ਮਾਂ ਨੇ ਸ਼ੀਸ਼ਾ ਤੋੜਤਾ ਵੇ ਮੈਂ ਮੁੱਖ ਵੀ ਨਾ ਤੱਕਿਆ ਸੰਵਾਰ ਕੇ!' ਫੇਰ ਜੁਗਨੀ ਚੱਲਣ ਲੱਗ ਪਈ। ਫਿਰ ਇਕ ਗੀਤ ਜ਼ਰੀਏ ਹੀ ਗੁੱਗਾ ਪੂਜਣ ਦੀ ਗੱਲ ਆ ਗਈ। ਗੁੱਗਾ ਰਾਜਪੂਤ 'ਚੌਹਾਨ' ਦੀ ਵੰਸ਼ ਵਿਚੋਂ ਸੀ। ਉਸ ਨੇ ਹਿੰਦੂ ਧਰਮ ਤਿਆਗ ਕੇ ਮੁਸਲਮਾਨੀ ਮਜ਼੍ਹਬ ਅਪਣਾ ਲਿਆ ਸੀ। ਉਸ ਨੂੰ ਸੱਪ ਦੀ ਜ਼ਹਿਰ ਮਾਰਨ ਦਾ ਵਰ ਹਾਸਲ ਸੀ। ਕਈ ਲੋਕ ਉਸ ਨੂੰ ਸ਼ੇਸ਼ਨਾਗ ਦਾ ਅਵਤਾਰ ਵੀ ਮੰਨਦੇ ਹਨ।

ਰਸਤੇ ਵਿਚ ਇਕ ਥਾਂ ਰੁਕ ਕੇ ਤੇਲ ਪੁਆਇਆ ਤੇ ਟਰੈਫ਼ਿਕ ਬਹੁਤ ਹੀ ਘੱਟ ਹੋਣ ਕਾਰਨ ਅਸੀਂ ਗੁਰੂ ਕਿਰਪਾ ਨਾਲ ਸਵਾ ਕੁ ਬਾਰਾਂ ਵਜੇ ਆਸਟਰੀਆ ਦੀ ਰਾਜਧਾਨੀ ਵਿਆਨਾ ਪਹੁੰਚ ਗਏ। ਸਿੱਧੇ ਗੁਰੂ ਘਰ ਹੀ ਪਹੁੰਚਣਾ ਸੀ। ਮੁੰਡੇ ਆਖਣ ਲੱਗੇ, ਬਾਬਾ ਜੀ ਭੁੱਖਿਆਂ ਤੋਂ ਤਾਂ ਖੇਡਿਆ ਨਹੀਂ ਜਾਣਾ, ਪਹਿਲਾਂ ਲੰਗਰ ਪਾਣੀ ਛਕ ਲਈਏ। ਮੈਂ ਕਿਹਾ ਤੁਸੀਂ ਲੰਗਰ ਪਾਣੀ ਛਕੋ ਅਸੀਂ ਗਰਾਊਂਡ 'ਚ ਜਾ ਕੇ ਟੀਮਾਂ ਦੀ ਐਂਟਰੀ ਕਰਵਾਉਂਦੇ ਹਾਂ। ਗੁਰੂ ਘਰ ਵਿਆਨਾ ਦੇ ਪ੍ਰਧਾਨ ਬਾਈ ਗੁਰਭੇਜ ਸਿੰਘ ਨੇ ਸਾਨੂੰ ਲੰਗਰ ਛਕ ਲੈਣ ਬਾਰੇ ਕਿਹਾ ਤਾਂ ਮੈਂ ਬੇਨਤੀ ਕੀਤੀ ਕਿ ਅਸੀਂ ਗਰਾਊਂਡ ਵਿਚ ਹੀ ਛਕ ਲਵਾਂਗੇ। ਆਪਣੀਆਂ ਗੱਡੀਆਂ ਉਥੇ ਹੀ ਛੱਡ ਮੈਂ ਤੇ ਗੁਦਾਵਰ ਬੈਂਸ ਪੁਰਾਣੇ ਬੇਲੀ ਗੁਰਪ੍ਰੀਤ ਖੰਟ ਦੀ ਵੈਨ ਵਿਚ ਬੈਠ ਕੇ ਗਰਾਊਂਡ ਵਿਚ ਆ ਗਏ।

ਮਿਊਨਿਕ ਤੇ ਵਿਆਨਾ ਦੀਆਂ ਟੀਮਾਂ ਵਿਚਕਾਰ ਫੁੱਟਬਾਲ ਦਾ ਫ਼ਸਵਾਂ ਮੈਚ ਚੱਲ ਰਿਹਾ ਸੀ। ਮੈਨੂੰ ਦੇਖ ਕੇ ਹੈਰਾਨੀ ਹੋਈ ਕਿ ਮਿਊਨਿਕ, ਜਰਮਨ ਗੁਰੂ ਘਰ ਦਾ ਪ੍ਰਧਾਨ ਤਰਸੇਮ ਅਟਵਾਲ ਵੀ ਗਰਾਊਂਡ 'ਚ ਫੁੱਟਬਾਲ ਖੇਡ ਰਿਹਾ ਸੀ। ਮੈਂ ਬਾਈ ਹਾਕਮ ਬਰਾੜ ਕੋਲ ਟੀਮ ਦੀ ਐਂਟਰੀ ਕਰਵਾਉਂਦੇ ਹੋਏ ਤਰਸੇਮ ਅਟਵਾਲ ਦੇ ਨੇੜੇ ਹੋ ਕੇ ਹੋਕਰਾ ਮਾਰਿਆ, ਪ੍ਰਧਾਨਾ ਹਾਣ ਦਿਆਂ ਨਾਲ ਖੇਡਿਆ ਕਰ, ਹਾਣ ਦਿਆਂ ਨਾਲ! ਪ੍ਰਧਾਨ ਹੌਂਕਦਾ ਮੇਰੇ ਕੋਲ ਆ ਕੇ ਆਖਣ ਲੱਗਿਆ, ਜੱਗੀ ਇਕ ਬੰਦਾ ਘਟਦਾ ਸੀ ਯਾਰ, ਉਹਦੀ ਥਾਂ ਮੈਂ ਪੈ ਗਿਆ...! ਮੈਂ ਕਿਹਾ, ਪ੍ਰਧਾਨਾ ਤੇਰੀ ਟੀਮ 'ਚ ਹੁਣ ਅੱਧਾ ਬੰਦਾ ਜਿਆਦੇ ਐ! ਉਹ ਹੱਸਦਾ, ਮੋਢੇ ਹਿਲਾਉਂਦਾ ਫਿਰ ਗਰਾਊਂਡ ਵੱਲ ਭੱਜ ਗਿਆ। ਅੱਜ ਭੁਪਿੰਦਰ ਮੰਡੇਰ ਅਤੇ ਰਣਜੀਤ ਦੂਲੇ ਮੈਨੂੰ ਕਿਤੇ ਨਜ਼ਰ ਨਾ ਆਏ। ਕੁਮੈਂਟਰੀ ਕੁਲਜੀਤ ਪੱਡਾ ਕਰ ਰਿਹਾ ਸੀ। ਜਦੋਂ ਮੈਂ ਦੋ ਕਲਾਕਾਰ ਦੋਸਤਾਂ ਨਾਲ ਸਟੇਜ ਨੇੜੇ ਪਹੁੰਚਿਆ ਤਾਂ ਪੱਡੇ ਨੇ ਮੇਰੇ ਬਾਰੇ ਭੂਮਿਕਾ ਬੰਨ੍ਹਣੀ ਸ਼ੁਰੂ ਕਰ ਦਿੱਤੀ! ਮੈਂ ਹੱਥ ਜੋੜੇ, ਬਖ਼ਸ਼ ਲਓ ਬਾਬਿਓ...! ਮੈਚ ਦਾ ਹਾਫ਼-ਟਾਈਮ ਹੋਇਆ ਤਾਂ ਕੁਲਜੀਤ ਪੱਡੇ ਨੇ ਮੇਰਾ ਨਾਂ ਅਨਾਊਂਸ ਕਰ ਦਿੱਤਾ। ਮੈਂ ਦਰਸ਼ਕਾਂ ਨਾਲ ਦੋ ਬੋਲ ਸਾਂਝੇ ਕੀਤੇ, ਲੇਟ ਪਹੁੰਚਣ ਲਈ ਮੁਆਫ਼ੀ ਮੰਗੀ ਅਤੇ ਦਰਸ਼ਕਾਂ ਅਤੇ ਪ੍ਰਬੰਧਕਾਂ ਨੂੰ ਵਧਾਈ ਦਿੱਤੀ।

ਇੰਨੇ ਨੂੰ ਸਾਡੀ ਟੀਮ ਲੰਗਰ ਪਾਣੀ ਛਕ ਕੇ ਪੁੱਜ ਗਈ। ਕਬੱਡੀ ਦਾ ਪਹਿਲਾ ਮੈਚ ਕੋਚ ਅਜਮੇਲ ਸਿੰਘ ਜਿੰਮੀ, ਪੰਮਾ ਪਰਮਾਰ, ਕੁਲਦੀਪ, ਦਾਲਾ ਭੰਡਾਲ ਫ਼ਰੈਂਕਫੋਰਟ ਦੀ ਟੀਮ ਨਾਲ ਸਾਡਾ ਹੀ ਸੀ। ਸਾਡਾ ਕੈਪਟਨ ਮਨਜੀਤ ਰੁੜਕਾ, ਰੇਸ਼ਮ ਨਾਹਰਾ, ਜੱਗੀ, ਰੈਂਸੀ, ਜੱਸਾ, ਮੰਗਾ, ਲਾਡੀ ਥਿੰਦ ਹੋਰਾਂ ਸਮੇਤ ਸਭ ਤਿਆਰ-ਬਰ-ਤਿਆਰ ਸਨ। ਸਾਡਾ ਖਿਡਾਰੀ ਤਰਲੋਚਨ ਬੱਲ ਸਪੈਸ਼ਲ ਤੌਰ 'ਤੇ ਇੰਗਲੈਂਡ ਦਾ ਮੈਚ ਛੱਡ ਕੇ ਸਾਡੇ ਲਈ ਵਿਆਨਾ ਖੇਡਣ ਪੁੱਜਿਆ ਸੀ। ਪਹਿਲੀ ਕਬੱਡੀ ਉਹਨੇ ਹੀ ਪਾਈ ਤੇ ਡੇਢ ਅੰਕ ਲੈ ਕੇ ਮੁੜਿਆ। ਚੇਅਰਮੈਨ ਜਸਬੀਰ ਜੱਸਾ ਇਟਲੀ, ਦੁੱਲਾ, ਸਤਨਾਮ ਸੱਤੀ ਅਤੇ ਨਿਰਮਲ ਨਿੰਮਾ ਅਸੀਂ ਸਾਰੇ ਖੇਡ ਦਾ ਜਾਇਜ਼ਾ ਲੈਂਦੇ ਰਹੇ। ਇਟਲੀ ਵਾਲਾ ਪ੍ਰਧਾਨ ਅਤੇ ਮੇਰਾ ਦੁੱਖ-ਸੁੱਖ ਦਾ ਸਾਂਝੀ ਤੇ 'ਇੰਡੋ-ਇਟਾਲੀਅਨ ਟਾਈਮਜ਼' ਦਾ ਮੁੱਖ ਸੰਪਾਦਕ ਜੋਗਾ ਸਿੰਘ ਸੰਘਾ ਅਤੇ ਹਰਮੰਗਤ ਸਿੰਘ ਮੰਗਾ ਇਸ ਵਾਰ ਪੁੱਜ ਨਹੀਂ ਸਨ ਸਕੇ। ਸੱਤਾ ਮੀਆਂਵਿੰਡੀਆ ਇੰਡੀਆ ਵਿਆਹ ਕਰਵਾਉਣ ਗਿਆ ਹੋਇਆ ਸੀ।

(ਬਾਕੀ ਸਫਾ 30 'ਤੇ)

# ਭਗਤ ਰਾਮਾਨੰਦ

ਹਿੰਦੂ ਧਰਮ ਦਾ ਧੁਰਾ ਵਰਣ-ਆਸ਼੍ਰਮ ਧਰਮ ਹੈ, ਜਿਸ ਦੇ ਦੁਆਲੇ ਸਾਰਾ ਤਾਣਾ-ਬਾਣਾ ਬੁਣਿਆ ਹੋਇਆ ਹੈ। ਇਸ ਵਰਣ-ਆਸ਼੍ਰਮ ਵੰਡ ਕਾਰਨ ਧਰਮ ਕਰਮ ਦਾ ਸਾਰਾ ਹੱਕ ਵਰਣ-ਵੰਡ ਦੇ ਸਭ ਤੋਂ ਉਪਰਲੇ ਵਰਣ ਬ੍ਰਾਹਮਣ ਨੂੰ ਪ੍ਰਾਪਤ ਸੀ ਅਤੇ ਰਾਜ ਕਰਨ ਦਾ ਅਧਿਕਾਰ ਖੱਤਰੀ ਵਰਣ ਨੂੰ ਪ੍ਰਾਪਤ ਸੀ। ਇਨ੍ਹਾਂ ਦੋਵਾਂ ਵਰਣਾਂ ਨੂੰ ਹਰ ਤਰ੍ਹਾਂ ਦੇ ਹੱਕ ਪ੍ਰਾਪਤ ਸਨ ਅਤੇ ਦੋਵਾਂ ਦੀ ਮਿਲੀ-ਭੁਗਤ ਨਾਲ ਬਾਕੀ ਵਰਣ ਬਹੁਤ ਸਾਰੇ ਹੱਕਾਂ ਤੋਂ ਵਾਂਝੇ ਰੱਖੇ ਹੋਏ ਸਨ। ਅੱਗੋਂ ਇਹ ਵਰਣ ਛੋਟੀਆਂ ਛੋਟੀਆਂ ਉਪ-ਜਾਤੀਆਂ ਵਿਚ ਵੰਡੇ ਹੋਏ ਸਨ। ਸਮਾਜ ਦਾ ਏਨੀ ਤਰ੍ਹਾਂ ਨਾਲ ਵੰਡੇ ਹੋਣਾ ਹੀ ਜਿੱਥੇ ਇਸ ਦੀ ਸਮਾਜਿਕ ਅਤੇ ਧਾਰਮਿਕ ਅਧੋਗਤੀ ਦਾ ਕਾਰਨ ਸੀ ਉਥੇ ਹੀ ਇਹ ਵੰਡ ਭਾਰਤ ਉਤੇ ਬਾਹਰੋਂ ਆਏ ਹਮਲਾਵਰਾਂ ਦੇ ਰਾਜ ਸਥਾਪਤ ਹੋਣ ਦਾ ਕਾਰਨ ਵੀ ਬਣਿਆ। ਇਹ ਵਰਣ-ਆਸ਼ਰਮ ਵੰਡ ਏਨਾ ਗਹਿਰਾ ਅਤੇ ਗੰਭੀਰ ਰੂਪ ਧਾਰਨ ਕਰ ਚੁੱਕੀ ਸੀ ਕਿ ਸਮਾਜ ਵਿਚ ਇੱਕ ਵਰਗ ਜਾਂ ਵਰਣ ਦੀਆ ਵਲਗਣਾਂ ਨੂੰ ਤੋੜ ਸਕਣਾ ਬਿਲਕੁਲ ਅਸੰਭਵ ਹੋ ਗਿਆ ਸੀ। ਧਾਰਮਿਕ ਤੌਰ 'ਤੇ ਪੁਰੋਹਿਤ ਜਮਾਤ ਦਾ ਗਲਵਾ ਏਨਾ ਤਕੜਾ ਹੋ ਗਿਆ ਸੀ ਕਿ ਧਰਮ ਕਿਸੇ ਕਿਸਮ ਦੀ ਮੁਕਤੀ ਪ੍ਰਾਪਤੀ ਦਾ ਸਾਧਨ ਨਾ ਹੋ ਕੇ ਮਹਿਜ ਕਰਮ-ਕਾਂਡ ਵਿਚ ਫਸ ਕੇ ਰਹਿ ਗਿਆ ਸੀ। ਇਸ ਕਿਸਮ ਦੀ ਧਾਰਮਿਕ ਅਤੇ ਸਮਾਜਿਕ ਖੜੋਤ, ਉਚ-ਵਰਣਾਂ ਹੱਥੋਂ ਨਿਚਲੇ ਵਰਣਾਂ ਨੂੰ ਦਬਾਉਣ ਅਤੇ ਉਨ੍ਹਾਂ ਦੇ ਹਰ ਤਰ੍ਹਾਂ ਨਾਲ ਸ਼ੋਸ਼ਣ ਦੇ ਵਿਰੋਧ ਵਿਚ ਹੀ ਭਾਰਤ ਦੀ ਭਗਤੀ ਲਹਿਰ ਪੈਦਾ ਹੋਈ ਜੋ ਦੱਖਣ ਦੇ ਅਲਵਾਰ ਸੰਤਾਂ ਤੋਂ ਸ਼ੁਰੂ ਹੋ ਕੇ ਉੱਤਰੀ ਭਾਰਤ ਤੱਕ ਫੈਲੀ ਜਿਸ ਤਹਿਤ ਵੱਖ-ਵੱਖ ਭਗਤਾਂ ਨੇ ਆਪਣੇ-ਆਪਣੇ ਖੇਤਰ ਵਿਚ ਪ੍ਰਚਾਰ ਰਾਹੀਂ ਆਮ ਲੋਕਾਂ ਵਿਚ ਜਾਗ੍ਰਤੀ ਪੈਦਾ ਕਰਨ ਦੇ ਯਤਨ ਕੀਤੇ।



ਡਾ. ਗੁਰਨਾਮ ਕੌਰ, ਕੈਨੇਡਾ

ਭਗਤਾਂ ਨੇ ਲੋਕਾਂ ਨੂੰ ਵਰਣ-ਵੰਡ ਦੀ ਪੀੜਾ ਸਮਝਾਉਣ ਅਤੇ ਧਾਰਮਿਕ ਕਰਮ-ਕਾਂਡਾਂ ਰਾਹੀਂ ਆਮ ਲੋਕਾਈ ਦੇ ਸ਼ੋਸ਼ਣ ਪ੍ਰਤੀ ਜਾਗਰਤ ਕਰਨ ਦੀ ਕੋਸ਼ਿਸ਼ ਕੀਤੀ। ਹਿੰਦੂ ਤ੍ਰੈ-ਮੂਰਤੀ ਦੇ ਤਿੰਨ ਦੇਵ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਜਾਂ ਸ਼ਿਵ ਮੰਨੇ ਜਾਂਦੇ ਹਨ; ਸੰਸਾਰ ਨੂੰ ਪੈਦਾ ਕਰਨ ਵਾਲਾ ਬ੍ਰਹਮਾ, ਪਾਲਣ ਵਾਲਾ ਵਿਸ਼ਨੂੰ ਅਤੇ ਸੰਹਾਰ ਕਰਨ ਵਾਲਾ ਮਹੇਸ਼ ਜਾਂ ਸ਼ਿਵਜੀ ਨੂੰ ਮੰਨਿਆ ਜਾਂਦਾ ਹੈ। ਇਨ੍ਹਾਂ ਵਿਚੋਂ ਵੀ ਬ੍ਰਹਮਾ ਨੂੰ ਉਸ ਕਿਸਮ ਦੀ ਮਾਨਤਾ ਪ੍ਰਾਪਤ ਨਹੀਂ ਹੈ ਜੋ ਵਿਸ਼ਨੂੰ ਅਤੇ ਸ਼ਿਵਜੀ ਨੂੰ ਹੈ। ਵਿਸ਼ਨੂੰ ਦੇ ਆਮ ਤੌਰ 'ਤੇ ਚੌਵੀ ਅਵਤਾਰ ਮੰਨੇ ਗਏ ਹਨ, ਜਿਨ੍ਹਾਂ ਵਿਚੋਂ ਰਾਮ ਅਤੇ ਕ੍ਰਿਸ਼ਨ ਦਾ ਅਵਤਾਰ ਬਹੁਤ ਮਹੱਤਵਪੂਰਨ ਹਨ। ਸ਼ਿਵਜੀ ਦੀ ਮਾਨਤਾ ਭਾਰਤ ਦੇ ਮੂਲ ਕਬੀਲਿਆਂ ਅਰਥਾਤ ਗੈਰ-ਆਰੀਅਨ ਕਬੀਲਿਆਂ ਵਿਚ ਜ਼ਿਆਦਾ ਪਾਈ ਗਈ ਹੈ। ਭਗਤੀ ਲਹਿਰ ਦੇ ਬਹੁਤੇ ਭਗਤ ਵੈਸ਼ਨਵ ਭਗਤੀ ਨਾਲ ਜੁੜੇ ਹੋਏ ਸਨ, ਜੋ ਸਰਗੁਣ ਭਗਤੀ ਤੋਂ ਨਿਰਗੁਣ ਭਗਤੀ ਵੱਲ ਆਏ।

ਉੱਤਰੀ ਭਾਰਤ ਵਿਚ ਭਗਤੀ ਲਹਿਰ ਦਾ ਪ੍ਰਚਾਰ ਅਤੇ ਪਾਸਾਰ ਕਰਨ ਵਿਚ ਭਗਤ ਰਾਮਾਨੰਦ ਦੀ ਭੂਮਿਕਾ ਬਹੁਤ ਮਹੱਤਵਪੂਰਨ ਰਹੀ ਹੈ। ਭਗਤ ਰਾਮਾਨੰਦ ਦਾ ਸਮਾਂ 1300 ਈਸਵੀ ਤੋਂ 1410 ਈਸਵੀ ਤੱਕ ਦਾ ਮੰਨਿਆ ਜਾਂਦਾ ਹੈ ਜੋ ਕਿ ਵੈਸ਼ਨਵ ਭਗਤੀ ਲਹਿਰ ਦੇ ਮੋਢੀਆਂ ਵਿਚੋਂ ਹੋਏ ਹਨ; ਉਨ੍ਹਾਂ ਨੇ ਉੱਤਰੀ ਭਾਰਤ ਵਿਚ ਵੈਸ਼ਨਵ ਭਗਤੀ ਨੂੰ ਅੱਗੇ ਵਧਾਇਆ ਅਤੇ ਇਸ ਦਾ ਪਾਸਾਰ ਕੀਤਾ। 'ਸਿੱਖ ਇਨਸਾਈਕਲੋਪੀਡੀਆ' ਅਨੁਸਾਰ ਉਹ ਸੰਨਿਆਸੀਆਂ ਦੇ ਬੈਰਾਗੀ ਫਿਰਕੇ ਦੇ ਬਾਨੀ ਸੀ। ਭਗਤ ਰਾਮਾਨੰਦ ਦਾ ਜਨਮ ਪਰਿਆਗ (ਅਲਾਹਾਬਾਦ) ਵਿਚ ਕਾਨਕੁਬਜ ਬ੍ਰਾਹਮਣ ਪਰਿਵਾਰ ਵਿਚ ਹੋਇਆ। ਉਨ੍ਹਾਂ ਨੇ ਵਿੱਦਿਆ ਦੇ ਪੁਰਾਤਨ ਕੇਂਦਰ ਕਾਸ਼ੀ (ਬਨਾਰਸ) ਤੋਂ ਵਿੱਦਿਆ ਪ੍ਰਾਪਤ ਕੀਤੀ ਅਤੇ ਇੱਥੇ ਹੀ ਉਹ ਰਾਘਵਨੰਦ ਦੇ ਚੇਲੇ ਬਣੇ। ਰਾਘਵਨੰਦ ਰਾਮਾਨੁਜ, ਜਿਨ੍ਹਾਂ ਨੂੰ ਭਾਰਤੀ ਦਰਸ਼ਨ ਦੇ ਵਸ਼ਿਸ਼ਟ ਅਦਵੈਤਵਾਦ ਦਾ ਜਨਮ ਦਾਤਾ ਕਿਹਾ ਜਾਂਦਾ ਹੈ, ਦੀ ਸੰਪਰਦਾ ਦੇ ਚੌਥੇ ਅਚਾਰੀਆ ਸਨ। ਭਗਤ ਰਾਮਾਨੰਦ ਆਪਣੇ ਗੁਰੂ ਨਾਲੋਂ ਜਾਤ-ਪ੍ਰਬੰਧ ਦੇ ਸਬੰਧ ਵਿਚ ਆਮ ਕਰਕੇ ਅਤੇ ਛੂਤ-ਛਾਤ ਦੇ ਸਬੰਧ ਵਿਚ ਖਾਸ ਕਰਕੇ ਜ਼ਿਆਦਾ ਉਦਾਰ ਖਿਆਲਾਂ ਦੇ ਸਨ। ਆਪਣੇ ਇਨ੍ਹਾਂ ਉਦਾਰ ਖਿਆਲਾਂ ਕਰਕੇ ਹੀ ਉਨ੍ਹਾਂ ਨੇ ਆਪਣਾ ਨਵਾਂ ਫਿਰਕਾ, ਰਾਮਾਵਤ ਜਾਂ ਰਾਮਾਨੰਦੀ ਸੰਪਰਦਾ ਨਾਮ ਦਾ ਬਣਾ ਲਿਆ ਜਿਸ ਦਾ ਕੇਂਦਰੀ ਦੇਵਤਾ, ਸ੍ਰੀ ਸੰਪਰਦਾ ਦੇ ਚੇਲਿਆ ਵੱਲੋਂ ਪੂਜੇ ਜਾਣ ਵਾਲੇ ਚਤੁਰਭੁਜ ਨਰਾਇਣ ਅਤੇ ਲੱਛਮੀ ਦੀ ਥਾਂ ਰਾਮ ਅਤੇ ਸੀਤਾ ਨੂੰ ਮੰਨਿਆ ਗਿਆ।

ਭਗਤ ਰਾਮਾਨੰਦ ਨੇ ਕਾਸ਼ੀ ਵਿਚ ਆਪਣੇ ਆਪ ਨੂੰ ਅਚਾਰੀਆ (ਅਧਿਆਪਕ) ਵਜੋਂ ਸਥਾਪਤ ਕੀਤਾ, ਜਿੱਥੇ ਅੱਜ ਤੱਕ ਪੰਚਗੰਗਾ ਘਾਟ ਨੂੰ ਉਨ੍ਹਾਂ ਦੇ ਨਾਮ ਨਾਲ ਜੋੜਿਆ ਜਾਂਦਾ ਹੈ। ਇੱਥੋਂ ਹੀ ਉਨ੍ਹਾਂ ਦੇ ਚੇਲਿਆਂ ਨੇ, ਜਿਨ੍ਹਾਂ ਨੂੰ ਰਾਮਾਨੰਦੀ ਬੈਰਾਗੀ ਕਿਹਾ ਜਾਂਦਾ ਹੈ, ਰਾਮ ਦੀ ਪੂਜਾ ਦਾ ਸੁਨੇਹਾ ਸਾਰੇ ਭਾਰਤ ਵਿਚ ਪ੍ਰਚਾਰਿਆ ਪ੍ਰੰਤੂ ਬਹੁਤਾ ਕਰਕੇ ਉਨ੍ਹਾਂ ਨੇ ਇਹ ਪ੍ਰਚਾਰ ਕੇਂਦਰੀ ਗੰਗਾ ਦੇ ਮੈਦਾਨ ਤੱਕ ਹੀ ਕੀਤਾ ਸੀ। ਭਗਤ ਰਾਮਾਨੰਦ ਦੇ ਵਰਣ-ਵੰਡ ਪ੍ਰਤੀ ਵਿਚਾਰ ਬਹੁਤ ਉਦਾਰ ਸਨ ਅਤੇ ਉਨ੍ਹਾਂ ਦੇ ਜਾਤ-ਵੰਡ ਦੇ ਵਖਰੇਵਿਆਂ ਪ੍ਰਤੀ ਉਦਾਰ ਵਿਚਾਰਾਂ ਕਰਕੇ ਹੀ ਉਨ੍ਹਾਂ ਦੀ ਭਗਤੀ ਪ੍ਰੰਪਰਾ ਸਥਾਪਤ ਹੋਈ, ਜਿਸ ਦੇ ਛੋਟੀਆਂ ਕਹੀਆਂ ਜਾਣ ਵਾਲੀਆਂ ਜਾਤਾਂ ਨਾਲ ਸਬੰਧ ਰੱਖਣ ਵਾਲੇ ਬਹੁਤ ਸਾਰੇ ਲੋਕ ਚੇਲੇ ਬਣੇ ਜਿਵੇਂ ਭਗਤ ਕਬੀਰ ਜੀ ਜੋ ਜਾਤ ਪੱਖੋਂ ਬੁਣਕਰ ਸਨ, ਭਗਤ ਰਵਿਦਾਸ ਜੋ ਚਮੜੇ ਦਾ ਕੰਮ ਕਰਦੇ ਸੀ, ਭਗਤ ਸੈਣ ਜੋ ਨਾਈ ਦਾ ਕਿੱਤਾ ਕਰਦੇ ਸੀ, ਧੰਨਾ ਜੱਟ; ਇਹ ਸਭ ਸਮੇਂ ਦੀਆਂ ਸਾਰੀਆਂ ਅਸੰਭਵਤਾਵਾਂ ਦੇ ਬਾਵਜੂਦ ਵਾਪਰਿਆ। ਭਾਈ ਗੁਰਦਾਸ ਨੇ ਭਗਤ ਕਬੀਰ ਅਤੇ ਰਾਮਾਨੰਦ ਦੇ ਸਬੰਧ ਵਿਚ ਦਸਵੀਂ ਵਾਰ ਦੀ 15ਵੀਂ ਪਉੜੀ ਵਿਚ ਇਸ ਤਰ੍ਹਾਂ ਜ਼ਿਕਰ ਕੀਤਾ ਹੈ:

ਹੋਇ ਬਿਰਕਤ ਬਨਾਰਸੀ ਰਹਿੰਦਾ ਰਾਮਾਨੰਦੁ ਗੁਸਾਈਂ।
ਅੰਮ੍ਰਿਤੁ ਵੇਲੇ ਉਠਿ ਕੈ ਜਾਂਦਾ ਗੰਗਾ ਨ੍ਹਾਵਣ ਤਾਈਂ।
ਅਗੋ ਹੀ ਦੇ ਜਾਇ ਕੈ ਲੰਮਾ ਪਿਆ ਕਬੀਰ ਤਿਥਾਈਂ।
ਪੈਰੀ ਟੁੰਬਿ ਉਠਾਲਿਆਂ 'ਬੋਲਹੁ ਰਾਮ' ਸਿਖ ਸਮਝਾਈ।
ਜਿਉ ਲੋਹਾ ਪਾਰਸੁ ਛੁਹੇ ਚੰਦਨ ਵਾਸੁ ਨਿੰਮੁ ਮਹਕਾਈ।
ਪਸੂ ਪਰੇਤਹੁ ਦੇਵ ਕਰਿ ਪੂਰੇ ਸਤਿਗੁਰ ਦੀ ਵਡਿਆਈ।
ਅਚਰਜ ਨੋ ਅਚਰਜੁ ਮਿਲੈ ਵਿਸਮਾਦੈ ਵਿਸਮਾਦੁ ਮਿਲਾਈ।
ਝਰਣਾ ਝਰਦਾ ਨਿਝਰਹੁ ਗੁਰਮੁਖਿ ਬਾਣੀ ਅਘੜ ਘੜਾਈ।
ਰਾਮ ਕਬੀਰੈ ਭੇਦੁ ਨ ਭਾਈ॥15॥

ਭਾਈ ਗੁਰਦਾਸ ਅਨੁਸਾਰ ਗੁਸਾਈਂ ਰਾਮਾਨੰਦ ਬਨਾਰਸ ਵਿਖੇ ਵਿਰਕਤ ਹੋ ਕੇ ਰਹਿੰਦਾ ਸੀ, ਜੋ ਅੰਮ੍ਰਿਤ ਵੇਲੇ ਗੰਗਾ ਇਸ਼ਨਾਨ ਕਰਨ ਜਾਂਦਾ ਹੁੰਦਾ ਸੀ। ਉਥੇ ਪਹਿਲਾਂ ਹੀ ਪਹੁੰਚ ਕੇ ਕਬੀਰ ਲੰਮਾ ਪਿਆ ਹੋਇਆ ਸੀ (ਕਬੀਰ ਦੇ ਮਨ ਵਿਚ ਤੌਖਲਾ ਸੀ ਕਿ ਵਰਣ-ਵੰਡ ਵਿਚ ਨੀਵਾਂ ਹੋਣ ਕਰਕੇ ਸ਼ਾਇਦ ਰਾਮਾਨੰਦ ਦੀਖਿਆ ਉਪਦੇਸ਼ ਨਾ ਦੇਣ)। ਰਾਮਾਨੰਦ ਦਾ ਪੈਰ ਜਦੋਂ ਕਬੀਰ ਨੂੰ ਛੂਹਿਆ ਤਾਂ ਉਨ੍ਹਾਂ ਨੇ ਆਪਣੇ ਪੈਰ ਦੇ ਅੰਗੂਠੇ ਨਾਲ ਉਠਾ ਕੇ ਕਿਹਾ ਕਿ ਭਾਈ ਉੱਠ ਕੇ ਪਰਮਾਤਮਾ ਦਾ ਸਿਮਰਨ ਕਰੋ। ਭਾਈ ਗੁਰਦਾਸ ਕਹਿੰਦੇ ਜਿਸ ਤਰ੍ਹਾਂ ਪਾਰਸ ਨਾਲ ਛੂਹ ਕੇ ਲੋਹਾ ਸੋਨਾ ਬਣ ਜਾਂਦਾ ਹੈ ਅਤੇ ਚੰਦਨ ਦੇ ਨਾਲ ਉੱਗੀ ਹੋਈ ਨਿੰਮ ਵਿਚੋਂ ਚੰਦਨ ਦੀ ਖੁਸ਼ਬੋ ਆਉਣ ਲੱਗ ਪੈਂਦੀ ਹੈ; ਇਸੇ ਤਰ੍ਹਾਂ ਸਤਿਗੁਰ ਦੀ ਇਹ ਵਡਿਆਈ ਹੈ ਕਿ ਉਹ ਪਸ਼ੂ-ਪ੍ਰੇਤਾਂ ਨੂੰ ਵੀ ਦੇਵਤਿਆਂ ਵਾਲੇ ਗੁਣਾਂ ਵਾਲੇ ਬਣਾ ਦਿੰਦਾ ਹੈ। ਅਚਰਜ (ਗੁਰੂ) ਨਾਲ ਸਿੱਖ ਮਿਲ ਕੇ ਅਚਰਜ ਰੂਪ ਹੋ ਜਾਂਦਾ ਹੈ ਅਤੇ ਵਿਸਮਾਦ ਸਰੂਪ ਪਰਮਾਤਮਾ ਨਾਲ ਮਿਲ ਜਾਂਦਾ ਹੈ। ਫਿਰ ਆਤਮਾ ਵਿਚੋਂ ਅੰਮ੍ਰਿਤ ਦਾ ਝਰਨਾ ਝਰਦਾ ਹੈ ਅਰਥਾਤ ਫਿਰ ਪਰਉਪਕਾਰ ਦਾ ਇੱਕ ਪ੍ਰਵਾਹ ਚੱਲ ਪੈਂਦਾ ਹੈ ਅਤੇ ਸਤਿ ਦਾ ਉਪਦੇਸ਼ ਅੱਗੇ ਤੋਂ ਅੱਗੇ ਚੱਲਦਾ ਹੈ। ਗੁਰਮੁਖਾਂ ਦੀ ਬਾਣੀ ਵਿਚ ਇਹ ਸ਼ਕਤੀ ਹੁੰਦੀ ਹੈ ਕਿ ਉਹ ਅਘੜ ਨੂੰ ਵੀ ਘੜ ਦੇਂਦੀ ਹੈ। ਕਬੀਰ ਜੀ ਅਜਿਹੇ ਹੋ ਗਏ ਕਿ ਰਾਮ ਅਤੇ ਕਬੀਰ ਵਿਚ ਕੋਈ ਫਰਕ ਨਹੀਂ ਰਿਹਾ। ਕਹਿਣ ਤੋਂ ਭਾਵ ਹੈ ਕਿ ਪਰਮਾਤਮਾ ਦਾ ਭਗਤ ਵੀ ਪਰਮਾਤਮਾ ਵਿਚ ਮਿਲ ਕੇ ਉਸ ਦਾ ਸਰੂਪ ਹੋ ਜਾਂਦਾ ਹੈ। ਭਾਈ ਗੁਰਦਾਸ ਅੱਗੇ ਹੋਰ ਕਹਿੰਦੇ ਹਨ ਕਿ ਕਬੀਰ ਦਾ ਪ੍ਰਤਾਪ ਸੁਣ ਕੇ ਰਾਮਾਨੰਦ ਦਾ ਦੂਸਰਾ ਸਿੱਖ ਸੈਣ ਭਗਤ ਹੋਇਆ, ਜਿਸ ਦੀ ਜਾਤਿ ਨਾਈ ਸੀ। ਅਸੀਂ ਕਹਿ ਸਕਦੇ ਹਾਂ ਕਿ ਜਿਨ੍ਹਾਂ ਨੂੰ ਵਰਣ-ਵੰਡ ਵਿਚ ਧਰਮ-ਕਰਮ ਦੇ ਹੱਕਾਂ ਤੋਂ ਵਾਂਝਿਆਂ ਰੱਖਿਆ ਗਿਆ ਸੀ ਉਨ੍ਹਾਂ ਵਰਣਾਂ ਨੂੰ ਭਗਤੀ ਲਹਿਰ ਨੇ ਪਰਮਾਤਮਾ ਦੇ ਭਗਤ ਬਣਾਇਆ ਅਤੇ ਇੱਕ ਨਵੀਂ ਸੋਚ ਪੈਦਾ ਕੀਤੀ।

ਭਗਤ ਰਾਮਾਨੰਦ ਨੂੰ ਮੰਨਣ ਵਾਲਿਆਂ ਵੱਲੋਂ ਸੰਸਕ੍ਰਿਤ ਅਤੇ ਹਿੰਦੀ ਵਿਚ ਉਨ੍ਹਾਂ ਦੇ ਰਚੇ ਬਹੁਤ ਸਾਰੇ ਕੰਮ ਦੱਸੇ ਜਾਂਦੇ ਹਨ ਪ੍ਰੰਤੂ ਆਧੁਨਿਕ ਵਿਦਵਾਨ ਸਿਰਫ ਦੋ 'ਵੈਸ਼ਨਵਮਤਾਬਜ ਭਾਸਕਰ' ਅਤੇ 'ਰਾਮਅਰਚਨਾ ਪੱਧਤੀ' ਨੂੰ ਹੀ ਪਰਮਾਣਿਕ ਮੰਨਦੇ ਹਨ। ਹਿੰਦੀ ਦੇ ਦੋ ਪਦੇ ਰਜਬ ਵੱਲੋਂ ਸੰਪਾਦਿਤ 'ਸਰਬਾਂਗੀ' ਵਿਚ ਭਗਤ ਰਾਮਾਨੰਦ ਦੇ ਮੰਨੇ ਜਾਂਦੇ ਹਨ। ਇੱਕ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹੈ, ਜਿਸ ਤੋਂ ਨਿਰਗੁਣ ਭਗਤੀ ਪ੍ਰੰਪਰਾ ਵੱਲ ਉਨ੍ਹਾਂ ਦੇ ਝੁਕਾਅ ਦਾ ਇਸ਼ਾਰਾ ਮਿਲਦਾ ਹੈ। ਭਗਤ ਰਾਮਾਨੰਦ ਜੀ ਦਾ ਇਹ ਸ਼ਬਦ ਰਾਗੁ ਬਸੰਤੁ ਵਿਚ ਹੈ ਅਤੇ ਇਸ ਸ਼ਬਦ ਵਿਚ ਮੂਰਤੀ ਪੂਜਾ ਦਾ ਪੂਰੀ ਤਰ੍ਹਾਂ ਖੰਡਨ ਕੀਤਾ ਗਿਆ ਹੈ, ਬ੍ਰਹਮ ਨੂੰ ਸਰਵ-ਵਿਆਪਕ ਹਸਤੀ ਮੰਨਿਆ ਗਿਆ ਹੈ, ਜਿਸ ਦਾ ਅਨੁਭਵ ਸਤਿਗੁਰੂ ਦੇ ਸ਼ਬਦ 'ਤੇ ਧਿਆਨ ਧਰ ਕੇ ਕੀਤਾ ਜਾ ਸਕਦਾ ਹੈ ਜਦਕਿ ਵੇਦਾਂ ਅਤੇ ਪੁਰਾਣਾਂ ਦਾ ਕੋਈ ਫਾਇਦਾ ਨਹੀਂ:

ਕਤ ਜਾਈਐ ਰੇ ਘਰ ਲਾਗੋ ਰੰਗੁ॥
ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ॥1॥ ਰਹਾਉ॥
ਏਕ ਦਿਵਸ ਮਨ ਭਈ ਉਮੰਗ॥
ਘਸਿ ਚੰਦਨ ਚੋਆ ਬਹੁ ਸੁਗੰਧ॥
ਪੂਜਨ ਚਾਲੀ ਬ੍ਰਹਮ ਠਾਇ॥
ਸੋ ਬ੍ਰਹਮੁ ਬਤਾਇਓ ਗੁਰ ਮਨ ਹੀ ਮਾਹਿ॥1॥
ਜਹਾ ਜਾਈਐ ਤਹ ਜਲ ਪਖਾਨ॥
ਤੂ ਪੂਰਿ ਰਹਿਓ ਹੈ ਸਭ ਸਮਾਨ॥
ਬੇਦ ਪੁਰਾਨ ਸਭ ਦੇਖੇ ਜੋਇ॥
ਊਹਾਂ ਤਉ ਜਾਈਐ ਜਉ ਈਹਾਂ ਨ ਹੋਇ॥2॥
ਸਤਿਗੁਰ ਮੈ ਬਲਿਹਾਰੀ ਤੋਰ॥
ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ॥
ਰਾਮਾਨੰਦ ਸੁਆਮੀ ਰਮਤ ਬ੍ਰਹਮ॥
ਗੁਰ ਕਾ ਸਬਦੁ ਕਾਟੈ ਕੋਟਿ ਕਰਮ॥3॥1॥ (ਪੰ.1195)

ਭਗਤ ਰਾਮਾਨੰਦ ਜੀ ਇਸ ਸ਼ਬਦ ਵਿਚ ਦੱਸਦੇ ਹਨ ਕਿ ਹੁਣ ਕਿਧਰੇ ਹੋਰ ਜਾਣ ਦੀ ਜ਼ਰੂਰਤ ਨਹੀਂ ਹੈ ਕਿਉਂਕਿ ਹੁਣ ਤਾਂ ਘਰ ਦੇ ਵਿਚ ਹੀ ਰੰਗ ਲੱਗ ਗਿਆ ਹੈ, ਮੌਜ ਬਣ ਗਈ ਹੈ ਕਿਉਂਕਿ ਪਰਮਾਤਮਾ ਤਾਂ ਮਨੁੱਖ ਦੇ ਮਨ ਦੇ ਅੰਦਰ ਹੀ ਵੱਸਦਾ ਹੈ। ਹੁਣ ਜਦੋਂ ਉਸ ਦਾ ਅਨੁਭਵ ਅੰਦਰ ਹੀ ਹੋ ਗਿਆ ਹੈ ਤਾਂ ਮਨ ਕਿਸੇ ਪਾਸੇ ਨਹੀਂ ਡੋਲਦਾ, ਮਨ ਅਡੋਲ ਹੋ ਗਿਆ ਹੈ। ਭਗਤ ਜੀ ਕਹਿੰਦੇ ਮੇਰੇ ਮਨ ਵਿਚ ਵੀ ਇੱਕ ਦਿਨ ਇਹ ਤਾਂਘ ਪੈਦਾ ਹੋ ਗਈ ਸੀ ਅਤੇ ਮੈਂ ਚੰਦਨ ਘਸਾ ਕੇ, ਅਤਰ ਅਤੇ ਹੋਰ ਸੁਗੰਧੀਆਂ ਪੂਜਾ ਆਦਿ ਦੀ ਸਮੱਗਰੀ ਲੈ ਕੇ ਮੰਦਰ ਵਿਚ ਪੂਜਾ ਕਰਨ ਤੁਰ ਪਿਆ ਸੀ। ਪ੍ਰੰਤੂ ਹੁਣ ਉਹ ਪਰਮਾਤਮਾ ਜਿਸ ਨੂੰ ਮੰਦਰ ਵਿਚ ਵਸਦਾ ਸਮਝ ਰਿਹਾ ਸੀ, ਮੇਰੇ ਗੁਰੂ ਨੇ ਮੈਨੂੰ ਆਪਣੇ ਅੰਦਰ ਹੀ ਦਿਖਾ ਦਿੱਤਾ ਹੈ। ਭਗਤ ਜੀ ਅਨੁਸਾਰ ਭਾਵੇਂ ਤੀਰਥਾਂ ਉਤੇ ਜਾਈਏ ਜਾਂ ਮੰਦਰਾਂ ਵਿਚ, ਜਿੱਥੇ ਵੀ ਜਾਈਏ ਉਥੇ ਸਿਰਫ ਪਾਣੀ ਹੈ ਜਾਂ ਫਿਰ ਪੱਥਰ ਹਨ। ਉਹ ਪਰਮਾਤਮਾ ਅੱਗੇ ਅਰਜ਼ ਕਰਦੇ ਹਨ ਕਿ ਹੇ ਪਰਮਾਤਮਾ ਤੂੰ ਤਾਂ ਪ੍ਰੰਤੂ ਹਰ ਥਾਂ ਵਿਆਪਕ ਹੈਂ, ਹਰ ਥਾਂ ਭਰਪੂਰ ਹੋ ਕੇ ਵੱਸ ਰਿਹਾ ਹੈਂ, ਵੇਦ, ਪੁਰਾਣ ਆਦਿ ਧਾਰਮਿਕ ਪੁਸਤਕਾਂ ਵੀ ਖੋਜ ਦੇਖ ਲਈਆਂ ਹਨ। ਤੀਰਥਾਂ ਅਤੇ ਮੰਦਰਾਂ ਵਿਚ ਤਾਂ ਜਾਣ ਦੀ ਜ਼ਰੂਰਤ ਹੈ ਜੇ ਪਰਮਾਤਮਾ ਇੱਥੇ ਆਪਣੇ ਮਨ ਦੇ ਅੰਦਰ ਨਹੀਂ ਵੱਸ ਰਿਹਾ ਹੋਵੇ। ਜਦੋਂ ਉਹ ਮਨੁੱਖੀ ਮਨ ਦੇ ਅੰਦਰ ਵੱਸ ਰਿਹਾ, ਫਿਰ ਬਾਹਰ ਜਾਣ ਦੀ ਕੀ ਜ਼ਰੂਰਤ ਹੈ। ਭਗਤ ਜੀ ਆਪਣੇ ਸਤਿਗੁਰੂ ਤੋਂ ਸਦਕੇ ਜਾਂਦੇ ਹਨ, ਜਿਸ ਨੇ ਉਨ੍ਹਾਂ ਦੇ ਸਾਰੇ ਭਰਮ ਅਤੇ ਭੁਲੇਖੇ ਦੂਰ ਕਰ ਦਿੱਤੇ ਹਨ। ਉਹ ਪਰਮਾਤਮਾ ਹਰ ਥਾਂ ਵੱਸਦਾ ਹੈ ਅਤੇ ਉਸ ਦੀ ਪ੍ਰਾਪਤੀ, ਉਸ ਨਾਲ ਮੇਲ ਗੁਰੂ ਰਾਹੀਂ ਹੁੰਦਾ ਹੈ। ਗੁਰੂ ਦੇ ਸ਼ਬਦ ਵਿਚ ਏਨੀ ਬਰਕਤ ਹੈ ਕਿ ਉਹ ਕਰੋੜਾਂ ਕੀਤੇ ਹੋਏ ਮੰਦੇ ਕਰਮਾਂ ਦਾ ਨਾਸ ਕਰ ਦਿੰਦਾ ਹੈ।

ਇਸ ਤੋਂ ਅਸੀਂ ਸਹਿਜੇ ਹੀ ਇਸ ਨਤੀਜੇ 'ਤੇ ਪਹੁੰਚ ਸਕਦੇ ਹਾਂ ਕਿ ਭਗਤ ਰਾਮਾਨੰਦ ਜੀ ਵੀ ਨਿਰਗੁਣ ਭਗਤੀ ਦੇ ਸਮਰਥਕ ਸਨ। ਉਨ੍ਹਾਂ ਦੀ ਵਿਚਾਰਧਾਰਾ ਗੁਰਮਤਿ ਵਿਚਾਰਧਾਰਾ ਨਾਲ ਮੇਲ ਖਾਂਦੀ ਹੈ।

# ਤਾਇਆ ਬਲਬੀਰ

## ਵਿਅੰਗ

ਅਸ਼ੋਕ ਸੋਨੀ
ਫੋਨ: 98727-05078

ਤਾਇਆ ਬਲਬੀਰ, ਪੂਰੀਆਂ ਸਾਢੇ ਪੰਜ ਜਮਾਤਾਂ ਪੜ੍ਹਿਆ, ਪਿੰਡ ਦਾ ਜੁਗਾੜੂ ਡੰਗਰ ਡਾਕਟਰ, ਬੰਦਾ ਇਮਾਨਦਾਰ ਏ, ਘਰੋਂ ਠੀਕ-ਠਾਕ ਹੁੰਦੇ ਵੀ, ਪੱਲਿਓਂ ਪੈਸੇ ਲਾ ਕੇ ਲੋਕਾਂ ਦੀ ਮਦਦ ਵੀ ਕਰਦਾ ਏ ਪਰ ਇਕ ਬੇਹੱਦ ਖਾਸ ਗੁਣ ਏ ਉਸਦਾ, ਗੱਪਾਂ ਮਾਰਦਾ ਪਰਵਾਹ ਨੀਂ ਕਰਦਾ, ਆਤਮ-ਵਿਸ਼ਵਾਸ 'ਮੋਦੀ' ਤੋਂ ਵੀ ਭੋਰਾ ਵੱਧ ਈ ਏ, ਪੱਕਾ ਤਕੀਆ ਕਲਾਮ ਏ, ਅਖੇ ਮੈਂ ਮੌਕੇ 'ਤੇ ਸੀ, ਲੋਕਾਂ ਨੂੰ ਪਤਾ ਏ ਪਰ ਹਰੇਕ ਦੀ ਵੰਗਾਰ ਕੱਢਦਾ ਏ, ਤਾਂ ਲੋਕ ਗੱਪਾਂ ਸੁਣ ਕੇ ਵੀ ਚੁੱਪ ਕਰ ਜਾਂਦੇ ਨੇ। ਉਸ ਦੀਆਂ ਇਨ੍ਹਾਂ ਗੱਪਾਂ ਨੂੰ ਸੁਣਨ ਵਾਲੇ ਚਾਰ ਕੁ ਖਾਸ ਸਰੋਤੇ ਉਸ ਦੇ ਫੈਨ ਨੇ, ਇੰਨੇ ਸਹਿਣਸ਼ੀਲ ਤੇ ਵਫ਼ਾਦਾਰ ਨੇ ਕਿ ਇੰਨੀਆਂ ਗੱਪਾਂ ਸੁਣ ਕੇ ਵੀ ਭੋਰਾ ਨੀਂ ਹੱਸਦੇ, ਨਾ ਸਵਾਲ ਕਰਦੇ ਨੇ, ਕਿਉਂਕਿ ਸਵਾਲ ਕਰਨ 'ਤੇ ਅਕਸਰ ਤਾਇਆ ਗਾਲ੍ਹ ਵਰ੍ਹਾਉਂਦਾ ਏ, ਇਸੇ ਲਈ ਇਹ ਸਾਰੇ, ਹਾਂ-ਹਾਂ, ਵਾਹ-ਵਾਹ ਕਰੀ ਜਾਣਗੇ, ਗੱਪਾਂ ਦਾ ਨਮੂਨਾ ਦੇਖੋ:

ਤਾਇਆ ਸੁਣਾਉਂਦਾ ਏ, 'ਆਪਣੇ ਪਿੰਡ ਇਕ ਵਾਰੀ, ਰਾਠੌਂਤਾਂ ਦੇ ਬੀਰੇ ਨੇ ਖਾਦੀ-ਪੀਤੀ 'ਚ ਘਰੇ ਕਲੇਸ਼ ਤੋਂ ਬਾਅਦ, ਆਪਣੇ ਈ ਢਿੱਡ 'ਚ ਚਾਕੂ ਮਾਰ ਲਿਆ। ਮੈਂ ਰਾਤੀਂ ਰੋਟੀ ਖਾ ਕੇ ਬਾਹਰ ਆ, ਬੀੜੀ ਲਾਈ ਹੀ ਸੀ, ਉਨ੍ਹਾਂ ਘਬਰਾ ਕੇ ਮੈਨੂੰ ਹਾਕ ਮਾਰੀ। ਮੈਂ ਸਬੂਤੀ ਬੀੜੀ ਸੁੱਟਦਿਆਂ ਭੱਜ ਕੇ ਗਿਆ, ਬੀਰੇ ਦੇ ਫੇਫੜੇ, ਲੀਵਰ, ਹਾਲਟ, ਗੁਰਦੇ, ਅਪੈਂਡਸ, ਕੀ ਦੱਸਾਂ ਸਾਰਾ ਅੜੰਗਾ ਈ ਬਾਹਰ ਆਇਆ ਪਿਆ ਸੀ। ਸਾਰੇ ਘਬਰਾ ਗਏ, ਅਖੇ ਇਹ ਨੀਂ ਬੱਚਦਾ। ਤੁਹਾਨੂੰ ਪਤਾ ਏ ਮੈਂ ਤਾਂ ਡਾਕਟਰ ਆਂ, ਮੈਂ ਥੋੜੀ ਘਬਰਾਉਣਾ ਸੀ। ਮੈਨੂੰ ਪਤਾ ਸੀ ਸਾਰਾ ਸਾਮਾਨ ਕਿੱਥੇ-ਕਿੱਥੇ ਹੁੰਦਾ ਏ, ਮੈਂ ਚੜ੍ਹਾਏ ਦਸਤਾਨੇ ਤੇ ਹਿਸਾਬ ਜਿਹੇ ਨਾਲ ਪਹਿਲਾਂ ਹਾਲਟ ਫਿੱਟ ਕੀਤਾ, ਥੋੜਾ-ਥੋੜਾ ਦੇਸੀ ਘਿਓ ਲਾ ਕੇ ਦੋਵੇਂ ਗੁਰਦੇ ਵੀ ਅੜਾ ਦਿੱਤੇ, ਬੀਰੇ ਦੀ ਪੀਤੀ ਹੋਈ, ਨਸ਼ੇ ਆਲੇ ਟੀਕੇ ਦਾ ਈ ਕੰਮ ਕਰ ਰਹੀ ਸੀ। ਲੈ ਭਾਈ, ਅਖੀਰ ਪਾ ਕੇ ਦੋਵੇਂ ਫੇਫੜੇ, ਸਾਰਾ ਸਮਾਨ ਅੰਦਰ ਤੁੰਨ ਕੇ, ਉਪਰ ਸਾਫਾ ਬੰਨ੍ਹਤਾ। ਇੰਨੇ ਨੂੰ ਸਰਪੰਚਾਂ ਆਲੀ ਜੀਪ ਆ ਗਈ, ਉਹ ਹਿੰਮਤ ਕਰ ਕੇ ਸ਼ਹਿਰ ਡਾਕਟਰ ਗੁਪਤੇ ਦੇ ਲੈ ਗਏ। ਗੁਪਤਾ ਸਿਆਣਾ ਡਾਕਟਰ ਸੀ, ਉਹਨੇ ਸਾਰੀ ਜਾਂਚ ਕਰ ਕੇ ਪਿੰਡ ਆਲਿਆਂ ਨੂੰ ਪੁੱਛਿਆ, "ਪਹਿਲਾਂ ਇਹ ਦੱਸੋ ਤੁਹਾਡੇ ਪਿੰਡ ਐਮ ਡੀ ਡੀ ਐਸ, ਡਾਕਟਰੀ ਕਿੰਨੇ ਕੀਤੀ ਏ, ਜਿਸ ਨੇ ਇਸ ਦੀ ਜਾਨ ਬਚਾ ਦਿੱਤੀ ਏ।" ਸਾਰੇ ਹੈਰਾਨ ਹੋ ਗਏ ਪਰ ਜਦੋਂ ਉਨ੍ਹਾਂ ਡਾਕਟਰ ਨੂੰ ਦੱਸਿਆ ਬਈ, ਇਹ ਤਾਂ ਸਾਡੇ ਪਿੰਡ ਦੇ ਤਾਏ ਬਲਬੀਰ ਦਾ ਕੰਮ ਏ ਤਾਂ ਡਾਕਟਰ ਚੱਕਰ ਖਾ ਗਿਆ। ਬੀਰੇ ਦੇ ਨਾਲ ਆਲੇ ਬੈਡ 'ਤੇ ਡਾਕਟਰ ਦੇ ਸਾਰੀ ਰਾਤ ਬੋਤਲ ਲੱਗੀ ਰਹੀ। ਬੀਰੇ ਦੀ ਜਾਨ ਬਚ ਗਈ, ਉਸ ਤੋਂ ਬਾਅਦ ਮੈਨੂੰ ਡਾਕਟਰ ਗੁਪਤੇ ਨੇ ਕਿੰਨੀ ਵਾਰੀ ਫੋਨ ਕਰ ਕੇ ਆਪਣੇ ਕੋਲ ਅਪ੍ਰੇਸ਼ਨ ਵਗੈਰਾ 'ਚ ਨਾਲ ਲੱਗਣ ਲਈ ਕਿਹਾ, ਪਰ ਤੁਹਾਨੂੰ ਤਾਂ ਪਤਾ ਈ ਏ, ਆਪਾਂ ਤਾਂ ਪਿੰਡ 'ਚ ਈ ਸੇਵਾ ਕਰਨੀ ਏ।" ਸਾਰੇ ਵਫ਼ਾਦਾਰ ਸਰੋਤੇ ਵਾਹ-ਵਾਹ ਕਰਦੇ, ਰਸਤੇ 'ਚ ਹੱਸਦੇ ਘਰੇ ਅੱਪੜੇ।



ਦੂਜਾ ਕਿੱਸਾ ਸੁਣੋ, ਇੰਦਰਾ ਗਾਂਧੀ ਦਾ ਫੈਨ ਏ, ਕਹਿੰਦਾ ਇਕ ਵਾਰੀ ਗਾਂਧੀ ਪਰਿਵਾਰ 'ਤੇ ਕਿਸੇ ਨੇ ਗਲਤ ਕੇਸ ਕਰ'ਤਾ, ਬਈ ਇਹ ਪਰਿਵਾਰ ਪੈਸੇ ਖਾ ਗਿਆ ਏ। ਓਧਰ ਪ੍ਰਧਾਨ ਮੰਤਰੀ ਮੋਰਾਰਜੀ ਦੇਸਾਈ ਅਮਰੀਕਾ ਗਿਆ ਹੋਇਆ ਸੀ। ਉਹਨੂੰ ਟੈਲੀਫੋਨ ਗਿਆ, ਬਈ ਆ ਗੱਲ ਹੋ ਗਈ ਏ ਤੇ ਅੱਜ ਸਵੇਰੇ 9 ਵਜੇ ਅਦਾਲਤ ਖੁੱਲ੍ਹਦਿਆਂ ਈ ਇੰਦਰਾ ਗਾਂਧੀ ਸਣੇ ਪੂਰੇ ਪਰਿਵਾਰ ਨੂੰ ਉਮਰ ਕੈਦ ਹੋ ਜਾਣੀ ਏ। ਉਹਨੇ ਭਰਾਵਾ, ਉਸੇ ਸਮੇਂ ਸਾਰੀਆਂ ਮੀਟਿੰਗਾਂ ਉਥੇ ਈ ਛੱਡ, ਆਪਣੇ ਸਰਕਾਰੀ ਜਹਾਜ਼ ਆਲੇ ਡਲੈਵਰ ਨੂੰ ਸਵੇਰੇ ਸਾਝਰੇ ਈ ਉਠਾ ਕੇ, ਆਡਰ ਕਰ'ਤਾ, ਬਈ ਛੱਡਦੇ ਮਿੱਤਰਾ ਦਿੱਲੀ ਨੂੰ। ਲਓ ਬੀ ਜਹਾਜ਼ ਤਾਂ ਬੜਾ ਭਜਾਇਆ, ਪਰ ਫੇਰ ਵੀ ਦਿੱਲੀ ਆਉਂਦਿਆਂ ਨੂੰ ਸਾਢੇ ਨੌਂ ਵੱਜ ਗਏ। ਦੇਸਾਈ ਨੇ ਆਪਣਾ ਜਹਾਜ਼ ਸਿੱਧਾ ਸੁਪਰੀਮ ਕੋਰਟ ਦੇ ਅੱਗੇ ਈ ਜਾ ਲਾਹਿਆ। ਮੋਰਾਰਜੀ ਦੇਸਾਈ ਛਾਲ ਮਾਰ ਕੇ ਉਤਰਿਆ ਤੇ ਜਦੋਂ ਅੰਦਰ ਵੜਿਆ ਤਾਂ ਜੱਜ ਹਥੌੜਾ ਚੁੱਕ ਸਜ਼ਾ ਸੁਣਾਉਣ ਈ ਲੱਗਾ ਸੀ, ਦੇਸਾਈ ਅੱਖਾਂ 'ਚ ਪਾਣੀ ਲਿਆਉਂਦਾ ਬੇਹੱਦ ਭਾਵੁਕ ਹੋ ਕੇ ਬੋਲਿਆ, "ਜੱਜ ਸਾਬ੍ਹ, ਇਸ ਪਰਿਵਾਰ ਦੀ ਜ਼ਿੰਮੇਵਾਰੀ ਮੇਰੀ ਏ, ਜੋ ਮਰਜ਼ੀ ਹੋਜੇ ਇਹ ਪਰਿਵਾਰ ਪੈਸੇ ਨੀਂ ਖਾ ਸਕਦਾ। ਜੇ ਮੇਰੀ ਗੱਲ ਝੂਠੀ ਨਿਕਲ ਜੇ ਤਾਂ ਮੇਰਾ ਗਾਟਾ ਲਾਹ ਦਿੱਤਾ ਜਾਵੇ, ਮੈਂ ਜਾਮਨ ਆਂ ਇਨ੍ਹਾਂ ਦਾ।" ਲੈ ਬਈ, ਜੱਜ ਦੀਆਂ ਅੱਖਾਂ 'ਚ ਵੀ ਪਾਣੀ ਆ ਗਿਆ, ਉਹਨੇ ਗਾਂਧੀ ਹੁਰੀਂ ਬਰੀ ਕਰ'ਤੇ, ਜ਼ਿੰਦਾਬਾਦ-ਜ਼ਿੰਦਾਬਾਦ ਹੋ ਗਈ। ਸਾਰਿਆਂ ਦੀਆਂ ਅੱਖਾਂ 'ਚ ਪਾਣੀ ਆ ਗਿਆ, ਸ਼ਿਕਾਇਤ ਕਰਨ ਆਲਿਆਂ ਨੂੰ ਲੋਕਾਂ ਨੇ ਘੇਰ ਲਿਆ ਤਾਂ ਉਹ ਇੰਦਰਾ ਗਾਂਧੀ ਦੇ ਪੈਰੀਂ ਡਿੱਗ ਪਏ। ਇੰਦਰਾ ਤਾਂ ਇੰਦਰਾ ਈ ਸੀ, ਉਹਨੇ ਮਾਫ ਕਰ'ਤੇ, ਸਾਰੀ ਦੁਨੀਆ 'ਚ ਬੱਲੇ-ਬੱਲੇ ਹੋ ਗਈ। ਬਾਅਦ 'ਚ ਪਤਾ ਲੱਗਿਆ ਸਾਰੀ ਪਾਕਿਸਤਾਨ ਆਲਿਆਂ ਦੀ ਚਾਲ ਸੀ।" ਉਸ ਮਹਿਫਲ 'ਚ ਅੱਜ ਪਹਿਲੀ ਵਾਰੀ ਆਇਆ, ਭੰਬਲਭੂਸੇ 'ਚ ਪਿਆ ਜਗਦੀਸ਼ ਸਵਾਲ ਕਰ ਬੈਠਾ, "ਤਾਇਆ, ਜਹਾਜ ਤਾਂ ਹਵਾਈ ਅੱਡੇ ਤੋਂ ਬਿਨਾਂ ਉਤਰ ਈ ਨੀਂ ਸਕਦੇ, ਨਾਲੇ...ਜੱਜ...ਅਦਾਲਤ,,," ਤਾਏ ਮੁਗਲੈਲ ਚੁੱਕ ਲਿਆ, "ਤੂੰ ਮੂੰਹ 'ਤੇ ਨਾ ਖਾ ਲਈਂ, ਮੈਨੂੰ ਗੱਲ 'ਚ ਟੋਕਾ-ਟਾਕੀ ਨੀਂ ਪਸੰਦ, ਮੂਰਖ ਬੰਦਿਆ। ਪ੍ਰਧਾਨ ਮੰਤਰੀ ਦੇ ਜਹਾਜ ਦੇ ਵਿਚੇ ਆਰਜੀ ਪਲੇਟਫਾਰਮ ਬੰਨ੍ਹਿਆ ਹੁੰਦਾ ਏ, ਤੁਹਾਨੂੰ ਅਨਪੜ੍ਹਾਂ ਨੂੰ ਟੱਟੂ ਦਾ ਪਤਾ ਨੀਂ, ਪੀ ਕੇ ਪਾਈਆ ਮੂਤ ਦਾ ਇੱਥੇ ਆ ਜਾਣੇ ਓ।" ਡਾਕਟਰ ਦੇ ਖਾਸਮਖਾਸ ਸਰੋਤਿਆਂ ਨੇ, ਮਸਾਂ ਡਾਕਟਰ ਸ਼ਾਂਤ ਕੀਤਾ ਤੇ ਵਿਚਾਰਾ ਜਗਦੀਸ਼ ਜਿਸ ਨੇ ਵਾਕਈ ਘੁੱਟ ਲਾਈ ਹੋਈ ਸੀ, ਸਿਰ ਜਾ ਖੁਰਕਦਾ ਘਰ ਨੂੰ ਚੱਲ ਪਿਆ।

# ਕੌਣ ਹੈ ਕਸੂਰਵਾਰ

*ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਇਸ ਲੇਖ ਵਿਚ ਉਨ੍ਹਾਂ ਸਮਝਾਇਆ ਹੈ ਕਿ ਜ਼ਿੰਦਗੀ ਚੁਣੌਤੀਆਂ ਦਾ ਦੂਜਾ ਨਾਮ ਹੈ ਤੇ ਇਨ੍ਹਾਂ ਚੁਣੌਤੀਆਂ ਵਿਚੋਂ ਨਿਕਲਣਾ ਹੀ ਮਨੁੱਖ ਦਾ ਪਰਮ ਧਰਮ ਹੈ।*

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਜ਼ਿੰਦਗੀ ਕਦੇ ਵੀ ਸਿੱਧ-ਪੱਧਰੀ ਨਹੀਂ। ਸਦਾ ਵਲ-ਵਲੇਵੇਂ, ਉਚਾਣ-ਨਿਵਾਣ ਇਸ ਦੇ ਰਾਹ ਵਿਚ ਹੁੰਦੇ। ਅਸੀਂ ਇਨ੍ਹਾਂ ਵਲੇਵਿਆਂ ਵਿਚੋਂ ਹੀ ਸੂਰਜ ਦੀ ਟਿੱਕੀ ਨੂੰ ਦੇਖਣਾ ਹੁੰਦਾ। ਆਪਣੇ ਰਾਹਾਂ ਨੂੰ ਰੁਸ਼ਨਾਉਣਾ ਹੁੰਦਾ, ਇਨ੍ਹਾਂ 'ਤੇ ਪੈੜਾਂ ਨੂੰ ਉਗਾਉਣਾ ਵੀ ਹੁੰਦਾ ਅਤੇ ਇਸ ਵਿਚੋਂ ਹੀ ਮੰਜ਼ਲਾਂ ਦਾ ਮੱਥਾ ਚੁੰਮਣਾ ਹੁੰਦਾ।

ਜ਼ਿੰਦਗੀ ਚੁਣੌਤੀਆਂ ਦਾ ਨਾਮ ਅਤੇ ਇਨ੍ਹਾਂ ਚੁਣੌਤੀਆਂ ਵਿਚੋਂ ਉਭਰਨਾ ਹੀ ਮਨੁੱਖ ਦਾ ਪਰਮ-ਧਰਮ। ਸਾਡੇ ਧਾਰਮਿਕ ਗ੍ਰੰਥ ਵੀ ਮੁਸ਼ਕਲਾਂ ਨਾਲ ਮੱਥਾ ਡਾਹ ਕੇ ਕੁਝ ਪ੍ਰਾਪਤ ਕਰਨ ਅਤੇ ਪ੍ਰਾਪਤੀ ਦਾ ਸ਼ੁਕਰਾਨਾ ਕਰਨ ਲਈ ਸਮਝਾਉਂਦੇ ਪਰ ਮਨੁੱਖ ਲਈ ਸ਼ੁਕਰਾਨਾ ਸ਼ਬਦ ਉਸਦੀ ਬੋਲ-ਬਾਣੀ ਜਾਂ ਸੋਚ-ਸਮਝ ਵਿਚ ਨਹੀਂ। ਸਿਰਫ਼ ਨਾ-ਸ਼ੁਕਰੀ ਉਸਦੇ ਹੋਠਾਂ 'ਤੇ ਹਮੇਸ਼ਾ ਤਾਰੀ ਜਿਸ ਵਿਚ ਉਸਨੇ ਹੁੰਦੀ ਏ ਸਾਰੀ ਉਮਰ ਗੁਜ਼ਾਰੀ ਅਤੇ ਫਿਰ ਹੋ ਜਾਂਦੀ ਏ ਕਿਸੇ ਦੇ ਮੋਢੇ 'ਤੇ ਬਹਿ ਕੇ ਕਬਰਾਂ ਨੂੰ ਜਾਣ ਦੀ ਤਿਆਰੀ।

ਜ਼ਿੰਦਗੀ ਦੇ ਵਰਕਿਆਂ 'ਤੇ ਸਧਾਰਨ ਪਰਿਵਾਰ ਦੇ ਬੱਚੇ ਲਈ ਆਪਣੀ ਕਿਸਮਤ ਦੀ ਕਲਾਕਾਰੀ ਕਰਨੀ ਬਹੁਤ ਔਖੀ ਕਿਉਂਕਿ ਸਮਾਜ ਵਿਚ ਉਨ੍ਹਾਂ ਤੱਤਾਂ ਦੀ ਬਹੁਤਾਤ ਜੋ ਸਿਰਫ਼ ਆਪਣੀ ਹਊਮੈ ਅਤੇ ਨਿੱਜੀ ਮੁਫ਼ਾਦ ਤੀਕ ਸੀਮਤ। ਉਨ੍ਹਾਂ ਲਈ ਕਿਸੇ ਦੀ ਪ੍ਰਤੀਬੱਧਤਾ, ਲਿਆਕਤ ਜਾਂ ਸੁਹਜ-ਸੰਵੇਦਨਾ ਦੇ ਕੋਈ ਅਰਥ ਨਹੀਂ।

ਕਈ ਵਾਰ ਤੁਸੀਂ ਅਜੇਹੇ ਹਾਲਾਤ ਵਿਚ ਘਿਰ ਜਾਂਦੇ ਹੋ ਕਿ ਇਹ ਤੁਹਾਡਾ ਹੀ ਇਮਤਿਹਾਨ ਲੈਂਦੇ ਕਿ ਤੁਸੀਂ ਇਨ੍ਹਾਂ ਹਾਲਤਾਂ ਨੂੰ ਕਿਵੇਂ ਨਜਿੱਠਦੇ ਹੋ? ਇਹ ਹਾਲਾਤ ਤੁਹਾਡੇ ਚੌਗਿਰਦੇ ਦੀ ਉਪਜ ਹੁੰਦੇ। ਸਮਾਜਿਕ ਉਥਲ-ਪੁਥਲ ਜਾਂ ਰਾਜਨੀਤਕ ਦਾਅ-ਪੇਚਾਂ ਵਿਚ ਉਲਝੇ ਕਿਸੇ ਖਾਸ ਸਮਾਜ, ਕੌਮ ਜਾਂ ਖਿੱਤੇ ਨੂੰ ਅੱਗ ਦੇ ਸੇਕ ਵਿਚ ਝੁਲਸਾਉਣਾ ਅਤੇ ਫਿਰ ਇਸ ਸੇਕੇ ਹੋਏ ਵਕਤਾਂ ਨੂੰ ਰਾਜਸੀ ਲਾਭਾਂ ਲਈ ਵਰਤਣਾ। ਵੱਡੇ ਲੋਕਾਂ ਨੂੰ ਇਸਦਾ ਕੋਈ ਸੇਕ ਨਹੀਂ ਲੱਗਦਾ ਅਤੇ ਨਾ ਹੀ ਦੁੱਖ ਨਹੀਨ ਹੁੰਦਾ ਕਿਉਂਕਿ ਲੋਕ ਤਾਂ ਸਿਰਫ ਮੋਹਰੇ ਹੁੰਦੇ ਜੋ ਕੋਝੀਆਂ ਚਾਲਾਂ ਦਾ ਸ਼ਿਕਾਰ ਹੋ ਜਾਂਦੇ।

1980-81 ਵਿਚ ਮੇਰੀ ਐਡਹਾਕ ਤੌਰ 'ਤੇ ਡੀਏਵੀ ਕਾਲਜ ਹੁਸ਼ਿਆਰਪੁਰ ਵਿਚ ਨਿਯੁਕਤੀ ਹੋ ਗਈ। ਪ੍ਰਿੰਸੀਪਲ ਦੀ ਖਾਲੀ ਕੋਠੀ ਵਿਚ ਅਸੀਂ ਤਿੰਨ ਪ੍ਰੋਫੈਸਰ (ਪ੍ਰੋ. ਯੁੱਧਬੀਰ ਸਿੰਘ, ਪ੍ਰੋ. ਵਰਿੰਦਰ ਗੋਗਨਾ ਤੇ ਮੈਂ) ਰਹਿੰਦੇ ਸਾਂ। ਸਵੇਰੇ ਲੰਮੀ ਸੈਰ ਕਰਨੀ, ਖਾਣਾ ਕਲਾਜ ਦੇ ਹੋਸਟਲ ਵਿਚ। ਹੋਸਟਲ ਸੁਪਰਡੈਂਟ ਗੋਪਾਲ ਜੀ ਨਾਲ ਸ਼ਾਮ ਦਾ ਸਮਾਂ ਬਹੁਤ ਹੀ ਬੇਤੁਕੱਲਫ਼ੀ ਨਾਲ ਗੁਜ਼ਰਦਾ।

1981 ਦੇ ਮਾਰਚ ਦਾ ਮਹੀਨਾ। ਕਾਲਜ ਵਿਚ ਯੂਨੀਵਰਸਿਟੀ ਦਾ ਜ਼ੋਨਲ ਯੂਥ ਫੈਸਟੀਵਲ ਹੋ ਰਿਹਾ ਸੀ। ਨੌਜਵਾਨ ਮੁੰਡੇ ਕੁੜੀਆਂ ਦਾ ਜਲੌਅ ਪੂਰੇ ਜੋਬਨ 'ਤੇ। ਵੱਖੋ-ਵੱਖਰੀਆਂ ਢਾਣੀਆਂ ਆਪੋ-ਆਪਣੇ ਕਾਲਜ ਦੀਆਂ ਆਈਟਮਾਂ ਨੂੰ ਮੁਕਾਬਲੇ ਵਿਚ ਜਿਤਾਉਣ ਲਈ ਪੂਰਾ ਵਾਹ ਲਾਉਂਦੀਆਂ। ਵਿਆਹ ਵਰਗਾ ਮਾਹੌਲ। ਕਾਲਜ ਵਿਚ ਚਾਰੇ ਪਾਸੇ ਚਹਿਲ-ਪਹਿਲ ਤੇ ਇਕਦਮ ਕਾਲਜ ਦੇ ਗੇਟ 'ਤੇ ਮੁੰਡਿਆਂ ਦੇ ਦੋ ਗਰੁੱਪਾਂ ਵਿਚਕਾਰ ਹੁੰਦੀ ਗਾਲੀ ਗਲੋਚ ਨੇ ਗਹਿ-ਗੱਚ ਲੜਾਈ ਦਾ ਰੂਪ ਧਾਰ ਲਿਆ। ਗੁੱਥਮ-ਗੁੱਥੇ ਹੋਏ ਵਿਦਿਆਰਥੀ ਕਿਸੇ ਪ੍ਰੋਫੈਸਰ ਦੀ ਗੱਲ ਸੁਣਨ ਤੋਂ ਨਾਬਰ। ਇਸ ਨਾਬਰੀ ਵਿਚ ਬੇਵੱਸ ਹੋਏ ਪ੍ਰੋਫੈਸਰਾਂ ਦੇ ਨਾਲ ਹੀ ਪ੍ਰਿੰਸੀਪਲ ਰਾਜ ਕੁਮਾਰ ਜਦ ਵਿਦਿਆਰਥੀਆਂ ਨੂੰ ਸਮਝਾਉਣ ਲੱਗੇ ਤਾਂ ਭੀੜ ਵਿਚੋਂ ਕਿਸੇ ਨੇ ਉਨ੍ਹਾਂ ਦੇ ਸਿਰ ਵਿਚ ਦਾਤਰ ਮਾਰਿਆ ਅਤੇ ਸਿਰ ਦਾ ਖੱਪਾ ਖੋਲ੍ਹ ਦਿੱਤਾ ਅਤੇ ਦੂਸਰਾ ਦਾਤਰ ਉਸਨੇ ਇਕ ਪ੍ਰੋਫੈਸਰ ਦੇ ਮੂੰਹ 'ਤੇ ਮਾਰਿਆ ਪਰ ਪ੍ਰੋਫੈਸਰ ਦਾ ਬਚਾਅ ਹੋ ਗਿਆ। ਅਜਿਹੇ ਮੌਕੇ 'ਤੇ ਗਰਮ ਖੂਨ ਕੁਝ ਵੀ ਕਰਨ ਨੂੰ ਉਤਾਰੂ ਹੁੰਦਾ ਹੈ। ਕਾਲਜ ਦੇ ਪ੍ਰਿੰਸੀਪਲ ਦੇ ਸਿਰ ਵਿਚੋਂ ਲਹੂ ਵਗ ਰਿਹਾ ਹੋਵੇ। ਪਤਾ ਨਹੀਂ ਅਚਨਚੇਤੀ ਮੇਰੇ ਮਨ ਕੀ ਆਇਆ ਕਿ ਮੈਂ ਭੀੜ ਨੂੰ ਚੀਰਦਿਆਂ, ਪ੍ਰਿੰਸੀਪਲ ਨੂੰ ਜੱਫ਼ੀ 'ਚ ਲੈ ਕੇ ਬਾਹਰ ਨਿਕਲਣ ਦੀ ਕੋਸ਼ਿਸ਼ ਕਰਨ ਲੱਗਾ ਤਾਂ ਕੁਝ ਵਿਦਿਆਰਥੀ ਫਿਰ ਕੁਝ ਮਾਰਨ ਲਈ ਉਤਾਰੂ ਤਾਂ ਹੋਏ ਪਰ ਉਹ ਪਿਛਾਂਹ ਨੂੰ ਹੀ ਮੁੜ ਗਏ। ਮੈਂ ਪ੍ਰਿੰਸੀਪਲ ਨੂੰ ਇਕ ਰਿਕਸ਼ੇ 'ਤੇ ਬਿਠਾ ਕੇ ਹਸਪਤਾਲ ਵੱਲ ਨੂੰ ਤੁਰਿਆ ਹੀ ਸੀ ਕਿ ਪਿਛੋਂ ਇਕ ਕਾਰ ਆ ਗਈ ਅਤੇ ਕਾਰ ਵਿਚ ਪ੍ਰਿੰਸੀਪਲ ਨੂੰ ਜਲਦੀ ਜਲਦੀ ਹਸਪਤਾਲ ਲਿਜਾਇਆ ਗਿਆ ਅਤੇ ਸਮੇਂ ਸਿਰ ਡਾਕਟਰੀ ਮਦਦ ਮਿਲਣ ਕਾਰਨ ਉਹ ਠੀਕ ਹੋ ਗਏ। ਨਿਮਾਣੀ ਜਿਹੀ ਕੋਸ਼ਿਸ਼ ਕਿਸੇ ਦਾ ਜੀਵਨ ਬਚਾਉਣ ਵਿਚ ਸਫ਼ਲ ਹੋ ਜਾਵੇ ਤਾਂ ਇਸ ਤੋਂ ਵੱਡਾ ਸਕੂਨ ਕੀ ਹੋ ਸਕਦਾ?

ਬਾਅਦ ਵਿਚ ਪ੍ਰਿੰਸੀਪਲ ਨੂੰ ਘਰ ਜਾ ਕੇ ਸੁੱਖਸਾਂਦ ਪੁੱਛਣ ਗਿਆ ਤਾਂ ਉਨ੍ਹਾਂ ਦਾ ਸਾਰਾ ਪਰਿਵਾਰ ਹੀ ਸ਼ੁਕਰਗੁਜ਼ਾਰ ਸੀ ਕਿ ਮੇਰੇ ਛੋਟੇ ਜਿਹੇ ਉਦਮ ਨਾਲ ਸਮੇਂ ਸਿਰ ਹਸਪਤਾਲ ਪਹੁੰਚ ਸਕੇ। ਪਰ ਮੇਰੇ ਲਈ ਤਾਂ ਇਹ ਸਿਰਫ਼ ਮਨ ਦੇ ਆਖੇ ਲੱਗ ਕੇ ਕੀਤਾ ਹੋਇਆ ਕਾਰਜ ਸੀ।

ਜੁਲਾਈ ਵਿਚ ਕਾਲਜ ਵੱਲੋਂ ਜਦ ਰੈਗੂਲਰ ਪੋਸਟ ਲਈ ਇੰਟਰਵਿਊ ਰੱਖੀ ਗਈ ਤਾਂ ਆਸ ਸੀ ਕਿ ਮੇਰੇ ਵਧੀਆ ਅਕਾਦਮਿਕ ਰਿਕਾਰਡ ਕਾਰਨ ਰੈਗੂਲਰ ਭਰਤੀ ਹੋ ਜਾਵੇਗੀ ਪਰ ਉਸ ਸਮੇਂ ਪ੍ਰਧਾਨ ਚੌਧਰੀ ਬਲਬੀਰ ਸਿੰਘ ਦੀਆਂ ਹੋਰ ਹੀ ਗਿਣਤੀਆਂ-ਮਿਣਤੀਆਂ ਸਨ ਕਿਉਂਕਿ ਉਸ ਲਈ ਰਾਜਸੀ ਲਾਭ ਦੇ ਨਾਲ-ਨਾਲ ਆਪਣੇ ਜਾਤ ਦਾ ਲਖ਼ਿਆ ਰੱਖਣ ਦਾ ਜ਼ਿਆਦਾ ਫ਼ਿਕਰ ਸੀ ਅਤੇ ਉਸਨੇ ਧੱਕੇ ਨਾਲ ਘੱਟ ਮੈਰਿਟ ਵਾਲੇ ਤੇ ਆਪਣੇ ਚੋਣ ਖੇਤਰ ਵਾਲੇ ਆਪਣੀ ਜਾਤੀ ਨਾਲ ਸਬੰਧਤ ਵਿਅਕਤੀ ਨੂੰ ਨਿਯੁਕਤ ਕਰਵਾ ਲਿਆ। ਪ੍ਰਿੰਸੀਪਲ ਨੇ ਬਾਅਦ ਵਿਚ ਦੱਸਿਆ ਕਿ ਮੈਂ ਤਾਂ ਬਹੁਤ ਜ਼ੋਰ ਲਾਇਆ ਸੀ ਪਰ ਮੈਂ ਬੇਬਸ ਸਾਂ। ਮੈਂ ਤਾਂ ਚਾਹੁੰਦਾ ਸਾਂ ਕਿ ਤੇਰੇ ਅਕਾਦਮਿਕ ਮੈਰਿਟ ਕਰਕੇ ਨਾ ਸਹੀ ਤੇਰੇ ਇਸ ਨੇਕ ਕਾਰਜ ਦਾ ਇਵਜ਼ਾਨਾ ਤਾਂ ਤੈਨੂੰ ਮਿਲਣਾ ਚਾਹੀਦਾ ਸੀ ਕਿ ਹੱਦ ਤੂੰ ਆਪਣੀ ਜਾਨ ਜੋਖ਼ਮ ਵਿਚ ਪਾ ਕੇ ਮੇਰੀ ਜਾਨ ਬਚਾਈ ਸੀ ਪਰ ਇਹ ਰਾਜਸੀ ਲੋਕ ਕਿੱਥੇ ਸੂਖ਼ਮਭਾਵੀ ਹੁੰਦੇ ਆ। ਉਹ ਸਿਰਫ਼ ਨਿੱਜੀ ਮੁਫ਼ਾਦ ਨੂੰ ਮੁੱਖ ਰੱਖਦੇ।

ਇਸਦੀ ਚਸਕ ਤਾਂ ਮਹਿਸੂਸ ਕੀਤੀ ਪਰ ਜਦ ਤੁਸੀਂ ਜੀਵਨ ਦੀਆਂ ਦੁਸ਼ਵਾਰੀਆਂ ਨਾਲ ਜੂਝਦੇ ਹੋ ਤਾਂ ਅਜਿਹੇ ਵਿਅਕਤੀਆਂ ਨਾਲ ਵਾਹ-ਵਾਸਤਾ ਪੈਣਾ ਜ਼ਰੂਰੀ ਹੁੰਦਾ। ਇਨ੍ਹਾਂ ਦੇ ਵਰਤਾਰਿਆਂ ਦੇ ਵਿਰੋਧ ਵਿਚੋਂ ਤੁਹਾਡੇ ਮਨ ਵਿਚ ਅਜਿਹੀ ਖੁੰਦਕ ਪੈਦਾ ਹੁੰਦੀ ਕਿ ਹੁਣ ਉਹੀ ਕੁਝ ਜ਼ਰੂਰ ਪ੍ਰਾਪਤ ਕਰਨਾ ਹੈ ਜਿਸ ਤੋਂ ਮੈਨੂੰ ਵਿਰਵਾ ਰੱਖਿਆ ਜਾ ਰਿਹਾ ਹੈ। ਇਹ ਤੁਹਾਡੀ ਖੁਦ ਨਾਲ ਹੀ ਜ਼ਿੱਦ ਹੁੰਦੀ ਕਿ ਤੁਸੀਂ ਮਨ-ਚਿੰਦਿਆ ਫ਼ਲ ਪਾਉਂਦੇ ਹੋ ਅਤੇ ਆਪਣੀਆਂ ਰਾਹਾਂ ਖੁਦ ਨਿਰਧਾਰਤ ਕਰਦੇ ਹੋ।

ਇਸ ਘਟਨਾ ਦੀਆਂ ਬਹੁਤ ਸਾਰੀਆਂ ਪਰਤਾਂ ਹਨ ਅਤੇ ਇਨ੍ਹਾਂ ਪਰਤਾਂ ਵਿਚੋਂ ਹੀ ਮਨੁੱਖ ਨੂੰ ਖ਼ੁਦ ਦੇ ਰੂਬਰੂ ਹੋਣ ਦਾ ਮੌਕਾ ਮਿਲਦਾ। ਉਸਨੂੰ ਪਤਾ ਲੱਗਦਾ ਕਿ ਅਜਿਹਾ ਕੁਝ ਵਾਪਰਨ ਪਿੱਛੇ ਕੋਈ ਨਾ ਕੋਈ ਆਧਾਰ ਜ਼ਰੂਰ ਹੋਵੇਗਾ। ਵਿਦਿਆਰਥੀਆਂ ਦੇ ਗੁੱਸੇ ਦਾ ਕੀ ਕਾਰਨ ਸੀ? ਜ਼ਰੂਰ ਕੋਈ ਨਾ ਕੋਈ ਵਧੀਕੀ ਹੋਈ ਹੋਵੇਗੀ ਭਾਵੇਂ ਮੁਕਾਬਲਿਆਂ ਵਿਚ ਜੱਜਾਂ ਦਾ ਪੱਖਪਾਤੀ ਨਤੀਜਾ ਹੋਵੇ, ਜਾਂ ਕਿਸੇ ਪ੍ਰੋਫੈਸਰ ਜਾਂ ਪ੍ਰਿੰਸੀਪਲ ਦੇ ਵਤੀਰੇ ਕਾਰਨ ਉਨ੍ਹਾਂ ਦੇ ਮਨ ਵਿਚ ਪੈਦਾ ਹੋਈ ਰੰਜਸ਼ ਹੋਵੇ। ਬਹੁਤੀ ਵਾਰ ਅਸੀਂ ਕਾਲਜ ਵਿਚ ਪੜ੍ਹਾਉਂਦੇ ਖੁਦ ਨੂੰ ਪ੍ਰੋਫੈਸਰ ਹੁੰਦਿਆਂ ਹਾਕਮ ਸਮਝਣ ਲੱਗ ਪੈਂਦੇ ਹਾਂ ਅਤੇ ਵਿਦਿਆਰਥੀਆਂ ਦੀ ਮਾਨਸਿਕਤਾ ਨੂੰ ਉਨ੍ਹਾਂ ਦੇ ਨਜ਼ਰੀਏ ਤੋਂ ਸਮਝਣ ਤੋਂ ਆਕੀ ਹੁੰਦੇ ਅਤੇ ਕੋਈ ਅਹਿਮੀਅਤ ਨਾ ਦੇ ਕੇ ਨਕਾਰਨਾ ਸ਼ੁਰੂ ਕਰਦੇ ਹਾਂ। ਇਸ ਕਾਰਨ ਵਿਦਿਆਰਥੀਆਂ ਦੇ ਮਨ ਵਿਚ ਰੋਸ ਪੈਦਾ ਹੋਣਾ ਜ਼ਰੂਰੀ ਹੁੰਦਾ ਅਤੇ ਇਹ ਰੋਸ ਕਈ ਵਾਰ ਹਿੰਸਕ ਹੋ ਜਾਂਦਾ।

ਕਈ ਵਾਰ ਪ੍ਰਿੰਸੀਪਲ ਖੁਦ ਕਸੂਰਵਾਰ ਨਹੀਂ ਹੁੰਦਾ। ਉਸਨੂੰ ਉਸਦੇ ਅਧੀਨ ਕਰਮਚਾਰੀਆਂ ਵੱਲੋਂ ਇਕਪਾਸੜ ਜਾਣਕਾਰੀ ਦਿੱਤੀ ਜਾਂਦੀ ਹੈ। ਉਹ ਸੰਤੁਲਤ ਫੈਸਲਾ ਲੈਣ ਦੀ ਬਜਾਏ ਉਲਾਰੂ ਫੈਸਲਾ ਲੈ ਕੇ ਕਿਸੇ ਵਿਦਿਆਰਥੀ ਨੂੰ ਬੇਵਜ੍ਹਾ ਹੀ ਪੀੜਤ ਕਰਦਾ ਹੈ। ਇਸ ਪੀੜਾ ਵਿਚੋਂ ਹੀ ਨੌਜਵਾਨ ਮਨ ਵਿਚ ਬਦਲਾ ਲੈਣ ਦੀ ਬਿਰਤੀ ਜਨਮ ਲੈਂਦੀ। ਲੋੜ ਹੈ ਕਿ ਸ਼ਾਸ਼ਕ ਆਪਣੇ ਦੋਵੇਂ ਕੰਨ ਅਤੇ ਅੱਖਾਂ ਖੁੱਲ੍ਹੀਆਂ ਰੱਖੇ ਤਾਂ ਕਿ ਉਸ ਕੋਲ ਹਰ ਪੱਖ ਦੀ ਪੂਰਨ ਜਾਣਕਾਰੀ ਹੋਵੇ।

ਇਹ ਵੀ ਹੋ ਸਕਦਾ ਕਿ ਕੈਂਪਸ ਵਿਚ ਲੜਾਈ ਝਗੜਾ ਕਰਨ ਵਾਲੇ ਵਿਦਿਆਰਥੀ ਕਿਸੇ ਕਿਸਮ ਦਾ ਖ਼ਲੱਲ ਪਾਉਣ ਜਾਂ ਕਿਸੇ ਹੋਰ ਧੜੇ ਦੇ ਵਿਦਿਆਰਥੀਆਂ ਨੂੰ ਸਬਕ ਸਿਖਾਉਣ ਲਈ ਮਿੱਥ ਕੇ ਹੀ ਆਏ ਹੋਣ। ਫਿਰ ਨਿੱਕੀ ਜਿਹੀ ਸ਼ਰਾਰਤ ਹੀ ਅਜੇਹੇ ਝਗੜੇ ਦਾ ਰੂਪ ਧਾਰ ਸਕਦੀ ਹੈ।

ਪਰ ਸਭ ਤੋਂ ਵਿਸ਼ੇਸ਼ ਨੁਕਤਾ ਇਹ ਹੈ ਕਿ ਇਨ੍ਹਾਂ ਵਿਦਿਆਰਥੀਆਂ ਵਿਚ ਆਪਣੇ ਗੁਰੂਆਂ ਦੀ ਇੱਜ਼ਤ ਕਰਨ ਅਤੇ ਉਨ੍ਹਾਂ ਦੀ ਹਰ ਝਿੜਕ ਨੂੰ ਉਸਾਰੂ ਰੂਪ ਵਿਚ ਲੈਣ ਅਤੇ ਇਸ ਨਾਲ ਆਪਣੇ ਵਿਅਕਤੀਤਵ ਦੇ ਰੌਸ਼ਨ ਪੱਖਾਂ ਨੂੰ ਹੋਰ ਪ੍ਰਕਾਸ਼ਮਾਨ ਕਰਨ ਵੱਲ ਧਿਆਨ ਦੇਣ ਦੀ ਘਾਟ ਹੁੰਦੀ। ਅਦਬ ਦੀ ਘਾਟ ਹੁੰਦੀ ਅਤੇ ਇਹ ਊਣਤਾਈ ਉਨ੍ਹਾਂ ਦੀਆਂ ਪਰਿਵਾਰਕ ਪ੍ਰਸਥਿਤੀਆਂ ਕਾਰਨ ਰਹਿ ਜਾਂਦੀ ਅਤੇ ਇਹ ਊਣਤਾਈ ਫਿਰ ਕਈ ਹੋਰ ਉਲਝਣਾਂ ਨੂੰ ਜਨਮ ਦਿੰਦੀ, ਜੀਵਨ ਨੂੰ ਦੁਸ਼ਵਾਰ ਬਣਾਉਣ ਵਿਚ ਕੋਈ ਕਸਰ ਨਹੀਂ ਛੱਡਦੀ।

ਅਜੇਹੀਆਂ ਘਟਨਾਵਾਂ ਅਕਸਰ ਹੀ ਵਿਦਿਆਰਥੀਆਂ ਵਿਚ ਤਾਂ ਹੁੰਦੀਆਂ ਪਰ ਇਸਦੀ ਨੌਬਤ ਕਿਸੇ ਅਧਿਆਪਕ ਨੂੰ ਜਾਨੀ ਨੁਕਸਾਨ ਪਹੁੰਚਾਉਣ ਤੀਕ ਆ ਜਾਵੇ, ਘੱਟ ਹੀ ਵਾਪਰਦੀ ਸੀ। ਅੱਜ ਕੱਲ੍ਹ ਤਾਂ ਇਹ ਆਮ ਹੀ ਵਾਪਰਨ ਲੱਗ ਪਈ ਹੈ।



ਅਸੀਂ ਆਪਣੀ ਨਿੱਜੀ ਜ਼ਿੰਦਗੀ ਦੀ ਕੌੜ-ਕਸੈਲ ਨੂੰ ਬਾਹਰ ਤਾਂ ਹੀ ਕੱਢਦੇ ਹਾਂ ਜਦ ਸਾਨੂੰ ਘਰ ਵਿਚ ਆਪਣੀਆਂ ਭਾਵਨਾਵਾਂ ਪ੍ਰਗਟ ਕਰਨ ਦਾ ਮੌਕਾ ਹੀ ਨਹੀਂ ਮਿਲਦਾ। ਮਾਪੇ ਵੀ ਆਪਣੇ ਬੱਚਿਆਂ ਦੀਆਂ ਭਾਵਨਾਤਮਿਕ, ਮਾਨਸਿਕ ਅਤੇ ਸਰੀਰਕ ਲੋੜਾਂ ਨੂੰ ਸਮਝਣ ਤੋਂ ਅਸਮਰੱਥ। ਇਹੀ ਅਸਮਰੱਥਾ ਉਨ੍ਹਾਂ ਨੂੰ ਜ਼ਿੰਦਗੀ ਦੇ ਉਨ੍ਹਾਂ ਰਾਹਾਂ ਦਾ ਪਾਂਧੀ ਬਣਾ ਦਿੰਦੀ ਜਿਨ੍ਹਾਂ ਤੋਂ ਮਾਪੇ ਵਰਜਦੇ।

ਦਰਅਸਲ ਅਜੇਹੀ ਮਾਨਸਿਕਤਾ ਦਾ ਮੂਲ ਕਾਰਨ ਘਰ ਤੋਂ ਹੀ ਸ਼ੁਰੂ ਹੁੰਦਾ। ਘਰ ਵਿਚ ਬੱਚਿਆਂ ਦੀ ਅਣਗਹਿਲੀ ਉਨ੍ਹਾਂ ਵਿਚ ਹੀਣ ਭਾਵਨਾ ਪੈਦਾ ਕਰਦੀ। ਉਨ੍ਹਾਂ ਵੱਲ ਬੇਧਿਆਨੀ ਵਰਤੀ ਜਾਂਦੀ ਅਤੇ ਉਹ ਇਸ ਬੇਧਿਆਨੀ ਵਿਚ ਕੁਝ ਅਜੇਹਾ ਕਰ ਬਹਿੰਦੇ ਜਿਸ ਲਈ ਸਮੁੱਚੇ ਸਮਾਜ ਸਾਹਵੇਂ ਮਾਪਿਆਂ ਨੂੰ ਸ਼ਰਮਸ਼ਾਰ ਹੋਣਾ ਪੈਂਦਾ। ਬੜਾ ਦੁੱਖ ਹੁੰਦਾ ਹੈ ਜਦ ਕਿ ਮਿਡਲ ਸਕੂਲ ਵਿਚ ਪੜ੍ਹਦਾ ਬੱਚਾ ਸਕੂਲ ਵਿਚ ਗੰਨ ਲਿਆ ਕੇ ਆਪਣੇ ਸਕੂਲੀ ਸਾਥੀਆਂ ਜਾਂ ਅਧਿਆਪਕਾਂ ਨੂੰ ਗੋਲੀ ਦਾ ਨਿਸ਼ਾਨਾ ਬਣਾਉਂਦਾ।

ਕਿੱਧਰ ਨੂੰ ਤੁਰ ਪਈ ਹੈ ਸਾਡੀ ਅਗਲੀ ਨਸਲ ਜਿਨ੍ਹਾਂ ਨੇ ਸਾਡੇ ਭਵਿੱਖ ਨੂੰ ਸੰਵਾਰਨਾ ਸੀ। ਵਾਰਸ ਬਣ ਕੇ ਸਾਡੀ ਡੰਗੋਰੀ ਬਣਨਾ ਸੀ ਅਤੇ ਸਮਾਜ ਨੂੰ ਨਵੀਂ ਨਕੋਰ ਦਿੱਖ ਪ੍ਰਦਾਨ ਕਰਨੀ ਸੀ ਪਰ ਅਸੀਂ ਕਿਹੜੇ ਰਾਹਾਂ ਦੇ ਪਾਂਧੀ ਬਣਾ ਰਹੇ ਹਾਂ ਆਪਣੇ ਬੱਚਿਆਂ ਨੂੰ।

ਸੋ ਸਭ ਤੋਂ ਜ਼ਰੂਰੀ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਪਿਆਰ ਕਰੀਏ। ਉਨ੍ਹਾਂ ਨੂੰ ਗਲੇ ਲਗਾਈਏ। ਉਨ੍ਹਾਂ ਦੀਆਂ ਭਾਵਨਾਵਾਂ ਨੂੰ ਪੂਰਨ ਰੂਪ ਵਿਚ ਪ੍ਰਗਟ ਕਰਨ ਦੀ ਖੁੱਲ੍ਹ ਦੇਈਏ। ਉਨ੍ਹਾਂ ਨੂੰ ਜੀਵਨ ਦੇ ਚੰਗੇ ਅਤੇ ਮਾੜੇ ਪੱਖਾਂ ਦੀ ਜਾਣਕਾਰੀ ਹੋਵੇ। ਉਹ ਇੰਨੇ ਕੁ ਸਿਆਣੇ ਜ਼ਰੂਰ ਹੋਣ ਕਿ ਉਨ੍ਹਾਂ ਨੂੰ ਆਪਣੇ ਨਫ਼ੇ-ਨੁਕਸਾਨ ਦਾ ਪਤਾ ਹੋਵੇ ਅਤੇ ਉਹ ਕੁਝ ਵੀ ਕਰਨ ਤੋਂ ਪਹਿਲਾਂ ਇਹ ਜ਼ਰੂਰ ਸੋਚਣ ਕਿ ਅਜੇਹਾ ਕਰਨ ਨਾਲ ਕੀ ਮੇਰਾ, ਮੇਰੇ ਪਰਿਵਾਰ ਜਾਂ ਸਮਾਜ ਨੂੰ ਨਮੋਸ਼ੀ ਤਾਂ ਨਹੀਂ ਮਿਲੇਗੀ। ਜਦ ਕਿਸੇ ਬੱਚੇ ਵਿਚ ਅਜੇਹੀ ਸੋਝੀ ਆ ਜਾਵੇਗੀ ਤਾਂ ਉਹ ਕੋਈ ਵੀ ਕਦਮ ਉਠਾਉਣ ਤੋਂ ਪਹਿਲਾਂ ਆਪਣੇ ਕਦਮਾਂ ਨੂੰ ਠੋਸ ਧਰਾਤਲ 'ਤੇ ਜ਼ਰੂਰ ਰੱਖੇਗਾ ਅਤੇ ਸਾਬਤ ਕਦਮਾਂ ਵਿਚ ਜ਼ਿੰਦਗੀ ਦੀਆਂ ਉਨ੍ਹਾਂ ਪੈੜਾਂ ਦਾ ਸਿਰਨਾਵਾਂ ਉਗੇਗਾ ਜਿਨ੍ਹਾਂ ਵਿਚ ਜੀਵਨ ਨੂੰ ਸੁੱਚਮ, ਉਤਮ ਅਤੇ ਬਿਹਤਰੀਨੀ ਦਾ ਅਹਿਸਾਸ ਹੋਵੇਗਾ। ਅਜੇਹੇ ਬੱਚੇ ਖੁਦ ਲਈ ਹੀ ਰੋਲ ਮਾਡਲ ਨਹੀਂ ਹੋਣਗੇ ਸਗੋਂ ਉਹ ਸਮਾਜ ਲਈ ਵੀ ਇਕ ਰੋਲ ਮਾਡਲ ਬਣ ਜਾਣਗੇ।

ਪਿਛਲੇ ਦਿਨੀਂ ਸ਼ਿਕਾਗੋ ਵਿਚ ਬੱਚੀ ਮਿਲੀ ਜੋ ਪੰਜਾਬੀ ਕਦਰਾਂ ਕੀਮਤਾਂ ਦੀ ਧਾਰਨੀ। ਗੁਰਮਤਿ ਸੰਗੀਤ ਦੀ ਪੂਰਨ ਸਮਝ। ਪੰਜਾਬੀ ਰਹਿਤਲ ਨੂੰ ਅੰਦਰੋਂ ਬਾਹਰੋਂ ਅਪਣਾਈ। ਗੱਲਾਂ ਕਰਦਿਆਂ ਦੱਸਣ ਲੱਗੀ ਕਿ ਉਹ ਆਪਣੀ ਕਮਿਊਨਿਟੀ ਵਿਚ ਵਿਚਰਦਿਆਂ ਸਹਿਜ ਮਹਿਸੂਸ ਨਹੀਂ ਕਰਦੀ ਜਦ ਕਿ ਦੂਸਰੀਆਂ ਕਮਿਊਨਿਟੀ ਦੇ ਸਾਥੀਆਂ ਵਿਚ ਜ਼ਿਆਦਾ ਸਹਿਜ ਮਹਿਸੂਸ ਕਰਦੀ ਹੈ। ਮਨ ਨੂੰ ਝਟਕਾ ਲੱਗਾ ਕਿ ਅਜੇਹਾ ਕਿਉਂ ਵਾਪਰ ਰਿਹਾ ਹੈ? ਦਰਅਸਲ ਪਰਵਾਸੀਆਂ ਦੇ ਬੱਚੇ ਕਈ ਮਾਨਸਿਕ, ਭਾਵਨਾਤਮਿਕ ਤੇ ਪਰਿਵਾਰਕ ਮੁਸ਼ਕਲਾਂ ਨਾਲ ਜੂਝਦੇ ਨੇ ਅਤੇ ਮਾਪਿਆਂ ਕੋਲੋਂ ਸਮਾਂ ਹੀ ਨਹੀਂ ਕਿ ਉਹ ਕਦੇ-ਕਦਾਈਂ ਨਿੱਜੀ ਰੂਪ ਵਿਚ ਬੱਚਿਆਂ ਨੂੰ ਮਿਲਣ ਅਤੇ ਉਨ੍ਹਾਂ ਦੇ ਦਿਲਾਂ ਦੀਆਂ ਪਰਤਾਂ ਫਰੋਲਣ। ਸਾਡੀ ਕਮਿਊਨਿਟੀ ਨੂੰ ਕਦੇ ਇਹ ਖ਼ਿਆਲ ਨਹੀਂ ਆਇਆ ਕਿ ਸਾਡੇ ਬੱਚੇ ਜਦ ਪ੍ਰਵਾਸੀ ਵਜੋਂ ਵਿਦਿਅਕ ਅਦਾਰਿਆਂ ਵਿਚ ਜਾਂਦੇ ਨੇ ਤਾਂ ਉਨ੍ਹਾਂ ਨੂੰ ਕਿਹੜੀਆਂ ਤਲਖੀਆਂ ਨਾਲ ਰੂਬਰੂ ਹੋਣਾ ਹੁੰਦਾ। ਬੱਚਿਆਂ ਲਈ ਸਿਰਫ਼ ਸੁੱਖ-ਸਹੂਲਤਾਂ ਹੀ ਪੈਦਾ ਕਰਨਾ ਕਾਫ਼ੀ ਨਹੀਂ ਹੁੰਦਾ। ਉਨ੍ਹਾਂ ਨੂੰ ਅਪਣੱਤ ਦਾ ਅਹਿਸਾਸ ਵੀ ਕਰਵਾਉਣਾ ਹੁੰਦਾ। ਬੱਚਿਆਂ ਨੂੰ ਇਹ ਵੀ ਪਤਾ ਹੋਵੇ ਕਿ ਕੋਈ ਤਾਂ ਆਪਣਾ ਹੈ ਜਿਸ ਨਾਲ ਨਿੱਜੀ ਬਾਤਾਂ ਨੂੰ ਸਾਂਝਾ ਕੀਤਾ ਜਾ ਸਕੇ। ਇਸਦਾ ਸਮੇਂ ਸਿਰ ਇਲਾਜ ਕੀਤਾ ਜਾਣਾ ਚਾਹੀਦਾ ਤਾਂ ਕਿ ਬੱਚੇ ਦੇ ਵਿਅਕਤੀਤਵ ਵਿਚ ਕਿਸੇ ਕਿਸਮ ਦਾ ਉਲਾਰਪੁਣਾ ਨਾ ਪੈਦਾ ਹੋਵੇ।

ਯਾਦ ਰੱਖਣਾ ਕਿ ਬੱਚੇ ਕਿਸੇ ਪਰਿਵਾਰ ਦੀ ਸਭ ਤੋਂ ਵਡੀ ਦੌਲਤ ਹੁੰਦੇ। ਇਨ੍ਹਾਂ ਨੂੰ ਕਦੇ ਗਵਾਚਣ ਨਾ ਦਿਓ। ਸੁੱਖ ਸਹੂਲਤਾਂ ਵਾਲੀ ਦੌਲਤ ਗਵਾ ਕੇ ਪ੍ਰਾਪਤ ਕੀਤੀ ਜਾ ਸਕਦੀ ਹੈ ਪਰ ਬੱਚੇ ਜਦ ਉਲਾਰ ਹੋ ਜਾਣ ਜਾਂ ਉਨ੍ਹਾਂ ਦੇ ਪੈਰ ਰਸਾਤਲ ਵੱਲ ਤਿਲਕਣ ਲੱਗ ਪੈਣ ਤਾਂ ਬਹੁਤ ਔਖਾ ਹੁੰਦਾ ਹੈ ਉਨ੍ਹਾਂ ਦਾ ਸੰਭਲਣਾ। ਇਹ ਤਿਲਕਣ ਦਾ ਸਭ ਤੋਂ ਜ਼ਿਆਦਾ ਦਰਦ ਮਾਪਿਆਂ ਨੂੰ ਝੱਲਣਾ ਪੈਂਦਾ। ਲੋੜ ਹੈ ਉਨ੍ਹਾਂ ਦੇ ਤਿਲਕਣ ਤੋਂ ਪਹਿਲਾਂ ਉਨ੍ਹਾਂ ਨੂੰ ਸੰਭਾਲੀਏ ਅਤੇ ਉਨ੍ਹਾਂ ਨੂੰ ਉਨ੍ਹਾਂ ਰਾਹਾਂ ਦੀ ਦੱਸ ਪਾਈਏ ਜਿਨ੍ਹਾਂ ਵਿਚੋਂ ਸਾਡੀ ਵਿਰਾਸਤ ਦੀ ਖੁਸ਼ਬੂ ਵੀ ਆਵੇ, ਅਜੋਕੇ ਯੁੱਗ ਦਾ ਮੁਹਾਂਦਰਾ ਵੀ ਦਿਸੇ ਅਤੇ ਉਸ ਵਿਚੋਂ ਪਰਿਵਾਰਕ ਪਹਿਚਾਣ ਵੀ ਪ੍ਰਗਟਦੀ ਹੋਵੇ।

ਬੱਚੇ ਤਾਂ ਆਪਣੇ ਹੀ ਹਨ ਫਿਰ ਇਨ੍ਹਾਂ ਤੋਂ ਦੂਰੀ ਕਾਹਦੀ? ਇਨ੍ਹਾਂ ਨੂੰ ਬੁੱਕਲ ਵਿਚ ਲੈ ਕੇ ਪਲੋਸੋ, ਉਹ ਤੁਹਾਡੇ ਸਿਰ ਦਾ ਤਾਜ ਜ਼ਰੂਰ ਬਣਨਗੇ।

# ਸੰਗਰੂਰ ਲੋਕਸਭਾ ਚੋਣ ਨਤੀਜੇ ਦਾ ਇਕ ਸੁਨੇਹਾ: ਮੱਤੇਵਾੜਾ ਜੰਗਲ ਨੂੰ ਬਚਾਉਣਾ ਜ਼ਰੂਰੀ

ਪੰਜਾਬ ਸਰਕਾਰ ਨੇ ਜੁਲਾਈ 2020 ਵਿਚ ਮੱਤੇਵਾੜਾ ਜੰਗਲ ਅਤੇ ਸਤਲੁਜ ਦਰਿਆ ਦੇ ਨੇੜੇ 955.67 ਏਕੜ ਵਿਚ ਉਦਯੋਗਿਕ ਪਾਰਕ ਬਣਾਉਣ ਲਈ ਪ੍ਰਵਾਨਗੀ ਦੇ ਦਿੱਤੀ ਸੀ। ਮੱਤੇਵਾੜਾ ਉਦਯੋਗਿਕ ਪਾਰਕ ਬਣਾਉਣ ਦੀ ਪੰਜਾਬ ਸਰਕਾਰ ਦੀ ਮਨਜ਼ੂਰੀ ਦੇ ਨਾਲ ਹੀ ਪੰਜਾਬ ਦੇ ਲੋਕਾਂ ਅਤੇ ਵਾਤਾਵਰਨ ਕਾਰਕੁਨਾਂ ਨੇ ਇਹ ਸਮਝਿਆ ਕਿ ਮੱਤੇਵਾੜਾ ਉਦਯੋਗਿਕ ਪਾਰਕ ਮੱਤੇਵਾੜਾ ਦੇ ਜੰਗਲ ਨੂੰ ਉਜਾੜ ਕੇ ਬਣਾਇਆ ਜਾਵੇਗਾ ਜੋ ਕਿ ਪੰਜਾਬ ਦੇ ਵਾਤਾਵਰਨ ਲਈ ਬਹੁਤ ਨੁਕਸਾਨਦੇਹ

**ਡਾ. ਗੁਰਿੰਦਰ ਕੌਰ**
ਸਾਬਕਾ ਪ੍ਰੋਫ਼ੈਸਰ, ਜਿਓਗਰਾਫ਼ੀ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਹੋਵੇਗਾ। ਇਸ ਲਈ ਲੋਕਾਂ ਅਤੇ ਵਾਤਾਵਰਨ ਕਾਰਕੁਨਾਂ ਨੇ ਪੰਜਾਬ ਸਰਕਾਰ ਦੇ ਇਸ ਫ਼ੈਸਲੇ ਉੱਤੇ ਰੋਸ ਮੁਜ਼ਾਹਰੇ ਕਰ ਕੇ ਇਸ ਫ਼ੈਸਲੇ ਨੂੰ ਬਦਲਣ ਉੱਤੇ ਜ਼ੋਰ ਦਿੱਤਾ। ਲੋਕਾਂ ਦੇ ਰੋਸ ਅਤੇ ਵਿਰੋਧ ਨੂੰ ਦੇਖਦੇ ਹੋਏ ਪੰਜਾਬ ਸਰਕਾਰ ਨੇ ਸਪੱਸ਼ਟ ਕੀਤਾ ਕਿ ਮੱਤੇਵਾੜਾ ਉਦਯੋਗਿਕ ਪਾਰਕ ਜੰਗਲ ਦੀ ਜ਼ਮੀਨ ਉੱਤੇ ਨਹੀਂ, ਸਗੋਂ ਪਸ਼ੂ-ਪਾਲਣ ਵਿਭਾਗ ਅਤੇ ਮੁੜ-ਵਸੇਬਾ ਮਹਿਕਮਿਆਂ ਦੀ ਜ਼ਮੀਨ ਸਮੇਤ ਜੰਗਲ ਦੇ ਨੇੜਲੇ ਸੇਖੋਵਾਲ, ਮੱਤੇਵਾੜ, ਸਲੇਮਪੁਰ, ਗੜ੍ਹੀਆਂ, ਸੈਲ ਕਲਾਂ, ਕਾਲੇਵਾਲ ਆਦਿ ਪਿੰਡਾਂ ਤੋਂ ਜ਼ਮੀਨ ਐਕੁਆਇਰ ਕਰ ਕੇ ਬਣਾਇਆ ਜਾਵੇਗਾ।

ਭਾਵੇਂ ਪ੍ਰਸਾਵਿਤ ਉਦਯੋਗਿਕ ਪਾਰਕ ਮੱਤੇਵਾੜਾ ਜੰਗਲ ਨੂੰ ਉਜਾੜ ਕੇ ਨਹੀਂ ਬਣਾਇਆ ਜਾ ਰਿਹਾ, ਪਰ ਇਹ ਥਾਂ ਜੰਗਲ ਅਤੇ ਸਤਲੁਜ ਦਰਿਆ ਦੇ ਵਿਚਕਾਰਲੇ ਖੇਤਰ ਵਿਚ ਪੈਂਦੀ ਹੈ। ਇਸ ਸਚਾਈ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿ ਜਦੋਂ ਵੀ ਉਦਯੋਗਿਕ ਇਕਾਈਆਂ ਕਿਸੇ ਵੀ ਥਾਂ ਉੱਤੇ ਲੱਗ ਜਾਂਦੀਆਂ ਹਨ ਤਾਂ ਉਨ੍ਹਾਂ ਤੋਂ ਨਿਕਾਸਿਆ ਗਿਆ ਧੂੰਆਂ, ਗੈਸਾਂ, ਅਤੇ ਗੰਦਾ ਪਾਣੀ ਆਲੇ-ਦੁਆਲੇ ਦੇ ਵਾਤਾਵਰਨ ਨੂੰ ਬੁਰੀ ਤਰ੍ਹਾਂ ਪ੍ਰਦੂਸ਼ਿਤ ਕਰ ਦਿੰਦਾ ਹੈ। ਉਦਯੋਗਿਕ ਇਕਾਈਆਂ ਤੋਂ ਪੈਦਾ ਹੋਣ ਵਾਲੇ ਪ੍ਰਦੂਸ਼ਣ ਦਾ ਅਸਰ ਇਕੱਲੇ ਮੱਤੇਵਾੜਾ ਦੇ ਜੰਗਲ ਉੱਤੇ ਹੀ ਨਹੀਂ ਪਵੇਗਾ, ਸਗੋਂ ਸਤਲੁਜ ਦੇ ਪਾਣੀ ਦੇ ਨਾਲ ਨਾਲ ਆਲੇ-ਦੁਆਲੇ ਦੇ ਪਿੰਡਾਂ ਦੀ ਉਪਜਾਊ ਜ਼ਮੀਨ ਉੱਤੇ ਵੀ ਪਵੇਗਾ।

ਮੱਤੇਵਾੜਾ ਦੇ ਜੰਗਲ ਨੂੰ ਸਿੱਖ ਇਤਿਹਾਸ ਨਾਲ ਵੀ ਜੋੜ ਕੇ ਦੇਖਿਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਮੱਤੇਵਾੜਾ ਦੇ ਜੰਗਲ ਵਿਚ ਰੁਕੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੱਤੇਵਾੜਾ ਜੰਗਲਾਂ ਦੀ ਮਹੱਤਤਾ ਦੱਸਦੇ ਹੋਏ ਕਿਹਾ ਸੀ ਕਿ ਮੱਤੇਵਾੜਾ ਦਾ ਜੰਗਲ ਹੀ ਲੁਧਿਆਣੇ ਨੂੰ ਹੜ੍ਹਾਂ ਤੋਂ ਬਚਾ ਸਕਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਮੱਤੇਵਾੜੇ ਦੇ ਜੰਗਲਾਂ ਵਿਚ ਜ਼ਖ਼ਮੀ ਹਾਲਤ ਵਿਚ ਅਰਾਮ ਕੀਤਾ ਸੀ ਅਤੇ ਇੱਥੇ ਹੀ "ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ" ਸ਼ਬਦ ਉਚਾਰਿਆ ਸੀ। ਭਾਵੇਂ ਕਿਸੇ ਵੀ ਰਾਜ/ਖੇਤਰ ਦੇ ਆਰਥਿਕ ਵਿਕਾਸ ਅਤੇ ਰੁਜ਼ਗਾਰ ਲਈ ਉੱਥੋਂ ਦਾ ਉਦਯੋਗਿਕ ਵਿਕਾਸ ਜ਼ਰੂਰੀ ਹੁੰਦਾ ਹੈ, ਪਰ ਪੰਜਾਬ ਸਰਕਾਰ ਨੇ ਜੋ ਥਾਂ ਇਸ ਉਦਯੋਗਿਕ ਪਾਰਕ ਲਈ ਚੁਣੀ ਹੈ, ਉਹ ਵਾਤਾਵਰਨ ਅਤੇ ਇਤਿਹਾਸਕ-ਧਾਰਮਿਕ ਪਿਛੋਕੜ ਪੱਖੋਂ ਬਹੁਤ ਹੀ ਸੰਵੇਦਨਸ਼ੀਲ ਹੈ। ਜਿੱਥੇ ਮੱਤੇਵਾੜਾ ਦਾ ਜੰਗਲ ਇਕ ਪਾਸੇ ਲੁਧਿਆਣਾ ਸ਼ਹਿਰ ਨੂੰ ਹੜ੍ਹਾਂ ਤੋਂ ਬਚਾਉਂਦਾ ਹੈ, ਉੱਥੇ ਦੂਜੇ ਪਾਸੇ ਸ਼ਹਿਰ ਵਿਚਲੀਆਂ ਉਦਯੋਗਿਕ ਇਕਾਈਆਂ ਤੋਂ ਨਿਕਾਸੀਆਂ ਗਈਆਂ ਗੈਸਾਂ ਨੂੰ ਸੋਖ ਕੇ ਸ਼ਹਿਰ ਵਾਸੀਆਂ ਨੂੰ ਆਕਸੀਜਨ ਵੀ ਮੁਹੱਈਆ ਕਰਵਾਉਂਦਾ ਹੈ।

ਮੱਤੇਵਾੜਾ ਉਦਯੋਗਿਕ ਪਾਰਕ ਬਣਾਉਣ ਦੇ ਪੰਜਾਬ ਸਰਕਾਰ ਦੇ ਐਲਾਨ ਤੋਂ ਬਾਅਦ ਵਾਤਾਵਰਨ ਅਤੇ ਸਮਾਜਿਕ ਕਾਰਕੁਨਾਂ ਨੇ ਜੰਗਲਾਂ ਦੀ ਸੁਰੱਖਿਆ ਅਤੇ ਸਤਲੁਜ ਦੇ ਹੜ੍ਹ-ਪ੍ਰਭਾਵਿਤ ਖੇਤਰਾਂ ਨੂੰ ਬਚਾਉਣ ਲਈ ਗ੍ਰੇਟਰ ਲੁਧਿਆਣਾ ਏਰੀਆ ਡਿਵੈਲਪਮੈਂਟ ਅਥਾਰਟੀ (ਗਲਾਡਾ) ਦੇ ਦਫ਼ਤਰ ਅੱਗੇ ਪਬਲਿਕ ਐਕਸ਼ਨ ਕਮੇਟੀ (ਪੀ.ਏ.ਸੀ.) ਦੇ ਬੈਨਰ ਹੇਠ ਸ਼ਾਂਤਮਈ ਧਰਨਾ ਦਿੱਤਾ। ਪੀ.ਏ.ਸੀ. ਨੇ ਇਸ ਸੰਬੰਧ ਵਿਚ ਕਿਹਾ ਕਿ ਜੇਕਰ ਗਲਾਡਾ ਨੇ ਨੈਸ਼ਨਲ ਗਰੀਨ ਟ੍ਰਿਬਿਊਨਲ ਦੀਆਂ 2008 ਦੀਆਂ ਹਦਾਇਤਾਂ ਦੀ ਪਾਲਣਾ ਨਾ ਕੀਤੀ ਤਾਂ ਭਵਿੱਖ ਵਿਚ ਅੰਦੋਲਨ ਹੋਰ ਤੇਜ਼ ਕੀਤਾ ਜਾਵੇਗਾ। ਪੀ.ਏ.ਸੀ. ਦੇ ਕਾਰਕੁਨਾਂ ਨੇ ਕਿਹਾ ਕਿ ਸਤਲੁਜ ਦੇ ਵਹਾਅ ਖੇਤਰ ਵਿਚ ਕੋਈ ਵੀ ਉਸਾਰੀ ਨਹੀਂ ਕੀਤੀ ਜਾਣੀ ਚਾਹੀਦੀ ਕਿਉਂਕਿ ਇਕ ਤਾਂ ਇਹ ਵਾਤਾਵਰਨ ਨਿਯਮਾਂ ਦੇ ਵਿਰੁੱਧ ਹੈ ਅਤੇ ਦੂਜਾ ਇਸ ਨਾਲ ਦਰਿਆ ਦੇ ਵਹਾਅ ਖੇਤਰ ਦਾ ਨੁਕਸਾਨ ਹੋਣ ਦੇ ਨਾਲ ਅਚਾਨਕ ਹੜ੍ਹ ਆਉਣ ਦਾ ਖ਼ਤਰਾ ਵਧ ਜਾਵੇਗਾ। ਨੈਸ਼ਨਲ ਗਰੀਨ ਟ੍ਰਿਬਿਊਨਲ ਨੇ ਇਸ ਸੰਬੰਧ ਵਿਚ ਅਪ੍ਰੈਲ 2022 ਵਿਚ ਇਕ ਚਾਰ ਮੈਂਬਰੀ ਕਮੇਟੀ ਬਣਾਈ ਹੈ ਜਿਸ ਨੂੰ ਤੱਥਾਂ ਦੇ ਆਧਾਰ ਉੱਤੇ ਦੋ ਮਹੀਨਿਆਂ ਵਿਚ ਰਿਪੋਰਟ ਦੇਣ ਲਈ ਕਿਹਾ ਹੈ। ਨੈਸ਼ਨਲ ਗਰੀਨ ਟ੍ਰਿਬਿਊਨਲ ਨੇ ਇਸ ਤੋਂ ਪਹਿਲਾਂ ਮੱਤੇਵਾੜਾ ਜੰਗਲ ਵਿਚੋਂ ਲੰਘਣ ਵਾਲੀ ਚਾਰ-ਮਾਰਗੀ ਸੜਕ ਜਿਸ ਨੇ ਰਾਹੋਂ ਪਿੰਡ ਅਤੇ ਲੁਧਿਆਣਾ ਸ਼ਹਿਰ ਨੂੰ ਜੋੜਨਾ ਸੀ, ਬਣਾਉਣ ਉੱਤੇ ਵੀ ਰੋਕ ਲਗਾ ਦਿੱਤੀ ਹੈ।



ਪੰਜਾਬ ਵਾਤਾਵਰਨ ਚੇਤਨਾ ਲਹਿਰ ਅਤੇ ਪਬਲਿਕ ਐਕਸ਼ਨ ਕਮੇਟੀ ਦੀਆਂ ਟੀਮਾਂ ਨੇ ਪੰਜਾਬ ਵਿਚ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਵੀ ਵੱਖ-ਵੱਖ ਰਾਜਨੀਤਕ ਪਾਰਟੀਆਂ ਅੱਗੇ ਪੰਜਾਬ ਦੇ ਵਾਤਾਵਰਨ ਦੀ ਸਾਂਭ-ਸੰਭਾਲ ਦਾ ਮੁੱਦਾ ਚੁੱਕਿਆ ਸੀ, ਜਿਸ ਵਿਚ ਸਭ ਤੋਂ ਪਹਿਲਾ ਮੁੱਦਾ ਮੱਤੇਵਾੜਾ ਉਦਯੋਗਿਕ ਪਾਰਕ ਦਾ ਹੀ ਸੀ।

ਪੰਜਾਬ ਦੇ ਲੋਕ, ਵਾਤਾਵਰਨ ਕਾਰਕੁਨ ਅਤੇ ਕਈ ਸਮਾਜ ਸੇਵੀ ਸੰਸਥਾਵਾਂ ਮੱਤੇਵਾੜਾ ਜੰਗਲ ਦੇ ਨੇੜੇ ਬਣਨ ਵਾਲੇ ਉਦਯੋਗਿਕ ਪਾਰਕ ਦੇ ਪੰਜਾਬ ਸਰਕਾਰ ਦੇ ਫੈਸਲੇ ਵਿਰੁੱਧ ਰੋਸ ਪ੍ਰਗਟ ਕਰ ਰਹੇ ਹਨ। ਇਸ ਲਈ ਇਸ ਦੇ ਆਲੇ-ਦੁਆਲੇ ਦੇ ਕੁਦਰਤੀ ਅਤੇ ਸਮਾਜਿਕ ਵਾਤਾਵਰਨ ਉੱਤੇ ਪੈਣ ਵਾਲੇ ਪ੍ਰਭਾਵਾਂ ਬਾਰੇ ਵਿਚਾਰ ਕਰ ਲੈਣੀ ਜ਼ਰੂਰੀ ਹੈ। ਇਸ ਤੱਥ ਤੋਂ ਕੋਈ ਵੀ ਇਨਕਾਰੀ ਨਹੀਂ ਹੋ ਸਕਦਾ ਕਿ ਉਦਯੋਗਾਂ ਵਿਚ ਵਰਤੇ ਜਾਂਦੇ ਬਾਲਣ (ਤੇਲ, ਕੋਲੇ ਜਾਂ ਗੈਸ) ਦੁਆਰਾ ਵਾਤਾਵਰਨ ਵਿਚ ਛੱਡੇ ਗਏ ਸਲਫ਼ਰ ਡਾਇਆਕਸਾਈਡ, ਨਾਈਟਰੋਜਨ ਆਕਸਾਈਡ ਆਦਿ ਵਰਗੀਆਂ ਗੈਸਾਂ ਅਤੇ ਅੱਧ-ਜਲੇ ਬਾਲਣ, ਧੂੰਏਂ ਅਤੇ ਧੂੜ ਦੇ ਕਣ ਹਰ ਤਰ੍ਹਾਂ ਦੇ ਜੈਵਿਕਾਂ ਲਈ ਹਾਨੀਕਾਰਕ ਹੁੰਦੇ ਹਨ। ਉਦਯੋਗਾਂ ਤੋਂ ਨਿਕਲਣ ਵਾਲੀਆਂ ਗੈਸਾਂ ਅਤੇ ਹੋਰ ਪ੍ਰਦੂਸ਼ਕ ਹਰ ਤਰ੍ਹਾਂ ਦੀ ਬਨਸਪਤੀ ਨੂੰ ਨੁਕਸਾਨ ਪਹੁੰਚਾਉਂਦੇ ਹਨ। ਉਦਯੋਗਿਕ ਇਕਾਈਆਂ ਦੇ ਆਲੇ-ਦੁਆਲੇ ਦਰਖ਼ਤਾਂ ਦੇ ਪੱਤਿਆਂ ਉੱਤੇ ਧੂੰਏਂ ਅਤੇ ਧੂੜ ਦੇ ਕਣ ਟਿਕ ਜਾਂਦੇ ਹਨ, ਜੋ ਉਨ੍ਹਾਂ ਦੀ ਭੋਜਨ ਬਣਾਉਣ ਦੀ ਪ੍ਰਕਾਸ਼ ਸੰਸਲੇਸ਼ਣ ਦੀ ਪ੍ਰਕਿਰਿਆ ਨੂੰ ਪ੍ਰਭਾਵਿਤ ਕਰ ਕੇ ਉਨ੍ਹਾਂ ਦੀ ਭੋਜਨ ਬਣਾਉਣ ਦੀ ਸਮਰੱਥਾ ਨੂੰ ਬਹੁਤ ਘਟਾ ਦਿੰਦੇ ਹਨ ਜਿਸ ਨਾਲ ਦਰੱਖ਼ਤਾਂ/ਬਨਸਪਤੀ ਦਾ ਹਰ ਤਰ੍ਹਾਂ ਦਾ ਵਾਧਾ ਰੁਕ ਜਾਂਦਾ ਹੈ। ਇਸ ਪ੍ਰਕਿਰਿਆ ਨਾਲ ਉਨ੍ਹਾਂ ਦੀ ਉਤਪਾਦਨ ਸ਼ਕਤੀ (ਫ਼ਲ ਅਤੇ ਲੱਕੜ ਆਦਿ) ਅਤੇ ਔਸਤ ਉਮਰ ਵੀ ਘਟ ਜਾਂਦੀ ਹੈ।

ਉਦਯੋਗਿਕ ਇਕਾਈਆਂ ਤੋਂ ਨਿਕਲਣ ਵਾਲੀਆਂ ਸਲਫ਼ਰ ਡਾਇਆਕਸਾਈਡ ਅਤੇ ਨਾਈਟ੍ਰੋਜਨ ਆਕਸਾਈਡ ਗੈਸਾਂ ਹਵਾ ਵਿਚ ਦੋ ਤਰ੍ਹਾਂ ਦਾ ਖੁਸ਼ਕ ਅਤੇ ਨਮੀ ਵਾਲਾ ਤੇਜ਼ਾਬੀ ਮਾਦਾ ਛੱਡਦੀਆਂ ਹਨ। ਖੁਸ਼ਕ ਤੇਜ਼ਾਬੀ ਮਾਦੇ ਦੇ ਕਣ ਉਦਯੋਗਿਕ ਇਕਾਈਆਂ ਦੇ ਨੇੜਲੇ ਖੇਤਰਾਂ ਵਿਚ ਹਰ ਤਰ੍ਹਾਂ ਦੀ ਬਨਸਪਤੀ ਦੇ ਪੱਤਿਆਂ, ਟਾਹਣੀਆਂ, ਫੁੱਲਾਂ ਅਤੇ ਫਲਾਂ ਆਦਿ ਉੱਤੇ ਟਿਕ ਜਾਂਦੇ ਹਨ ਅਤੇ ਉਨ੍ਹਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ। ਇਸ ਤਰ੍ਹਾਂ ਮੱਤੇਵਾੜਾ ਜੰਗਲ ਦੇ ਨੇੜੇ ਲੱਗਣ ਵਾਲਾ ਉਦਯੋਗਿਕ ਪਾਰਕ ਇੱਥੋਂ ਦੇ ਆਲੇ-ਦੁਆਲੇ ਦੇ ਵਾਤਾਵਰਨ ਨੂੰ ਪ੍ਰਦੂਸ਼ਿਤ ਕਰਨ ਦੇ ਨਾਲ ਨਾਲ ਮੱਤੇਵਾੜਾ ਦੇ ਜੰਗਲ ਨੂੰ ਵੀ ਭਾਰੀ ਨੁਕਸਾਨ ਪਹੁੰਚਾਏਗਾ। ਨਮੀ ਵਾਲਾ ਤੇਜ਼ਾਬੀ ਮਾਦਾ ਧਰਤੀ ਉੱਤੇ ਤੇਜ਼ਾਬੀ ਮੀਂਹ ਦੇ ਰੂਪ ਵਿਚ ਵਰ ਕੇ ਵੀ ਬਨਸਪਤੀ ਨੂੰ ਭਾਰੀ ਨੁਕਸਾਨ ਪਹੁੰਚਾਉਂਦਾ ਹੈ ਅਤੇ ਬਾਅਦ ਵਿਚ ਤੇਜ਼ਾਬੀ ਮਾਦੇ ਵਾਲਾ ਮੀਂਹ ਦਾ ਪਾਣੀ ਮਿੱਟੀ ਵਿਚ ਸਿੰਮ ਕੇ ਦਰਖ਼ਤਾਂ/ਬੂਟਿਆਂ ਦੀਆਂ ਜੜ੍ਹਾਂ ਨੂੰ ਸਾੜ ਦਿੰਦਾ ਹੈ, ਜਿਸ ਨਾਲ ਦਰੱਖ਼ਤ/ ਬੂਟੇ ਸੁੱਕ ਜਾਂਦੇ ਹਨ। ਉਦਯੋਗਿਕ ਇਨਕਲਾਬ ਪਿਛੋਂ 19ਵੀਂ ਸਦੀ ਦੇ ਮੱਧ ਵਿਚ ਯੂਰਪ ਦੇ ਫਿਨਲੈਂਡ, ਨਾਰਵੇ, ਸਵੀਡਨ ਆਦਿ ਦੇਸ਼ਾਂ ਸਮੇਤ ਅਮਰੀਕਾ ਦੇ ਉੱਤਰ-ਪੂਰਬੀ ਅਤੇ ਕੈਨੇਡਾ ਦੇ ਦੱਖਣ-ਪੂਰਬੀ ਹਿੱਸੇ ਦੇ ਜੰਗਲਾਂ ਨੂੰ ਤੇਜ਼ਾਬੀ ਮਾਦੇ ਵਾਲੇ ਮੀਂਹ ਨੇ ਬਹੁਤ ਨੁਕਸਾਨ ਪਹੁੰਚਾਇਆ ਸੀ ਅਤੇ ਇਨ੍ਹਾਂ ਦੇਸ਼ਾਂ ਦੇ ਜੰਗਲਾਂ ਦੇ ਬਹੁਤ ਸਾਰੇ ਦਰੱਖ਼ਤ ਇਸ ਮੀਂਹ ਨਾਲ ਸੁੱਕ ਗਏ ਸਨ। ਤੇਜ਼ਾਬੀ ਮਾਦੇ ਵਾਲੇ ਮੀਂਹ ਨੇ ਇਨ੍ਹਾਂ ਦੇਸ਼ਾਂ ਦੇ ਜਲਸਰੋਤਾਂ ਨੂੰ ਵੀ ਭਾਰੀ ਨੁਕਸਾਨ ਪਹੁੰਚਾਇਆ ਸੀ। ਫਿਨਲੈਂਡ ਜਿਸ ਨੂੰ ਝੀਲਾਂ ਦਾ ਦੇਸ਼ ਕਿਹਾ ਜਾਂਦਾ ਸੀ, ਤੇਜ਼ਾਬੀ ਮਾਦੇ ਵਾਲੇ ਮੀਂਹ ਕਾਰਨ ਇਕ ਵਾਰ ਤਾਂ ਇੱਥੋਂ ਦੀਆਂ ਝੀਲਾਂ ਵਿਚਲੇ ਹਰ ਤਰ੍ਹਾਂ ਦੇ ਜੈਵਿਕ ਖ਼ਤਮ ਹੋ ਗਏ ਸਨ, ਜਿਸ ਕਰਕੇ ਉੱਥੋਂ ਦੀਆਂ ਝੀਲਾਂ ਨੂੰ 'ਡੈੱਡ ਲੇਕਸ' (ਜ਼ਿੰਦਗੀ-ਵਿਹੂਣੀਆਂ ਝੀਲਾਂ) ਕਿਹਾ ਜਾਣ ਲੱਗਿਆ ਸੀ। ਇਨ੍ਹਾਂ ਤੱਥਾਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਉਦਯੋਗਿਕ ਪਾਰਕ ਦਾ ਮੱਤੇਵਾੜਾ ਜੰਗਲ ਦੇ ਨੇੜੇ ਬਣਨਾ ਜੰਗਲ ਦੀ ਮੌਤ ਨੂੰ ਸੱਦਾ ਦੇਣਾ ਹੈ।

ਇਸ ਉਦਯੋਗਿਕ ਪਾਰਕ ਵਿਚ ਕੱਪੜੇ ਦੀਆਂ ਉਦਯੋਗਿਕ ਇਕਾਈਆਂ ਲਗਾਉਣ ਦੀ ਵੀ ਯੋਜਨਾ ਹੈ। ਕੱਪੜਾ ਉਦਯੋਗਿਕ ਇਕਾਈਆਂ ਨੇੜੇ ਵਗਣ ਵਾਲੇ ਜਲ ਸਰੋਤਾਂ ਤੋਂ ਬਹੁਤ ਜ਼ਿਆਦਾ ਮਾਤਰਾ ਵਿਚ ਪਾਣੀ ਲੈਂਦੀਆਂ ਹਨ ਅਤੇ ਬਾਅਦ ਵਿਚ ਉਦਯੋਗਿਕ ਇਕਾਈਆਂ ਤੋਂ ਨਿਕਲਦਾ ਜ਼ਹਿਰੀਲਾ ਪਾਣੀ ਉਨ੍ਹਾਂ ਹੀ ਜਲ ਸਰੋਤਾਂ ਵਿਚ ਛੱਡ ਦਿੰਦੀਆਂ ਹਨ ਜਿਸ ਨਾਲ ਜਲ ਸਰੋਤਾਂ ਦਾ ਪਾਣੀ ਪ੍ਰਦੂਸ਼ਿਤ ਹੋ ਜਾਂਦਾ ਹੈ। ਜਿਹੜੇ ਲੋਕ ਪੀਣ ਵਾਲੇ ਪਾਣੀ ਦੀ ਘਾਟ ਕਾਰਨ ਇਨ੍ਹਾਂ ਜਲ ਸਰੋਤਾਂ ਉੱਤੇ ਨਿਰਭਰ ਕਰਦੇ ਹਨ, ਉਨ੍ਹਾਂ ਦੀ ਸਿਹਤ ਉੱਤੇ ਇਹ ਪਾਣੀ ਬਹੁਤ ਮਾੜਾ ਪ੍ਰਭਾਵ ਪਾਉਂਦਾ ਹੈ ਅਤੇ ਉਹ ਤਰ੍ਹਾਂ ਤਰ੍ਹਾਂ ਦੀਆਂ ਬਿਮਾਰੀਆਂ ਦੀ ਲਪੇਟ ਵਿਚ ਆ ਜਾਂਦੇ ਹਨ। ਪੰਜਾਬ ਦੀ ਕਪਾਹ ਪੱਟੀ ਦੇ ਲੋਕ ਪਹਿਲਾਂ ਹੀ ਕੀਟਨਾਸ਼ਕਾਂ ਅਤੇ ਨਦੀਨਨਾਸ਼ਕਾਂ ਨਾਲ ਪ੍ਰਦੂਸ਼ਿਤ ਹੋਏ ਪਾਣੀ ਕਾਰਨ ਕੈਂਸਰ ਵਰਗੀ ਨਾ-ਮੁਰਾਦ ਬਿਮਾਰੀ ਨਾਲ ਪੀੜਤ ਹਨ। ਇਸ ਉਦਯੋਗਿਕ ਪਾਰਕ ਦੇ ਬਣਨ ਕਾਰਨ ਸਤਲੁਜ ਦਰਿਆ ਵਿਚ ਜਿਹੜਾ ਥੋੜ੍ਹਾ ਜਿਹਾ ਪਾਣੀ ਵਗਦਾ ਹੈ, ਉਹ ਵੀ ਪ੍ਰਦੂਸ਼ਿਤ ਹੋ ਜਾਵੇਗਾ।

ਇੰਡੀਆ ਸਟੇਟ ਆਫ਼ ਫ਼ੌਰੈਸਟ ਦੀ 2019 ਦੀ ਇਕ ਰਿਪੋਰਟ ਅਨੁਸਾਰ ਪੰਜਾਬ ਵਿਚ ਜੰਗਲਾਂ ਥੱਲੇ ਕੁੱਲ ਰਕਬੇ ਦਾ ਸਿਰਫ਼ 3.67 ਫ਼ੀਸਦ ਹੈ, ਜੋ 33 ਫ਼ੀਸਦ ਹੋਣਾ ਚਾਹੀਦਾ ਹੈ। ਕੁਦਰਤੀ ਵਾਤਾਵਰਨ ਨੂੰ ਸੰਤੁਲਿਤ ਰੱਖਣ ਲਈ ਪੰਜਾਬ ਵਿਚ ਘੱਟੋ-ਘੱਟ 29.33 ਫ਼ੀਸਦ ਹੋਰ ਰਕਬੇ ਉਤੇ ਦਰੱਖ਼ਤ ਹੋਣੇ ਚਾਹੀਦੇ ਹਨ। ਇਸ ਰਿਪੋਰਟ ਅਨੁਸਾਰ ਪੰਜਾਬ ਵਿਚ ਸਿਰਫ਼ 0.02 ਫ਼ੀਸਦ ਰਕਬੇ ਉਤੇ ਸੰਘਣੇ ਜੰਗਲ ਹਨ ਅਤੇ ਬਾਕੀ ਦੇ 1.59 ਫ਼ੀਸਦ ਰਕਬੇ ਉਤੇ ਦਰਮਿਆਨੇ ਜੰਗਲ ਅਤੇ 2.06 ਫ਼ੀਸਦ ਰਕਬੇ ਉਤੇ ਖੁੱਲ੍ਹੇ ਜੰਗਲ ਹਨ। ਪੰਜਾਬ ਵਿਚ ਜੰਗਲਾਂ ਥੱਲੇ ਰਕਬਾ ਰਾਜਸਥਾਨ ਵਰਗੇ ਮਾਰੂਥਲੀ ਰਾਜ (4.36 ਫ਼ੀਸਦ) ਨਾਲੋਂ ਵੀ ਘੱਟ ਹੈ। ਅਫ਼ਸੋਸ ਦੀ ਗੱਲ ਹੈ ਕਿ ਪੰਜਾਬ ਦਾ ਕੋਈ ਜ਼ਿਲ੍ਹਾ ਅਜਿਹਾ ਨਹੀਂ ਹੈ, ਜੋ 33 ਫ਼ੀਸਦ ਜੰਗਲਾਂ ਥੱਲੇ ਰਕਬੇ ਦੀ ਲੋੜ ਨੂੰ ਪੂਰਾ ਕਰਦਾ ਹੋਵੇ। ਹੁਸ਼ਿਆਰਪੁਰ ਜ਼ਿਲ੍ਹੇ ਵਿਚ ਜੰਗਲਾਂ ਥੱਲੇ ਰਕਬਾ 21.54 ਫ਼ੀਸਦ ਜੋ ਪੰਜਾਬ ਦੇ ਬਾਕੀ ਸਾਰੇ ਜ਼ਿਲ੍ਹਿਆਂ ਨਾਲੋਂ ਵੱਧ ਹੈ, ਪਰ ਇਹ ਵੀ ਰਾਸ਼ਟਰੀ ਔਸਤ ਨਾਲੋਂ ਘੱਟ ਹੈ।

ਪੰਜਾਬ ਦੇ ਬਰਨਾਲਾ, ਫ਼ਤਹਿਗੜ੍ਹ ਸਾਹਿਬ, ਜਲੰਧਰ, ਮੁਕਤਸਰ ਸਾਹਿਬ, ਸੰਗਰੂਰ, ਤਰਨਤਾਰਨ, ਫਿਰੋਜ਼ਪੁਰ, ਮਾਨਸਾ, ਮੋਗਾ ਅਤੇ ਕਪੂਰਥਲਾ ਜ਼ਿਲ੍ਹਿਆਂ ਵਿਚ ਜੰਗਲਾਂ ਥੱਲੇ ਰਕਬਾ ਇਕ ਫ਼ੀਸਦ ਤੋਂ ਵੀ ਘੱਟ ਹੈ। ਮੱਤੇਵਾੜਾ ਦਾ ਜੰਗਲ ਲੁਧਿਆਣਾ ਜ਼ਿਲ੍ਹੇ ਵਿਚ ਪੈਂਦਾ ਹੈ ਜਿੱਥੇ ਜੰਗਲਾਂ ਥੱਲੇ ਰਕਬਾ ਸਿਰਫ਼ 1.65 ਫ਼ੀਸਦ ਹੈ। ਕੇਂਦਰੀ ਵਾਤਾਵਰਨ ਮੰਤਰਾਲੇ ਦੀ ਇਕ ਰਿਪੋਰਟ ਅਨੁਸਾਰ ਪੰਜਾਬ ਵਿਚੋਂ ਇਕ ਦਹਾਕੇ ਦੌਰਾਨ 5.37 ਲੱਖ ਦਰੱਖ਼ਤ ਕੱਟੇ ਗਏ ਹਨ, ਜਿਸ ਅਨੁਸਾਰ ਪਿਛਲੇ ਦਹਾਕੇ ਵਿਚ ਪੰਜਾਬ ਵਿਚੋਂ ਹਰ ਰੋਜ਼ ਔਸਤਨ 147 ਦਰੱਖ਼ਤ ਕੱਟੇ ਜਾਂਦੇ ਰਹੇ ਹਨ। ਇਸ ਰਿਪੋਰਟ ਉੱਤੇ ਕਿੰਤੂ-ਪਰੰਤੂ ਵਾਲੀ ਕੋਈ ਗੁੰਜਾਇਸ਼ ਹੀ ਨਹੀਂ ਹੈ, ਕਿਉਂਕਿ ਬਠਿੰਡਾ-ਜ਼ੀਰਕਪੁਰ ਚਾਰ-ਮਾਰਗੀ ਸੜਕ ਅਤੇ ਬਠਿੰਡਾ-ਅੰਮ੍ਰਿਤਸਰ ਸੜਕ ਬਣਾਉਣ ਸਮੇਂ ਵੱਡੀ ਗਿਣਤੀ ਵਿਚ ਦਰੱਖ਼ਤਾਂ ਦਾ ਸਫ਼ਾਇਆ ਹੋਇਆ ਹੈ। ਲੁਧਿਆਣਾ ਸ਼ਹਿਰ ਵਿਚ ਵੀ ਸੜਕਾਂ ਦੇ ਵਿਸਥਾਰ ਕਰਨ ਵੇਲੇ ਪੰਜਾਬ ਸਰਕਾਰ ਨੇ ਹਜ਼ਾਰਾਂ ਦੀ ਗਿਣਤੀ ਵਿਚ ਦਰੱਖ਼ਤ ਕੱਟੇ ਸਨ ਅਤੇ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਇੰਨੇ ਹੀ ਦਰੱਖ਼ਤ ਮੱਤੇਵਾੜਾ ਦੇ ਜੰਗਲ ਵਿਚ ਲਗਾਏ ਜਾਣਗੇ। ਇਹ ਵਾਅਦਾ ਤਾਂ ਹਾਲੇ ਤੱਕ ਪੂਰਾ ਨਹੀਂ ਹੋ ਸਕਿਆ, ਪਰ ਇਸ ਤੋਂ ਅੱਗੇ ਮੱਤੇਵਾੜਾ ਦੇ ਜੰਗਲ ਨੂੰ ਅਸਿੱਧੇ ਤੌਰ 'ਤੇ ਖ਼ਤਮ ਕਰਨ ਦੀ ਯੋਜਨਾ (ਉਦਯੋਗਿਕ ਪਾਰਕ) ਬਣਾ ਲਈ ਹੈ।

ਇਸ ਉਦਯੋਗਿਕ ਪਾਰਕ ਨਾਲ ਇਕੱਲੇ ਮੱਤੇਵਾੜਾ ਦੇ ਜੰਗਲ ਦੀ ਹੋਂਦ ਨੂੰ ਹੀ ਖ਼ਤਰਾ ਖੜ੍ਹਾ ਨਹੀਂ ਹੋਵੇਗਾ, ਇਸ ਨਾਲ ਸਤਲੁਜ ਦਰਿਆ ਦਾ ਪਾਣੀ ਜੋ ਪਹਿਲਾਂ ਹੀ ਪ੍ਰਦੂਸ਼ਿਤ ਹੈ, ਉਹ ਹੋਰ ਪ੍ਰਦੂਸ਼ਿਤ ਹੋ ਜਾਵੇਗਾ। ਹੁਣ ਤੱਕ ਦਾ ਇਤਿਹਾਸ ਗਵਾਹ ਹੈ ਕਿ ਜਿੰਨੀਆਂ ਵੀ ਉਦਯੋਗਿਕ ਇਕਾਈਆਂ ਦਰਿਆਵਾਂ ਦੇ ਕੰਢਿਆਂ ਉੱਤੇ ਲੱਗੀਆਂ ਹਨ, ਉਨ੍ਹਾਂ ਨੇ ਰਸਾਇਣਾਂ ਨਾਲ ਪ੍ਰਦੂਸ਼ਿਤ ਪਾਣੀ ਬਿਨਾਂ ਸੋਧੇ ਦਰਿਆਵਾਂ ਵਿਚ ਸਿੱਧੇ ਹੀ ਨਿਕਾਸਿਆ ਹੈ। ਲੁਧਿਆਣਾ ਦਾ ਬੁੱਢਾ ਨਾਲਾ, ਜੋ ਕਦੇ ਸਤਲੁਜ ਦਰਿਆ ਦੀ ਇਕ ਸਹਾਇਕ ਨਦੀ ਸੀ, ਲੁਧਿਆਣੇ ਦੀਆਂ ਉਦਯੋਗਿਕ ਇਕਾਈਆਂ ਨੇ ਉਸ ਨੂੰ ਨਦੀ ਤੋਂ ਨਾਲੇ ਵਿਚ ਤਬਦੀਲ ਕਰ ਦਿੱਤਾ ਹੈ। ਕੀੜੀ ਅਫ਼ਗਾਨਾ ਸ਼ੂਗਰ ਮਿੱਲ ਤੋਂ ਛੱਡੇ ਗਏ ਪ੍ਰਦੂਸ਼ਿਤ ਪਾਣੀ ਨਾਲ 2019 ਵਿਚ ਵੱਡੀ ਗਿਣਤੀ ਮੱਛੀਆਂ ਮਰਨ ਦੀ ਘਟਨਾ ਇਸ ਵਰਤਾਰੇ ਦਾ ਇਕ ਛੋਟਾ ਜਿਹਾ ਸਬੂਤ ਹੈ। ਉਦਯੋਗਿਕ ਇਕਾਈਆਂ ਤੋਂ ਦਰਿਆਵਾਂ ਵਿਚ ਨਿਕਾਸੇ ਜਾਂਦੇ ਰਸਾਇਣਾਂ-ਭਰਪੂਰ ਪ੍ਰਦੂਸ਼ਿਤ ਪਾਣੀ ਦਾ ਪੁਖਤਾ ਸਬੂਤ ਕਰੋਨਾ ਮਹਾਮਾਰੀ ਵੇਲੇ ਲੌਕਡਾਊਨ ਨਾਲ ਉਦਯੋਗਿਕ ਇਕਾਈਆਂ ਦੇ ਬੰਦ ਹੋਣ ਨਾਲ ਗੰਗਾ ਅਤੇ ਯਮੁਨਾ ਜਿਹੇ ਦਰਿਆਵਾਂ ਦੇ ਪਾਣੀ ਦਾ ਕੁਦਰਤੀ ਤੌਰ ਉੱਤੇ ਸਾਫ਼ ਹੋ ਜਾਣਾ ਹੈ, ਜੋ ਸਰਕਾਰ ਵੱਲੋਂ ਕਰੋੜਾਂ ਰੁਪਏ ਖ਼ਰਚ ਕੇ ਸਾਲਾਂ-ਬੱਧੀ ਕੀਤੇ ਗਏ ਉਪਰਾਲਿਆਂ ਨਾਲ ਵੀ ਨਹੀਂ ਹੋਇਆ। ਵੈਸੇ ਵੀ ਨੰਗਲ ਡੈਮ ਤੋਂ ਬਾਅਦ ਸਤਲੁਜ ਦਰਿਆ ਨਾਂ-ਮਾਤਰ ਪਾਣੀ ਨਾਲ ਹੀ ਪੰਜਾਬ ਵਿਚੋਂ ਲੰਘਦਾ ਹੈ, ਪਰ ਜੋ ਕੁਝ ਵੀ ਬਚਿਆ ਹੈ, ਉਸ ਨੂੰ ਇਸ ਅਖੌਤੀ ਆਰਥਿਕ ਵਿਕਾਸ ਦੀ ਭੇਟ ਚੜ੍ਹਨ ਤੋਂ ਬਚਾਉਣ ਵਿਚ ਹੀ ਪੰਜਾਬ ਦੀ ਭਲਾਈ ਹੈ।

ਮੱਤੇਵਾੜਾ ਜੰਗਲ ਅਤੇ ਸਤਲੁਜ ਦਰਿਆ ਤੋਂ ਬਾਅਦ ਤੀਜਾ ਪੱਖ ਜ਼ਮੀਨ ਦਾ ਹੈ। ਇਸ ਉਦਯੋਗਿਕ ਪਾਰਕ ਲਈ ਜਿਨ੍ਹਾਂ ਪਿੰਡਾਂ ਤੋਂ ਜ਼ਮੀਨ ਐਕੁਆਇਰ ਕੀਤੀ ਜਾਣੀ ਹੈ, ਉਹ ਸਾਰੇ ਪਿੰਡ ਸਤਲੁਜ ਦਰਿਆ ਦੇ ਨਾਲ ਲੱਗਦੇ ਖੇਤਰ ਵਿਚ ਸਥਿਤ ਹਨ, ਜਿਸ ਕਰਕੇ ਧਰਤੀ ਹੇਠਲੇ ਪਾਣੀ ਦਾ ਪੱਧਰ ਕਾਫ਼ੀ ਉੱਚਾ ਹੈ ਅਤੇ ਕਿਸਾਨਾਂ ਨੂੰ ਝੋਨੇ ਦੀ ਫ਼ਸਲ ਲਗਾਉਣ ਵਿਚ ਕੋਈ ਦਿੱਕਤ ਨਹੀਂ ਆ ਰਹੀ ਹੈ, ਜਦਕਿ ਪੰਜਾਬ ਦੇ ਤਿੰਨ-ਚੌਥਾਈ ਤੋਂ ਵੱਧ ਕਮਿਊਨਟੀ ਵਿਕਾਸ ਖੰਡਾਂ ਵਿਚ ਧਰਤੀ ਹੇਠਲਾ ਪਾਣੀ ਖ਼ਤਰਨਾਕ ਪੱਧਰ ਤੱਕ ਹੇਠਾਂ ਜਾ ਚੁੱਕਿਆ ਹੈ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਦੇ ਵਿਦਵਾਨਾਂ ਦੁਆਰਾ ਕੀਤੇ ਗਏ ਇਕ ਖੋਜ ਅਧਿਐਨ ਨੇ ਇਹ ਤੱਥ ਸਾਹਮਣੇ ਲਿਆਂਦਾ ਹੈ ਕਿ ਪੰਜਾਬ ਵਿਚ ਧਰਤੀ ਹੇਠਲਾ ਪਾਣੀ ਦੀ ਆਉਣ ਵਾਲੇ 17 ਸਾਲਾਂ ਵਿਚ ਖ਼ਤਮ ਹੋ ਜਾਣ ਦੀ ਸੰਭਾਵਨਾ ਹੈ। ਜੇਕਰ ਅਜਿਹਾ ਹੁੰਦਾ ਹੈ ਤਾਂ ਇਸ ਦੇ ਭਿਆਨਕ ਨਤੀਜੇ ਅਕਹਿ ਅਤੇ ਅਸਹਿ ਹੋਣਗੇ।

ਇਸ ਉਦਯੋਗਿਕ ਪਾਰਕ ਲਈ ਸੇਖੋਵਾਲ ਨਾਂ ਦੇ ਪਿੰਡ ਦੀ ਘਰਾਂ ਅਤੇ ਪਸ਼ੂਆਂ ਦੇ ਚਾਰੇ ਲਈ ਸਿਰਫ਼ 100 ਏਕੜ ਜ਼ਮੀਨ ਨੂੰ ਛੱਡ ਕੇ ਬਾਕੀ ਸਾਰੀ ਐਕੁਆਇਰ ਹੋ ਚੁੱਕੀ ਹੈ। ਪਿੰਡ ਦੇ ਲੋਕਾਂ ਕੋਲ ਖੇਤੀ ਤੋਂ ਇਲਾਵਾ ਆਪਣਾ ਜੀਵਨ-ਨਿਰਬਾਹ ਕਰਨ ਲਈ ਹੋਰ ਕੋਈ ਰੁਜ਼ਗਾਰ ਨਹੀਂ ਹੈ। ਇਨ੍ਹਾਂ ਲੋਕਾਂ ਦੇ ਰੁਜ਼ਗਾਰ ਬਾਰੇ ਸਰਕਾਰ ਨੇ ਕੋਈ ਯੋਜਨਾ ਉਲੀਕੀ ਹੈ ਜਾਂ ਨਹੀਂ ਉਸਦਾ ਕਿਸੇ ਨੂੰ ਕੋਈ ਪਤਾ ਨਹੀਂ।

ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਰਾਜ ਦੇ ਆਰਥਿਕ ਵਿਕਾਸ ਲਈ ਉਦਯੋਗਿਕ ਪਾਰਕ ਤਾਂ ਬਣਾਵੇ, ਪਰ ਕੁਦਰਤੀ ਸਰੋਤਾਂ ਦਾ ਉਜਾੜਾ ਨਾ ਕਰੇ। ਇਸ ਸੰਬੰਧ ਵਿਚ ਇਹ ਤੱਥ ਧਿਆਨ ਵਿਚ ਰੱਖਣਾ ਬਹੁਤ ਜ਼ਰੂਰੀ ਹੈ ਕਿ ਪੰਜਾਬ ਦੇ ਉਦਯੋਗਿਕ ਵਿਕਾਸ ਲਈ ਮੁੱਖ ਤਰਜੀਹ ਐਗਰੋ-ਪ੍ਰੋਸੈਸਿੰਗ ਉਦਯੋਗਿਕ ਇਕਾਈਆਂ ਨੂੰ ਦਿੱਤੀ ਜਾਵੇ ਜਿਨ੍ਹਾਂ ਨੂੰ ਪੰਜਾਬ ਦੇ ਪਿੰਡਾਂ ਦੇ ਲੋਕ ਆਪਣੇ ਘਰਾਂ ਜਾਂ ਸਾਂਝੀਆਂ ਥਾਵਾਂ ਉੱਤੇ ਸ਼ੁਰੂ ਕਰ ਸਕਦੇ ਹਨ। ਮਾਰਚ 2022 ਵਿਚ ਪੰਜਾਬ ਦੀ ਐਂਸਬਲੀ ਲਈ ਹੋਈਆਂ ਚੋਣਾਂ ਵਿਚ ਆਮ ਆਦਮੀ ਪਾਰਟੀ ਨੇ 117 ਹਲਕਿਆਂ ਵਿਚੋਂ 92 ਹਲਕਿਆਂ ਵਿਚ ਜਿੱਤ ਪ੍ਰਾਪਤ ਕਰ ਕੇ ਆਪਣੀ ਸਰਕਾਰ ਬਣਾਈ ਹੈ। 26 ਜੂਨ, 2022 ਨੂੰ ਸੰਗਰੂਰ ਦੀ ਲੋਕ ਸਭਾ ਦੀ ਸੀਟ ਦੇ ਆਏ ਚੋਣ ਨਤੀਜੇ ਨੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਲੋਕਾਂ ਨਾਲ ਕੀਤੇ ਵਾਅਦਿਆਂ ਤੋਂ ਵੀ ਅੱਗੇ ਜਾ ਕੇ ਲੋਕ-ਕਲਿਆਣ ਦੇ ਕੰਮ ਕਰਨ ਦਾ ਸਖ਼ਤ ਸੁਨੇਹਾ ਦਿੱਤਾ ਹੈ। ਪੰਜਾਬ ਵਿਚ ਹਕੂਮਤ ਕਰ ਰਹੀ ਆਮ ਆਦਮੀ ਪਾਰਟੀ ਨੇ ਰਾਜ ਸਭਾ ਵਿਚ ਭੇਜੇ ਗਏ ਛੇ ਮੈਂਬਰਾਂ ਵਿਚ ਪੰਜਾਬ ਦੇ ਵਾਤਾਵਰਨ ਨੂੰ ਬਚਾਉਣ ਲਈ ਸਭ ਤੋਂ ਅੱਗੇ ਹੋ ਕੇ ਕੰਮ ਕਰਨ ਵਾਲੇ ਸੰਤ ਬਲਬੀਰ ਸਿੰਘ ਸੀਚੇਵਾਲ ਨੂੰ ਸ਼ਾਮਲ ਕਰ ਕੇ ਪ੍ਰਸ਼ੰਸਾਯੋਗ ਕੰਮ ਕੀਤਾ ਹੈ। ਸੰਤ ਸੀਚੇਵਾਲ ਨੇ ਪੰਜਾਬ ਦੇ ਸਤਲੁਜ ਦਰਿਆ ਦੀ ਇਕ ਸਹਾਇਕ-ਨਦੀ ਕਾਲੀ ਵੇਈਂ ਨੂੰ 160 ਕਿਲੋਮੀਟਰ ਦੀ ਲੰਬਾਈ ਵਿਚ ਸਾਫ਼ ਕਰ ਕੇ ਸਮਾਜ, ਰਾਜ ਅਤੇ ਕੇਂਦਰ ਸਰਕਾਰਾਂ ਦਾ ਧਿਆਨ ਵਾਤਾਵਰਨ ਨੂੰ ਸਵੱਛ ਬਣਾਉਣ ਵੱਲ ਦਿਵਾਇਆ ਹੈ। ਉਨ੍ਹਾਂ ਨੇ ਪਿੰਡ ਦੇ ਛੱਪੜਾਂ/ਟੋਭਿਆਂ ਦੇ ਪਾਣੀ ਨੂੰ ਸਾਫ਼ ਕਰ ਕੇ ਵਰਤੋਂ ਵਿਚ ਲਿਆਉਣ ਲਈ ਜਿਹੜੀ ਵਿਧੀ ਵਿਕਸਤ ਕੀਤੀ ਉਸ ਦੀ ਕਾਮਯਾਬੀ ਨੇ ਇਸ ਕੰਮ ਨੂੰ 'ਸੀਚੇਵਾਲ ਮਾਡਲ' ਦਾ ਨਾਮ ਦਿਵਾਇਆ। ਸੰਤ ਸੀਚੇਵਾਲ ਦੁਆਰਾ ਕੀਤੀਆਂ ਗਈਆਂ ਸੇਵਾਵਾਂ ਨੂੰ ਧਿਆਨ ਵਿਚ ਰੱਖਦੇ ਹੋਏ 26 ਜਨਵਰੀ, 2017 ਨੂੰ ਉਸ ਸਮੇਂ ਦੇ ਭਾਰਤ ਦੇ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਉਨ੍ਹਾਂ ਨੂੰ ਪਦਮਸ਼੍ਰੀ ਸਨਮਾਨ ਨਾਲ ਨਿਵਾਜਿਆ।

ਮੱਤੇਵਾੜਾ ਜੰਗਲ ਦੇ ਇਤਿਹਾਸਕ-ਧਾਰਮਿਕ, ਧਰਤੀ ਹੇਠਲੇ ਪਾਣੀ, ਜੀਵ-ਵਿਭਿੰਨਤਾ, ਵਾਤਾਵਰਨ ਸਵੱਛਤਾ ਅਤੇ ਹੋਰ ਪੱਖਾਂ ਨੂੰ ਧਿਆਨ ਵਿਚ ਰੱਖਦੇ ਹੋਏ ਹੁਣ ਦੀ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਨੂੰ ਪਿਛਲੀ ਸਰਕਾਰ ਦੁਆਰਾ ਮੱਤੇਵਾੜਾ ਜੰਗਲ ਦੇ ਨੇੜੇ ਉਦਯੋਗਿਕ ਪਾਰਕ ਬਣਾਉਣ ਦੀ ਦਿੱਤੀ ਗਈ ਮਨਜ਼ੂਰੀ ਨੂੰ ਰੱਦ ਕਰਦੇ ਹੋਏ ਇਸ ਜੰਗਲ ਦੀ ਰਾਖੀ ਕਰਨ ਲਈ ਅੱਗੇ ਆਉਣਾ ਬਣਦਾ ਹੈ।

## ਫਿਰਕੂ ਦੰਗੇ ਅਤੇ ਭਾਰਤੀ ਪੁਲਿਸ-10

# ਫਿਰਕੂ ਦੰਗੇ ਅਤੇ ਭਾਰਤੀ ਪੁਲਿਸ ਦੀ ਭੂਮਿਕਾ

***ਵਿਭੂਤੀ ਨਰਾਇਣ ਰਾਏ ਪੁਲਿਸ ਅਫਸਰ ਰਹੇ ਹਨ। ਇਸ ਦੇ ਨਾਲ-ਨਾਲ ਉਹ ਲਿਖਾਰੀ ਵੀ ਹਨ। ਉਨ੍ਹਾਂ 5 ਨਾਵਲਾਂ ਤੋਂ ਇਲਾਵਾ ਭਾਰਤ ਵਿਚ ਫਿਰਕੂ ਸਿਆਸਤ ਨਾਲ ਸਬੰਧਤ ਦੋ ਪੁਸਤਕਾਂ ਲਿਖੀਆਂ ਹਨ। 'ਫਿਰਕੂ ਦੰਗੇ ਅਤੇ ਭਾਰਤੀ ਪੁਲਿਸ' ਨਾਂ ਦੀ ਪੁਸਤਕ ਵਿਚ ਉਨ੍ਹਾਂ ਫਿਰਕੂ ਦੰਗਿਆਂ ਦੇ ਵੱਖ-ਵੱਖ ਪਹਿਲੂਆਂ ਬਾਰੇ ਛਾਣ-ਬੀਣ ਕੀਤੀ ਹੈ। ਉਨ੍ਹਾਂ ਦਾ ਇਹ ਮੰਨਣਾ ਹੈ ਕਿ ਭਾਰਤ ਵਰਗੇ ਮੁਲਕ ਨੂੰ ਧਰਮ ਨਿਰਪੱਖ ਅਤੇ ਤਰੱਕੀ ਦੇ ਰਸਤੇ 'ਤੇ ਅੱਗੇ ਵਧਾਉਣ ਲਈ ਧਾਰਮਿਕ ਕੱਟੜਤਾ, ਗੈਰ-ਵਿਗਿਆਨਕ ਸੋਚ, ਰੂੜ੍ਹੀਵਾਦੀ ਮਾਨਸਿਕਤਾ ਤੋਂ ਬਾਹਰ ਆਉਣਾ ਪਵੇਗਾ। ਇਸ ਲਿਖਤ ਦੀ ਦਸਵੀਂ ਕਿਸ਼ਤ ਹਾਜ਼ਰ ਹੈ। ਇਸ ਦਾ ਹਿੰਦੀ ਤੋਂ ਪੰਜਾਬੀ ਵਿਚ ਅਨੁਵਾਦ ਤਰਸੇਮ ਲਾਲ ਨੇ ਕੀਤਾ ਹੈ।***

ਫਿਰਕੂ ਤਣਾਓ ਸਮੇਂ ਪੁਲਿਸ ਦੀ ਭੂਮਿਕਾ ਜਾਂ ਨਿਰਪੱਖਤਾ ਨੂੰ ਲੈ ਕੇ ਭਾਰਤੀ ਸਮਾਜ ਦੀ ਸੋਚ ਵੰਡੀ ਹੋਈ ਹੈ। ਸਮਾਜ ਦੇ ਅਲੱਗ-ਅਲੱਗ ਵਰਗ ਪੁਲਿਸ ਦੀ ਨਿਰਪੱਖ ਭੂਮਿਕਾ ਦੀ ਵਿਆਖਿਆ ਵੀ ਆਪੋ-ਆਪਣੇ ਢੰਗ ਨਾਲ ਕਰਦੇ ਹਨ। ਮੇਰੇ ਅਧਿਐਨ ਵਿਚ ਮੁੱਖ ਰੂਪ ਵਿਚ ਤਿੰਨ ਵਰਗਾਂ ਦੀ ਰਾਇ ਜਾਨਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਹ ਸਨ: ਪੁਲਿਸ ਕਰਮਚਾਰੀ, ਬਹੁਗਿਣਤੀ ਫਿਰਕਾ ਅਤੇ ਘੱਟ ਗਿਣਤੀ ਫਿਰਕਾ। ਹੈਰਾਨੀ ਦੀ ਗੱਲ ਹੈ ਕਿ 'ਅਲੱਗ-ਅਲੱਗ ਤਿੰਨਾਂ ਵਰਗਾਂ ਦੇ ਮੈਂਬਰਾਂ ਦੀ ਰਾਇ ਲਗਭਗ ਇਕੋ ਜਿਹੀ ਸੀ; ਭਾਵ, ਇਕ ਵਰਗ ਦੇ ਲੋਕ



**ਵਿਭੂਤੀ ਨਰਾਇਣ ਰਾਏ**
**ਅਨੁਵਾਦ: ਤਰਸੇਮ ਲਾਲ**

ਪੁਲਿਸ ਦੀ ਭੂਮਿਕਾ ਨੂੰ ਲੈ ਕੇ ਇੱਕੋ ਤਰ੍ਹਾਂ ਸੋਚਦੇ ਹਨ। ਪੁਲਿਸ ਕਰਮਚਾਰੀਆਂ ਨੂੰ ਵਰਗ ਦੇ ਤੌਰ 'ਤੇ ਰੱਖਣਾ ਸਮਾਜ ਸ਼ਾਸਤਰ ਦੇ ਨਿਯਮਾਂ ਅਨੁਸਾਰ ਵਾਜਿਬ ਨਹੀਂ ਕਿਉਂਕਿ ਵਰਦੀ ਪਹਿਨਣ ਦੇ ਬਾਵਜੂਦ ਉਨ੍ਹਾਂ ਦੇ ਆਚਰਨ ਅਤੇ ਸੋਚ ਵਿਚ ਆਰਥਿਕ, ਸਮਾਜਿਕ ਤੇ ਭੂਗੋਲਿਕ ਵਾਤਾਵਰਨ ਦਾ ਅੰਤਰ ਸਾਫ ਦਿਖਾਈ ਦਿੰਦਾ ਹੈ। ਫਿਰ ਵੀ ਇਸ ਅਧਿਐਨ ਵਿਚ ਇਸ ਨੂੰ ਵਰਗ ਦੇ ਤੌਰ 'ਤੇ ਇਸ ਲਈ ਰੱਖਿਆ ਗਿਆ ਹੈ ਕਿਉਂਕਿ ਉਨ੍ਹਾਂ ਨੂੰ ਦਿੱਤੀ ਜਾਣ ਵਾਲੀ ਸਿਖਲਾਈ ਅਤੇ ਅਨੁਸ਼ਾਸਨ ਹੋਣ ਕਾਰਨ ਸਮੂਹ ਦੇ ਤੌਰ 'ਤੇ ਉਨ੍ਹਾਂ ਦੀ ਸੋਚਣੀ ਅਤੇ ਕਿਸੇ ਸਮਾਜਿਕ ਮੁੱਦੇ 'ਤੇ ਪ੍ਰਤੀਕਿਰਿਆ ਵੀ ਕਾਫੀ ਹੱਦ ਤੱਕ ਇੱਕੋ ਜਿਹੀ ਹੁੰਦੀ ਹੈ। ਮਿਸਾਲ ਵਜੋਂ ਨਕਸਲੀ ਇਲਾਕਿਆਂ ਅੰਦਰ ਜ਼ਿਆਦਾਤਰ ਪੁਲਿਸ ਕਰਮਚਾਰੀਆਂ ਲਈ ਨਕਸਲਵਾਦ ਕੇਵਲ 'ਅਮਨ ਕਾਨੂੰਨ ਦੀ ਸਮੱਸਿਆ' ਹੈ। ਉਹ ਉਸ ਇਲਾਕੇ ਦੇ ਸਮਾਜਿਕ ਆਰਥਿਕ ਹਾਲਾਤ ਨੂੰ ਨਜ਼ਰ ਅੰਦਾਜ਼ ਕਰ ਦਿੰਦੇ ਹਨ। ਉਹ ਇਹੀ ਮੰਨਦੇ ਹਨ ਕਿ ਜੇ ਪੂਰੀ ਸਖਤੀ ਨਾਲ 'ਕਾਨੂੰਨ ਵਿਵਸਥਾ' ਲਾਗੂ ਕਰ ਦਿੱਤੀ ਜਾਵੇ ਤਾਂ ਇਸ ਸਮੱਸਿਆ ਤੋਂ ਨਿਜਾਤ ਪਾਈ ਜਾ ਸਕਦੀ ਹੈ। ਇਸੇ ਤਰ੍ਹਾਂ ਫਿਰਕਾਪ੍ਰਸਤੀ ਵੀ ਉਨ੍ਹਾਂ ਲਈ ਕਾਨੂੰਨ ਵਿਵਸਥਾ ਦਾ ਮਾਮਲਾ ਹੈ।

ਅਧਿਐਨ ਦੌਰਾਨ ਸੇਵਾ ਕਰ ਰਹੇ ਅਤੇ ਸੇਵਾ-ਮੁਕਤ ਲਗਭਗ 50 ਪੁਲਿਸ ਕਰਮਚਾਰੀਆਂ ਅਤੇ ਅਧਿਕਾਰੀਆਂ ਦੇ ਇੰਟਰਵਿਊ ਲਏ ਗਏ। ਇਸ ਲਈ ਉਨ੍ਹਾਂ ਨੂੰ ਪਹਿਲਾਂ ਤਿਆਰ ਕੀਤੀਆਂ ਪ੍ਰਸ਼ਨਾਵਲੀਆਂ ਭੇਜੀਆਂ ਗਈਆਂ ਅਤੇ ਕੁਝ ਨਾਲ ਆਹਮੋ-ਸਾਹਮਣੇ ਗੱਲਬਾਤ ਕੀਤੀ। ਇਨ੍ਹਾਂ ਵਿਚ ਰੁਸਤਮ, ਐਨ.ਐਸ. ਸਕਸੈਨਾ ਅਤੇ ਜੇ.ਐਫ. ਰਿਬੈਰੋ ਵਰਗੇ ਪੁਲਿਸ ਅਧਿਕਾਰੀ ਵੀ ਸ਼ਾਮਲ ਸਨ ਜਿਨ੍ਹਾਂ ਨੂੰ ਭਾਰਤੀ ਪੁਲਿਸ ਦਾ ਥਿੰਕ ਟੈਂਕ ਵੀ ਕਹਿ ਸਕਦੇ ਹਾਂ। ਇਹ ਲੋਕ ਵੱਖ-ਵੱਖ ਵਿਸ਼ਿਆਂ 'ਤੇ ਲਿਖਦੇ ਰਹਿੰਦੇ ਹਨ।

ਇਸ ਅਧਿਐਨ ਦੌਰਾਨ ਬਹੁਗਿਣਤੀ ਅਤੇ ਘੱਟ ਗਿਣਤੀ ਸਮੂਹ ਦੇ ਦੰਗਾ ਪੀੜਤ ਮੈਂਬਰਾਂ ਦੇ ਲਈ ਇੱਕੋ ਤਰ੍ਹਾਂ ਦੀ ਪ੍ਰਸ਼ਨਾਵਲੀ ਰੱਖੀ ਗਈ। ਪ੍ਰਸ਼ਨਾਵਲੀ ਬਣਾਉਣ ਵੇਲੇ ਇਸ ਗੱਲ ਦਾ ਧਿਆਨ ਰੱਖਿਆ ਕਿ ਦੰਗਾ ਪੀੜਤ ਆਮ ਤੌਰ 'ਤੇ ਸਮਾਜ ਦੇ ਸਭ ਤੋਂ ਕਮਜ਼ੋਰ ਤਬਕੇ 'ਚੋਂ ਹੁੰਦੇ ਹਨ। ਆਰਥਿਕ ਅਤੇ ਸਮਾਜਿਕ ਪੱਛੜਾਪਣ ਉਨ੍ਹਾਂ ਦੇ ਸਿੱਖਿਆ ਦੇ ਪੱਧਰ ਤੋਂ ਵੀ ਸਾਫ ਪਤਾ ਲੱਗਦਾ ਹੈ। ਇਸ ਲਈ ਪ੍ਰਸ਼ਨਾਵਲੀ ਵਿਚ ਪ੍ਰਸ਼ਨ ਬਿਨਾਂ ਕਿਸੇ ਉਲਝਾਓ ਤੋਂ ਸਿੱਧੇ ਸਾਦੇ ਢੰਗ ਨਾਲ ਪੁੱਛੇ ਗਏ ਅਤੇ ਉਤਰ ਵੀ ਹਾਂ/ਨਾਂਹ ਵਿਚ ਦੇਣੇ ਸਨ; ਜਿਵੇਂ ਪਹਿਲਾ ਪ੍ਰਸ਼ਨ ਦੰਗਾ ਪੀੜਤਾਂ ਦੇ ਮਨ ਵਿਚ ਪੁਲਿਸ ਦੇ ਅਕਸ ਨਾਲ ਸਬੰਧਤ ਸੀ। ਜਦੋਂ ਉਨ੍ਹਾਂ ਨੂੰ ਪੁੱਛਿਆ ਕਿ ਫਿਰਕੂ ਦੰਗਿਆਂ ਦੌਰਾਨ ਪੁਲਿਸ ਨੂੰ ਕਿਸ ਰੂਪ ਵਿਚ ਦੇਖਦੇ ਹਨ ਤਾਂ ਬਹੁਗਿਣਤੀ ਫਿਰਕੇ, ਭਾਵ ਹਿੰਦੂ ਭਾਈਚਾਰੇ ਦੇ ਜਵਾਬ ਅਤੇ ਘੱਟ ਗਿਣਤੀ, ਭਾਵ ਮੁਸਲਮਾਨ ਭਾਈਚਾਰੇ ਦੇ ਜਵਾਬ ਇਕ ਦੂਜੇ ਦੇ ਉਲਟ ਸਨ। ਜਿੱਥੇ 100% ਮੁਸਲਮਾਨਾਂ ਅਤੇ ਸਿੱਖਾਂ ਦਾ ਮੰਨਣਾ ਸੀ ਕਿ ਪੁਲਿਸ ਦੁਸ਼ਮਣ ਵਾਂਗ ਵਿਹਾਰ ਕਰਦੀ ਹੈ, ਉੱਥੇ ਹਿੰਦੂ ਭਾਈਚਾਰਾ ਉਨ੍ਹਾਂ ਨੂੰ ਮਿੱਤਰ ਦੇ ਰੂਪ ਵਿਚ ਦੇਖਦਾ ਸੀ। ਪੁਲਿਸ ਨੂੰ ਮਿੱਤਰ ਮੰਨਣ ਵਾਲਿਆਂ ਵਿਚ ਜ਼ਿਆਦਾਤਰ ਹਿੰਦੂ ਫਿਰਕੂ ਦੰਗਿਆਂ ਸਮੇਂ ਹੀ ਪੁਲਿਸ ਨੂੰ ਇਹ ਦਰਜਾ ਦਿੰਦੇ ਹਨ। ਸੜਕ ਦੇ ਟਰੈਫਿਕ ਨਿਯਮਾਂ ਦੇ ਉਲੰਘਣ ਸਮੇਂ ਟਰੈਫਿਕ ਪੁਲਿਸ ਦੇ ਸਿਪਾਹੀ ਦੀ ਅਸੱਭਿਅਕ ਭਾਸ਼ਾ ਅਤੇ ਵਰਤਾਓ, ਪੁਲਿਸ ਰਿਪੋਰਟ ਦਰਜ ਕਰਵਾਉਣ ਵੇਲੇ ਹੁੰਦੀ ਖੱਜਲ ਖੁਆਰੀ ਦੇ ਰੋਜ਼ਾਨਾ ਅਭਿਆਸ ਦੌਰਾਨ ਆਮ ਹਿੰਦੂ ਜਾਂ ਆਮ ਮੁਸਲਿਮ ਦੀ ਪੁਲਿਸ ਨੂੰ ਲੈ ਕੇ ਰਾਇ ਇਕੋ ਜਿਹੀ ਹੁੰਦੀ ਹੈ। ਇਹ ਸਾਡਾ ਦੁਰਭਾਗ ਹੈ ਕਿ ਸਾਧਾਰਨ ਸਥਿਤੀ ਵਿਚ ਦੇਸ਼ ਦਾ ਕੋਈ ਵਰਗ ਵੀ ਪੁਲਿਸ ਨੂੰ ਮਿੱਤਰ ਮੰਨਣ ਲਈ ਤਿਆਰ ਨਹੀਂ ਹੁੰਦਾ; ਫਿਰਕੂ ਦੰਗਿਆਂ ਸਮੇਂ ਦੇਸ਼ ਦਾ ਬਹੁਗਿਣਤੀ ਭਾਈਚਾਰਾ ਪੁਲਿਸ ਨੂੰ ਮਿੱਤਰ ਮੰਨਣ ਲਈ ਕਿਵੇਂ ਤਿਆਰ ਹੋ ਜਾਂਦਾ ਹੈ!



*2002 ਵਿਚ ਦੰਗਿਆਂ ਦੌਰਾਨ ਬਲ ਰਹੇ ਗੁਜਰਾਤ ਦੀ ਇਕ ਝਲਕ।*

ਇਸੇ ਸਥਿਤੀ ਨੂੰ ਸਮਝਣ ਲਈ ਫਿਰਕੂ ਦੰਗਿਆਂ ਦੌਰਾਨ ਪੁਲਿਸ ਕਾਰਵਾਈ ਦੇ ਵੱਖ-ਵੱਖ ਪੜਾਵਾਂ ਨੂੰ ਡੂੰਘਾਈ ਨਾਲ ਦੇਖਣ ਦੀ ਲੋੜ ਹੈ। ਫਿਰਕੂ ਦੰਗਿਆਂ ਸਮੇਂ ਪੁਲਿਸ ਵਲੋਂ ਕੀਤੀ ਜਾਣ ਵਾਲੀ ਤਾਕਤ ਦੀ ਵਰਤੋਂ, ਕੀਤੀਆਂ ਜਾਣ ਵਾਲੀਆਂ ਗ੍ਰਿਫਤਾਰੀਆਂ, ਹੋਰ ਕਾਰਵਾਈ, ਤੱਥਾਂ ਦੀ ਰਿਪੋਰਟਿੰਗ ਅਤੇ ਕੈਦੀਆਂ ਨਾਲ ਵਰਤਾਓ ਵਰਗੇ ਪੜਾਵਾਂ ਦੀ ਪੜਤਾਲ ਕਰਕੇ, ਉਨ੍ਹਾਂ ਕਾਰਨਾਂ ਨੂੰ ਰੇਖਾਂਕਿਤ ਕਰਨ ਦਾ ਯਤਨ ਕਰਾਂਗੇ ਜਿਨ੍ਹਾਂ ਕਰਕੇ ਇਕ ਹੀ ਸਥਿਤੀ ਵਿਚ ਪੁਲਿਸ ਬਹੁਗਿਣਤੀ ਭਾਈਚਾਰੇ ਨੂੰ ਮਿੱਤਰ ਜਾਪਦੀ ਹੈ ਅਤੇ ਘੱਟ ਗਿਣਤੀ ਫਿਰਕੇ ਨੂੰ ਦੁਸ਼ਮਣ।

ਪ੍ਰਸ਼ਨਾਵਲੀ ਦਾ ਦੂਜਾ ਪ੍ਰਸ਼ਨ ਫਿਰਕੂ ਦੰਗਿਆਂ ਸਮੇਂ ਪੁਲਿਸ ਕੋਲ ਸਹਾਇਤਾ ਲਈ ਜਾਣ ਨਾਲ ਸਬੰਧਤ ਹੈ। ਇਸ ਪ੍ਰਸ਼ਨ ਦਾ ਉੱਤਰ ਵੀ ਪਹਿਲੇ ਪ੍ਰਸ਼ਨ ਦੇ ਉੱਤਰ ਨਾਲ ਜੁੜਿਆ ਹੋਇਆ ਹੈ। ਜਿਨ੍ਹਾਂ ਲੋਕਾਂ ਦੀ ਧਾਰਨਾ ਪੁਲਿਸ ਨੂੰ ਲੈ ਕੇ ਦੁਸ਼ਮਣ ਵਾਲੀ ਸੀ, ਉਹ ਫਿਰਕੂ ਦੰਗਿਆਂ ਸਮੇਂ ਪੁਲਿਸ ਕੋਲ ਮਦਦ ਮੰਗਣ ਲਈ ਜਾਣ ਤੋਂ ਇਨਕਾਰੀ ਸਨ ਜਦੋਂ ਕਿ ਸੌ ਪ੍ਰਤੀਸ਼ਤ ਹਿੰਦੂਆਂ ਵਲੋਂ ਹਾਂ ਵਿਚ ਉੱਤਰ ਦਿੱਤਾ ਗਿਆ। ਇਸ ਉੱਤਰ ਵਿਚ ਛੁਪੇ ਗੰਭੀਰ ਨਤੀਜਿਆਂ ਤੋਂ ਅਸੀਂ ਅੱਖਾਂ ਨਹੀਂ ਮੀਚ ਸਕਦੇ। ਦੰਗਿਆਂ ਸਮੇਂ ਪੁਲਿਸ ਹੀ ਰਾਜ ਸਰਕਾਰ ਵਲੋਂ ਸਭ ਤੋਂ ਵੱਧ 'ਬਚਾਓ ਪੱਖ' ਸੜਕ 'ਤੇ ਦਿਖਾਈ ਦਿੰਦਾ ਹੈ। ਸਹਿਜ ਅਤੇ ਸੁਭਾਵਿਕ ਪ੍ਰਤੀਕਿਰਿਆ ਦੇ ਰੂਪ ਵਿਚ ਕਿਸੇ ਵੀ ਨਾਗਰਿਕ ਵਲੋਂ ਜਾਨ ਮਾਲ ਨੂੰ ਖਤਰੇ ਦੇ ਦਰਪੇਸ਼ ਸਭ ਤੋਂ ਪਹਿਲਾਂ ਪੁਲਿਸ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਹੀ ਨਜ਼ਰ ਆਉਂਦੀ ਹੈ। ਜੇ ਨਾਗਰਿਕਾਂ ਦਾ ਕੋਈ ਵਰਗ ਪੁਲਿਸ 'ਤੇ ਆਸਥਾ ਨਹੀਂ ਰੱਖਦਾ ਸਗੋਂ ਬੇਵਿਸ਼ਵਾਸੀ ਰੱਖਦਾ ਹੈ ਤਾਂ ਇਸ ਗੱਲ ਦਾ ਖਤਰਾ ਹਮੇਸ਼ਾ ਬਣਿਆ ਰਹਿੰਦਾ ਹੈ ਕਿ ਇਸ ਵਰਗ ਦੀ ਰਾਜ ਸੱਤਾ 'ਤੇ ਹੀ ਆਸਥਾ ਸਮਾਪਤ ਹੋ ਜਾਵੇ। ਇਹ ਬੇਹੱਦ ਖਤਰਨਾਕ ਸਥਿਤੀ ਹੁੰਦੀ ਹੈ। ਰਾਜ ਵਲੋਂ ਸੁਰੱਖਿਆ ਨਾ ਦੇਣ ਦੇ ਖਤਰਨਾਕ ਨਤੀਜੇ ਅਸੀਂ ਦੇਖ ਚੁੱਕੇ ਹਾਂ। ਤੱਥ ਇਹ ਹੈ ਕਿ 1984 ਦੇ ਕਤਲੇਆਮ ਦੀ ਸ਼ਕਲ ਵਿਚ ਮਾਰੇ ਗਏ ਸਿੱਖਾਂ ਦੇ ਪਰਿਵਾਰਾਂ ਵਿਚ ਸਿੱਖ ਦਹਿਸ਼ਤਵਾਦ ਲਈ ਰੰਗਰੂਟ ਭਰਤੀ ਕਰਨ ਦੀ ਸਭ ਤੋਂ ਜ਼ਰਖੇਜ਼ ਭੋਇੰ ਬਣ ਗਏ ਸਨ। ਇਸੇ ਤਰ੍ਹਾਂ ਬੰਬਈ ਵਿਚ ਹੋਏ ਬੰਬ ਵਿਸਫੋਟ ਦੀਆਂ ਘਟਨਾਵਾਂ ਦੀ ਪੜਚੋਲ ਸਮੇਂ ਇਹ ਤੱਥ ਸਪਸ਼ਟ ਹੋਏ ਕਿ ਦਸੰਬਰ 1992 ਤੇ 1993 ਦੇ ਮੁੱਢਲੇ ਮਹੀਨਿਆਂ ਵਿਚ ਮੁਸਲਮਾਨਾਂ ਦੇ ਜਾਨ ਮਾਲ ਦੇ ਹੋਏ ਗੰਭੀਰ ਨੁਕਸਾਨ ਅਤੇ ਉਨ੍ਹਾਂ ਦੀ ਸੁਰੱਖਿਆ ਸਮੇਂ ਪੁਲਿਸ ਦੀ ਅਸਫਲਤਾ ਜਾਂ ਚੁੱਪ, ਘਟਨਾ ਵਾਲੇ ਲੋਕਾਂ ਨੂੰ ਬੰਬ ਵਿਸਫੋਟਾਂ ਰਾਹੀਂ ਗੁੱਸੇ ਦਾ ਪ੍ਰਗਟਾਵਾ ਕਰਨ ਦਾ ਕਾਰਨ ਬਣੀ।

ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਪਾਕਿਸਤਾਨੀ ਖੁਫੀਆ ਏਜੰਸੀਆਂ ਜਿਸ ਵਿਚ ਆਈ.ਐੱਸ.ਆਈ. ਸਭ ਤੋਂ ਪ੍ਰਮੁੱਖ ਹੈ, ਭਾਰਤ ਵਿਚ ਲਗਾਤਾਰ ਆਪਣਾ ਹਮਾਇਤੀ-ਆਧਾਰ ਵਧਾਉਣ ਦਾ ਯਤਨ ਕਰਦੀਆਂ ਰਹਿੰਦੀਆਂ ਹਨ ਅਤੇ ਰਾਜ ਉਪਰ ਉਸ ਦੀ ਜਨ ਸੰਖਿਆ ਦੇ ਕਿਸੇ ਵੀ ਵਰਗ ਦੀ ਆਸਥਾ ਖਤਮ ਹੁੰਦੇ ਹੀ, ਉਨ੍ਹਾਂ ਨੂੰ ਆਪਣੀਆਂ ਜੜ੍ਹਾਂ ਫੈਲਾਉਣ ਲਈ ਜ਼ਰਖੇਜ਼ ਜ਼ਮੀਨ ਪ੍ਰਾਪਤ ਹੋ ਜਾਂਦੀ ਹੈ।

000

ਅਧਿਐਨ ਦੌਰਾਨ ਘੱਟ ਗਿਣਤੀਆਂ ਦੇ ਮਨ ਵਿਚ ਫਿਰਕੂ ਦੰਗਿਆਂ ਦੇ ਸਮੇਂ ਪੁਲਿਸ ਦੀ ਦੁਸ਼ਮਣ ਵਰਗੀ ਦਿੱਖ ਬਣਨ ਦੇ ਕਾਰਨਾਂ ਦੀ ਵਿਆਖਿਆ ਕਰਨ ਤੋਂ ਪਹਿਲਾਂ ਸਾਨੂੰ ਇਸ ਤੱਥ ਨੂੰ ਧਿਆਨ ਵਿਚ ਰੱਖਣਾ ਹੋਵੇਗਾ ਕਿ ਅੰਗਰੇਜ਼ ਰਾਜ ਵੇਲੇ ਆਧੁਨਿਕ ਅਤੇ ਸੰਗਠਤ ਸੰਸਥਾ ਦੇ ਰੂਪ ਵਿਚ ਜਨਮੀ ਪੁਲਿਸ ਨੂੰ ਭਾਰਤੀ ਸਮਾਜ ਆਮ ਤੌਰ 'ਤੇ ਫਿਰਕੂ ਦੇ ਰੂਪ ਵਿਚ ਕਿਉਂ ਦੇਖਦਾ ਹੈ। ਅੰਗਰੇਜ਼ ਸ਼ਾਸਨ ਦੌਰਾਨ ਭਾਰਤੀ ਸਮਾਜ ਵਿਚ ਜਿਉਂ-ਜਿਉਂ ਫਿਰਕਾਪ੍ਰਸਤੀ ਵਧਦੀ ਗਈ, ਉਸੇ ਅਨੁਪਾਤ ਨਾਲ ਬੇ-ਯਕੀਨੀ ਅਤੇ ਅਸੁਰੱਖਿਅਤਾ ਮਹਿਸੂਸ ਕਰ ਰਿਹਾ ਸਮੂਹ, ਇਕ ਆਮ ਪੁਲਿਸ ਕਰਮਚਾਰੀ ਨੂੰ ਆਪਣੇ ਰੱਖਿਅਕ ਦੇ ਰੂਪ ਵਜੋਂ ਦੇਖਣ ਲੱਗਿਆ। ਫਿਰਕੂ ਦੰਗਿਆਂ ਸਮੇਂ ਥਾਣੇ ਜਾਣ ਵਾਲਾ ਹਿੰਦੂ ਜਾਂ ਮੁਸਲਿਮ ਆਪਣੇ ਧਰਮ ਦੇ ਪੁਲਿਸ ਕਰਮਚਾਰੀ ਨੂੰ ਆਪਣੇ ਰੱਖਿਅਕ ਦੇ ਰੂਪ ਵਿਚ ਦੇਖਣ ਲੱਗਿਆ ਅਤੇ ਉਸ ਨਾਲ ਅਸਾਨੀ ਨਾਲ ਗੱਲਬਾਤ ਕਰ ਸਕਦਾ ਸੀ; ਦੂਜੇ ਧਰਮ ਦੇ ਪੁਲਿਸ ਕਰਮਚਾਰੀ ਦੀ ਹਰ ਹਰਕਤ ਉਸ ਨੂੰ ਨਾ ਵਿਸ਼ਵਾਸਯੋਗ ਅਤੇ ਦੁਸ਼ਮਣੀ ਵਾਲੀ ਪ੍ਰਤੀਤ ਹੁੰਦੀ ਸੀ।

ਪੁਲਿਸ ਦੀ ਇਸ ਫਿਰਕੂ ਵੰਡ ਪਿੱਛੇ ਮੁੱਖ ਕਾਰਨ ਅੰਗਰੇਜ਼ ਸਾਮਰਾਜ ਵੱਲੋਂ ਆਪਣਾ ਵਜੂਦ ਬਣਾਈ ਰੱਖਣ ਲਈ ਵੱਡੇ ਪੈਮਾਨੇ 'ਤੇ ਭਾਰਤੀ ਸਮਾਜ ਦਾ ਕੀਤਾ ਗਿਆ ਫਿਰਕੂਕਰਨ ਸੀ। ਫਿਰਕੂਕਰਨ ਦੀ ਇਸ ਪ੍ਰਕਿਰਿਆ ਵਿਚ ਸਮਾਜ ਦੇ ਸਾਰੇ ਵਰਗ ਪ੍ਰਭਾਵਿਤ ਹੋਏ। ਸੁਭਾਵਕ ਸੀ ਕਿ ਪੁਲਿਸ ਜੋ ਇਸੇ ਸਮਾਜ ਵਿਚੋਂ ਹੀ ਆਉਂਦੀ ਹੈ, ਵੀ ਇਸ ਵਰਤਾਰੇ ਤੋਂ ਮੁਕਤ ਨਹੀਂ ਰਹੀ। ਬਹੁਤ ਸਾਰੇ ਮੌਕਿਆਂ 'ਤੇ ਸਾਨੂੰ ਪੁਲਿਸ ਦਾ ਚਰਿੱਤਰ, ਸਮਾਜ ਦੀਆਂ ਫਿਰਕੂ ਕਦਰਾਂ ਅਨੁਸਾਰ ਹੀ ਦੇਖਣ ਨੂੰ ਮਿਲਦਾ ਹੈ। ਅੱਜ ਦੇ ਸਮਾਜ ਵਿਚ ਘੱਟ ਗਿਣਤੀਆਂ ਅਤੇ ਪੁਲਿਸ ਦੇ ਰਿਸ਼ਤਿਆਂ ਨੂੰ ਪਰਿਭਾਸ਼ਤ ਕਰਨ ਲਈ ਸਾਨੂੰ ਆਜ਼ਾਦੀ ਤੋਂ ਪਹਿਲਾਂ ਦੇ ਭਾਰਤੀ ਸਮਾਜ ਵਿਚ ਵਾਪਰੀਆਂ ਦੋ ਘਟਨਾਵਾਂ ਦਾ ਅਧਿਐਨ ਕਰਨਾ ਬਣਦਾ ਹੈ। ਇਸ ਤੋਂ ਸਾਨੂੰ ਇਹ ਸਮਝਣ ਵਿਚ ਮਦਦ ਮਿਲੇਗੀ ਕਿ ਕਿਸ ਤਰ੍ਹਾਂ ਸਾਡੇ ਸਮਾਜ ਵਿਚ ਕੋਈ ਪੁਲਿਸ ਕਰਮਚਾਰੀ ਤੋਂ ਆਪਣੇ ਫਿਰਕੇ ਦੇ ਫਿਰਕੂ ਹਿਤਾਂ ਦੀ ਰੱਖਿਆ ਦੀ ਆਸ/ਬੇਆਸ ਰੱਖ ਸਕਦਾ ਹੈ।

ਵੀਹਵੀਂ ਸਦੀ ਦੇ ਮੁੱਢਲੇ ਦਹਾਕਿਆਂ ਵਿਚ ਬੰਗਾਲ ਦੇ ਪੂਰਬੀ ਹਿੱਸਿਆਂ ਵਿਚ ਰੁਕ-ਰੁਕ ਕੇ ਲਗਾਤਾਰ ਫਿਰਕੂ ਹਿੰਸਾ ਦੀਆਂ ਘਟਨਾਵਾਂ ਹੁੰਦੀਆਂ ਰਹੀਆਂ। ਤੀਜੇ ਅਤੇ ਚੌਥੇ ਦਹਾਕੇ ਤੱਕ ਇਸ ਹਿੰਸਾ ਦੀ ਰਾਜਨੀਤਕ ਸ਼ਕਲ ਸਪਸ਼ਟ ਹੋਣ ਲੱਗੀ ਸੀ ਪਰ ਇਸ ਤੋਂ ਪਹਿਲਾਂ ਦੇ ਫਿਰਕੂ ਦੰਗੇ ਮੁੱਖ ਰੂਪ ਵਿਚ ਧਾਰਮਿਕ ਕੱਟੜਪੰਥੀਆਂ ਵਲੋਂ ਪਿੰਡਾਂ ਦੇ ਸਮਾਜਿਕ, ਆਰਥਿਕ ਮੁੱਦਿਆਂ ਦਾ ਫਿਰਕੂ ਇਸਤੇਮਾਲ ਕਰਨ ਦੀ ਕੋਸ਼ਿਸ਼ ਵਿਚੋਂ ਹੀ ਪੈਦਾ ਹੋਏ ਸਨ। ਮੁਸਲਮਾਨ ਕਾਸ਼ਤਕਾਰਾਂ ਅਤੇ ਬੇਜ਼ਮੀਨੇ ਮਜ਼ਦੂਰਾਂ ਵਲੋਂ ਉਨ੍ਹਾਂ ਦਾ ਸ਼ੋਸ਼ਣ ਕਰਨ ਵਾਲੇ ਹਿੰਦੂ ਜਾਗੀਰਦਾਰਾਂ ਅਤੇ ਸੂਦਖੋਰਾਂ ਖਿਲਾਫ ਭੜਕਣ ਵਾਲੀ ਹਿੰਸਾ ਅੰਧ ਧਰਮੀ ਮੌਲਵੀਆਂ ਵਲੋਂ ਧਾਰਮਿਕ ਪ੍ਰਤੀਕਾਂ ਦਾ ਪ੍ਰਯੋਗ ਕਰਨ ਕਰਕੇ ਫਿਰਕੂ ਬਣ ਦਿੱਤੀ ਗਈ।

ਭੋਲੇ ਭਾਲੇ ਅਨਪੜ੍ਹ ਪੇਂਡੂ ਲੋਕਾਂ ਦੇ ਸਮਾਜਿਕ-ਆਰਥਿਕ ਸੰਘਰਸ਼ਾਂ ਦੇ ਫਿਰਕੂਕਰਨ ਦੀ ਪ੍ਰਕਿਰਿਆ ਵਿਚ ਉਸ ਵੇਲੇ ਦੇ ਪੂਰਬੀ ਬੰਗਾਲ ਦੇ ਪੁਲਿਸ ਕਰਮਚਾਰੀਆਂ ਦੀ ਭੂਮਿਕਾ ਦਾ ਅਧਿਐਨ ਕਰਨਾ ਦਿਲਚਸਪ ਹੋਵੇਗਾ। ਫਿਰਕੂ ਸ਼ਕਤੀਆਂ ਨੇ ਸਾਰੇ ਮੁਸਲਮਾਨਾਂ ਨੂੰ ਹਿੰਦੂਆਂ ਵਿਰੁੱਧ ਇਕੱਠੇ ਕਰਨ ਲਈ ਅਫਵਾਹਾਂ ਫੈਲਾਈਆਂ। ਪਹਿਲੀ ਅਫਵਾਹ ਤਾਂ ਇਹ ਸੀ ਕਿ ਬ੍ਰਿਟਿਸ਼ ਮਹਾਰਾਣੀ ਅਤੇ ਢਾਕੇ ਦੇ ਨਵਾਬ ਵਿਚ ਸਮਝੌਤਾ ਹੋ ਗਿਆ ਹੈ ਅਤੇ ਹਿੰਦੂਆਂ 'ਤੇ ਹਮਲਾ ਅੰਗਰੇਜ਼ ਰਾਜ ਦੀ ਸੇਵਾ ਹੋਵੇਗਾ। ਦੂਜੀ ਅਫਵਾਹ ਅਨੁਸਾਰ ਇਕ ਖਾਸ ਸਮੇਂ ਦੌਰਾਨ ਹਿੰਦੂਆਂ 'ਤੇ ਕੀਤੇ ਹਮਲੇ ਦੌਰਾਨ ਕੋਈ ਮੁਕੱਦਮਾ ਨਹੀਂ ਚੱਲੇਗਾ। ਅਲੱਗ-ਅਲੱਗ ਸ਼ਹਿਰਾਂ ਵਿਚ ਇਹ ਸਮਾਂ ਅਲੱਗ-ਅਲੱਗ ਪ੍ਰਚਾਰਿਆ ਗਿਆ।

ਇਨ੍ਹਾਂ ਅਫਵਾਹਾਂ ਦੀ ਸਾਖ ਵਧਾਉਣ ਲਈ ਮੌਲਵੀਆਂ ਨੇ ਮੁਸਲਿਮ ਪੁਲਿਸ ਕਰਮਚਾਰੀਆਂ ਦਾ ਸਹਾਰਾ ਲਿਆ। ਪੁਲਿਸ ਦੇ ਸਿਪਾਹੀ ਦੀ ਜਿਸ ਤਰ੍ਹਾਂ ਦੀ ਹੈਸੀਅਤ ਉਸ ਸਮੇਂ ਦੇ ਭਾਰਤੀ ਸਮਾਜ ਵਿਚ ਸੀ, ਉਸ ਨੂੰ ਦੇਖਦੇ ਹੋਏ ਪੂਰਬੀ ਬੰਗਾਲ ਦੀ ਮੁਸਲਮਾਨ ਪੇਂਡੂ ਜਨਤਾ ਨੇ ਪੁਲਿਸ ਕਰਮਚਾਰੀਆਂ ਦੇ ਅਫਵਾਹਾਂ ਦੀ ਪੁਸ਼ਟੀ ਕਰਦੇ ਹੀ ਇਨ੍ਹਾਂ ਅਫਵਾਹਾਂ 'ਤੇ ਵਿਸ਼ਵਾਸ਼ ਕਰ ਲਿਆ। ਦੰਗਿਆਂ ਸਮੇਂ ਅਜਿਹੀਆਂ ਸ਼ਿਕਾਇਤਾਂ ਮਿਲੀਆਂ ਕਿ ਮੁਸਲਮਾਨ ਸਿਪਾਹੀਆਂ ਅਤੇ ਥਾਣੇਦਾਰਾਂ ਜਿਨ੍ਹਾਂ ਦੀ ਗਿਣਤੀ ਹਿੰਦੂ ਪੁਲਿਸ ਕਰਮਚਾਰੀਆਂ ਨਾਲੋਂ ਵੱਧ ਸੀ, ਨੇ ਹਿੰਸਾ ਦੇ ਸ਼ਿਕਾਰ ਹਿੰਦੂਆਂ ਨੂੰ ਬਚਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਇਸ ਤੋਂ ਵੀ ਗੰਭੀਰ ਗੱਲ ਇਹ ਸੀ ਕਿ ਉਪਰੋਕਤ ਅਫਵਾਹਾਂ ਫੈਲਾਉਣ ਲਈ ਉਨ੍ਹਾਂ ਦੇ ਸੱਚ ਹੋਣ ਦੀ ਛਾਪ ਭੋਲੇ ਭਾਲੇ ਪੇਂਡੂ ਲੋਕਾਂ ਦੇ ਮਨਾਂ ਅੰਦਰ ਬਿਠਾਉਣ ਦਾ ਕੰਮ ਮੁਸਲਿਮ ਪੁਲਿਸ ਕਰਮਚਾਰੀਆਂ ਨੇ ਕੀਤਾ।

ਇਕ ਮੁਕੱਦਮੇ ਦੌਰਾਨ ਇਕ ਪੇਂਡੂ ਮੁਸਲਮਾਨ ਜਿਸ 'ਤੇ ਹਿੰਦੂਆਂ ਵਿਰੁੱਧ ਹਿੰਸਾ ਵਿਚ ਭਾਗ ਲੈਣ ਦਾ ਦੋਸ਼ ਲਗਾਇਆ ਜਾ ਰਿਹਾ ਸੀ, ਬੜੀ ਮਾਸੂਮੀਅਤ ਨਾਲ ਅਦਾਲਤ ਵਿਚ ਮੌਜੂਦ ਸਿਪਾਹੀ ਵੱਲ ਉਂਗਲ ਉਠਾਉਂਦੇ ਹੋਏ ਦੱਸਦਾ ਹੈ ਕਿ ਇਸ ਨੇ ਉਸ ਨੂੰ ਦੱਸਿਆ ਸੀ ਕਿ "ਹਿੰਦੂਆਂ 'ਤੇ ਉਸ ਸਮੇਂ ਕੀਤਾ ਹਮਲਾ ਰਾਜ ਭਗਤੀ ਦਾ ਕੰਮ ਮੰਨਿਆ ਜਾਵੇਗਾ ਅਤੇ ਅੰਗਰੇਜ਼ ਮਹਾਰਾਣੀ ਤੇ ਢਾਕਾ ਦੇ ਨਵਾਬ ਵਿਚ ਹੋਏ ਸਮਝੌਤੇ ਮੁਤਾਬਕ ਇਸ ਕੰਮ ਲਈ ਮੁਆਫੀ ਮਿਲੀ ਹੋਈ ਹੈ।"

ਅਲਾਹਾਬਾਦ ਤੋਂ ਪ੍ਰਕਾਸ਼ਤ ਰੋਜ਼ਾਨਾ 'ਲੀਡਰ' ਦੇ ਸੰਪਾਦਕ ਸੀ.ਵਾਈ. ਚਿੰਤਾਮਣੀ ਦੀ ਸੰਯੁਕਤ ਪ੍ਰਾਂਤ ਦੇ ਮੁੱਖ ਸਕੱਤਰ ਐੱਚ. ਬਾਮਫੋਰਡ ਨੂੰ ਭੇਜੀ ਚਿੱਠੀ ਤੋਂ ਵੀ ਪੁਲਿਸ ਬਾਰੇ ਉਸ ਸਮੇਂ ਦੇ ਸਮਾਜ ਦੀਆਂ ਫਿਰਕੂ ਧਾਰਨਾਵਾਂ ਬਾਰੇ ਚੰਗੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਸ ਚਿੱਠੀ ਨਾਲ ਚਿੰਤਾਮਣੀ ਜੋ ਵਿਧਾਨ ਪ੍ਰੀਸ਼ਦ ਦੇ ਮੈਂਬਰ ਵੀ ਸਨ, ਨੇ ਕਾਨਪੁਰ ਦੇ ਪੰਡਿਤ ਰਘਬਰ ਦਿਆਲ ਭੱਟ ਵੈਦ ਦੀ ਲੰਮੀ ਚਿੱਠੀ ਵੀ ਨੱਥੀ ਕੀਤੀ ਹੈ। ਪੰਡਤ ਰਘਵਰ ਦਿਆਲ ਨੇ ਆਪਣੀ ਚਿੱਠੀ ਵਿਚ ਵਿਸਥਾਰ ਨਾਲ ਇਸ ਗੱਲ ਦਾ ਜ਼ਿਕਰ ਕੀਤਾ ਹੈ ਕਿ ਕਿਸ ਪ੍ਰਕਾਰ ਕਾਨਪੁਰ ਜੋ ਹਿੰਦੂ ਵਪਾਰੀਆਂ ਦਾ ਗੜ੍ਹ ਹੈ, ਹੌਲੀ-ਹੌਲੀ ਹਿੰਦੂਆਂ ਲਈ ਅਸੁਰੱਖਿਅਤ ਹੋ ਰਿਹਾ ਸੀ। ਇਸ ਅਸੁਰੱਖਿਅਤਾ ਦਾ ਇਕ ਮਾਤਰ ਕਾਰਨ ਪੁਲਿਸ ਵਿਭਾਗ ਵਿਚ ਮੁਸਲਮਾਨਾਂ ਦੀ ਬਹੁਤ ਜ਼ਿਆਦਾ ਮੌਜੂਦਗੀ ਸੀ। ਉਸ ਅਨੁਸਾਰ ਸ਼ਹਿਰ ਅਤੇ ਪਿੰਡਾਂ ਦੇ ਥਾਣਿਆਂ ਵਿਚ ਨਿਯੁਕਤ ਥਾਣਾ ਮੁਖੀਆਂ ਅਤੇ ਹੋਰ ਅਧਿਕਾਰੀਆਂ ਵਿਚ ਮੁਸਲਿਮ ਬਹੁਗਿਣਤੀ ਹਿੰਦੂਆਂ ਲਈ ਘਾਤਕ ਸਾਬਤ ਹੋ ਰਹੀ ਸੀ। ਮੁੱਖ ਸਕੱਤਰ ਵਲੋਂ ਪੁਲਿਸ ਦੇ ਡੀ.ਜੀ.ਪੀ. ਨੂੰ ਟਿੱਪਣੀ

(ਬਾਕੀ ਅਗਲੇ ਸਫੇ 'ਤੇ)

### ਵੱਡੀ ਵੰਗਾਰ

*ਪੁਲਿਸ ਅਫਸਰ ਵਜੋਂ ਮੈਂ ਮਹਿਸੂਸ ਕੀਤਾ ਹੈ ਕਿ ਭਾਰਤੀ ਪੁਲਿਸ ਪਹਿਲਾਂ ਹੀ ਮਨ ਬਣਾ ਕੇ ਘੱਟ-ਗਿਣਤੀ ਵਿਰੋਧੀ ਮਾਨਸਿਕਤਾ ਦੀ ਸ਼ਿਕਾਰ ਹੁੰਦੀ ਹੈ। ਉਨ੍ਹਾਂ ਦੀ ਯੋਗ ਸਿਖਲਾਈ ਅਤੇ ਘੱਟ-ਗਿਣਤੀਆਂ ਦੀ ਪੁਲਿਸ ਬਲਾਂ ਅੰਦਰ ਭਰਤੀ ਦਾ ਅਨੁਪਾਤ ਮੁੱਖ ਤੌਰ 'ਤੇ ਦੋਸ਼ੀ ਹੈ। ਤੁਹਾਡੇ ਕੋਲ ਵਧੇਰੇ ਪੁਲਿਸ ਬਲ, ਵੱਡੀ ਗਿਣਤੀ ਹਥਿਆਰ, ਵਧੇਰੇ ਗੱਡੀਆਂ, ਬਹੁਤ ਵਧੀਆ ਸੂਚਨਾ ਤੰਤਰ ਕੋਈ ਮਾਇਨੇ ਨਹੀਂ ਰੱਖਦਾ, ਜੇ ਉਨ੍ਹਾਂ ਦੀ ਸੋਚ ਪਹਿਲਾਂ ਹੀ ਵਿਸ਼ੇਸ਼ ਵਿਚਾਰ ਨਾਲ ਲੈਸ ਹੈ।*

*-ਵਿਭੂਤੀ ਨਰਾਇਣ ਰਾਏ*

# ਸ਼ਾਇਰ ਅਮਿਤੋਜ ਦੀਆਂ ਝਲਕਾਂ

1974 ਦੇ ਕਿਸੇ ਮਹੀਨੇ ਦੀ ਗੱਲ ਹੈ। ਮੈਨੂੰ ਜੇਲ੍ਹ ਵਿਚੋਂ ਆਏ ਕੁਝ ਮਹੀਨੇ ਹੀ ਹੋਏ ਸਨ। ਕਿਤੇ ਕੋਈ ਕਵੀ ਦਰਬਾਰ ਸੀ। ਪਾਸ਼, ਪਾਤਰ ਵਰਗੇ ਨਾਮਵਰ ਸ਼ਾਇਰ ਵੀ ਪਹੁੰਚੇ ਸਨ। ਉਥੇ ਅਮਿਤੋਜ ਨੇ ਆਪਣੀ ਪ੍ਰਸਿੱਧ ਕਵਿਤਾ 'ਬੁੱਢਾ ਬਲਦ' ਜਾਂ 'ਬੱਗਾ ਬਲਦ' ਪੇਸ਼ ਕੀਤੀ ਸੀ। ਬਹੁਤ ਹੀ ਸ਼ਾਨਦਾਰ-ਜਾਨਦਾਰ ਕਾਵਿ-ਰਚਨਾ ਹੈ ਉਹ। ਪੰਜਾਬੀ ਦੀ ਕਿਸੇ ਵੀ ਬੋਲੀ ਦੀਆਂ ਕਵਿਤਾਵਾਂ ਨਾਲ ਤੁਲਨਾ ਕਰੀਏ ਤਾਂ ਉਹ ਉੱਚਤਮ ਕਾਵਿ-ਕਿਰਤਾਂ ਵਿਚ ਗਿਣੀ ਜਾ ਸਕਦੀ ਹੈ। ਕਿਵੇਂ ਖੇਤੀਬਾੜੀ ਕਰਦਾ ਕੋਈ ਸਾਧਾਰਨ ਪੇਂਡੂ ਪਰਿਵਾਰ ਆਪਣੀ ਸਖਤ ਕਮਾਈ ਨਾਲ ਆਪਣੇ ਬੱਚਿਆਂ ਨੂੰ ਵਿਸ਼ਵ-ਵਿਦਿਆਲੇ 'ਚ ਪੜ੍ਹਨ ਲਈ ਭੇਜਦਾ ਹੈ ਜਿਸ ਵਿਚ ਮਾਨਵ ਦੀ ਭੂਮਿਕਾ ਨਹੀਂ ਸਗੋਂ ਉਸ ਬੇਜ਼ੁਬਾਨੇ ਪਸ਼ੂ ਦੀ ਘਾਲਣਾ ਵੀ ਅਹਿਮ ਭੂਮਿਕਾ ਹੈ ਜਿਹੜੀ ਉਸ ਬੱਚੇ ਨੂੰ ਨਵੇਂ ਬੋਲ ਬਖਸ਼ਦੀ ਹੈ, ਜਿਹੜੀ ਉਸ ਨੂੰ



**ਦਰਸ਼ਨ ਖਟਕੜ**
**ਫੋਨ: +91-98151-29130**


ਸਾਰਥਕ ਤੇ ਸਿਰਜਕ ਮਨੁੱਖ ਬਣਾਉਂਦੀ ਹੈ ਅਤੇ ਕਿਵੇਂ ਵਿਸ਼ਵ-ਵਿਦਿਆਲੇ ਦੀ ਬੇਗਾਨਗੀ, ਦਿਖਾਵਾ, ਕਿਰਤ ਤੋਂ ਦੂਰੀ ਉਸ ਨੂੰ ਬੇਲਾਗਤਾ ਵੱਲ ਧੱਕਦੀ ਹੈ। ਇਹ ਅਮਿਤੋਜ ਦੀ ਅਮਰ ਰਚਨਾ ਹੈ।


ਫੇਰ ਕਦੇ-ਕਦੇ ਉਸ ਦੀਆਂ ਕਵਿਤਾਵਾਂ ਪੜ੍ਹਨ-ਸੁਣਨ ਦਾ ਮੌਕਾ ਮਿਲਦਾ ਰਿਹਾ ਪਰ ਇਹ ਜਾਣ-ਪਛਾਣ ਵਧੇਰੇ ਨੇੜਤਾ ਵੱਲ ਨਹੀਂ ਵਧ ਸਕੀ।


ਕਾਫੀ ਚਿਰ ਮਗਰੋਂ ਅਮਿਤੋਜ 'ਕੱਚ ਦੀਆਂ ਮੁੰਦਰਾਂ' ਰਾਹੀਂ ਜਲੰਧਰ ਦੂਰਦਰਸ਼ਨ ਤੋਂ ਦਿਸਿਆ। ਉਸ ਦਾ ਇਹ ਟੀ.ਵੀ. ਪ੍ਰੋਗਰਾਮ ਬਹੁਤ ਚਰਚਿਤ ਤੇ ਹਰਮਨ ਪਿਆਰਾ ਬਣਿਆ। ਬੋਲ ਇਉਂ ਸਨ ਕਿ ਜਿਵੇਂ ਠੋਸ ਰੂਪ ਧਾਰਨ ਕਰਦੇ ਜਾਂਦੇ ਹੋਣ। ਜਿਵੇਂ ਬੋਲ ਨਾ ਹੋਣ ਸਗੋਂ ਚਿੱਤਰ ਹੋਣ। ਉਸ ਨੇ ਪਾਤਰ ਸਾਹਿਬ ਦੇ ਤਾਇਆ ਜੀ ਜਾਂ ਚਾਚਾ ਜੀ ਦੇ ਬੇਟੇ ਪ੍ਰਦੇਸੀ ਹੋਰਾਂ ਨੂੰ ਪੇਸ਼ ਕੀਤਾ ਤਾਂ ਬਹੁਤ ਸਲਾਹਿਆ ਗਿਆ। ਮੈਂ ਅਮਿਤੋਜ ਨੂੰ ਵਧਾਈ ਭੇਜੀ।

ਫੇਰ ਇਕ ਲੰਮਾ ਵਕਫਾ...। ਬੱਸ ਖਬਰਾਂ, ਸੋਆਂ...।

ਇਸ ਤੋਂ ਪਹਿਲਾਂ ਇਕ ਅਜੀਬ ਯਾਦਗਾਰ ਬਣ ਗਈ। ਉਹ ਮਿਲਣੀ ਜੋ ਐਮਰਜੈਂਸੀ ਦੌਰਾਨ ਪੰਜਾਬ ਯੂਨੀਵਰਸਿਟੀ ਦੇ ਕਿਸੇ ਹੋਸਟਲ ਵਿਚ ਵਾਪਰੀ। ਮੈਂ ਐਮਰਜੈਂਸੀ ਕਾਰਨ ਅੰਡਰ-ਗਰਾਊਂਡ ਸਾਂ। ਕਿਸੇ ਕੰਮ ਲਈ ਭਗਵਾਨ ਜੋਸ਼ ਅਤੇ ਸਾਥੀ ਸਤਪਾਲ ਗੌਤਮ ਨੂੰ ਮਿਲਣ ਜਾਣਾ ਸੀ। ਜਸਵੰਤ ਖਟਕੜ ਰਾਹੀਂ ਕਈ ਸੁਨੇਹੇ ਸਨ ਕਿ ਕਦੇ ਪੜ੍ਹਨਾ-ਲਿਖਣਾ ਜਾਂ ਠਹਿਰਨਾ ਹੋਵੇ ਤਾਂ ਆ ਸਕਦੇ ਹੋ। ਸ਼ਾਮ ਸੀ, ਅਕਤੂਬਰ-ਨਵੰਬਰ 1975 ਦੇ ਦਿਨ। ਮੈਂ ਅਮਿਤੋਜ ਦੇ ਕਮਰੇ 'ਚ ਰੁਕਿਆ। ਹਾਲਾਂ ਚਾਹ ਵੀ ਨਹੀਂ ਪੀਤੀ ਕਿ ਅਮਿਤੋਜ ਮੈਨੂੰ ਬਿਠਾ ਕੇ ਕਿਸੇ ਪਾਸੇ ਕਿਸੇ ਕੰਮ ਚਲਾ ਗਿਆ। ਗੌਤਮ ਨੂੰ ਪਤਾ ਲੱਗਾ ਤਾਂ ਉਹ ਆ ਗਏ। ਕਹਿੰਦੇ, ਚਲ ਚਾਹ ਪੀਂਦੇ ਹਾਂ, ਮੇਰੇ ਕਮਰੇ 'ਚ ਚੱਲੀਏ। ਅਸੀਂ ਚਲੇ ਗਏ। ਚਾਹ ਖਤਮ ਕੀਤੀ ਹੀ ਸੀ ਕਿ ਅਮਿਤੋਜ ਆ ਧਮਕਿਆ, ਗੁੱਸੇ 'ਚ ਉਬਲਦਾ। ਆਉਂਦੇ ਹੀ ਗੌਤਮ 'ਤੇ ਵਰ੍ਹ ਪਿਆ। ਗਾਲ੍ਹ 'ਤੇ ਗਾਲ੍ਹ। ਰੁਕਣ ਦਾ ਨਾਂ ਹੀ ਨਾ ਲਵੇ। ਮੈਂ ਵੀ ਸਪਸ਼ਟੀਕਰਨ ਦਿੱਤਾ ਕਿ ਗੌਤਮ ਮੈਨੂੰ ਮੱਲੋ-ਮੱਲੀ ਨਹੀਂ ਲਿਆਇਆ, 'ਕੱਲਾ ਦੇਖ ਕੇ ਲੈ ਆਇਆ, ਚਾਹ ਪੀਵਾਂਗੇ, ਤੇਰੀ ਉਡੀਕ ਕਰਾਂਗੇ। ਕੁਝ ਵਿਚਾਰ ਚਰਚਾ ਕਰ ਰਹੇ ਸੀ ਤੇ ਇੰਨੇ ਨੂੰ ਤੂੰ ਆ ਈ ਜਾਣਾ ਸੀ।






***ਸ਼ਾਇਰ ਅਮਿਤੋਜ, (ਵਿਚਕਾਰ) ਅਮਿਤੋਜ ਦਾ ਕਾਵਿ ਸੰਗ੍ਰਹਿ 'ਖਾਲੀ ਤਰਕਸ਼' ਅਤੇ (ਐਨ ਸੱਜੇ) ਅਮਿਤੋਜ ਬਾਰੇ ਲੇਖਾਂ ਦੀ ਕਿਤਾਬ 'ਅਮਿਤੋਜ਼ ਹਾਜ਼ਰ ਹੈ' ਜੋ ਕੰਵਲ ਨੇ ਸੰਪਾਦਤ ਕੀਤੀ ਹੈ।***

ਗੌਤਮ ਹੋਰਾਂ ਵੀ ਬੜੇ ਸਪਸ਼ਟੀਕਰਨ ਦਿੱਤੇ ਪਰ ਲਾਵਾ ਠੰਢਾ ਹੋਣ ਦਾ ਨਾਂ ਨਹੀਂ ਸੀ ਲੈਂਦਾ। ਮੈਂ ਵੀ ਬਹੁਤ ਕਸੂਤਾ ਫਸਿਆ ਮਹਿਸੂਸ ਕੀਤਾ। ਆਖਰ ਇਸ ਸਿੱਟੇ 'ਤੇ ਪੁੱਜਾ ਸਾਂ, ਅਮਿਤੋਜ ਨੇ ਮੰਨ ਲਿਆ ਕਿ ਜਿਵੇਂ ਗੌਤਮ ਮੈਨੂੰ, ਅਮਿਤੋਜ ਦੇ ਮਹਿਮਾਨ ਨੂੰ ਅਗਵਾ ਕਰਕੇ ਲੈ ਗਿਆ ਹੋਵੇ।

ਬੜੀ ਮੁਸ਼ਕਿਲ ਨਾਲ ਰੋਹ ਦੀ ਅੱਗ ਸੀਤ ਹੋਈ। ਕਹਿੰਦਾ- 'ਮੈਂ ਟੇਪ-ਰਿਕਾਰਡ ਲੈ ਆਇਆਂ। ਅੱਜ ਪੰਜਾਬੀ ਕਵਿਤਾ ਦਾ ਮੁਲਾਂਕਣ ਹੋਊਗਾ ਇਸ ਵਿਸ਼ੇਸ਼ ਸਭਾ ਵਿਚ। ਮਾਧਿਅਮ ਰਹੇਗਾ ਪੰਜਾਬੀ ਦੀਆਂ ਠੋਸ, ਠੁੱਕਦਾਰ ਤੇ ਮੁਹਾਵਰੇਦਾਰ ਗਾਲ੍ਹਾਂ। ਸਭ ਹੈਰਾਨ... ਪਰ ਥੋੜ੍ਹਾ ਚਿਰ ਪਹਿਲਾਂ ਹੀ ਸਭ ਨੇ ਅਮਿਤੋਜ ਦੀ ਇੱਛਾ ਦੀ ਨਾਬਰੀ ਕਰਨ ਦਾ ਹੰਗਾਮਾ ਤੱਕਿਆ ਤੇ ਹੰਢਾਇਆ ਸੀ। ਹੁਣ ਨਾਬਰੀ ਕੌਣ ਕਰੇ? ਮੈਂ ਅਤੇ ਭਗਵਾਨ ਜੋਸ਼ ਸਭ ਤੋਂ ਵੱਧ ਫਸੇ ਮਹਿਸੂਸ ਕਰਦੇ ਸਾਂ। ਆਖਰ ਮੁਲਾਂਕਣ ਆਰੰਭ ਹੋਇਆ, ਸਭ ਨੂੰ ਨਕਲੀ ਨਾਮ ਪ੍ਰਦਾਨ ਕੀਤੇ ਗਏ। ਮੇਰੇ ਹਿੱਸੇ ਡੀ.ਪੀ. ਬੈਨਰਜੀ ਨਾਮ ਆਇਆ। ਹੁਣ ਆਰੰਭ ਸੀ, ਭੂਮਿਕਾ ਅਮਿਤੋਜ ਨੇ ਬੰਨ੍ਹੀ। ਭੂਮਿਕਾ ਵਿਚੋਂ ਹੀ ਉਸ ਦਰਸਾ ਦਿੱਤਾ ਕਿ ਉਥੇ ਉਸ ਨਾਲ ਪੁੱਗਣ-ਮੜਿੱਕਣ ਵਾਲਾ ਕੋਈ ਨਹੀਂ ਸੀ।

ਮੈਂ ਕਾਫੀ ਸੋਚ-ਵਿਚਾਰ ਵਿਚ ਰਿਹਾ, ਇਹ ਅਮਿਤੋਜ ਦੀ ਕਰੂਪਤ ਤੇ ਭਟਕੀ ਸਿਰਜਣਾਤਮਕਤਾ ਹੈ, ਇਹ ਉਸ ਦੀ ਮਰਦਊ-ਸੁਪਰ ਈਗੋ ਹੈ, ਇਹ ਮੱਧਵਰਗੀ ਆਕ੍ਰੋਸ਼ ਹੈ ਜਾਂ ਸਿਰਜਣਾ ਦਾ ਸ਼ਰਾਰਤੀਕਰਨ ਹੈ ਅਤੇ ਜਾਂ ਫਿਰ ਇਹ ਸਭ ਕੁਝ ਹੀ ਹੈ। ਮੈਨੂੰ ਲੱਗਾ ਕਿ ਇਹ ਇਨ੍ਹਾਂ ਸਾਰੇ ਤੱਤਾਂ ਦਾ ਸਮੂਹ ਹੈ ਜਿਹੜਾ ਸਕਾਰਥ ਹੋਣ ਤੋਂ ਸੱਖਣਾ ਰਹਿ ਜਾਵੇਗਾ।

ਫੇਰ ਲੰਮਾ ਪਾੜਾ ਖਬਰਾਂ, ਸੋਆਂ...।

1983 ਦਾ ਫਰਵਰੀ ਮਹੀਨਾ। ਮੈਂ 14 ਮਹੀਨੇ ਦੀ ਵਿਦੇਸ਼ ਯਾਤਰਾ ਮਗਰੋਂ ਪਰਤਿਆ ਸੀ। ਪੰਜਾਬ ਦਾ ਮਾਹੌਲ ਅਤਿਅੰਤ ਸਰਾਪਿਆ ਹੋਇਆ ਸੀ। ਮੈਂ ਰੋਜ਼ ਵਾਂਗ ਆਪਣੇ ਘਰ ਤੋਂ ਖੂਹ ਵੱਲ ਆਇਆ। ਜਸਵੰਤ ਖਟਕੜ ਤੇ ਉਸ ਦਾ ਪਰਿਵਾਰ ਇਥੇ ਵੱਸਦਾ ਸੀ, ਮੇਰੇ ਛੋਟੇ ਭਰਾ ਦਾ ਪਰਿਵਾਰ ਸਾਡੇ ਪਿੰਡ ਵਾਲੇ ਘਰ। ਮੈਂ ਸਵੇਰੇ ਜੰਗਲ ਪਾਣੀ ਲਈ ਖੂਹ ਵੱਲ ਆਉਂਦਾ ਪਰ ਪਹਿਲਾਂ ਜਸਵੰਤ ਖਟਕੜ ਕੋਲ ਗੋਤੀ ਲਾਉਂਦਾ, ਚਾਹ ਪੀਂਦਾ ਤੇ ਉਸ ਦੇ ਵਿਅੰਗ ਸੁਣਦਾ। ਜਸਵੰਤ ਦੀ ਪਤਨੀ ਨਰਿੰਦਰ ਵਿਹੜੇ ਵੱਲ ਆਈ ਤਾਂ ਪੁੱਛਿਆ, "ਕਿਧਰ ਹੈ?" ਉਸ ਦਲਾਨ ਵੱਲ ਇਸ਼ਾਰਾ ਕਰ ਦਿੱਤਾ। ਮੈਂ ਆਦਤਨ ਨਿਰਸੰਕੋਚ ਜਾ ਪੁੱਛਿਆ, "ਕਿੱਦਾਂ ਬਈ ਨੌਜੁਆਨਾ?"

"ਆ ਜਾਉ", ਸੁਣਨ ਦੇ ਨਾਲ ਹੀ ਮੈਂ ਬੂਹਾ ਖੋਲ੍ਹ ਅੰਦਰ ਜਾ ਵੜਿਆ। ਉਹ ਤਿੰਨੇ ਜਣੇ ਰਜ਼ਾਈਆਂ 'ਚ ਗੁੱਛ-ਮੁੱਛ ਹੋਏ ਪਏ ਸਨ। ਅੱਧੇ ਕੁ ਸਿੱਧੇ ਹੋਏ। "ਆ ਜਾਓ, ਆ ਜਾਓ ਭਾਊ ਜੀ।" ਜਸਵੰਤ ਖਟਕੜ ਦੇ ਨਾਲ ਪਾਸ਼ ਅਤੇ ਅਮਿਤੋਜ ਸਨ।

ਮੈਂ ਅਮਿਤੋਜ ਦੀ ਸ਼ਾਇਰੀ ਦੀ ਕਦਰਦਾਨੀ ਵਜੋਂ ਉਸ ਨੂੰ ਨਿੱਘ ਨਾਲ ਮਿਲਿਆ। ਜੇਲ੍ਹ ਜੀਵਨ ਦੇ ਸੰਖੇਪ ਸਮੇਂ ਦੌਰਾਨ ਪਾਸ਼ ਨਾਲ ਪਈ ਦੋਸਤੀ ਤੇ ਅਪਣੱਤ ਨਾਲ ਹੱਥ-ਘੁੱਟਣੀ ਹੋਈ। ਜੇਲ੍ਹ ਵਾਲੇ ਵਾਰਤਾਲਾਪ ਦੁਹਰਾ ਕੇ ਉਹ ਮਾਹੌਲ ਸਿਰਜਣ ਦੀ ਤਾਂਘ ਲਰਜ਼ਦੀ ਰਹੀ।

ਅਚਾਨਕ ਜਸਵੰਤ ਬੋਲਿਆ- "ਰਾਤ ਕਹਿੰਦੇ ਸਿਵਿਆਂ ਵੱਲ ਢੋਲਕੀਆਂ ਛੈਣੇ ਵੱਜਦੇ ਰਹੇ। ਕਹਿੰਦੇ ਭੂਤ ਸੈ...।"

"ਲੋਕਾਂ ਦਾ ਵਹਿਮ ਆ, ਕੰਨ ਵੱਜਦੇ ਰਹਿੰਦੇ ਆ।" ਮੈਂ ਜਵਾਬ ਦਿੱਤਾ।

ਅਮਿਤੋਜ ਸ਼ਾਮਲ ਹੋ ਗਿਆ, "ਭਾਅ ਜੀ, ਮਈ ਦਿਵਸ ਕਿਵੇਂ ਰਹੂ, ਸ਼ਿਕਾਗੋ ਦੇ ਝੰਡੇ।"

ਮੈਨੂੰ ਸਭ ਸਮਝ ਤਾਂ ਆ ਹੀ ਪਈ ਪਰ ਚਿੰਤਾ ਦਾ ਤੱਤਾ ਬੁੱਲਾ ਜ਼ਿਹਨ 'ਚੋਂ ਗੁਜ਼ਰ ਗਿਆ। ਕੁਝ ਮਿੰਟ ਪਹਿਲਾਂ ਦੇ ਵਾਰਤਾਲਾਪ ਜ਼ਿਹਨ 'ਚ ਆ ਗਏ।

ਘਰੋਂ ਨਿਕਲ ਕੇ ਮੰਦਰ ਆਇਆ ਤਾਂ ਉਥੇ ਪੰਦਰਾਂ-ਵੀਹ ਜਣੇ ਖੜ੍ਹੇ ਸਨ। ਕਹਿੰਦੇ, ਭਾਅ ਜੀ, ਰਾਤੀਂ ਕੋਈ ਮੰਦਰ ਦੇ ਝੰਡੇ ਲਾਹ ਕੇ ਲੈ ਗਿਆ। ਜਿਨ੍ਹਾਂ ਦੀਆਂ ਮੜ੍ਹੀਆਂ ਤੋਂ ਝੰਡੇ ਗਾਇਬ ਸਨ, ਉਹ ਵੀ ਬੋਲ ਪਏ।

ਮੰਦਰ ਦੇ ਝੰਡਿਆਂ ਦਾ ਮਸਲਾ ਗੰਭੀਰ ਸੀ। ਪਿੰਡ ਨਕਸਲੀ ਪਿੰਡ ਵਜੋਂ ਮਸ਼ਹੂਰ ਸੀ। ਤਿੰਨ ਸਾਥੀ ਸ਼ਹੀਦ ਹੋ ਚੁੱਕੇ ਸਨ। ਕੋਈ ਸ਼ਰਾਰਤ ਕਰ ਸਕਦਾ ਹੈ। ਪਿੰਡ ਵਿਚ ਕੋਈ ਖਾਲਿਸਤਾਨੀ ਸਮਰਥਕ ਰੜਕਦਾ ਨਹੀਂ, ਕਾਂਗਰਸੀ ਅਨਸਰ ਢਿੱਲ ਨਹੀਂ ਕਰ ਸਕਦਾ।

ਮੈਂ ਐਲਾਨ ਕਰ ਦਿੱਤਾ, "ਸਾਡੀ ਪਾਰਟੀ ਤੁਹਾਡੇ ਨਾਲ ਆ। ਰਾਤ ਨੂੰ ਤੁਹਾਡੇ ਨਾਲ ਹਥਿਆਰਬੰਦ ਪਹਿਰੇ 'ਤੇ ਖੜ੍ਹਾਂਗੇ। ਜਿਹੜਾ ਸ਼ੱਕੀ ਦਿਸਦਾ, ਵੱਢ ਦਿਉ ਕਮੀਨੇ ਨੂੰ।" ਕਿਸੇ ਨੇ ਮੇਰੇ ਐਲਾਨ ਦੀ ਖੁੱਲ੍ਹ ਕੇ ਹਮਾਇਤ ਨਹੀਂ ਸੀ ਕੀਤੀ।

ਹੁਣ ਜਦੋਂ ਖੂਹ 'ਤੇ ਆ ਕੇ ਮਿੱਤਰਾਂ ਦੇ ਬੋਲ ਸੁਣੇ ਤਾਂ ਸਪਸ਼ਟ ਹੋ ਗਿਆ ਸੀ ਕਿ ਸਾਰੀ ਰਾਤ ਭੂਤ ਕੀ-ਕੀ ਕਰਦੇ ਰਹੇ ਸਨ।

ਫਿਰ ਅਮਿਤੋਜ ਦੇ ਵਿਆਹ ਦੀ ਖਬਰ ਮਿਲੀ ਤੇ ਵਿਆਹ ਨੇਪਰੇ ਚੜ੍ਹਨ ਦੇ ਸਾਕੇ ਦੀ ਸੂਚਨਾ ਵੀ।

ਫੇਰ ਲੰਮਾ ਪਾੜਾ... ਖਬਰਾਂ, ਸੋਆਂ...।

ਆਪਣੇ ਜਲੰਧਰ ਦਫਤਰ ਗਿਆ ਤਾਂ ਮਿੱਤਰ ਜਸਵੰਤ ਵਿਰਲੀ ਨੇ ਅਮਿਤੋਜ ਦੀ ਬਿਮਾਰੀ ਤੇ ਗੰਭੀਰ ਦਸ਼ਾ ਦੀ ਦੁਖਦਾਈ ਖਬਰ ਦਿੱਤੀ। ਵਿਰਲੀ ਸਿਵਲ ਹਸਪਤਾਲ ਜਲੰਧਰ 'ਚ ਐਕਸ-ਰੇਅ ਕਰਮਚਾਰੀ ਸੀ। ਅਸੀਂ ਦੋਵੇਂ ਖਬਰ ਨੂੰ ਗਏ। ਮੰਜੇ ਕੋਲ ਅਮਿਤੋਜ ਦੀ ਪਤਨੀ ਹਾਜ਼ਰ ਸੀ। ਹਾਲ-ਚਾਲ ਪੁੱਛਿਆ। ਅਮਿਤੋਜ ਸੁੱਤਾ ਪਿਆ ਸੀ ਜਾਂ ਨੀਮ-ਬੇਹੋਸ਼ੀ 'ਚ ਸੀ, ਇਹ ਜਾਨਣਾ ਔਖਾ ਸੀ। ਇਸ ਕਰਕੇ ਕੁਝ ਚਿਰ ਹੋਰ ਉਡੀਕਣਾ ਉਚਿਤ ਲੱਗਾ। ਚਾਹ ਦੇ ਬਹਾਨੇ ਕੁਝ ਹੋਰ ਸਮਾਂ ਗੁਜ਼ਰ ਰਿਹਾ ਸੀ।

ਵਿਰਲੀ ਨੇ 'ਵਾਜਾਂ ਮਾਰੀਆਂ, "ਭਾਅ ਜੀ ਆਏ।" ਅਮਿਤੋਜ ਨੇ ਕੁਝ ਸੁਰਤ ਕੀਤੀ। ਮੈਂ ਭੂਤਕਾਲ ਨੂੰ ਥੋੜ੍ਹਾ ਜਿਹਾ ਛੋਹਿਆ, ਧਰਵਾਸ ਦਿੱਤਾ ਅਤੇ ਆਪਣੇ ਸਾਥੀਆਂ ਵੱਲੋਂ ਕਿਸੇ ਦੀ ਮਦਦ ਦਾ ਭਰੋਸਾ ਦਿੱਤਾ। ਹੁਣ ਤੁਰਨ ਲੱਗੇ ਸਾਂ, ਪਤਾ ਨਹੀਂ ਕੋੜ੍ਹੀ ਨੂੰ ਕੀ ਸੁੱਝਿਆ, ਉਸ ਹੱਥ ਜੋੜੇ, ਬੁੱਲ੍ਹਾਂ ਤੱਕ ਮੁਸਕਾਨ ਖਿੱਚ ਲਿਆਂਦੀ ਅਤੇ ਕਿਹਾ, "ਭਾਅ ਜੀ ਮਾਫ ਕਰਿਉ।" ਮੈਂ ਹੈਰਾਨ ਰਹਿ ਗਿਆ, ਝੰਜੋੜਿਆ ਗਿਆ, ਮਨ ਭਰ ਆਇਆ। ਮਨ ਹੀ ਮਨ 'ਚ ਕਹਿਣ ਲੱਗਾ, "ਅਮਿਤੋਜ ਤੂੰ ਠੀਕ ਤਾਂ ਹੋ, ਤੇਰੇ ਤਾਂ ਸੱਤ ਖੂਨ ਵੀ ਮਾਫ! ਤੂੰ ਮੇਰੇ ਨਾਲ ਕੁਝ ਵੀ ਅਜਿਹਾ ਨਹੀਂ ਕੀਤਾ ਜਿਸ ਦੀ ਮਾਫੀ ਤੈਨੂੰ ਇਸ ਪਲ ਮੰਗਣੀ ਪਵੇ।"

ਅਮਿਤੋਜ ਬਾਰੇ ਕਹਿ ਰਹੇ ਹਨ ਕਿ ਉਸ ਦੀ ਸੁਰਤੀ-ਸੋਝੀ ਟਿਕਾਣੇ ਨਹੀਂ ਪਰ ਇਹ ਸ਼ਬਦ ਕਿਸ ਤਹਿ ਵਿਚੋਂ ਫੁੱਟ ਰਹੇ ਨੇ? ਕੀ ਉਸ ਨੂੰ ਉਹ ਘਟਨਾਵਾਂ ਅਤੇ ਉਨ੍ਹਾਂ ਦੇ ਗਲਤ ਹੋਣ ਦਾ ਅਹਿਸਾਸ ਇਨ੍ਹਾਂ ਪਲਾਂ ਵਿਚ ਵੀ ਹੈ? ਇਹ ਬੋਲ ਤਾਂ ਇਹੋ ਗਵਾਹੀ ਭਰਦੇ ਹਨ? ਕੀ ਉਹ ਇੰਨਾ ਸੰਵੇਦਨਸ਼ੀਲ ਵੀ ਹੈ? ਇੰਨਾ ਜ਼ਿੰਮੇਵਾਰ ਵੀ? ਜਾਂ ਕੀ ਆਖਰੀ ਪਲਾਂ ਦੇ ਢੁੱਕਣ ਦਾ ਅਹਿਸਾਸ ਉਹ ਕਰ ਚੁੱਕਾ ਹੈ ਅਤੇ ਹੁਣ ਆਮ ਆਦਮੀ ਵਾਂਗ ਕੀਤੇ ਕਰਮਾਂ ਦੀਆਂ ਭੁੱਲਾਂ ਬਖਸ਼ਾ ਰਿਹਾ ਹੈ। ਇਹ ਸਾਰਾ ਸੰਵਾਦ ਮੇਰੇ ਅੰਦਰ ਹੋ ਰਿਹਾ ਸੀ ਪਰ ਤੁਰਨ ਲੱਗੇ ਮੈਂ ਇਹ ਹੀ ਕਿਹਾ, "ਅਮਿਤੋਜ ਵੀਰ, ਤੁਸੀਂ ਕੁਝ ਵੀ ਅਜਿਹਾ ਨਹੀਂ ਕੀਤਾ। ਛੱਡ ਯਾਰ, ਇਹ ਗੱਲਾਂ, ਤੂੰ ਠੀਕ ਹੋ। ਸਾਡੇ ਲਈ ਸੇਵਾ ਦੱਸ।"

ਮੈਂ ਅਤੇ ਜਸਵੰਤ ਵਿਰਲੀ ਉਥੋਂ ਰੁਖਸਤ ਹੋਏ। ਇਕ ਹਸਤੀ ਮਿੱਟੀ ਹੋਣ ਜਾ ਰਹੀ ਸੀ। ਕਿਸੇ ਨੇ ਸੋਚਿਆ ਵੀ ਨਹੀਂ ਹੋਣਾ ਕਿ ਉਸ ਦਾ ਆਖਰੀ ਸਮਾਂ ਇੰਨਾ ਦੁਖਦਾਈ ਹੋਵੇਗਾ।

ਚਾਰ ਦਿਨਾਂ ਮਗਰੋਂ ਜਸਵੰਤ ਵਿਰਲੀ ਨੇ ਫੋਨ ਕੀਤਾ ਕਿ ਹਸਤੀ ਮਿੱਟੀ ਹੋ ਗਈ ਹੈ। ਪੰਛੀ ਉੱਡ ਗਿਆ ਸੀ।

# ਫਿਰਕੂ ਦੰਗੇ ਅਤੇ ਭਾਰਤੀ ਪੁਲਿਸ

***(ਪਿਛਲੇ ਸਫੇ ਦੀ ਬਾਕੀ)***

ਲਈ ਭੇਜੇ ਜਾਣ 'ਤੇ ਪ੍ਰਾਪਤ ਵਿਸਥਾਰ ਸਹਿਤ ਟਿੱਪਣੀ ਤੋਂ ਪਤਾ ਲੱਗਦਾ ਹੈ ਕਿ ਕਾਨਪੁਰ ਪੁਲਿਸ ਵਿਚ ਮੁਸਲਮਾਨ, ਹਿੰਦੂਆਂ ਨਾਲੋਂ ਕਾਫੀ ਵੱਧ ਗਿਣਤੀ ਵਿਚ ਸਨ। ਇਸ ਦਾ ਕਾਰਨ ਵਿਭਾਗੀ ਤਰੱਕੀਆਂ ਦੀ ਪ੍ਰੀਖਿਆ ਦਾ ਮਾਧਿਅਮ ਉਰਦੂ ਹੋਣਾ ਵੀ ਸੀ।

ਅਸਲ ਵਿਚ ਵੈਦ ਰਘਬਰ ਦਿਆਲ ਭੱਟ ਦੀਆਂ ਕਾਨਪੁਰ ਪੁਲਿਸ ਵਿਚ ਮੁਸਲਿਮ ਕਰਮਚਾਰੀਆਂ ਦੀ ਵਧੇਰੇ ਪ੍ਰਤੀਸ਼ਤ ਨੂੰ ਲੈ ਕੇ ਪ੍ਰਗਟ ਕੀਤੀਆਂ ਚਿੰਤਾਵਾਂ ਅੱਜ ਦੇ ਭਾਰਤੀ ਸਮਾਜ ਅੰਦਰ ਪੁਲਿਸ ਨੂੰ ਲੈ ਕੇ ਬਣਨ ਵਾਲੀਆਂ ਫਿਰਕੂ ਧਾਰਨਾਵਾਂ ਦਾ ਹੀ ਦੂਜਾ ਰੂਪ ਹੈ। ਇਨ੍ਹਾਂ ਧਾਰਨਾਵਾਂ ਮੁਤਾਬਕ ਖਾਕੀ ਵਰਦੀ ਵਿਚ ਪੁਲਿਸ ਆਪਣੇ ਫਿਰਕੇ ਲਈ ਰੱਖਿਅਕ ਅਤੇ ਵਿਰੋਧੀ ਫਿਰਕੇ ਲਈ ਦੁਸ਼ਮਣ ਦੇ ਰੂਪ ਵਿਚ ਹੀ ਦੇਖੀ ਜਾਂਦੀ ਰਹੀ ਹੈ।

ਪਿਛਲੇ ਕੁਝ ਸਾਲਾਂ ਤੋਂ ਭਾਰਤੀ ਸਮਾਜ ਦਾ ਫਿਰਕੂਕਰਨ ਵਿਆਪਕ ਪੈਮਾਨੇ 'ਤੇ ਹੋਇਆ ਹੈ। ਪੁਲਿਸ ਵੀ ਸੁਭਾਵਿਕ ਰੂਪ ਵਿਚ ਇਸ ਤੋਂ ਪ੍ਰਭਾਵਿਤ ਹੈ। ਆਜ਼ਾਦੀ ਤੋਂ ਫੌਰਨ ਬਾਅਦ ਜਦੋਂ ਰਾਜਨੀਤੀ ਰਾਸ਼ਟਰੀ ਨਿਰਮਾਣ ਅਤੇ ਨਿਰ-ਸੁਆਰਥ ਸੇਵਾ ਵਰਗੇ ਮਹਾਨ ਆਦਰਸ਼ਾਂ ਤੋਂ ਪ੍ਰਭਾਵਿਤ ਸੀ; ਉਸ ਸਮੇਂ ਪੂਰੇ ਸਮਾਜ ਵਿਚ ਵਿਸ਼ੇਸ਼ ਪ੍ਰਕਾਰ ਦਾ ਉਤਸ਼ਾਹ ਅਤੇ ਰਾਸ਼ਟਰੀ ਭਾਵਨਾ ਉਮੜੀ ਦਿਖਾਈ ਦਿੰਦੀ ਹੈ। ਬਾਅਦ ਵਿਚ ਜਿਉਂ-ਜਿਉਂ ਰਾਜਨੀਤੀ ਵਿਚ ਗਿਰਾਵਟ ਆਉਂਦੀ ਗਈ, ਉਸ ਦਾ ਅਸਰ ਦੂਜੀਆਂ ਸੰਸਥਾਵਾਂ 'ਤੇ ਵੀ ਦਿਖਾਈ ਦੇਣ ਲੱਗਾ ਅਤੇ ਜਨਤਾ ਮੋਹ-ਭੰਗ ਦਾ ਸ਼ਿਕਾਰ ਹੋਣ ਲੱਗੀ। ਇਸ ਦਾ ਸਿੱਧਾ ਅਸਰ ਫਿਰਕੂ ਦੰਗਿਆਂ ਦੇ ਗ੍ਰਾਫ 'ਤੇ ਵੀ ਦਿਖਾਈ ਪੈਂਦਾ ਹੈ। ਆਜ਼ਾਦੀ ਦੇ ਤੁਰੰਤ ਬਾਅਦ ਦੇਸ਼ ਦੀ ਵੰਡ ਸਮੇਂ ਹੋਏ ਦੰਗਿਆਂ ਨੂੰ ਜੇ ਛੱਡ ਦੇਈਏ ਤਾਂ ਮਹਾਤਮਾ ਗਾਂਧੀ ਦੀ ਹੱਤਿਆ ਤੋਂ ਬਾਅਦ ਇਹ ਦੰਗੇ ਰੁਕ ਗਏ ਜਾਪਦੇ ਸਨ। ਪੰਜ ਸਾਲਾ ਯੋਜਨਾਵਾਂ ਦੇ ਰਾਹੀਂ ਵਿਕਾਸ ਦੀਆਂ ਉਚਾਈਆਂ ਛੋਹ ਰਹੇ ਦੇਸ਼ ਵਿਚ ਕੱਟੜ ਧਾਰਮਿਕ ਸ਼ਕਤੀਆਂ ਨੂੰ ਸਿਰ ਉਠਾਉਣ ਦਾ ਮੌਕਾ ਨਹੀਂ ਮਿਲਿਆ। ਇਸ ਸਮੇਂ ਦੌਰਾਨ ਇਹ ਸ਼ਕਤੀਆਂ ਕਮਜ਼ੋਰ ਜ਼ਰੂਰ ਰਹੀਆਂ ਪਰ ਪੂਰੀ ਤਰ੍ਹਾਂ ਖਤਮ ਨਹੀਂ ਹੋਈਆਂ। ਜਿਉਂ-ਜਿਉਂ ਰਾਜਨੀਤੀ ਅਤੇ ਦੂਜੀਆਂ ਸੰਸਥਾਵਾਂ ਭ੍ਰਿਸ਼ਟ ਹੁੰਦੀਆਂ ਗਈਆਂ, ਲੋਕਾਂ ਵਿਚ ਦੇਸ਼ ਭਗਤੀ ਦੀ ਭਾਵਨਾ ਕਮਜ਼ੋਰ ਹੁੰਦੀ ਗਈ। ਰਾਸ਼ਟਰ ਵਿਰੋਧੀ ਫਿਰਕੂ ਸ਼ਕਤੀਆਂ ਮਜ਼ਬੂਤ ਹੁੰਦੀਆਂ ਗਈਆਂ। 1961 ਵਿਚ ਇਕ ਵਾਰ ਫਿਰ ਤੋਂ ਫਿਰਕੂ ਦੰਗਿਆਂ ਦਾ ਦੌਰ ਸ਼ੁਰੂ ਹੋ ਜਾਂਦਾ ਹੈ। ਜਬਲਪੁਰ ਅਤੇ ਇਕ ਦਰਜਨ ਤੋਂ ਵੱਧ ਹੋਰ ਸ਼ਹਿਰਾਂ ਵਿਚ ਹੋਏ ਦੰਗੇ ਭਾਰਤੀ ਸਮਾਜ ਵਿਚ ਮੁੜ ਤੋਂ ਵੱਧ ਰਹੀ ਫਿਰਕੂ ਕੱਟੜਤਾ ਦੇ ਖਤਰਿਆਂ ਦਾ ਸਾਹਮਣਾ ਕਰਨ ਦੇ ਸੰਕੇਤ ਸਨ। ਜਿਉਂ-ਜਿਉਂ ਫਿਰਕੂਕਰਨ ਵਧਦਾ ਗਿਆ, ਫਿਰਕੂ ਦੰਗੇ ਫਿਰ ਤੋਂ ਭਾਰਤੀ ਸਮਾਜ ਵਿਚ ਇਕ ਆਮ ਘਟਨਾ ਵਾਂਗ ਦਿਖਾਈ ਦੇਣ ਲੱਗੇ। ਫਿਰਕੂ ਜ਼ਹਿਰ ਨਾਲ ਗ੍ਰਸੇ ਸਮਾਜ ਨੇ ਫਿਰ ਤੋਂ ਪੁਲਿਸ ਤੋਂ ਫਿਰਕੂ ਵਰਤਾਓ ਦੀ ਆਸ ਕਰਨੀ ਸ਼ੁਰੂ ਕਰ ਦਿੱਤੀ। ਇਕ ਆਮ ਪੁਲਿਸ ਕਰਮਚਾਰੀ ਵੀ ਬਦਕਿਸਮਤੀ ਨਾਲ ਇਨ੍ਹਾਂ ਇੱਛਾਵਾਂ ਦੀ ਪੂਰਤੀ ਲਈ ਤਿਆਰ ਦਿਖਾਈ ਦਿੱਤਾ। ਸਾਡੀ ਭਰਤੀ ਵਿਚ ਅਤੇ ਸਿਖਲਾਈ ਸਮੇਂ ਕਿਤੇ ਨਾ ਕਿਤੇ ਕੋਈ ਖਾਮੀ ਜ਼ਰੂਰ ਰਹੀ ਹੈ ਜਿਸ ਵਿਚ ਵਰਦੀ ਪਹਿਨਣ ਤੋਂ ਬਾਅਦ ਵੀ ਪੁਲਿਸ ਕਰਮਚਾਰੀ ਆਪਣੇ ਆਪ ਨੂੰ ਹਿੰਦੂ ਜਾਂ ਮੁਸਲਮਾਨ ਮਹਿਸੂਸ ਕਰਦਾ ਰਹਿੰਦਾ ਹੈ। ਆਜ਼ਾਦੀ ਤੋਂ ਬਾਅਦ ਫਿਰਕੂ ਤਣਾਓ ਕਿਵੇਂ ਸਾਡੀ ਚੇਤਨਾ ਨੂੰ ਪ੍ਰਭਾਵਿਤ ਕਰਕੇ ਖਾਕੀ ਵਰਦੀ ਦੇ ਹੇਠਾਂ ਹਿੰਦੂ ਅਤੇ ਮੁਸਲਮਾਨ ਨੂੰ ਉੱਪਰ ਲੈ ਆਉਂਦਾ ਹੈ, ਇਸ ਦੇ ਉਦਾਹਰਨ ਲਗਭਗ ਹਰ ਦੰਗੇ ਵਿਚ ਮਿਲ ਜਾਣਗੇ। ਇੱਥੇ ਸਿਰਫ ਦੋ ਤਿੰਨ ਉਦਾਹਰਨਾਂ ਦਿੱਤੀਆਂ ਜਾ ਰਹੀਆਂ ਹਨ:

ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ 1984 ਵਿਚ ਹੋਇਆ ਸਿੱਖਾਂ ਦਾ ਕਤਲੇਆਮ ਕਦੇ ਵੀ ਨਾ ਵਾਪਰਦਾ, ਜੇ ਅਲੱਗ-ਅਲੱਗ ਸ਼ਹਿਰਾਂ ਵਿਚ ਪੁਲਿਸ ਦੁਆਰਾ ਜਾਣ ਬੁਝ ਕੇ ਲਾਪ੍ਰਵਾਹੀ ਨਾ ਵਰਤੀ ਹੁੰਦੀ। ਕਈ ਥਾਵਾਂ 'ਤੇ ਇਹ ਲਾਪ੍ਰਵਾਹੀ, ਦੰਗਈਆਂ ਨਾਲ ਸਹਿਯੋਗ ਦੇ ਰੂਪ ਵਿਚ ਵੀ ਸਾਹਮਣੇ ਆਈ। ਇਸ ਦੌਰ ਅੰਦਰ ਪੁਲਿਸ ਦੇ ਹਿੰਦੂ ਹੋ ਜਾਣ ਦਾ ਆਤਮਾ ਨੂੰ ਝੰਜੋੜਨ ਵਾਲਾ ਪ੍ਰਸੰਗ ਕਾਨਪੁਰ ਵਿਚ ਸੁਣਨ ਨੂੰ ਮਿਲਿਆ। ਪੰਜਾਬੀ ਲੇਖਕਾ ਅਤੇ ਇਕ ਕਾਲਜ ਦੀ ਪ੍ਰਿੰਸੀਪਲ ਤਰਨ ਗੁਜਰਾਲ ਨੇ ਆਪਣੇ ਅਨੁਭਵ ਸਾਂਝੇ ਕਰਦੇ ਹੋਏ ਦੱਸਿਆ, "ਜਦੋਂ ਉਸ ਦਾ ਪੂਰਾ ਮੁਹੱਲਾ ਦੰਗਾਕਾਰੀਆਂ ਨੇ ਘੇਰ ਰੱਖਿਆ ਸੀ ਅਤੇ ਕਿਸੇ ਵੀ ਮੌਕੇ ਉਨ੍ਹਾਂ ਦੇ ਘਰ 'ਤੇ ਹਮਲਾ ਹੋ ਸਕਦਾ ਸੀ, ਉਸ ਨੇ ਪੁਲਿਸ ਕੰਟਰੋਲ ਰੂਮ 'ਤੇ ਫੋਨ ਕੀਤਾ। ਆਪਣੀ ਮੁਸੀਬਤ ਦੱਸਣ ਅਤੇ ਪੁਲਿਸ ਸਹਾਇਤਾ ਭੇਜਣ ਲਈ ਬੇਨਤੀਆਂ ਕਰਨ 'ਤੇ ਉਸ ਨੂੰ ਦੂਜੇ ਪਾਸਿਓਂ ਵਿਅੰਗ ਭਰਿਆ ਉੱਤਰ ਦਿੱਤਾ ਗਿਆ, "ਅਸੀਂ ਵੀ ਤਾਂ ਹਿੰਦੂ ਹਾਂ।" ਬੇਹੱਦ ਡਰੀ ਹੋਈ ਔਰਤ ਨੂੰ ਦਿੱਤਾ ਗਿਆ ਇਹ ਉੱਤਰ ਇਸ ਗੱਲ ਦੀ ਗਵਾਹੀ ਸੀ ਕਿ ਖਾਕੀ ਵਰਦੀ ਪਾਉਣ ਤੋਂ ਬਾਅਦ ਵੀ ਪੁਲਿਸ ਕਰਮਚਾਰੀ ਕਿਵੇਂ ਫਿਰਕੂ ਭਾਵਨਾਵਾਂ ਨਾਲ ਓਤ-ਪੋਤ ਹੈ।

ਅਹਿਮਦਾਬਾਦ (1969) ਵਿਚ ਹੋਏ ਦੰਗਿਆਂ ਦੀ ਪੜਤਾਲ ਕਰ ਰਹੇ ਜਗਮੋਹਨ ਰੈਡੀ ਕਮਿਸ਼ਨ ਨੇ ਅੱਧਾ ਦਰਜਨ ਅਜਿਹੇ ਮਾਮਲੇ ਗਿਣਾਏ ਜਿੱਥੇ ਥਾਣੇ ਅਤੇ ਚੌਕੀਆਂ ਨਾਲ ਜੁੜੇ ਮੁਸਲਿਮ ਧਾਰਮਿਕ ਸਥਾਨਾਂ ਨੂੰ ਨਸ਼ਟ ਕੀਤਾ ਗਿਆ। ਪੁਲਿਸ ਅਧਿਕਾਰੀਆਂ ਨੇ ਕਮਿਸ਼ਨ ਅੱਗੇ ਬਹੁਤ ਹੀ ਹਾਸੋਹੀਣੀ ਦਲੀਲ ਦਿੱਤੀ ਕਿ ਦੰਗਿਆਂ ਵਿਚ ਰੁੱਝੇ ਹੋਣ ਕਾਰਨ ਇਨ੍ਹਾਂ ਥਾਵਾਂ 'ਤੇ ਪੂਰੀ ਗਿਣਤੀ ਵਿਚ ਪੁਲਿਸ ਬਲ ਮੌਜੂਦ ਨਹੀਂ ਸੀ ਜਿਸ ਕਾਰਨ ਦੰਗਈਆਂ ਨੇ ਧਾਰਮਿਕ ਸਥਾਨ ਨਸ਼ਟ ਕਰ ਦਿੱਤੇ ਪਰ ਕਮਿਸ਼ਨ ਇਨ੍ਹਾਂ ਦਲੀਲਾਂ ਤੋਂ ਪ੍ਰਭਾਵਿਤ ਨਾ ਹੋਇਆ।

ਕਮਿਸ਼ਨ ਦੇ ਸਾਹਮਣੇ ਰਾਏ ਖਾੜ ਪੁਲਿਸ ਲਾਈਨ ਕੋਲ ਸਥਿਤ ਸੈਦਵਾੜਾ ਦੇ ਮੁਸਲਮਾਨਾਂ ਅਤੇ ਉੱਥੇ ਸਥਿਤ ਮਸਜਿਦ 'ਤੇ ਪੁਲਿਸ ਕਰਮਚਾਰੀਆਂ ਵਲੋਂ ਹਮਲਾ ਕਰਨ ਦਾ ਮਾਮਲਾ ਵੀ ਆਇਆ। ਕਮਿਸ਼ਨ ਨੇ ਪੁਲਿਸ ਦੀ ਇਹ ਦਲੀਲ ਮੰਨਣ ਤੋਂ ਇਨਕਾਰ ਕਰ ਦਿੱਤਾ ਕਿ ਮੁਸਲਮਾਨਾਂ ਨੇ ਪਹਿਲਾਂ ਪੁਲਿਸ ਲਾਈਨ 'ਤੇ ਹਮਲਾ ਕੀਤਾ ਸੀ ਅਤੇ ਇਸ ਦੌਰਾਨ ਉਨ੍ਹਾਂ ਨੂੰ ਸੱਟਾਂ ਲੱਗੀਆਂ। ਅਹਿਮਦਾਬਾਦ ਦੇ ਥਾਣੇ ਕੋਲ ਵੀ ਹਿੰਦੂ ਧਰਮ ਸਥਾਨ ਹੈ ਪਰ ਇਕ ਵੀ ਉਦਾਹਰਨ ਅਜਿਹਾ ਨਹੀਂ ਮਿਲਿਆ ਕਿ ਪੁਲਿਸ ਬਲ ਦੀ ਕਮੀ ਕਾਰਨ ਮੁਸਲਮਾਨਾਂ ਨੇ ਉਸ 'ਤੇ ਹਮਲਾ ਕੀਤਾ ਹੋਵੇ। ਭਾਗਲਪੁਰ (1989) ਵਿਚ ਤਾਂ ਪੁਲਿਸ ਨੇ ਪੁਲਿਸ ਲਾਈਨ ਵਿਚੋਂ ਨਿਕਲ ਕੇ ਨਾਲ ਲੱਗਦੇ ਮੁਸਲਿਮ ਮੁਹੱਲੇ 'ਤੇ ਹਮਲਾ ਕਰ ਦਿੱਤਾ ਅਤੇ ਲੁੱਟਮਾਰ ਕੀਤੀ। ਇਹ ਦੋਵੇਂ ਉਦਾਹਰਨਾਂ ਪੁਲਿਸ ਦੇ ਹਿੰਦੂ ਬਣੇ ਰਹਿਣ ਦੀਆਂ ਉਦਾਹਰਨਾਂ ਹਨ। ***(ਚੱਲਦਾ)***

ਕਹਾਣੀ

# ਇਕ ਅੰਤ-ਇਕ ਸ਼ੁਰੂਆਤ

ਸਿਮਰ ਆਪਣੇ ਵਿਆਹ ਤੋਂ ਬਾਅਦ ਬਹੁਤ ਖੁਸ਼ ਸੀ ਅਤੇ ਉਸ ਤੋਂ ਵੀ ਵੱਧ ਖੁਸ਼ ਸਨ ਉਸਦੇ ਸਹੁਰੇ ਤੇ ਪੇਕੇ। ਸਿਮਰ ਦੇ ਪੇਕੇ ਖੁਸ਼ ਸਨ ਕਿ ਚੰਗਾ ਘਰ-ਬਾਰ ਮਿਲ ਗਿਆ। ਸੋਹਣੀ ਜਾਇਦਾਦ ਤੇ ਟੱਬਰ ਵੀ ਵੱਡਾ ਨਹੀਂ। ਦੋ ਭਰਾ ਤੇ ਇਕ ਭੈਣ। ਸਭ ਤੋਂ ਵੱਡੀ ਗੱਲ ਕਿ ਮੁੰਡੇ ਵਾਲਿਆਂ ਨੇ ਹੀ ਵਿਆਹ 'ਤੇ ਸਾਰਾ ਖਰਚ ਕੀਤਾ ਸੀ। ਭਾਵੇਂ ਜਵਾਈ ਸੁਖਪਾਲ ਉਨ੍ਹਾਂ ਦੀ ਧੀ ਦੇ ਮੁਕਾਬਲੇ ਬਹੁਤ ਘੱਟ ਪੜ੍ਹਿਆ ਲਿਖਿਆ ਸੀ



**ਸੁਰਿੰਦਰ ਗੀਤ**
**ਕੈਲਗਰੀ, ਕੈਨੇਡਾ**

ਪਰ ਇਹ ਗੱਲ ਉਨ੍ਹਾਂ ਨੂੰ ਜ਼ਰਾ ਜਿੰਨੀ ਵੀ ਨਹੀਂ ਸੀ ਰੜਕਦੀ। ਸਿਮਰ ਨੇ ਅੰਗਰੇਜ਼ੀ ਦੀ ਐਮ.ਏ ਕਰ ਲਈ ਸੀ ਤੇ ਸੁਖਪਾਲ ਬਾਰ੍ਹਾਂ ਪੜ੍ਹ ਕੇ ਘਰ ਬੈਠ ਗਿਆ ਸੀ।

ਸਿਮਰ ਦਾ ਸਹੁਰਾ ਪਰਿਵਾਰ ਤਾਂ ਕੁਝ ਜ਼ਿਆਦਾ ਹੀ ਖੁਸ਼ ਸੀ ਕਿਉਂਕਿ ਸਿਮਰ ਨੇ ਕੈਨੇਡਾ ਦੀ ਇਮੀਗਰੇਸ਼ਨ ਲਈ ਫਾਈਲ ਲਾਈ ਹੋਈ ਸੀ। ਸਿਮਰ ਦੇ ਪਤੀ ਸੁਖਪਾਲ ਨੇ ਤਾਂ ਜਾਣਾ ਹੀ ਸੀ, ਬਾਕੀ ਸਾਰੇ ਪਰਿਵਾਰ ਨੇ ਵੀ ਬਿਸਤਰੇ ਬੰਨ੍ਹਣੇ ਸ਼ੁਰੂ ਕਰ ਦਿੱਤੇ ਸਨ। ਏਸੇ ਲਾਲਚ ਕਰਕੇ ਹੀ ਤਾਂ ਉਨ੍ਹਾਂ ਵਿਆਹ 'ਤੇ ਦੋਨਾਂ ਪਾਸਿਆਂ ਦਾ ਖਰਚਾ ਚੁੱਕਣਾ ਖੁਸ਼ੀ ਖੁਸ਼ੀ ਪਰਵਾਨ ਕਰ ਲਿਆ। ਪੜ੍ਹੀ ਲਿਖੀ ਸੋਹਣੀ-ਸੁਨੱਖੀ ਕੁੜੀ ਤੇ ਉਹ ਵੀ ਜਿਸਦੀ ਕੈਨੇਡਾ ਫਾਈਲ ਲੱਗੀ ਹੋਵੇ। ਉਨ੍ਹਾਂ ਲਈ ਤਾਂ ਇਹ ਇਕ ਲਾਟਰੀ ਹੀ ਸੀ।

ਆਂਢ-ਗੁਆਂਢ ਅਤੇ ਨੇੜਲੇ ਪਿੰਡਾਂ ਵਿਚ ਇਸ ਵਿਆਹ ਦੀ ਬਹੁਤ ਚਰਚਾ ਸੀ। ਸੱਥ 'ਚ ਬੈਠੇ ਅਮਲੀ ਨੇ ਤਾਂ ਇਕ ਦਿਨ ਆਖ ਹੀ ਦਿੱਤਾ, 'ਬਿਕਰਾ! ਦੇਖ ਲੈ ਕਿਹੋ ਜਿਹੇ ਜ਼ਮਾਨੇ ਆ ਗਏ। ਮੁੰਡੇ ਆਲੇ ਹੀ ਸਾਰਾ ਖਰਚ ਕਰਨ ਲੱਗ ਪਏ ਆ। ਸੁਣਿਆ ਬਰਾਤ 'ਚ ਜਿਹੜੀ ਘੁੱਟ ਘੁੱਟ ਆਪਾਂ ਪੀਤੀ ਸੀ ਉਹ ਵੀ ਆਪਣੇ ਆਲੇ ਪਤੰਦਰਾਂ ਦੀ ਹੀ ਸੀ।'

'ਚੱਲ ਚੁੱਪ ਕਰ! ਐਵੇਂ ਨੀ ਕਿਸੇ ਦੀ ਗੱਲ ਕਰੀਦੀ। ਜਿਵੇਂ ਉਨ੍ਹਾਂ ਨੂੰ ਚੰਗਾ ਲੱਗਿਆ ਕਰ ਲਿਆ। ਆਪਾਂ ਨੂੰ ਕੀ ਹੈ। ਆਪਾਂ ਨੂੰ ਰਜਵਾਂ ਮੁਰਗਾ ਤੇ ਰਜਵੀਂ ਦਾਰੂ ਮਿਲੀ ਹੈ।'

'ਮੈਨੂੰ ਤਾਂ ਕੀ ਆ! ਪਰ ਇਹ ਕਹਾਣੀ ਉਲਟੀ ਜਿਹੀ ਲੱਗਦੀ ਹੈ। ਮੈਂ ਤਾਂ ਬੱਸ ਏਨਾ ਹੀ ਕਹਿਨਾਂ ਬਈ ਮਾੜੇ ਵੇਲੇ ਆ ਅੱਜ-ਕਲ੍ਹ ਦੇ। ਸਾਲੇ ਰਿਸ਼ਤਿਆਂ ਦੇ।'

ਜਦੋਂ ਵੀ ਸੁਖਪਾਲ ਦੇ ਘਰ ਦਾ ਕੋਈ ਜੀਅ ਸੱਥ 'ਚੋਂ ਦੀ ਲੰਘਦਾ ਤਾਂ ਓਥੇ ਬੈਠੇ ਲੋਕਾਂ 'ਚੋਂ ਕੋਈ ਨਾ ਕੋਈ ਅਜਿਹੀ ਗੱਲ ਕਰ ਹੀ ਦਿੰਦਾ। ਓਧਰ ਸਿਮਰ ਦੇ ਪਿੰਡ ਦੇ ਲੋਕਾਂ, ਰਿਸ਼ਤੇਦਾਰਾਂ ਤੇ ਸਹੇਲੀਆਂ ਵਿਚ ਵੀ ਵਿਆਹ ਚਰਚਾ ਦਾ ਕੇਂਦਰ ਬਣ ਗਿਆ। ਕੋਈ ਸਿਮਰ ਦੇ ਪਿਓ ਨੂੰ ਕੋਸਦਾ ਕਿ ਉਹ ਜ਼ਮੀਨ ਜਾਇਦਾਦ 'ਤੇ ਹੀ ਡੁਲ੍ਹ ਗਿਆ ਤੇ ਕੋਈ ਸਿਮਰ ਦੀ ਬੇਵਕੂਫੀ 'ਤੇ। ਕੁੜੀ ਤੇ ਮੁੰਡੇ ਦਾ ਭੋਰਾ ਵੀ ਮੇਲ ਨਹੀਂ। ਕੁੜੀ ਸੋਲਾਂ ਪੜ੍ਹੀ ਤੇ ਮੁੰਡਾ ਹੇਠੋਂ ਉਤੋਂ ਬਾਰਾਂ। ਜਿਸਨੂੰ ਸਿਮਰ ਦੀ ਕੈਨੇਡਾ ਵਾਲੀ ਫਾਈਲ ਦੀ ਕਨਸੋਅ ਹੁੰਦੀ, ਉਹ 'ਚੱਲ ਹੋਊ 'ਕਹਿ ਕੇ ਸਾਰ ਦਿੰਦਾ ਕਿ ਕੁੜੀ ਮੁੰਡੇ ਨੇ ਕਿਹੜਾ ਏਥੇ ਰਹਿਣਾ ਹੈ। ਕੈਨੇਡਾ ਹੀ ਚਲੇ ਜਾਣਾ ਹੈ। ਓਥੇ ਪੜ੍ਹਾਈਆਂ-ਪੜੂਈਆਂ ਨੂੰ ਕੋਈ ਨੀ ਪੁੱਛਦਾ।

ਤੇ ਜੇ ਸਿਮਰ ਦੀ ਕੋਈ ਸਹੇਲੀ ਪੁੱਛ ਲੈਂਦੀ ਤਾਂ ਸਿਮਰ ਦਾ ਘੜਿਆ ਘੜਾਇਆ ਇਕੋ ਹੀ ਜਵਾਬ ਹੁੰਦਾ ਕਿ ਉਸਨੇ ਆਪਣੇ ਮਾਂ-ਬਾਪ ਦੇ ਹੁਕਮ ਦੀ ਪਾਲਣਾ ਕੀਤੀ ਹੈ। ਮਾਂ-ਬਾਪ ਕਦੇ ਆਪਣੇ ਧੀਆਂ ਪੁੱਤਾਂ ਦਾ ਬੁਰਾ ਨਹੀਂ ਸੋਚਦੇ। ਸੁਖਪਾਲ ਤੇ ਉਸਦਾ ਸਾਰਾ ਟੱਬਰ ਉਸਦੇ ਅੱਗੇ ਪਿੱਛੇ ਫਿਰਦਾ ਹੈ! ਉਹ ਖੁਸ਼ ਹੈ ਅਤੇ ਇਸਤੋਂ ਵੱਧ ਹੋਰ ਕੀ ਚਾਹੀਦਾ ਹੈ!

ਸਿਮਰ ਕੁਝ ਦਿਨਾਂ ਲਈ ਪੇਕੇ ਆਈ ਹੋਈ ਸੀ। ਦੁਪਹਿਰ ਦੇ ਦੋ ਕੁ ਵੱਜੇ ਸਨ। ਡਾਕੀਏ ਨੇ ਸਾਈਕਲ ਦੀ ਟੱਲੀ ਖੜਕਾ ਦਿੱਤੀ। ਸਿਮਰ ਦੀ ਬੇਬੇ ਭੱਜ ਕੇ ਗੇਟ ਵੱਲ ਨੂੰ ਗਈ। ਉਹ ਸਮਝ ਗਈ ਕਿ ਕੋਈ ਰਜਿਸਟਰੀ ਆਈ ਹੈ। ਡਾਕੀਏ ਦੇ ਹੱਥ ਵਿਚ ਵੱਡੀ ਸਾਰੀ ਚਿੱਠੀ ਦੇਖ ਸਿਮਰ ਦੌੜ ਕੇ ਆਈ। ਉਸਨੇ ਸਾਈਨ ਕੀਤੇ ਤੇ ਮਾਵਾਂ-ਧੀਆਂ ਚਿੱਠੀ ਲੈ ਕੇ ਬਰਾਂਡੇ ਵਿਚ ਆ ਬੈਠੀਆਂ। ਚਿੱਠੀ ਪੜ੍ਹਦੇ ਸਾਰ ਹੀ ਸਾਰੀ ਖੁਸ਼ੀ ਗਮ ਵਿਚ ਬਦਲ ਗਈ। ਮੌਤ ਵਰਗਾ ਮਹੌਲ ਪੈਦਾ ਹੋ ਗਿਆ। ਉਮੀਦਾਂ 'ਤੇ ਪਾਣੀ ਫਿਰ ਗਿਆ। ਸਿਮਰ ਦਾ ਕੇਸ ਰੀਜੈਕਟ ਹੋ ਗਿਆ ਸੀ। ਉਸ ਦਿਨ ਕਿਸੇ ਦੇ ਸੰਘੋਂ ਬੁਰਕੀ ਨਾ ਲੰਘੀ।

ਸਿਮਰ ਆਪਣੇ ਪਤੀ ਨੂੰ ਤੇ ਬਾਪ ਸੋਚ ਰਿਹਾ ਸੀ ਕਿ ਉਹ ਕਿਹੜਾ ਮੂੰਹ ਲੈ ਕੇ ਸੁਖਪਾਲ ਦੇ ਮਾਂ ਪਿਓ ਨੂੰ ਦੱਸੇਗਾ। ਸੋਚ-ਵਿਚਾਰ ਮਗਰੋਂ ਫੈਸਲਾ ਹੋਇਆ ਕਿ ਜਦੋਂ ਸਿਮਰ ਆਪਣੇ ਸਹੁਰੇ ਗਈ, ਆਪੇ ਹੀ ਸੁਖਪਾਲ ਨੂੰ ਦੱਸ ਦੇਵੇਗੀ।

ਸਿਮਰ ਬੱਸ ਲੈ ਕੇ ਦਸ ਕੁ ਵਜੇ ਸਹੁਰੀਂ ਪਹੁੰਚ ਗਈ। ਉਸਨੂੰ ਆਪਣਾ ਆਪ ਚੋਰਾਂ ਵਾਂਗ ਲੱਗ ਰਿਹਾ ਸੀ। ਪਰ ਫਿਰ ਆਪਣੇ ਆਪ ਨੂੰ ਸਮਝਾਉਂਦੀ ਕਿ ਇਸ ਵਿਚ ਮੇਰਾ ਕੀ ਕਸੂਰ ਹੈ। ਮੈਂ ਤਾਂ ਨਹੀਂ ਸੀ ਕਿਹਾ ਵਿਆਹ ਵਾਸਤੇ ਅਤੇ ਨਾ ਹੀ ਮੇਰੇ ਬਾਪੂ ਜੀ ਨੇ ਕਿਹਾ ਸੀ ਕਿ ਹਾੜਾ ਹਾੜਾ ਸਾਡੀ ਕੁੜੀ ਦਾ ਸਾਕ ਲੈ ਲਵੋ। ਉਸਨੂੰ ਸੁਖਪਾਲ 'ਤੇ ਵੀ ਭਰੋਸਾ ਸੀ ਕਿ ਉਹ ਉਸਨੂੰ ਕਿੰਨਾ ਚਾਹੁੰਦਾ ਹੈ। ਉਸ ਉਪਰ ਇਸ ਗੱਲ ਦਾ ਮਾੜਾ-ਮੋਟਾ ਪ੍ਰਭਾਵ ਪਵੇਗਾ।

ਆਖਿਰ ਉਸਨੇ ਮੌਕਾ ਦੇਖ ਕੇ ਤੇ ਹੌਸਲਾ ਕਰ ਕੇ ਸੁਖਪਾਲ ਨੂੰ ਦੱਸ ਹੀ ਦਿੱਤਾ ਕਿ ਕੇਸ ਰੀਜੈਕਟ ਹੋ ਗਿਆ ਹੈ!


ਜਿਉਂ ਹੀ ਸੁਖਪਾਲ ਦੇ ਕੰਨੀਂ ਇਹ ਸ਼ਬਦ ਪਏ ਤਾਂ ਉਸਨੂੰ ਸੱਤੀਂ ਕਪੜੀਂ ਅੱਗ ਲੱਗ ਗਈ। ਉਸਨੇ ਚੀਕ-ਚੀਕ ਕੇ ਸਾਰਾ ਟੱਬਰ ਇਕੱਠਾ ਕਰ ਲਿਆ। ਸਿਮਰ, ਹੁਣ ਉਸਨੂੰ ਆਪਣੀ ਦੁਸ਼ਮਣ ਜਾਪਣ ਲੱਗੀ। ਸੁਖਪਾਲ ਨੂੰ ਜਾਪਿਆ ਜਿਵੇਂ ਸਿਮਰ ਦੇ ਚੇਹਰੇ 'ਤੇ ਵੱਡੇ ਵੱਡੇ ਫੋੜ੍ਹੇ ਨਿਕਲ ਆਏ ਹੋਣ। ਜੋ ਕਲ੍ਹ ਤੱਕ ਖੂਬਸੂਰਤ ਸੀ ਅੱਜ ਬੇਹੱਦ ਬਦਸੂਰਤ ਜਾਪਣ ਲੱਗ ਪਈ। ਸਿਮਰ ਨੇ ਸੋਚਿਆ ਵੀ ਨਹੀਂ ਸੀ ਕਿ ਏਨਾ ਪਿਆਰ ਕਰਨ ਵਾਲਾ ਸੁਖਪਾਲ ਉਸਨੂੰ ਏਨ੍ਹੀ ਨਫ਼ਰਤ ਕਰਨ ਲੱਗੇਗਾ। ਉਹ ਆਪਣੇ ਸੱਸ ਸਹੁਰੇ ਲਈ ਇਕ ਦਮ ਸਰਾਪ ਬਣ ਜਾਵੇਗੀ। ਉਸ ਦਿਨ ਸਿਮਰ ਦੀਆਂ ਖੁਸ਼ੀਆਂ ਜਾਣੋ ਸਹਿਕਣ ਲੱਗ ਪਈਆਂ ਤੇ ਸਾਹਾਂ ਦੀ ਭੀਖ ਮੰਗ ਰਹੀਆਂ ਸਨ।

ਸਾਰੇ ਟੱਬਰ ਨੇ ਸਿਮਰ ਦਾ ਜੀਣਾ ਦੁੱਭਰ ਕਰ ਦਿੱਤਾ। ਉਸਦੀ ਸੱਸ ਨੇ ਏਥੋਂ ਤੱਕ ਆਖ ਦਿੱਤਾ ਕਿ ਅਸੀਂ ਕੀ ਧੂਫ਼ ਦੇਣੀ ਆ ਤੇਰੀਆਂ ਸੋਲਾਂ ਜਮਾਤਾਂ ਨੂੰ। ਤੇਰਾ ਪਿਓ ਤਾਂ ਕਹਿੰਦਾ ਸੀ ਕਿ ਕੁੜੀ ਦੇ ਨੰਬਰ ਬਹੁਤ ਆ ਤੇ ਕੇਸ ਝੱਟ ਹੀ ਨਿਕਲ ਜਾਣੈ। ਸਿਮਰ ਨੇ ਆਮ ਦਿਨਾਂ ਵਾਂਗ ਹੀ ਸਾਰਿਆਂ ਲਈ ਰੋਟੀ ਬਣਾਈ ਅਤੇ ਸਭ ਨੂੰ ਖਵਾਈ। ਆਪਣੇ ਸਹੁਰੇ ਲਈ ਰੋਟੀ ਲੈ ਕੇ ਗਈ, ਉਸਨੇ ਬਿਨਾਂ ਉਸ ਵੱਲ ਦੇਖਿਆਂ ਆਖ ਦਿੱਤਾ, 'ਰੱਖ ਜਾ। ਸਾਨੂੰ ਕੀ ਰੋਟੀਆਂ ਸੁੱਝਦੀਆਂ ਅੱਜ? ਖਵਾ ਦਿੱਤੀਆਂ ਤੂੰ ਬਥੇਰੀਆਂ!'

ਸਿਮਰ ਦਾ ਸਾਰਾ ਸਰੀਰ ਕੰਬ ਰਿਹਾ ਸੀ ਤੇ ਉਸਦੇ ਕੰਬਦੇ ਹੱਥਾਂ 'ਚੋਂ ਦੁੱਧ ਦਾ ਭਰਿਆ ਗਲਾਸ ਤਿਲਕ ਗਿਆ ਤਾਂ ਸੁਖਪਾਲ ਤੇ ਉਸਦੀ ਮਾਂ ਦਾ ਪਾਰਾ ਸਤਵੇਂ ਅਸਮਾਨ ਜਾ ਚੜ੍ਹਿਆ। ਜਿਵੇਂ ਹੀ ਸੁਖਪਾਲ ਦੀ ਮਾਂ ਨੇ ਬੋਲਣਾ ਸ਼ੁਰੂ ਕੀਤਾ ਕਿ ਪਤਾ ਨੀ ਸਾਡੇ ਕਰਮਾਂ 'ਚ ਇਹ ਕਿੱਥੇ ਧਰੀ ਪਈ ਸੀ ਤਾਂ ਸੁਖਪਾਲ ਨੇ ਆਪਣੇ ਪੈਰ 'ਚ ਪਾਈ ਜੁੱਤੀ ਲਾਹ ਕੇ ਸਿਮਰ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਉਸ ਘਰ ਵਿਚ ਕੋਈ ਵੀ ਤਾਂ ਨਹੀਂ ਸੀ ਜੋ ਸੁਖਪਾਲ ਦਾ ਹੱਥ ਫੜਦਾ। ਜਿੱਥੇ ਵੱਜੀ ਉਸਨੇ ਮਾਰੀ। ਸਿਮਰ ਦਾ ਸਾਰਾ ਪਿੰਡਾ ਵਲੂੰਧਰਿਆ ਗਿਆ। ਉਸ ਦੇ ਗੋਰੇ ਗੁਲਾਬੀ ਚਿਹਰੇ 'ਤੇ ਸੁਖਪਾਲ ਦੀਆਂ ਉਂਗਲਾਂ ਦੇ ਨਿਸ਼ਾਨਾਂ ਨੇ ਇਨਸਾਨੀ ਫਿਤਰਤ ਦੇ ਨਕਸ਼ੇ ਬਣਾ ਦਿੱਤੇ।

ਅਗਲੇ ਦਿਨ ਸਵੇਰੇ ਉੱਠਣ ਸਾਰ ਸੁਖਪਾਲ ਨੇ ਸਿਮਰ ਨੂੰ ਕਹਿ ਦਿੱਤਾ, 'ਆਪਣੇ ਪਿਓ ਨੂੰ ਆਖ ਕਿ ਆ ਕੇ ਤੈਨੂੰ ਲੈ ਜਾਵੇ। ਸਾਡੇ ਨਾਲ ਜੋ ਧੋਖਾ ਉਸਨੇ ਕਰਨਾ ਸੀ ਕਰ ਲਿਆ।'

ਸਿਮਰ ਨੇ ਰੋਂਦੀ ਰੋਂਦੀ ਨੇ ਆਪਣੇ ਬਾਪੂ ਜੀ ਨੂੰ ਫੋਨ ਕੀਤਾ ਅਤੇ ਉਹ ਬਿਨਾਂ ਰੋਟੀ ਖਾਧੇ ਹੀ ਘਰੋਂ ਤੁਰ ਪਿਆ। ਸਿਮਰ ਦੀਆਂ ਗੱਲ੍ਹਾਂ 'ਤੇ ਪਏ ਨੀਲ ਦੇਖ ਅਰਜਨ ਸਿਉਂ ਦਾ ਮਨ ਕੁਰਲਾ ਉੱਠਿਆ। ਉਸਦਾ ਚਿੱਤ ਤਾਂ ਕੀਤਾ ਕਿ ਸਾਰੇ ਟੱਬਰ ਨੂੰ ਗੋਡਿਆਂ ਥੱਲੇ ਦੇ ਲਵੇ ਪਰ ਉਹ ਆਪਣੀ ਪੀੜਾ ਅੰਦਰੇ-ਅੰਦਰ ਪੀ ਗਿਆ। ਸਿਮਰ ਦੇ ਬਾਪੂ ਨੇ ਸੁਖਪਾਲ ਦੇ ਬਾਪ ਤੇ ਮਾਂ ਨਾਲ ਗੱਲ ਕਰਨੀ ਚਾਹੀ ਪਰ ਕਿਸੇ ਨੇ ਗੱਲ ਕਰਨ ਦਾ ਮੌਕਾ ਹੀ ਨਾ ਦਿੱਤਾ।



ਸਿਮਰ ਦੇ ਬਾਪ ਨੇ ਹਾਲਤ ਨੂੰ ਭਾਂਪ ਲਿਆ। ਉਸਨੇ ਸਿਮਰ ਨੂੰ ਤਿਆਰ ਹੋਣ ਲਈ ਕਿਹਾ। ਸਿਮਰ ਨੇ ਸੁਖਪਾਲ ਨਾਲ ਗੱਲ ਕਰਨੀ ਚਾਹੀ ਪਰ ਉਹ ਸਿਮਰ ਦੇ ਬੁਲਾਉਣ 'ਤੇ ਵੀ ਨਹੀਂ ਬੋਲਿਆ। ਸਿਮਰ ਨੇ ਆਪਣੇ ਕੁਝ ਕੱਪੜੇ ਲਏ ਤੇ ਬਾਪ ਕੋਲ ਆ ਬੈਠੀ। ਪੰਜ-ਸੱਤ ਮਿੰਟ ਚੁੱਪ ਛਾਈ ਰਹੀ। ਆਖਿਰ ਨੂੰ ਸੁਖਪਾਲ ਬੋਲਿਆ, 'ਨਾ ਹੁਣ ਕੀ ਵੇਖਦੇ ਹੋ। ਬਹੁਤ ਲਹੂ ਪੀ ਲਿਆ ਸਾਡਾ। ਰਹਿੰਦਾ ਖੂੰਹਦਾ ਵੀ ਪੀਣੈ? ਭੱਜੋ ਏਥੋਂ।'

ਅਰਜਨ ਸਿਉਂ ਨੇ ਕੁਝ ਕਹਿਣ ਲਈ ਮੂੰਹ ਖੋਲ੍ਹਿਆ ਹੀ ਸੀ ਕਿ ਸੁਖਪਾਲ ਬੋਲ ਪਿਆ, 'ਹੁਣ ਚੁੱਪ ਕਰ। ਹੋਰ ਨਾ ਕੁਫ਼ਰ ਤੋਲ। ਬਥੇਰਾ ਦੇਖ ਲਿਆ ਤੇਰੀਆਂ ਗੱਲਾਂ 'ਚ ਆ ਕੇ। ਲੈ ਜਾ ਆਪਣੀ ਧੀ ਨੂੰ। ਸਾਨੂੰ ਨੀ ਚਾਹੀਦੇ ਠੱਗ ਰਿਸ਼ਤੇਦਾਰ।'

'ਪੁੱਤ...ਪੁੱਤ...ਮੇਰੀ ਗੱਲ ਤਾਂ ਸੁਣ...ਪਰ ਸੁਖਪਾਲ ਨੇ ਵਿਚੋਂ ਹੀ ਟੋਕ ਦਿੱਤਾ, 'ਅੱਖਾਂ ਤੋਂ ਪਰੇ ਹੋ ਜਾਵੋ...ਹੋਰ ਨਾ ਕੋਈ ਜਾਹ ਜਾਂਦੀ ਹੋ ਜਾਵੇ ਮੇਰੇ ਹੱਥੋਂ!'

ਸਿਮਰ ਦੇ ਬਾਪ ਨੇ ਕੰਬਦੇ ਹੱਥਾਂ ਨਾਲ ਕਾਰ ਸਟਾਰਟ ਕੀਤੀ। ਸਿਮਰ ਡਰਦੀ ਡਰਦੀ ਸੁਖਪਾਲ ਵੱਲ ਦੇਖਣ ਲੱਗੀ। ਸੁਖਪਾਲ ਉਸਨੂੰ ਬਾਹੋਂ ਫੜ ਕੇ ਖਿੱਚ ਕੇ ਕਾਰ ਕੋਲ ਲੈ ਗਿਆ ਤੇ ਕਹਿਣ ਲੱਗਾ, 'ਜੇਹੋ ਜਿਹਾ ਧੋਖਾ ਤੂੰ ਸਾਡੇ ਨਾਲ ਕੀਤਾ, ਉਹ ਸਾਡੇ ਹੱਡਾਂ ਨਾਲ ਹੀ ਜਾਊ। ਚੰਗੀ ਗੱਲ ਇਹ ਹੈ ਕਿ ਏਥੋਂ ਤੁਰਦੀ ਬਣ।'

ਸੁਖਪਾਲ ਨੇ ਬਾਰੀ ਖੋਲ੍ਹੀ ਤੇ ਧੱਕਾ ਦੇ ਕੇ ਕਾਰ ਵਿਚ ਸੁੱਟ ਦਿੱਤਾ। ਸਿਮਰ ਸਿਮਟ ਕੇ ਕਾਰ ਵਿਚ ਬੈਠ ਗਈ। ਇਕ ਵਾਰ ਫਿਰ ਅਰਜਨ ਸਿਉਂ ਦਾ ਚਿੱਤ ਕੀਤਾ ਕਿ ਬਾਹਰ ਨਿਕਲ ਕੇ ਸੁਖਪਾਲ ਦੇ ਮੌਰ ਸੇਕ ਦੇਵੇ ਪਰ ਉਸਨੇ ਆਪਣੇ ਆਪ 'ਤੇ ਕਾਬੂ ਰੱਖਿਆ।

ਅੱਜ ਉਸਨੂੰ ਪਹਿਲੀ ਵਾਰੀ ਪਤਾ ਲੱਗਿਆ ਕਿ ਧੀ ਦੀ ਪੀੜ ਕੀ ਹੁੰਦੀ ਹੈ! ਜਿਸਨੇ ਕਦੇ ਕਿਸੇ ਤੋਂ ਓਏ ਨਹੀਂ ਸੀ ਅਖਵਾਈ ਅੱਜ ਚੁੱਪ-ਚਾਪ ਸਭ ਕੁਝ ਸਹਿ ਰਿਹਾ ਸੀ।

ਸਾਲ ਤੋਂ ਵੱਧ ਸਮਾਂ ਬੀਤ ਗਿਆ ਸਿਮਰ ਨੂੰ ਪੇਕੀਂ ਆਇਆਂ। ਉਸਨੇ ਤਿੰਨ ਚਾਰ-ਵਾਰ ਸੁਖਪਾਲ ਨੂੰ ਫੋਨ ਵੀ ਕੀਤਾ ਕਿ ਉਹ ਘਰ ਆਉਣਾ ਚਾਹੁੰਦੀ ਹੈ। ਇਕ ਵਾਰ ਤਾਂ ਸਿਮਰ ਨੇ ਏਥੋਂ ਤੱਕ ਕਹਿ ਦਿੱਤਾ, 'ਮੇਰਾ ਕੋਈ ਕਸੂਰ ਨਹੀਂ ਹੈ। ਮੈਨੂੰ ਨੀ ਪਤਾ ਤੁਹਾਡੀ ਮੇਰੇ ਬਾਪੂ ਜੀ ਨਾਲ ਕੀ ਗੱਲ ਹੋਈ ਸੀ। ਮੈਨੂੰ ਤਾਂ ਏਨਾ ਪਤਾ ਹੈ ਕਿ ਮੈਂ ਮਾਪਿਆਂ ਦੀ ਮਰਜ਼ੀ ਮੂਹਰੇ ਇਕ ਚੰਗੀ ਧੀ ਹੋਣ ਦੇ ਨਾਤੇ ਆਪਣਾ ਸਿਰ ਝੁਕਾਇਆ ਸੀ। ਮੈਂ ਤੁਹਾਡੀ ਪਤਨੀ ਹਾਂ ਹੁਣ। ਤੁਹਾਡੇ ਘਰ ਆ ਕੇ ਮੈਂ ਆਪਣੇ ਹਰ ਫਰਜ਼ ਦੀ ਪੂਰਤੀ ਕੀਤੀ ਹੈ। ਜੇਕਰ ਮੇਰਾ ਕੇਸ ਰੀਜੈਕਟ ਹੋ ਗਿਆ ਹੈ ਤਾਂ ਇਸ ਵਿਚ ਮੇਰਾ ਕੋਈ ਕਸੂਰ ਨਹੀਂ ਹੈ। ਮੈਂ ਜਿਸ ਤਰ੍ਹਾਂ ਦੀ ਵੀ ਹਾਂ, ਮੈਨੂੰ ਸਵੀਕਾਰ ਕਰੋ। ਤੁਸੀਂ ਮੇਰੇ ਮਾਲਕ ਹੋ।'

ਮਾਲਕ ਸ਼ਬਦ ਸੁਣ ਕੇ ਜਿਵੇਂ ਸੁਖਪਾਲ ਨੂੰ ਅੱਗ ਲੱਗ ਗਈ। 'ਤੈਨੂੰ ਪਤੈ ਕਿ ਮਾਲਕ ਕੀ ਹੁੰਦਾ ਹੈ। ਜੇ ਨਹੀਂ ਪਤਾ ਤਾਂ ਸੁਣ-

'ਵਿਆਹ 'ਤੇ ਅਸੀਂ ਸਾਰਾ ਖਰਚਾ ਕੀਤਾ। ਮੈਰਿਜ ਪੈਲੇਸ ਤੋਂ ਲੈ ਕੇ ਬਰਾਤ ਦੇ ਖਾਣ-ਪੀਣ ਤੱਕ ਦਾ ਪੂਰਾ ਖਰਚਾ। ਅਸੀਂ ਤੇਰੇ ਪਿਓ ਦੀ ਗੱਲ 'ਤੇ ਬੱਝ ਗਏ ਕਿ ਤੇਰੇ ਨੰਬਰ ਬਹੁਤ ਹਨ ਸੋਲਵੀਂ 'ਚੋਂ। ਤੈਨੂੰ ਤਾਂ ਉਨ੍ਹਾਂ ਨੇ ਵੀਜ਼ਾ ਦੇ ਹੀ ਦੇਣਾ ਹੈ। ਜੇ ਤੇਰੇ ਪਿਓ ਨੇ ਸੱਚ ਦੱਸਿਆ ਹੁੰਦਾ ਜਾਂ ਮਾੜਾ ਜੇਹਾ ਵੀ ਇਸ਼ਾਰਾ ਕੀਤਾ ਹੁੰਦਾ ਕਿ ਕੇਸ ਰੀਜੈਕਟ ਵੀ ਹੋ ਸਕਦਾ ਹੈ ਤਾਂ ਅਸੀਂ ਕਦੇ ਵੀ ਤੁਹਾਡੇ ਵਰਗੇ ਮੰਗਤਿਆਂ ਨਾਲ ਹੱਥ ਨਾ ਜੋੜਦੇ।'

ਸੁਖਪਾਲ ਦੇ ਮੇਹਣਿਆਂ ਨੇ ਸਿਮਰ ਦਾ ਸੀਨਾ ਛਾਨਣੀ ਛਾਨਣੀ ਕਰ ਦਿੱਤਾ। ਇਨਸਾਨੀ ਰਿਸ਼ਤਿਆਂ ਦੀ ਬੁਨਿਆਦ ਤੇ ਮਿਆਦ ਬਾਰੇ ਸੋਚ ਸੋਚ ਕੇ ਉਹ ਪਾਗਲਾਂ ਵਾਂਗ ਹੋ ਗਈ ਸੀ।

ਇਸਦੇ ਕੁਝ ਦਿਨਾਂ ਬਾਅਦ ਹੀ ਦਰਵਾਜ਼ੇ 'ਤੇ ਡਾਕੀਆ ਰਜਿਸਟਰੀ ਲਈ ਖੜ੍ਹਾ ਸੀ। ਸਿਮਰ ਦਾ ਮੱਥਾ ਠਣਕਿਆ। ਉਸਨੇ ਕੰਬਦੇ ਹੱਥਾਂ ਨਾਲ ਲਿਫਾਫਾ ਫੜਿਆ। ਸੁਖਪਾਲ ਵਲੋਂ ਭੇਜਿਆ ਤਲਾਕ ਦੇਖ ਕੇ ਸਿਮਰ ਘਬਰਾ ਗਈ। ਉਸਦੇ ਸਿਰ ਨੂੰ ਅਜੇਹਾ ਚੱਕਰ ਆਇਆ ਕਿ ਡਿਗਦੀ ਡਿਗਦੀ ਮਸਾਂ ਬਚੀ। ਕੋਲ ਖੜ੍ਹੀ ਉਸਦੀ ਮਾਂ ਸਹਾਰਾ ਦੇ ਕੇ ਮੰਜੇ ਤੱਕ ਲੈ ਗਈ। ਪਾਣੀ ਸਿਮਰ ਦੇ ਮੂੰਹ ਨੂੰ ਲਾਇਆ। ਚੁੰਨੀ ਦੇ ਲੜ ਨਾਲ ਹਵਾ ਝੱਲਣ ਲੱਗ ਪਈ। ਦੋ ਕੁ ਮਿੰਟਾਂ ਬਾਅਦ ਸਿਮਰ ਨੇ ਹੋਸ਼ ਸੰਭਾਲਿਆ। ਕਾਗਜ਼ਾਂ ਨੂੰ ਦੋਬਾਰਾ ਪੜ੍ਹਿਆ। ਦੋ ਤਿੰਨ ਵਾਰ ਵਾਹਿਗੁਰੂ ਕਿਹਾ ਤੇ ਉਸੇ ਵੇਲੇ ਹੀ ਮਨ ਬਣਾ ਲਿਆ ਕਿ ਉਹ ਸੁਖਪਾਲ ਦੀ ਇਹ ਇੱਛਾ ਜ਼ਰੂਰ ਪੂਰੀ ਕਰ ਦੇਵੇਗੀ।

ਹੁਣ ਸਿਮਰ ਤੇ ਸੁਖਪਾਲ ਦਾ ਤਲਾਕ ਹੋ ਚੁੱਕਾ ਸੀ। ਸਿਮਰ ਨੇ ਆਪਣੀ ਜ਼ਿੰਦਗੀ ਤੋਂ ਇਹ ਸਿੱਖ ਲਿਆ ਸੀ ਆਪਣੀ ਜ਼ਿੰਦਗੀ ਦੀ ਉਹ ਖੁਦ ਮਾਲਿਕ ਹੈ। ਉਹ ਆਪਣੇ ਫੈਸਲੇ ਆਪ ਲੈਣ ਲੱਗੀ।

ਸਿਮਰ ਦੀ ਪੱਕੀ ਸਹੇਲੀ, ਕਾਲਜ ਵਿਚ ਪੜ੍ਹਦਿਆਂ ਉਸਦੀ ਰੂਮ-ਮੇਟ ਅਤੇ ਹਰ ਦੁੱਖ ਸੁੱਖ ਵਿਚ ਉਸਦਾ ਸਾਥ ਦੇਣ ਵਾਲੀ ਜੱਸੀ ਵਿਆਹ ਕਰਵਾ ਕੇ ਕੈਨੇਡਾ ਚਲੀ ਗਈ ਸੀ। ਉਹ ਆਪਣੇ ਪਤੀ, ਬੱਚਿਆਂ ਅਤੇ ਸੱਸ ਸਹੁਰੇ ਸਮੇਤ ਸਰੀ ਵਿਚ ਇਕ ਮਹਿਲ ਵਰਗੇ ਘਰ ਵਿਚ ਰਹਿ ਰਹੀ ਸੀ। ਉਸਦਾ ਪਤੀ ਗੁਰਮੇਲ ਰੀਅਲ ਅਸਟੇਟ ਦਾ ਕੰਮ ਕਰਦਾ ਸੀ। ਪੈਸੇ ਦੀ ਕਦੇ ਘਾਟ ਮਹਿਸੂਸ ਨਹੀਂ ਸੀ ਹੋਈ। ਜੱਸੀ ਨੇ ਜਦੋਂ ਆਪਣੇ ਮਾਂ-ਪਿਓ ਤੇ ਭਰਾ ਗੁਰਮੀਤ ਦਾ ਅਪਲਾਈ ਕਰਨਾ ਸੀ ਤਾਂ ਥੋੜ੍ਹੇ ਜਿਹੇ ਸਮੇਂ ਲਈ ਹੀ ਕੰਮ ਕੀਤਾ। ਕੈਨੇਡਾ ਆ ਕੇ ਬਹੁਤਾ ਸਮਾਂ ਉਹ ਘਰੇ ਹੀ ਰਹੀ। ਆਪਣੇ ਪਤੀ ਗੁਰਮੇਲ ਅਤੇ ਬੱਚਿਆਂ ਦੀ ਦੇਖਭਾਲ ਕਰਨ ਦੇ ਨਾਲ ਨਾਲ ਉਹ ਆਪਣੇ ਸੱਸ-ਸਹੁਰੇ ਦੀ ਵੀ ਪੂਰੀ ਸੇਵਾ ਕਰਦੀ। ਜੱਸੀ ਦੇ ਮਾਂ-ਬਾਪ ਆਪਣੇ ਬੇਟੇ ਗੁਰਮੀਤ ਨੂੰ ਕੈਨੇਡਾ ਛੱਡ ਕੇ ਛੇਤੀ ਹੀ ਭਾਰਤ ਵਾਪਸ ਚਲੇ ਗਏ ਸਨ।

ਇਕ ਦਿਨ ਸਿਮਰ ਨੂੰ ਜੱਸੀ ਦਾ ਫੋਨ ਆਇਆ ਕਿ ਉਸਦੇ ਭਰਾ ਦੀ ਪਤਨੀ ਉਸਨੂੰ ਧੋਖਾ ਦੇ ਕੇ ਤੁਰ ਗਈ ਹੈ। ਦਰਅਸਲ ਗੱਲ ਇਉਂ ਹੋਈ ਕਿ ਜੱਸੀ ਦਾ ਭਰਾ ਪਿਛਲੇ ਸਾਲ ਭਾਰਤ ਆਇਆ ਤੇ ਸੋਹਣੀ ਸੁਨੱਖੀ ਕੁੜੀ ਬਿੰਦਰ ਨਾਲ ਵਿਆਹ ਕਰਵਾ ਕੇ ਵਾਪਿਸ ਚਲਾ ਗਿਆ। ਕੈਨੇਡਾ ਪੁੱਜ ਕੇ ਹਫਤੇ ਕੁ ਬਾਅਦ ਉਸਨੇ ਬਿੰਦਰ ਦਾ ਅਪਲਾਈ ਕਰ ਦਿੱਤਾ। ਪੰਜਾਂ ਮਹੀਨਿਆਂ 'ਚ ਬਿੰਦਰ ਨੂੰ ਕੈਨੇਡਾ ਦਾ ਵੀਜ਼ਾ ਮਿਲ ਗਿਆ। ਜੱਸੀ ਦੇ ਭਰਾ ਗੁਰਮੀਤ ਨੂੰ ਲੋਹੜੇ ਦਾ ਚਾਅ ਸੀ ਕਿ ਹੁਣ ਛੇਤੀ ਹੀ ਉਹ ਤੇ ਬਿੰਦਰ ਆਪਣੇ ਘਰ ਵਿਚ ਆਰਾਮ ਨਾਲ ਰਹਿਣਗੇ। ਬੇਸ਼ਕ ਗੁਰਮੀਤ ਨੂੰ ਜੱਸੀ ਦੇ ਘਰ ਕੋਈ ਤਕਲੀਫ਼ ਨਹੀਂ ਸੀ ਪਰ ਆਪਣਾ ਘਰ ਤਾਂ ਆਪਣਾ ਹੀ ਹੁੰਦਾ ਹੈ। ਉਹ...ਬਿੰਦਰ ਤੇ ਉਨ੍ਹਾਂ ਦਾ ਆਪਣਾ ਘਰ।

ਆਖਿਰ ਨੂੰ ਬਿੰਦਰ ਦੇ ਆਉਣ ਦੀ ਤਾਰੀਖ ਪੱਕੀ ਹੋ ਗਈ। ਜੱਸੀ ਨੇ ਚਾਵਾਂ ਨਾਲ ਗੁਰਮੀਤ ਨੂੰ ਬਿੰਦਰ ਵਾਸਤੇ ਲੋੜੀਂਦੇ ਸਮਾਨ ਦੀ ਸ਼ਾਪਿੰਗ ਕਰਵਾਈ।

ਗੁਰਮੀਤ ਨੇ ਆਪਣੀ ਹੱਡ-ਭੰਨਵੀਂ ਕਮਾਈ 'ਚੋਂ ਇਕ ਛੋਟੇ ਜਿਹੇ ਘਰ ਦੀ ਡਾਊਨ ਪੇਮੈਂਟ ਜੋਗੇ ਪੈਸੇ ਜੋੜ ਲਏ ਸਨ ਪਰ ਮੌਰਗੇਜ਼ ਲੈਣ ਲਈ ਉਸਨੂੰ ਆਪਣੀ ਸਾਲਾਨਾ ਆਮਦਨ ਤੇ ਹੋਰ ਬਹੁਤ ਕੁਝ ਦਿਖਾਉਣਾ ਪੈਣਾ ਸੀ। ਇਸ ਲਈ ਜੱਸੀ ਤੇ ਜੱਸੀ ਦੇ ਪਤੀ ਗੁਰਮੇਲ ਨੇ ਸਲਾਹ ਕਰ ਕੇ ਗੁਰਮੀਤ ਨੂੰ ਛੋਟਾ ਜਿਹਾ ਘਰ ਲੈ ਦਿੱਤਾ ਜਿਸ ਦੀ ਪੂਰੀ ਡਾਊਨ ਪੇਮੈਂਟ ਗੁਰਮੀਤ ਨੇ ਦਿੱਤੀ ਪਰ ਮੌਰਗੇਜ਼ ਦੀ ਮਜਬੂਰੀ ਕਾਰਨ ਘਰ ਗੁਰਮੇਲ ਦੇ ਨਾਂ ਕਰਵਾਉਣਾ ਪਿਆ। ਘਰ ਦੀ ਪੇਮੈਂਟ ਤਾਂ ਗੁਰਮੀਤ ਨੇ ਹੀ ਕਰਨੀ ਸੀ ਗੁਰਮੇਲ ਦਾ ਤਾਂ ਨਾਮ ਹੀ ਪਵਾਇਆ ਸੀ ਲੋਨ ਲੈਣ ਵਾਸਤੇ।

ਗੁਰਮੀਤ ਚਾਹੁੰਦਾ ਤਾਂ ਸੀ ਕਿ ਬਿੰਦਰ ਦੇ ਆਉਣ ਤੋਂ ਪਹਿਲਾਂ ਆਪਣੇ ਘਰ ਸ਼ਿਫਟ ਕਰ ਲਵੇ ਪਰ ਕਿਰਾਏਦਾਰਾਂ ਨੂੰ ਮਹੀਨਾ ਪਹਿਲਾਂ ਨੋਟਿਸ ਵੀ ਦੇਣਾ ਪੈਣਾ ਸੀ। ਇਸ ਕਰਕੇ ਜੱਸੀ ਤੇ ਗੁਰਮੇਲ ਨੇ ਗੁਰਮੀਤ ਨੂੰ ਸਲਾਹ ਦਿੱਤੀ ਕਿ ਉਹ ਮਹੀਨਾ ਖੰਡ ਉਨ੍ਹਾਂ ਨਾਲ ਹੀ ਰਹਿ ਪੈਣ ਤੇ ਹੌਲ ਹੁੰਗਾਰੇ ਨਾਲ ਸ਼ਿਫਟ ਕਰ ਲੈਣ। ਨਾਲੇ ਬਿੰਦਰ ਦਾ ਟੱਬਰ 'ਚ ਜੀਅ ਲੱਗ ਜਾਵੇਗਾ।

ਆਖਿਰ ਉਹ ਦਿਨ ਆ ਗਿਆ, ਜਿਸ ਦਿਨ ਬਿੰਦਰ ਨੇ ਵੈਨਕੂਵਰ ਏਅਰਪੋਰਟ 'ਤੇ ਉਤਰਨਾ ਸੀ। ਗੁਰਮੀਤ ਤੇ ਜੱਸੀ ਦੋਨਾਂ ਭੈਣ ਭਰਾਵਾਂ ਨੇ ਮਸਾਂ ਤਿੰਨ ਵਜਾਏ।

ਆਖਿਰ ਤਿੰਨ ਵੱਜ ਗਏ। ਹੀਥਰੋ ਲੰਡਨ ਤੋਂ ਆਉਣ ਵਾਲੇ ਜਹਾਜ਼ ਨੇ ਵੈਨਕੂਵਰ ਦੀ ਧਰਤੀ ਨੂੰ ਛੋਹਿਆ। ਉਹ ਸੋਚ ਰਹੇ ਸਨ ਕਿ ਅੱਧੇ ਕੁ ਘੰਟੇ ਤੱਕ ਬਿੰਦਰ ਬਾਹਰ ਆ ਜਾਵੇਗੀ। ਚਾਰ ਵੱਜ ਗਏ ਤੇ ਫਿਰ ਸਾਢੇ ਚਾਰ। ਦੋਨਾਂ ਭੈਣ-ਭਰਾਵਾਂ ਦਾ ਫਿਕਰ ਵਧ ਗਿਆ। ਗੁਰਮੀਤ ਨੇ ਏਅਰ ਪੋਰਟ ਤੇ ਏਧਰੋਂ-ਓਧਰੋਂ ਪੁੱਛਣਾ ਸ਼ੁਰੂ ਕੀਤਾ। ਇਮੀਗਰੇਸ਼ਨ ਮਹਿਕਮੇ ਤੋਂ ਪਤਾ ਲੱਗਿਆ ਕਿ ਹਰਬਿੰਦਰ ਨਾਮ ਦੀ ਕੋਈ ਵੀ ਔਰਤ ਇਸ ਫਲਾਈਟ 'ਤੇ ਨਹੀਂ ਆਈ।

ਮਣਾਂ-ਮੂੰਹੀਂ ਬੋਝ ਲੈ ਕੇ ਦੋਨੋਂ ਭੈਣ ਭਰਾ ਘਰ ਵਾਪਸ ਆ ਗਏ। ਸਾਰੀ ਰਾਤ ਕਦੇ ਕਿਸੇ ਨੂੰ, ਕਦੇ ਕਿਸੇ ਨੂੰ ਫੋਨ ਕਰਦੇ ਰਹੇ। ਅੰਤ ਦੂਸਰੇ ਦਿਨ ਪਤਾ ਲੱਗਾ ਕਿ ਬਿੰਦਰ ਤਾਂ ਵੈਨਕੂਵਰ ਆਈ ਹੀ ਨਹੀਂ। ਉਹ ਤਾਂ ਲੰਡਨ ਤੋਂ ਸਿੱਧੀ ਹੀ ਟੋਰਾਂਟੋ ਚਲੀ ਗਈ ਸੀ ਆਪਣੇ ਪ੍ਰੇਮੀ ਕੋਲ। ਉਸਨੇ ਪਹਿਲਾਂ ਹੀ ਇਹ ਸਕੀਮ ਬਣਾ ਰੱਖੀ ਸੀ ਕਿ ਮੈਂ ਵਿਆਹ ਕਰਵਾ ਕੇ ਸਿੱਧੀ ਤੇਰੇ ਕੋਲ ਆ ਜਾਵਾਂਗੀ।

ਸਿਮਰ ਤੇ ਜੱਸੀ ਦੋਨੋਂ ਇਕ ਦੂਸਰੇ ਨਾਲ ਦੁੱਖ-ਸੁੱਖ ਸਾਂਝਾ ਕਰ ਲਿਆ ਕਰਦੀਆਂ ਸਨ। ਇਕ ਦਿਨ ਜੱਸੀ ਦੇ ਮਨ ਵਿਚ ਆਇਆ ਕਿ ਕਿਉਂ ਨਾ ਉਹ ਆਪਣੇ ਭਰਾ ਗੁਰਮੀਤ ਦੀ ਸਿਮਰ ਨਾਲ ਗੱਲਬਾਤ ਕਰਵਾ ਦੇਵੇ। ਦੋਨੋਂ ਇਕ ਦੂਸਰੇ ਨੂੰ ਚੰਗੀ ਤਰ੍ਹਾਂ ਜਾਣਦੇ ਹਨ। ਦੋਨਾਂ ਦੀ ਕਹਾਣੀ ਵੀ ਇਕ ਤਰ੍ਹਾਂ ਦੀ ਹੀ ਹੈ।

ਗੁਰਮੀਤ ਦਾ ਵੀ ਬਿੰਦਰ ਨਾਲ ਤਾਲਾਕ ਹੋ ਗਿਆ ਸੀ। ਜ਼ਿਆਦਾ ਸਮਾਂ ਉਡੀਕ ਨਹੀਂ ਕਰਨੀ ਪਈ। ਗੁਰਮੀਤ ਨੂੰ ਆਪਣੀ ਭੈਣ ਦੀ ਗੱਲ ਚੰਗੀ ਲੱਗੀ।

ਸਿਮਰ ਲਈ ਵੀ ਇਹ ਚੰਗਾ ਮੌਕਾ ਸੀ। ਦਿਨਾਂ ਵਿਚ ਹੀ ਉਨ੍ਹਾਂ ਦੀ ਨੇੜਤਾ ਵਧ ਗਈ। ਹੁੰਦੀ ਹੁੰਦੀ ਗੱਲ ਜੀਵਨ ਭਰ ਦਾ ਸਾਥ ਦੇਣ ਤੱਕ ਅਪੜ ਗਈ। ਅਖੀਰ ਗੁਰਮੀਤ ਨੇ ਸਿਮਰ ਨੂੰ ਆਖ ਹੀ ਦਿੱਤਾ ਕਿ ਮੈਂ ਦੋ ਕੁ ਮਹੀਨਿਆਂ ਤੱਕ ਭਾਰਤ ਆਵਾਂਗਾ ਤੇ ਕੋਰਟ ਮੈਰਿਜ ਕਰ ਕੇ ਤੇਰਾ ਅਪਲਾਈ ਕਰ ਦਿਆਂਗਾ।

ਜੱਸੀ ਜਦੋਂ ਉਨ੍ਹਾਂ ਦੋਨਾਂ ਨੂੰ ਫੋਨ 'ਤੇ ਗੱਲਾਂ ਕਰਦੇ ਸੁਣਦੀ ਤਾਂ ਮਨ ਹੀ ਮਨ ਬਹੁਤ ਖੁਸ਼ ਹੁੰਦੀ। ਆਪਣੇ ਵੀਰ ਦੇ ਦਰਦ ਦੇ ਨਾਲ ਨਾਲ ਸਿਮਰ ਦੇ ਦਰਦ ਨੂੰ ਵੀ ਪਹਿਚਾਣਦੀ ਸੀ। ਉਹ ਫੋਨ ਕਰ ਕੇ ਕਦੇ ਸਿਮਰ ਅੱਗੇ ਗੁਰਮੀਤ ਦੀਆਂ ਵਡਿਆਈਆਂ ਕਰਦੀ ਤੇ ਕਦੇ ਗੁਰਮੀਤ ਨੂੰ ਸਿਮਰ ਦੀਆਂ ਪਿਆਰੀਆਂ ਪਿਆਰੀਆਂ ਭੋਲੀਆਂ ਭੋਲੀਆਂ ਗੱਲਾਂ ਦੱਸਦੀ।

ਆਖਰ ਨੂੰ ਉਹ ਦਿਨ ਆ ਗਿਆ ਜਦੋਂ ਗੁਰਮੀਤ ਨੇ ਪੰਜਾਬ ਦੀ ਧਰਤੀ 'ਤੇ ਪੈਰ ਰੱਖਿਆ। ਉਹ ਆਪਣੇ ਮਾਂ ਬਾਪ ਨੂੰ ਨਾਲ ਲੈ ਕੇ ਸਿੱਧਾ ਸਿਮਰ ਦੇ ਘਰ ਗਿਆ ਅਤੇ ਬੜੇ ਸਲੀਕੇ ਨਾਲ ਸਿਮਰ ਦਾ ਹੱਥ ਮੰਗਿਆ। ਗੁਰਮੀਤ ਨੇ ਸਪੱਸ਼ਟ

ਆਖ ਦਿੱਤਾ ਕਿ ਵਿਆਹ 'ਤੇ ਘੱਟ ਤੋਂ ਘੱਟ ਖਰਚ ਕਰਨਾ ਹੈ। ਕੋਰਟ ਮੈਰਿਜ ਜਾਂ ਪੰਜ ਬੰਦਿਆਂ ਦੀ ਹਾਜ਼ਰੀ ਵਿਚ ਆਨੰਦ ਕਾਰਜ। ਦਾਜ ਦਹੇਜ ਤੇ ਬਾਕੀ ਸਭ ਫਜ਼ੂਲ ਰਸਮਾਂ ਦਾ ਬਾਈਕਾਟ।

ਸਿਮਰ ਦੇ ਮਾਂ ਬਾਪ ਨੂੰ ਕੋਈ ਇਤਰਾਜ਼ ਨਹੀਂ ਸੀ ਪਰ ਇਕ ਸ਼ਰਤ ਲਾਉਣਾ ਚਾਹੁੰਦੇ ਸਨ ਕਿ ਉਹ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਪੁੱਤਰ ਨੂੰ ਜ਼ਰੂਰ ਮੰਗਵਾਏਗਾ। ਸਿਮਰ ਨੇ ਪਹਿਲਾਂ ਹੀ ਆਪਣੇ ਬਾਪੂ ਦਾ ਮੂੰਹ ਬੰਨ੍ਹ ਦਿੱਤਾ ਸੀ। ਉਸਨੇ ਸਾਫ ਸ਼ਬਦਾਂ ਵਿਚ ਆਖ ਦਿੱਤਾ, 'ਪਿਛਲੀ ਵਾਰੀ ਵੀ ਤੁਸੀਂ ਮੇਰਾ ਸੌਦਾ ਕੀਤਾ। ਆਪਣੀ ਮਰਜ਼ੀ ਕੀਤੀ। ਮੈਨੂੰ ਪਤਾ ਵੀ ਨਾ ਲੱਗਣ ਦਿੱਤਾ ਕਿ ਕਦੋਂ ਤੁਸੀਂ ਵਿਆਹ ਦੇ ਖਰਚ ਦੀਆਂ ਸ਼ਰਤਾਂ ਰੱਖ ਲਈਆਂ। ਮੈਨੂੰ ਐਮ. ਏ. ਕਰਵਾਉਣ ਦਾ ਮਤਲਬ ਇਹ ਨਹੀਂ ਕਿ ਤੁਸੀਂ ਹਰ ਥਾਂ 'ਤੇ ਮੇਰੀ ਬੋਲੀ ਲਾਉਂਦੇ ਫਿਰੋ। ਇਹ ਮੇਰੀ ਜ਼ਿੰਦਗੀ ਹੈ, ਇਸਦਾ ਫੈਸਲਾ ਮੈਂ ਆਪ ਕਰਨਾ ਹੈ। ਇਹ ਵਿਆਹ ਹੋਵੇਗਾ ਪਰ ਇਸ ਵਿਚ ਕੋਈ ਸ਼ਰਤ ਨਹੀਂ ਹੋਵੇਗੀ।'

ਅਰਜਨ ਸਿਉਂ ਸਿਮਰ ਦੀ ਦਹਾੜ ਸੁਣ ਕੇ ਚੁੱਪ ਹੋ ਗਿਆ। ਏਨਾ ਹੀ ਕਹਿ ਸਕਿਆ, 'ਜਿਵੇਂ ਤੇਰੀ ਮਰਜ਼ੀ ਪੁੱਤ।'

ਸਿਮਰ ਤੇ ਗੁਰਮੀਤ ਦਾ ਵਿਆਹ ਹੋ ਗਿਆ। ਸਭ ਕੁਝ ਬਹੁਤ ਸਾਦਾ ਸੀ ਤੇ ਦੋਨੋਂ ਜਾਣੇ ਬਹੁਤ ਖੁਸ਼ ਸਨ। ਦੋਨੋਂ ਘੁੰਮਣ ਫਿਰਨ ਗਏ। ਗੁਰਮੀਤ ਦੇ ਮਾਂ-ਬਾਪ ਨੂੰ ਪਤਾ ਸੀ ਕਿ ਸਿਮਰ ਬਹੁਤ ਹੀ ਨੇਕ ਅਤੇ ਸਾਊ ਸੁਭਾਅ ਦੀ ਕੁੜੀ ਹੈ। ਸਿਮਰ ਆਪਣੇ ਸੱਸ ਸਹੁਰੇ ਦੀ ਸੇਵਾ ਕਰਦੀ ਅੱਗੇ-ਪਿੱਛੇ ਘੁੰਮਦੀ ਰਹਿੰਦੀ। ਦਿਨਾਂ ਵਿਚ ਹੀ ਉਹ ਬਿੰਦਰ ਨੂੰ ਭੁੱਲ ਗਏ ਅਤੇ ਸਿਮਰ ਨਾਲ ਘੁਲ ਮਿਲ ਗਏ। ਕਦੇ ਕਦੇ ਸਿਮਰ ਦੀ ਸੱਸ ਆਪਣੇ ਆਂਢ-ਗੁਆਂਢ ਨੂੰ ਕਹਿੰਦੀ, 'ਭੈਣੇ ਸਾਨੂੰ ਤਾਂ ਠੂਠਾ ਭੰਨ੍ਹ ਕੇ ਛੰਨਾ ਮਿਲ ਗਿਆ।'

ਗੁਰਮੀਤ ਮਹੀਨਾ ਕੁ ਰਹਿ ਕੇ ਕੈਨੇਡਾ ਆ ਗਿਆ। ਆਉਂਦੇ ਸਾਰ ਹੀ ਸਿਮਰ ਦਾ ਅਪਲਾਈ ਕਰ ਦਿੱਤਾ। ਇਕ ਦਿਨ ਸਿਮਰ ਦਾ ਵੀਜ਼ਾ ਆ ਗਿਆ। ਸਿਮਰ ਕੈਨੇਡਾ ਜਾਣ ਦੀਆਂ ਤਿਆਰੀਆਂ ਵਿਚ ਰੁੱਝ ਗਈ। ਸੋਹਣੇ ਸੂਟ ਬਣਵਾਏ, ਕੁਝ ਆਪਣੇ ਲਈ ਤੇ ਕੁਝ ਆਪਣੀ ਸਹੇਲੀ ਤੋਂ ਨਨਾਣ ਬਣੀ ਜੱਸ ਵਾਸਤੇ। ਉਸਨੂੰ ਜਾਪਿਆ ਜਿਵੇਂ ਉਸਦਾ ਨਵਾਂ ਜਨਮ ਹੋਇਆ ਹੋਵੇ। ਉਹ ਆਪਣੇ ਸੂਟਾਂ ਅਤੇ ਹੋਰ ਨਿੱਕ-ਸੁਕ ਨੂੰ ਦਿਨ ਵਿਚ ਕਈ ਕਈ ਵਾਰੀ ਵੇਖਦੀ। ਖੁਸ਼ੀਆਂ ਨਾਲ ਦੋਬਾਰਾ ਮੇਲ ਹੋ ਗਿਆ ਸੀ।

ਤੇ ਫਿਰ ਇਕ ਦਿਨ ਸਿਮਰ ਵੈਨਕੂਵਰ ਏਅਰਪੋਰਟ 'ਤੇ ਪੁੱਜ ਗਈ। ਖੁਸ਼ੀ ਖੁਸ਼ੀ ਸਾਰਾ ਟੱਬਰ ਉਸਨੂੰ ਲੈਣ ਆਇਆ। ਏਅਰਪੋਰਟ ਤੋਂ ਬਾਹਰ ਨਿਕਲਦਿਆਂ ਸਿਮਰ ਨੇ ਵੱਡਾ ਸਾਰਾ ਸਾਹ ਲਿਆ। ਇਕ ਪਲ ਲਈ ਉਸਦੀ ਸਾਰੀ ਦਰਦ ਕਹਾਣੀ ਉਸ ਦੀਆਂ ਅੱਖਾਂ ਅੱਗੇ ਘੁੰਮ ਗਈ ਪਰ ਉਸਨੇ ਓਸੇ ਪਲ ਹੀ ਆਪਣੇ ਆਪ ਨੂੰ ਸੰਭਾਲ ਲਿਆ ਤੇ ਵੈਨਕੂਵਰ ਦੀਆਂ ਰੰਗੀਨੀਆਂ ਵਿਚ ਗਵਾਚ ਗਈ। ਉਹ ਵਾਰ-ਵਾਰ ਆਪਣੇ ਨਾਲ ਬੈਠੀ ਜੱਸੀ ਦਾ ਹੱਥ ਫੜ ਕੇ ਚੁੰਮ ਰਹੀ ਸੀ। ਅੱਧੇ ਕੁ ਘੰਟੇ ਬਾਅਦ ਜੱਸੀ ਦਾ ਘਰ ਆ ਗਿਆ। ਇਸ ਤਰ੍ਹਾਂ ਦਾ ਘਰ ਉਸਨੇ ਤਸਵੀਰਾਂ ਵਿਚ ਵੇਖਿਆ ਸੀ ਪਰ ਅੱਜ ਪਹਿਲੀ ਵਾਰ ਅਸਲੀਅਤ ਵਿਚ ਵੇਖ ਰਹੀ ਸੀ।

ਹਰ ਚੀਜ਼ ਆਪਣੇ ਥਾਂ 'ਤੇ ਬੜੇ ਹੀ ਸਲੀਕੇ ਨਾਲ ਰੱਖੀ ਹੋਈ ਸੀ। ਜੱਸੀ ਦੀ ਸੱਸ ਨੇ ਸਿਮਰ ਨੂੰ ਰਜਵਾਂ ਪਿਆਰ ਦਿੱਤਾ। ਸਿਮਰ ਨੂੰ ਉਸਦਾ ਕਮਰਾ ਦਿਖਾਇਆ। ਇਕ ਪਲ ਲਈ ਸਿਮਰ ਨੇ ਮਹਿਸੂਸ ਕੀਤਾ ਕਿ ਉਹ ਕਿਸੇ ਸਵਰਗ ਵਿਚ ਆ ਪਹੁੰਚੀ ਹੈ। ਉਸਦੇ ਧੁਰ ਅੰਦਰੋਂ ਵਾਹਿਗੁਰੂ ਨਿਕਲਿਆ।

ਪੰਦਰਾਂ ਕੁ ਦਿਨਾਂ ਬਾਅਦ ਸਿਮਰ ਅਤੇ ਗੁਰਮੀਤ ਆਪਣੇ ਘਰ ਸ਼ਿਫਟ ਕਰ ਗਏ। ਘਰ ਭਾਵੇਂ ਸਿਮਰ ਦੇ ਘਰ ਤੋਂ ਛੋਟਾ ਸੀ ਪਰ ਬਹੁਤ ਸੋਹਣਾ ਸੀ ਅਤੇ ਬਹੁਤੀ ਗੱਲ ਇਹ ਕਿ ਉਹ ਉਨ੍ਹਾਂ ਦਾ ਆਪਣਾ ਘਰ ਸੀ।

ਦਿਨਾਂ ਵਿਚ ਹੀ ਦੋਨੋਂ ਪੂਰੀ ਤਰ੍ਹਾਂ ਸੈਟ ਹੋ ਗਏ। ਸਿਮਰ ਨੇ ਆਪਣੀ ਮਰਜ਼ੀ ਨਾਲ ਆਪਣੇ ਘਰ ਨੂੰ ਸਜਾਇਆ। ਗੁਰਮੀਤ ਨੇ ਸਿਮਰ ਨੂੰ ਮਾਰਗੇਜ਼ ਵਾਲੀ ਗੱਲ ਦੱਸਣੀ ਚਾਹੀ ਪਰ ਮੌਰਗੇਜ਼ ਵਾਲੀਆਂ ਗੱਲਾਂ ਦੀ ਨਾ ਉਸਨੂੰ ਸਮਝ ਸੀ ਅਤੇ ਨਾ ਹੀ ਉਹ ਸਮਝਣਾ ਚਾਹੁੰਦੀ ਸੀ। ਉਸ ਲਈ ਤਾਂ ਗੁਰਮੀਤ ਹੀ ਉਸਦੀ ਜ਼ਿੰਦਗੀ ਸੀ ਅਤੇ ਬਾਕੀ ਦਾ ਸਾਰਾ ਜੀਵਨ ਉਹ ਗੁਰਮੀਤ ਦੇ ਸਾਹਾਂ ਵਿਚ ਸਾਹ ਰਲਾ ਕੇ ਬਤੀਤ ਕਰਨਾ ਚਾਹੁੰਦੀ ਸੀ।

ਗੁਰਮੀਤ ਨੇ ਕੁਝ ਦਿਨਾਂ ਦੀਆਂ ਛੁੱਟੀਆਂ ਲਈਆ ਤੇ ਉਸਨੇ ਸਰੀ ਦਾ ਸਾਰਾ ਆਲਾ ਦੁਆਲਾ ਸਿਮਰ ਨੂੰ ਘੁਮਾ ਦਿੱਤਾ। ਫੈਰੀ 'ਤੇ ਵਿਕਟੋਰੀਆ ਵੀ ਦਿਖਾ ਦਿੱਤਾ। ਛੁੱਟੀਆਂ ਦੇ ਇਹ ਦਸ ਪੰਦਰਾਂ ਦਿਨ ਪਤਾ ਹੀ ਨਹੀਂ ਲੱਗਿਆ ਕਿ ਕਿਵੇਂ ਬੀਤ ਗਏ। ਗੁਰਮੀਤ ਇਕ ਫੈਕਟਰੀ ਵਿਚ ਕੰਮ ਕਰਦਾ ਸੀ। ਮਾਂ-ਪਿਓ ਨਾਲ ਆਇਆ ਸੀ ਆਪਣੀ ਪੜ੍ਹਾਈ ਵਿਚੇ ਹੀ ਛੱਡ ਕੇ। ਉਸਨੇ ਬਾਰਾਂ ਗਰੇਡ ਪੂਰੇ ਨਹੀਂ ਸਨ ਕੀਤੇ ਅਤੇ ਕੈਨੇਡਾ ਆ ਕੇ ਵੀ ਉਸਨੇ ਪੜ੍ਹਨ ਦੀ ਕੋਸ਼ਿਸ਼ ਨਾ ਕੀਤੀ। ਫੈਕਟਰੀ ਦਾ ਕੰਮ ਭਾਰਾ ਤਾਂ ਸੀ ਪਰ ਪੈਸੇ ਚੰਗੇ ਮਿਲਣ ਕਰਕੇ ਉਸਨੂੰ ਮਹਿਸੂਸ ਨਹੀਂ ਸੀ ਹੁੰਦਾ। ਸਿਮਰ ਨੂੰ ਉਸਦੇ ਭਾਰੇ ਕੰਮ ਦਾ ਅਹਿਸਾਸ ਸੀ। ਉਹ ਚੰਗੇ ਪਕਵਾਨ ਬਣਾਉਂਦੀ ਅਤੇ ਹਰ ਤਰੀਕੇ ਨਾਲ ਉਸਦੀ ਸਿਹਤ ਦਾ ਖਿਆਲ ਰੱਖਦੀ। ਦੋ ਕੁ ਮਹੀਨਿਆਂ ਬਾਦ ਸਿਮਰ ਵੀ ਕਿਸੇ ਹੋਰ ਫੈਕਟਰੀ ਵਿਚ ਕੰਮ ਕਰਨ ਲੱਗ ਪਈ। ਭਾਵੇਂ ਗੁਰਮੀਤ ਨੇ ਉਸਨੂੰ ਕਈ ਵਾਰ ਕਿਹਾ ਕਿ ਉਸਦੀ ਤਨਖਾਹ ਨਾਲ ਉਨ੍ਹਾਂ ਦਾ ਸਰ ਜਾਣਾ ਹੈ ਪਰ ਸਿਮਰ ਨੂੰ ਚੰਗਾ ਨਹੀਂ ਸੀ ਲੱਗਦਾ ਕਿ ਗੁਰਮੀਤ ਹੱਡ-ਭੰਨਵੀਂ ਮਿਹਨਤ ਕਰੇ ਅਤੇ ਉਹ ਵਿਹਲੀ ਬੈਠ ਸਾਰਾ ਦਿਨ ਟੀਵੀ ਦੇਖੀ ਜਾਵੇ।

ਉਨ੍ਹਾਂ ਦਾ ਖੁਸ਼ੀ ਭਰਿਆ ਸਮਾਂ ਬੜੀ ਤੇਜ਼ੀ ਨਾਲ ਬੀਤ ਗਿਆ। ਗੁਰਮੀਤ ਦੇ ਪੇਟ ਵਿਚ ਦਰਦ ਰਹਿਣ ਲੱਗ ਪਿਆ। ਕਦੇ ਕਦੇ ਟੱਟੀ ਰਾਹੀਂ ਖੂਨ ਵੀ ਵਹਿ ਜਾਂਦਾ। ਇਕ ਦਿਨ ਡਾਕਟਰਾਂ ਨੇ ਸਪਸ਼ਟ ਦੱਸ ਦਿੱਤਾ ਕਿ ਇਸਦੇ ਮੇਹਦੇ ਵਿਚ ਕੈਂਸਰ ਕਾਫੀ ਫੈਲ ਚੁੱਕਿਆ ਹੈ। ਸਾਰਿਆਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਸਿਮਰ ਨੂੰ ਆਪਣਾ ਸੂਰਜ ਡੁੱਬਦਾ ਜਾਪਣ ਲੱਗਾ। ਗੁਰਮੀਤ ਦੇ ਨਾਲ ਨਾਲ ਉਹ ਵੀ ਸੁੱਕ ਕੇ ਤੀਲਾ ਹੋ ਗਈ। ਉਸਨੇ ਕਿਹੜੇ ਅਜੇਹੇ ਪਾਪ ਕੀਤੇ ਹਨ ਜਿਸਦੀ ਰੱਬ ਉਸਨੂੰ ਸਜ਼ਾ ਦੇ ਰਿਹਾ ਹੈ।

ਗੁਰਮੀਤ ਦੀ ਹਾਲਤ ਦਿਨੋਂ ਦਿਨ ਵਿਗੜਦੀ ਗਈ। ਡਾਕਟਰਾਂ ਨੇ ਆਪਣੀ ਪੂਰੀ ਵਾਹ ਲਾਈ ਕਿ ਉਸਨੂੰ ਕੁਝ ਹੋਰ ਦੇਰ ਜਿਊਂਦਾ ਰੱਖਿਆ ਜਾ ਸਕੇ ਪਰ ਕੁਦਰਤ ਨੂੰ ਇਹ ਮਨਜ਼ੂਰ ਨਹੀਂ ਸੀ। ਆਖਿਰ ਨੂੰ ਗੁਰਮੀਤ ਰੱਬ ਨੂੰ ਪਿਆਰਾ ਹੋ ਗਿਆ। ਸਿਮਰ ਤੇ ਦੁੱਖਾਂ ਦਾ ਪਹਾੜ ਟੁੱਟ ਗਿਆ। ਉਸਦੇ ਚਾਰੇ ਪਾਸੇ ਹਨੇਰਾ ਹੀ ਹਨੇਰਾ ਸੀ। ਉਸਨੂੰ ਸਮਝ ਨਹੀਂ ਸੀ ਆ ਰਹੀ ਕਿ ਕੀ ਕਰੇ। ਗੁਰਮੀਤ ਆਪਣੀ ਕੋਈ ਨਿਸ਼ਾਨੀ ਵੀ ਤਾਂ ਨਹੀਂ ਸੀ ਦੇ ਕੇ ਗਿਆ ਜਿਸਦੇ ਸਹਾਰੇ ਉਹ ਆਪਣੀ ਜ਼ਿੰਦਗੀ ਕੱਟ ਲੈਂਦੀ। ਸਸਕਾਰ ਤੇ ਸਸਕਾਰ ਤੋਂ ਬਾਦ ਭੋਗ ਤੇ ਹੋਰ ਸਾਰਾ ਕੁਝ ਇਕ ਹੱਫਤੇ ਵਿਚ ਨਿਬੜ ਗਿਆ ਪਰ ਉਸਦੇ ਦੁੱਖ ਦੀ ਕਹਾਣੀ ਸ਼ੁਰੂ ਹੋ ਗਈ। ਦੁੱਖ ਵੰਡਾਉਣ ਆਏ ਸਾਰੇ ਰਿਸ਼ਤੇਦਾਰ, ਮਿੱਤਰ ਦੋਸਤ ਆਪੋ ਆਪਣੇ ਘਰਾਂ ਨੂੰ ਤੁਰ ਗਏ।

ਉਹ ਘਰ ਜੋ ਸਿਮਰ ਨੂੰ ਸਵਰਗ ਲੱਗਦਾ ਸੀ ਹੁਣ ਵੱਢਣ ਨੂੰ ਆਉਂਦਾ। ਉਹ ਸਿਰਫ ਤੇ ਸਿਰਫ ਗੁਰਮੀਤ ਦੀ ਯਾਦ ਨਾਲ ਜਿਊਣਾ ਚਾਹੁੰਦੀ ਸੀ। ਕਈ ਵਾਰੀ ਉਸਦਾ ਦਿਲ ਕਰਦਾ ਉਹ ਸਭ ਨੂੰ ਆਖ ਦੇਵੇ ਕਿ ਉਸਦੇ ਘਰੋਂ ਸਾਰੇ ਚਲੇ ਜਾਣ ਤਾਂ ਜੋ ਉਹ ਰੱਜ ਕੇ ਇਕੱਲੀ ਬਹਿ ਕੇ ਗੁਰਮੀਤ ਦੀ ਯਾਦ ਦੇ ਗਲ ਲੱਗ ਕੇ ਰੋ ਸਕੇ। ਪਰ ਕੋਈ ਵੀ ਉਸ ਨੂੰ ਇਕੱਲਾ ਨਾ ਛੱਡਦਾ।

ਗੁਰਮੀਤ ਦਾ ਬਾਪ ਵੀ ਆਪਣੇ ਜਾਨ ਨਾਲੋਂ ਪਿਆਰੇ ਪੁੱਤ ਨੂੰ ਇਸ ਦੁੱਨੀਆਂ ਤੋਂ ਤੋਰਨ ਸਮੇਂ ਆ ਗਿਆ ਸੀ। ਉਸਨੂੰ ਸਿਰਫ ਮਹੀਨੇ ਦਾ ਹੀ ਵੀਜ਼ਾ ਮਿਲਿਆ ਸੀ। ਇਹ ਇਕ ਮਹੀਨਾ ਤਾਂ ਅਫਸੋਸ ਕਰਨ ਆਉਂਦੇ ਲੋਕਾਂ ਨੇ ਹੀ ਘੇਰੀ ਰੱਖਿਆ।

ਕੁਝ ਹੌਲ ਹੁੰਗਾਰਾ ਹੋਇਆ ਤਾਂ ਗੁਰਮੀਤ ਦੇ ਬਾਪ ਨੇ ਸਿਮਰ ਤੇ ਜੱਸੀ ਨੂੰ ਗੁਰਮੀਤ ਦੇ ਫੁੱਲ ਭਾਰਤ ਲੈ ਜਾਣ ਦੀ ਸਲਾਹ ਦਿੱਤੀ। ਜੱਸੀ ਤੇ ਸਿਮਰ ਦੋਨਾਂ ਨੇ ਉਸਦੀ ਹਾਂ ਵਿਚ ਹਾਂ ਮਿਲਾ ਦਿੱਤੀ। ਪਿੰਡ ਪੁੱਜਦੇ ਸਾਰ ਰਿਸ਼ਤੇਦਾਰ ਅਤੇ ਦੋਸਤ ਮਿਤਰਾਂ ਦਾ ਇਕ ਹੜ੍ਹ ਜਿਹਾ ਉਨ੍ਹਾਂ ਦੇ ਘਰ ਆ ਵੜਿਆ। ਲੋਕ ਆਉਂਦੇ ਤੇ ਰਸ਼ਮੀ ਜਿਹਾ ਅਫ਼ਸੋਸ ਕਰਕੇ ਚਲੇ ਜਾਂਦੇ। ਸਭ ਦੀਆਂ ਨਜ਼ਰਾਂ ਤਾਂ ਸਿਮਰ 'ਤੇ ਸਨ। ਰਿਸ਼ਤੇਦਾਰਾਂ ਵਿਚ ਦੌੜ ਲਗ ਗਈ ਸਿਮਰ ਨੂੰ ਕਾਬੂ ਕਰਨ ਦੀ। ਰਿਸ਼ਤੇਦਾਰਾਂ ਵਿਚ ਸਿਮਰ ਨੂੰ ਲੈ ਕੇ ਆਪੋ ਧਾਪ ਜੇਹੀ ਮੱਚ ਗਈ।

ਸਭ ਤੋਂ ਪਹਿਲਾਂ ਗੁਰਮੀਤ ਦੀ ਭੂਆ ਵੀਰੋ ਆਪਣੇ ਭਰਾ ਨੂੰ ਕਹਿਣ ਲੱਗੀ, 'ਵੀਰ! ਰੱਬ ਨੇ ਤਾਂ ਸਾਡੇ ਨਾਲ ਬਹੁਤ ਬੁਰੀ ਕੀਤੀ ਆ। ਕਾਲਜਾ ਬਾਹਰ ਨੂੰ ਆਉਂਦਾ ਹੈ। ਪਰ ਡਾਢੇ ਅੱਗੇ ਕਿਸਦੀ ਚਲਦੀ ਆ। ਮੈਨੂੰ ਵੀ ਗੁਰਮੀਤ ਦਾ ਬਹੁਤ ਦੁੱਖ ਹੈ। ਸਿਮਰ ਤਾਂ ਮੈਥੋਂ ਦੇਖੀ ਨਹੀਂ ਜਾਂਦੀ। ਮੈਨੂੰ ਕਿਹੜਾ ਪਰਾਈ ਹੈ ਉਹ! '

ਕੇਹਰ ਸਿੰਘ ਆਪਣੇ ਪਰਨੇ ਨਾਲ ਅੱਖਾਂ ਪੂੰਝਣ ਲੱਗਦਾ ਹੈ ਤਾਂ ਵੀਰੋ ਬੋਲ ਪੈਂਦੀ ਹੈ, 'ਭਾਣਾ ਤਾਂ ਮੰਨਣਾ ਹੀ ਪੈਣਾ ਹੈ। ਕੀਹਦਾ ਜ਼ੋਰ ਚੱਲਦਾ ਹੈ ਰੱਬ ਮੂਹਰੇ।'

'ਤੇਰੀ ਗੱਲ ਤਾਂ ਠੀਕ ਹੈ ਪਰ ਅੱਗਾ ਖਾਲੀ ਦਿਸਦਾ ਹੈ। ਮੇਰੀ ਜ਼ਿੰਦਗੀ ਵਿਚ ਤਾਂ ਨੇਰਾ ਹੀ ਨੇਰਾ ਦਿੱਸਦਾ ਹੈ। ਕੀ ਬਣੂੰ ਸਿਮਰ ਦਾ?'

'ਹਾਂ ਵੀਰ, ਮੈਨੂੰ ਵੀ ਏਹੋ ਝੋਰਾ ਖਾਂਦਾ ਹੈ। ਹਾਲੇ ਕੁੜੀ ਦੀ ਉਮਰ ਹੀ ਕੀ ਹੈ। ਕਿਵੇਂ ਕੱਟੂ ਗੀ ਪਹਾੜ ਜੇਡੀ ਜ਼ਿੰਦਗੀ! '

ਕੇਹਰ ਸਿੰਘ ਨੇ ਵੱਡਾ ਸਾਰਾ ਹਉਕਾ ਲਿਆ ਤੇ ਵੀਰੋ ਦੇ ਮੂੰਹ ਵੱਲ ਦੇਖਣ ਲੱਗਿਆ ਜਿਵੇਂ ਉਹ ਉਸਨੂੰ ਪੜ੍ਹਨ ਦਾ ਯਤਨ ਕਰ ਰਿਹਾ ਹੋਵੇ।

'ਹਾਂ! ' ਕੇਹਰ ਸਿੰਘ ਨੇ ਕਿਹਾ।'

ਵੀਰੋ ਨੇ ਸੋਚਿਆ ਕਿ ਇਸ ਤੋਂ ਪਹਿਲਾਂ ਕੋਈ ਹੋਰ ਉਸਦੇ ਭਰਾ ਨੂੰ ਸਿਮਰ ਬਾਰੇ ਕਹੇ ਜਾਂ ਸਿਮਰ ਦੀ ਹੀ ਕਿਸੇ ਨਾਲ ਗੱਲ ਹੋ ਜਾਵੇ, ਉਸਨੂੰ ਆਪਣੇ ਦਿਲ ਦੀ ਕਹਿ ਦੇਣੀ ਚਾਹੀਂਦੀ ਹੈ।

'ਵੀਰ! ਮੈਂ ਤੇ ਮਨਦੀਪ ਦਾ ਡੈਡੀ ਸੋਚ ਰਹੇ ਸੀ ਕਿ ਜੇਕਰ ਸਿਮਰ ਤੇ ਮਨਦੀਪ ਦਾ ਆਪਸ ਵਿਚ...ਹੋ ਜਾਵੇ ਤਾਂ ਘਰ ਦੀ ਗੱਲ ਘਰ 'ਚ ਹੀ ਰਹਿ ਜਾਵੇਗੀ।' ਕਹਿ ਕੇ ਕੇਹਰ ਸਿੰਘ ਦੇ ਚੇਹਰੇ 'ਤੇ ਟਿਕਟਿਕੀ ਲਗਾ ਉਸਦੇ ਹਾਵ ਭਾਵ ਪੜ੍ਹਨ ਲੱਗੀ।

ਕੇਹਰ ਸਿੰਘ ਨੇ ਸਿਰ 'ਤੇ ਬੰਨ੍ਹਿਆ ਪਰਨਾ ਠੀਕ ਕੀਤਾ ਤੇ ਬਿਨਾਂ ਕੁਝ ਕਹੇ ਬੀਹੀ ਵੱਲ ਨੂੰ ਹੋ ਤੁਰਿਆ।

ਓਧਰ ਜੱਸੀ ਦੀ ਸੱਸ ਨੇ ਜੱਸੀ ਦੇ ਕੰਨ੍ਹ ਖਾਣੇ ਸ਼ੁਰੂ ਕਰ ਦਿੱਤੇ। ਉਹ ਆਪਣੀ ਭੈਣ ਦਾ ਮੁੰਡਾ ਦੇਖੀ ਬੈਠੀ ਸੀ।

ਜੱਸੀ ਨੇ ਇਕ ਦਿਨ ਅੱਕ ਕੇ ਆਖ ਹੀ ਦਿੱਤਾ, 'ਮੰਮੀ! ਅਜੇ ਤਾਂ ਮੇਰੇ ਭਰਾ ਦਾ ਸਿਵਾ ਠੰਡਾ ਨਹੀਂ ਹੋਇਆ, ਤੁਸੀਂ ਏਹੋ ਜੇਹੀਆਂ ਗੱਲਾਂ ਕਰਨ ਲੱਗ ਪਏ ਹੋ। ਅਜੇ ਤਾਂ ਸਿਮਰ ਨੇ ਹੋਸ਼ ਵੀ ਨਹੀਂ ਸੰਭਾਲੀ, ਅਜੇ ਤਾਂ ਉਸਨੂੰ ਯਕੀਨ ਨਹੀਂ ਆ ਰਿਹਾ ਕਿ ਗੁਰਮੀਤ ਸਾਨੂੰ ਛੱਡ ਕੇ ਚਲਾ ਗਿਆ ਤੇ ਉਸਨੇ ਵਾਪਿਸ ਨਹੀਂ ਆਉਣਾ।'

ਜੱਸੀ ਦੀ ਸੱਸ ਦੇ ਤਾਂ ਅੱਗ ਹੀ ਲੱਗ ਗਈ। ਸੋਫੇ ਤੋਂ ਦੁੱਖਦੇ ਗੋਡਿਆਂ 'ਤੇ ਹੱਥ ਧਰ ਕੇ ਉੱਠਦੀ ਹੋਈ ਮੂੰਹ ਜਿਹਾ ਬਣਾ ਕੇ ਬੋਲੀ, 'ਸਾਨੂੰ ਤਾਂ ਭਾਈ ਕੀ ਆ। ਨਾਲੇ ਸਾਡੀ ਕਿਹੜਾ ਚਲਣੀ ਹੈ। ਮੈਂ ਤਾਂ ਭਲੇ ਲਈ ਹੀ ਸੋਚਿਆ ਸੀ ਬਈ ਘਰ ਦੀ ਗੱਲ ਘਰ 'ਚ ਰਹਿ ਜਾਊ। ਆਵਦੇ ਪਿਓ ਨਾਲ ਤੇ ਸਿਮਰ ਨਾਲ ਗੱਲ ਕਰਕੇ ਤਾਂ ਵੇਖੀਂ। ਆਪ ਹੀ ਜਵਾਬ ਦੇਈਂ ਜਾਨੀ ਆਂ। ਨਾਲੇ ਅੱਜ ਭਲਕ ਹੀ ਗੱਲ ਕਰ ਲੈ, ਇਹ ਨਾ ਹੋਵੇ ਸਿਮਰ ਜਾਂ ਕੋਈ ਹੋਰ ਕਿਤੇ ਹੋਰ ਥਾਂ ਹਾਂ ਕਰ ਦੇਣ। '

ਸਿਮਰ ਦੇ ਬਾਪ ਅਰਜਨ ਸਿਉਂ ਕੋਲ ਰਿਸ਼ਤੇਦਾਰਾਂ ਤੇ ਦੋਸਤਾਂ ਦਾ ਆਉਣਾ ਜਾਣਾ ਵਧ ਗਿਆ। ਹਰ ਇਕ ਦੀ ਅੱਖ ਸਿਮਰ 'ਤੇ ਸੀ। ਕੋਈ ਪੁੱਤ, ਕੋਈ ਭਤੀਜੇ ਨੂੰ ਸਿਮਰ ਰਾਹੀਂ ਕੈਨੇਡਾ ਦਾ ਰਾਹ ਖੋਲ੍ਹਣਾ ਚਾਹੁੰਦਾ ਸੀ। ਹਰ ਕੋਈ ਛੇਤੀ ਸੀ ਕਿ ਕਿਤੇ ਇਹ ਮੌਕਾ ਹੱਥੋਂ ਨਾ ਨਿਕਲ ਜਾਵੇ। 'ਮਾੜਾ ਹੋਇਆ 'ਅਰਜਨ ਸਿਆਂ ਆਖ ਕੇ ਸਿਮਰ ਬਾਰੇ ਅਗਾਂਹ ਦੀ ਗੱਲ ਤੋਰ ਲੈਂਦਾ।

ਅਰਜਨ ਸਿੰਘ ਦੇ ਇਕ ਦੋਸਤ ਬਲਦੇਵ ਸਿੰਘ ਨੇ ਤਾਂ ਏਥੋਂ ਤੱਕ ਕਹਿ ਦਿੱਤਾ, 'ਅਰਜਨ ਸਿਆਂ! ਦੁੱਖ ਤਾਂ ਬਹੁਤ ਆ ਜੋ ਕੁਝ ਰੱਬ ਨੇ ਧੀ ਨਾਲ ਕੀਤਾ। ਪਰ ਭਾਣਾ ਤਾਂ ਮੰਨਣਾ ਹੀ ਪੈਣਾ ਹੈ। ਨਾਲੇ ਕੁੜੀ ਅਜੇ ਨਿਆਣੀ ਹੈ। ਉਮਰ ਕਟਣੀ ਬਹੁਤ ਔਖੀ ਹੈ। ਮੈਂ ਸੋਚਦਾ ਆਂ ਬਈ ਜੇਕਰ ਆਪਾਂ ਘਰ ਦੀ ਗੱਲ ਘਰ ' ਚ ਹੀ ਨਿਬੇੜ ਲਈਏ ਤਾਂ ਦੋਨਾਂ ਧਿਰਾਂ ਨੂੰ ਫਾਇਦਾ ਹੈ। ਆਪਣਾ ਛੋਟਾ ਚੰਗਾ ਪੜ੍ਹ ਲਿਖ ਗਿਆ ਹੈ। ਮੇਰਾ ਖਿਆਲ ਹੈ ਸਿਮਰ...ਤੇ ਜੱਗੇ... '

ਅਰਜਨ ਸਿਉਂ ਨੇ ਬਲਦੇਵ ਸਿੰਘ ਦੀ ਗੱਲ ਤਾਂ ਧਿਆਨ ਨਾਲ ਸੁਣ ਲਈ ਪਰ ਜਵਾਬ ਨਾ ਦਿੱਤਾ।

ਬਲਦੇਵ ਸਿੰਘ ਨੂੰ ਪਤਾ ਸੀ ਕਿ ਅਰਜਨ ਸਿਉਂ ਕੁਝ ਲਾਲਚੀ ਬਿਰਤੀ ਦਾ ਮਾਲਕ ਹੈ। ਉਸਨੂੰ ਸਿਮਰ ਦੇ ਪਹਿਲੇ ਵਿਆਹ ਬਾਰੇ ਵੀ ਪਤਾ। ਇਸ ਲਈ ਉਸਨੇ 'ਹਾਂ 'ਸੁਣਨ ਲਈ ਆਪਣਾ ਪੈਂਤੜਾ ਬਦਲ ਲਿਆ ਤੇ ਕਹਿਣ ਲੱਗਾ, 'ਆਪਣੇ ਕਿਹੜਾ ਕਿਸੇ ਚੀਜ਼ ਦਾ ਘਾਟਾ ਹੈ। ਐਵੇਂ ਮੁੰਡਾ ਕੈਨੇਡਾ ਜਾਣ ਦੀ ਜਿੰਦ ਕਰਦਾ ਆ। ਜੇ ਗੱਲ ਸਿਰੇ ਚੜ੍ਹਦੀ ਹੈ ਤਾਂ ਕੁੜੀ ਨੂੰ ਦਸ ਬਾਰਾਂ ਲੱਖ ਦੇ ਦਿਆਂਗੇ ਸੈਟ ਹੋਣ ਲਈ। '

ਏਨਾ ਕਹਿ ਕੇ ਅਰਜਨ ਸਿਉਂ ਤੋਂ ਜਵਾਬ ਉਡੀਕਣ ਲੱਗਾ। ਸਬੱਬ ਨਾਲ ਸਿਮਰ ਉਸ ਦਿਨ ਆਪਣੇ ਪੇਕੇ ਆਈ ਹੋਈ ਸੀ। ਉਸਨੇ ਸਾਰੀ ਗੱਲ ਸੁਣ ਲਈ। ਉਹ ਡਰ ਗਈ ਕਿ ਕਿਤੇ ਉਸਦਾ ਬਾਪੂ ਪੈਸੇ ਦੇ ਲਾਲਚ ਵਿਚ ਆ ਕੇ ਫੇਰ ਨਾ ਕੋਈ ਡੀਲ ਕਰ ਲਵੇ।

ਉਹ ਚਾਹ ਦੇਣ ਦੇ ਬਹਾਨੇ ਇਕ ਖਾਲੀ ਕੁਰਸੀ 'ਤੇ ਆ ਬੈਠੀ। ਬਲਦੇਵ ਸਿਉਂ ਨੇ ਉਠ ਕੇ ਉਸਦਾ ਸਿਰ ਪਲੋਸਿਆ। ਸਿਮਰ ਦਾ ਮਨ ਭਰ ਆਇਆ। ਉਸਨੇ ਭਰੇ ਮਨ ਨਾਲ ਬੋਲਣਾ ਸ਼ੁਰੂ ਕਰ ਦਿੱਤਾ, 'ਗੁਰਮੀਤ ਤਾਂ ਅਜੇ ਰੱਬ ਕੋਲ ਪੁੱਜਿਆ ਵੀ ਨਹੀਂ ਹੋਵੇਗਾ। ਤੁਸੀਂ ਹੁਣੇ ਹੀ ਮੇਰਾ ਮੁੱਲ ਪਾਉਣਾ ਸ਼ੁਰੂ ਕਰ ਦਿੱਤਾ ਹੈ। ਮੈਨੂੰ ਰੱਬ ਨੇ ਦੋ ਹੱਥ ਦਿੱਤੇ ਹਨ। ਮੈਂ ਆਪਣਾ ਗੁਜ਼ਾਰਾ ਆਪ ਕਰ ਸਕਦੀ ਹਾਂ। ਮੇਰੇ ਬਾਰੇ ਫੈਸਲਾ ਕਰਨ ਦਾ ਅਧਿਕਾਰ ਮੈਨੂੰ ਖੁਦ ਆਪ ਨੂੰ ਹੈ।'

ਸਿਮਰ ਦੀ ਗੱਲ ਸੁਣ ਕੇ ਦੋਨੋਂ ਖਾਮੋਸ਼ ਹੋ ਗਏ ਤੇ ਕੋਈ ਕੁਝ ਨਾ ਬੋਲਿਆ।

ਜਿਉਂ ਹੀ ਚਾਹ ਖਤਮ ਹੋਈ, ਬਲਦੇਵ ਸਿਉਂ ਉਠਿਆ, ਸਿਮਰ ਦਾ ਦੋਬਾਰਾ ਸਿਰ ਪਲੋਸਿਆ ਤੇ ਅਰਜਨ ਸਿਉਂ ਨਾਲ ਹੱਥ ਮਿਲਾ ਕੇ, ਆਪਣੀ ਕਾਰ ਵਿਚ ਬੈਠ ਗਿਆ।

ਪਤਾ ਨਹੀਂ ਹੋਰ ਕਿੰਨੇ ਕੁ ਅਜੇਹੇ ਸੌਦੇਬਾਜ਼ਾਂ ਨੇ ਅਰਜਨ ਸਿੰਘ ਦੇ ਘਰ ਗੇੜੇ ਮਾਰ ਮਾਰ ਵਿਹੜਾ ਨੀਵਾਂ ਕਰ ਦਿੱਤਾ। ਇਸ ਤਰ੍ਹਾਂ ਲਗਦਾ ਸੀ ਲੋਕ ਅਫਸੋਸ ਕਰਨ ਨਹੀਂ ਸਗੋਂ ਗੁਰਮੀਤ ਦੀ ਮੌਤ ਦਾ ਫਾਇਦਾ ਉਠਾਉਣ ਆਉਂਦੇ ਹਨ। ਹੁਣ ਸਿਮਰ ਦੇ ਬਾਪ ਨੂੰ ਇਸ ਗੱਲ ਦਾ ਪੂਰਾ ਇਲਮ ਸੀ ਕਿ ਹੁਣ ਸਿਮਰ ਨੇ ਕਿਸੇ ਸੌਦੇਬਾਜੀ ਵਿਚ ਨਹੀਂ ਆਉਣਾ। ਭਾਵੇਂ ਵਿਚ ਵਿਚ ਉਸਨੇ ਸਮਝਾਉਣ ਦੀ ਕੋਸ਼ਿਸ਼ ਕੀਤੀ ਸੀ ਕਿ ਜ਼ਿੰਦਗੀ ਨੂੰ ਅਗਾਂਹ ਤੋਰਨ ਲਈ ਜੇਕਰ ਕੋਈ ਦਸ ਪੰਦਰਾਂ ਲੱਖ ਦਿੰਦਾ ਹੈ ਤਾਂ ਮਾੜਾ ਨਹੀਂ। ਪਹਾੜ ਜੇਡੀ ਜ਼ਿੰਦਗੀ ਇਕੱਲਿਆਂ ਕਟਣੀ ਮੁਸ਼ਕਿਲ ਹੈ।

ਏਹੀ ਹਾਲ ਸਿਮਰ ਦੇ ਸਹੁਰੀਂ ਸੀ। ਜਿਹੜਾ ਵੀ ਆਉਂਦਾ ਇਹ ਸਵਾਲ ਲੈ ਕੇ ਆਉਂਦਾ ਕਿ ਹੁਣ ਸਿਮਰ ਦਾ ਕੀ ਕਰਨਾ ਹੈ। ਸਿਮਰ ਦੇ ਸਹੁਰੀਂ ਉਸ ਦਿਨ ਕਲੇਸ਼ ਪੈ ਗਿਆ ਜਦੋਂ ਸਿਮਰ ਨੇ ਗੁਰਮੀਤ ਦੀ ਭੂਆ ਨੂੰ ਆਖ ਦਿੱਤਾ, 'ਭੂਆ ਜੀ ਦੇਖੋ, ਮੈਂ ਪਹਿਲਾਂ ਹੀ ਬਹੁਤ ਦੁੱਖੀ ਹਾਂ। ਮੇਰੇ ਨਾਲ ਰੱਬ ਨੇ ਚੰਗਾ ਨਹੀਂ ਕੀਤਾ। ਬਹੁਤ ਬੁਰੀ ਖੇਡ ਖੇਡੀ ਹੈ। ਮੈਂ ਕਿਸੇ ਵੀ ਰਿਸ਼ਤੇ ਬਾਰੇ ਸੋਚ ਨਹੀਂ ਸਕਦੀ। ਰੱਬ ਦਾ ਵਾਸਤਾ ਤੁਸੀਂ ਸਾਨੂੰ ਤੰਗ ਨਾ ਕਰੋ। ਤੁਸੀਂ ਰੋਜ ਇਕੋ ਹੀ ਗੱਲ ਕਰਨ ਆਉਂਦੇ ਹੋ ਸਾਡੇ ਘਰ।

ਵੀਰੋ ਦੇ ਤਾਂ ਜਾਣੀਂ ਅੱਗ ਲੱਗ ਗਈ। ਲਾਲ ਪੀਲੀ ਹੋ ਆਖਣ ਲੱਗੀ, 'ਲੈ ਸੁਣ ਲੈ...ਰੋਜ਼ ਆਉਂਦੇ ਹੋ...ਮੈਂ ਆਵਦੇ ਭਰਾ ਦੇ ਘਰ ਆਉਂਦੀ ਹਾਂ। ਕਿਸੇ ਦਾ ਕੁਝ ਚੱਕ ਕੇ ਨਹੀਂ ਲਿਜਾਂਦੀ। '

ਕੇਹਰ ਸਿਉਂ ਇਹ ਸਭ ਕੁਝ ਦੁਖੀ ਹਿਰਦੇ ਨਾਲ ਦੇਖ ਰਿਹਾ ਸੀ। ਕਿੰਨੇ ਦਿਨਾਂ ਦੀ ਚੁੱਪ ਟੁੱਟ ਗਈ, ਉਸਨੇ ਭੈਣ ਨੂੰ ਬੜੀ ਹਲੀਮੀ ਨਾਲ ਕਿਹਾ, 'ਦੇਖ ਵੀਰੋ! ਆਪਾਂ ਨੂੰ ਕੁੜੀ ਨੂੰ ਤੰਗ ਕਰਨ ਦਾ ਕੋਈ ਹੱਕ ਨਹੀਂ। ਉਸਦੀ ਆਪਣੀ ਮਰਜ਼ੀ ਹੈ। ਉਹ ਜਿਹੜਾ ਵੀ ਫੈਸਲਾ ਕਰੇਗੀ, ਮੈਨੂੰ ਮਨਜ਼ੂਰ ਹੋਵੇਗਾ। ਨਾਲੇ ਉਹ ਪੜ੍ਹੀ ਲਿੱਖੀ ਹੈ, ਉਸਨੂੰ ਚੰਗੇ ਮੰਦੇ ਦਾ ਪਤਾ ਹੈ।'

ਬਸ ਫਿਰ ਕੀ ਸੀ। ਵੀਰੋ ਝੋਲਾ ਚੁੱਕ ਕੇ ਜਾਣ ਲਈ ਤਿਆਰ ਹੋ ਗਈ। ਕੇਹਰ ਸਿੰਘ ਦੀ ਘਰ ਵਾਲੀ ਗੁਰਚਰਨ ਕੌਰ ਨੇ ਉਸਦੇ ਹੱਥੋਂ ਝੋਲਾ ਫੜਨਾ ਚਾਹਿਆ ਪਰ ਉਸਨੂੰ ਧੱਕਾ ਦੇ ਕੇ ਪਰੇ ਧਕੇਲ ਦਿੱਤਾ।

'ਮੇਰੀ ਤਾਂ ਇਸ ਘਰ ਵਿਚ ਕੀਮਤ ਹੀ ਕੀ ਹੈ। ਮੈਂ ਤਾਂ ਅਨਪੜ੍ਹ ਆਂ। ਮੇਰੇ ਭਰਾ ਨੂੰ ਤਾਂ ਅੱਜਕਲ੍ਹ ਲੋਕਾਂ ਦੀਆਂ ਪੜ੍ਹਾਈਆਂ ਦਿਸਦੀਆਂ। ਆਪਣੇ ਭੈਣ ਭਰਾ ਨਹੀਂ ਦਿਸਦੇ। ਉਹ ਜਾਣੇ, ਦੁੱਖ ਤਾਂ ਮੈਨੂੰ ਵੀ ਬਹੁਤ ਆ, ਮੇਰਾ ਭਤੀਜਾ ਸੀ, ਮੇਰੇ ਭਰਾ ਦੀ ਅਣਸ ਸੀ। ਮੈਂ ਤਾਂ ਸੋਚਿਆ ਸੀ ਬਈ ਘਰ ਦੀ ਗੱਲ ਘਰ 'ਚ ਹੀ ਰਹਿ ਜੂ ਗੀ।'

ਅੰਤਾਂ ਦਾ ਬੋਝ ਲੈ ਕੇ ਸਿਮਰ ਦੋ ਕੇ ਮਹੀਨਿਆਂ ਬਾਅਦ ਕੈਨੇਡਾ ਆ ਗਈ। ਜੱਸੀ ਉਸਨੂੰ ਏਅਰਪੋਰਟ 'ਤੇ ਲੈਣ ਗਈ। ਜੱਸੀ ਨੇ ਬਥੇਰਾ ਕਿਹਾ ਕਿ ਉਹ ਕੁਝ ਦਿਨ ਉਸ ਦੇ ਘਰ ਰਹਿ ਲਵੇ ਪਰ ਸਿਮਰ ਤਾਂ ਉਸ ਘਰ ਜਾਣਾ ਚਾਹੁੰਦੀ ਸੀ ਜਿੱਥੇ ਗੁਰਮੀਤ ਦੀਆਂ ਯਾਦਾਂ ਸਨ। ਜਿੱਥੇ ਗੁਰਮੀਤ ਤੇ ਉਸਦੀਆਂ ਤਸਵੀਰਾਂ ਪਈਆਂ ਸਨ। ਜਿਸ ਘਰ ਦੀਆਂ ਕੰਧਾਂ ਵਿਚ ਉਨ੍ਹਾਂ ਦੇ ਹਾਸੇ ਗੂੰਜਦੇ ਸਨ। ਜੱਸੀ ਨੇ ਸਿਮਰ ਦੇ ਖਾਣ ਪੀਣ ਵਾਸਤੇ ਕੁਝ ਸਮਾਨ ਖਰੀਦਿਆ ਤੇ ਸਿਮਰ ਨੂੰ ਉਸ ਦੇ ਘਰ ਛੱਡ ਕੇ ਆਪਣੇ ਘਰ ਆ ਗਈ।

ਘਰ ਆਉਂਦਿਆਂ ਹੀ ਉਸਦੀ ਸੱਸ ਨੇ ਜੱਸੀ ਨੂੰ ਕਹਿਣਾ ਸ਼ੁਰੂ ਕੀਤਾ, 'ਨਾ ਤੂੰ ਉਸਨੂੰ ਨਾਲ ਲੈ ਆਉਣਾ ਸੀ। ਵਿਚਾਰੀ ਕਿਵੇਂ ਇਕੱਲੀ ਰਹੂ ਗੀ?'

'ਬੀ ਜੀ ਮੈਂ ਕਿਹਾ ਸੀ ਪਰ ਉਹ ਇਕੱਲਾ ਰਹਿਣਾ ਚਾਹੁੰਦੀ ਸੀ। ''ਚੱਲ! ਕਲ੍ਹ ਨੂੰ ਆਪਾਂ ਦੋਨੋਂ ਜਾਵਾਂਗੀਆਂ ਉਸਨੂੰ ਲੈਣ। '

ਅੱਗਲੇ ਦਿਨ ਸਵੇਰ ਤੋਂ ਹੀ ਜੱਸੀ ਦੀ ਸੱਸ ਸਿਮਰ ਦੇ ਘਰ ਜਾਣ ਲਈ ਤਿਆਰ ਹੋਈ ਫਿਰਦੀ ਸੀ। ਜੱਸੀ ਆਪਣੀ ਸੱਸ ਦੀ ਚਾਲ ਤਾਂ ਸਮਝ ਰਹੀ ਸੀ ਪਰ ਉਹ ਬੋਲੀ ਕੁਝ ਨਾ। ਜੱਸੀ ਦੀ ਸੱਸ ਨੇ ਸਿਮਰ ਨੂੰ ਬਹੁਤ ਪਿਆਰ ਕੀਤਾ। ਇਸ ਤਰ੍ਹਾਂ ਦਾ ਪਿਆਰ ਉਸਨੇ ਪਹਿਲਾਂ ਕਦੇ ਵੀ ਸਿਮਰ ਨੂੰ ਨਹੀਂ ਦਿਖਾਇਆ ਸੀ।

ਬਲਵੀਰ ਕੌਰ ਨੂੰ ਆਸ ਸੀ ਕਿ ਜੱਸੀ ਉਸ ਨਾਲ ਗੱਲ ਕਰੇਗੀ ਸਿਮਰ ਬਾਰੇ। ਪਰ ਜੱਸੀ ਨੇ ਕੋਈ ਗੱਲ ਨਾ ਕੀਤੀ। ਜੱਸੀ ਵਿਚ ਹਿੰਮਤ ਹੀ ਕਿੱਥੇ ਸੀ ਅਜੇਹੀ ਗੱਲ ਕਰਨ ਦੀ। ਉਸਨੂੰ ਤਾਂ ਆਪਣਾ ਭਰਾ ਹੁਣ ਸਿਮਰ ਵਿਚੋਂ ਹੀ ਨਜ਼ਰ ਆਉਂਦਾ ਸੀ। ਪਰ ਉਸਦੀ ਸੱਸ ਨੂੰ ਕਾਹਲੀ ਸੀ ਗੱਲ ਕਰਨ ਦੀ। ਆਖਿਰ ਬਲਵੀਰ ਕੌਰ ਨੇ ਪੁੱਛ ਹੀ ਲਿਆ, 'ਜੱਸ ਪੁੱਤ, ਤੂੰ ਸਿਮਰ ਬਾਰੇ ਆਪਣੇ ਡੈਡੀ ਨਾਲ ਗੱਲ ਕੀਤੀ, ਕੀ ਸਲਾਹ ਹੈ ਉਨ੍ਹਾਂ ਦੀ? '

'ਬੀ ਜੀ! ਸੱਚ ਦੱਸਾਂ, ਮੈਂ ਨਹੀਂ ਗੱਲ ਕੀਤੀ ਸਿਮਰ ਬਾਰੇ। ਨਾ ਹੀ ਮੈਂ ਸਿਮਰ ਨੂੰ ਪੁੱਛ ਸਕਦੀ ਹਾਂ। ਉਹ ਆਪਣੀ ਜ਼ਿੰਦਗੀ ਦੀ ਆਪ ਮਾਲਕ ਹੈ। ਉਸ ਨਾਲ ਕਿਸਮਤ ਨੇ ਬਥੇਰਾ ਕੁਝ ਕਰ ਲਿਆ। ਮੈਂ ਹੁਣ...। 'ਜੱਸੀ ਦਾ ਰੋਣ ਨਿਕਲ ਗਿਆ।

'ਚੰਗਾ ਭਾਈ'

ਉਸ ਰਾਤ ਬਲਵੀਰ ਕੌਰ ਦੇਰ ਤੱਕ ਜਾਗਦੀ ਰਹੀ। ਆਪਣੇ ਪੁੱਤਰ ਗੁਰਮੇਲ ਨਾਲ ਇਸ ਮਸਲੇ 'ਤੇ ਗੱਲ ਕਰਨਾ ਚਾਹੁੰਦੀ ਸੀ। ਗੁਰਮੇਲ ਆਪਣੇ ਕਾਰੋਬਾਰ ਵਿਚ ਏਨਾ ਰੁਝਿਆ ਸੀ ਕਿ ਉਸਨੂੰ ਜਾਇਦਾਦਾਂ ਦੀਆਂ ਡੀਲਾਂ ਕਰਨ ਤੋਂ ਬਿਨਾਂ ਕੁਝ ਸੁੱਝਦਾ ਹੀ ਨਹੀਂ ਸੀ। ਉਹ ਥੱਕਿਆ ਟੁੱਟਿਆ ਘਰ ਦੇਰ ਨਾਲ ਆਉਂਦਾ ਤੇ ਸਵੇਰੇ ਸਾਜਰੇ ਹੀ ਘਰੋਂ ਚਲਾ ਜਾਂਦਾ। ਮਕਾਨ ਬਣਦੇ ਪਿੱਛੋਂ ਤੇ ਵਿਕ ਪਹਿਲਾਂ ਜਾਂਦੇ।

'ਕੀ ਪਤਾ ਸਵੇਰੇ ਉਹ ਫਿਰ ਸਾਜਰੇ ਚਲਾ ਜਾਵੇ, ਨਾਲੇ ਸਵੇਰੇ ਸਵੇਰੇ ਉਹ ਕਿਸੇ ਨਾਲ ਘੱਟ ਹੀ ਗੱਲ ਕਰਦਾ ਹੈ। ਅੱਜ ਰਾਤ ਨੂੰ ਹੀ ਉਸਨੂੰ ਟੋਹਾਂਗੀ।'

ਉਹ ਆਪਣੇ ਕਮਰੇ 'ਚ ਜਾਣ ਦੀ ਬਜਾਇ ਫੈਮਲੀ ਰੂਮ 'ਚ ਹੀ ਸੋਫੇ 'ਤੇ ਲੇਟ ਗਈ।

ਜਿਉਂ ਹੀ ਗੁਰਮੇਲ ਦੇ ਆਉਣ ਦੀ ਭਿਣਕ ਪਈ ਉਹ ਉੱਠ ਕੇ ਬੈਠ ਗਈ।

''ਅੱਜ ਤੁਸੀਂ ਸੁੱਤੇ ਨਹੀਂ ਬੀ ਜੀ! 'ਗੁਰਮੇਲ ਨੇ ਟਾਈ ਢਿੱਲੀ ਕਰਦੇ ਪੁੱਛਿਆ।

'ਤੂੰ ਪਹਿਲਾਂ ਦੱਸ ਕੁਝ ਖਾਣਾ ਪੀਣਾ ਹੈ?'

'ਨਹੀਂ ਬੀ ਜੀ। ਮੈਂ ਬਾਹਰੋਂ ਹੀ ਡਿਨਰ ਕਰਕੇ ਆਉਂਦਾ ਹਾਂ। ਅੱਜ ਕਲ੍ਹ ਮਾਰਕੀਟ ਤੇਜ਼ ਹੈ। ਚਾਰ ਪੈਸੇ ਬਣਾਉਣ ਲਈ ਦਿਨ-ਰਾਤ ਕੰਮ ਕਰਨਾ ਪੈਂਦਾ ਹੈ। ਗਾਹਕਾਂ ਤੋਂ ਹੋਰ ਗਾਹਕ ਲੈਣ ਲਈ ਡਿਨਰ ਡੁਨਰ 'ਤੇ ਲਿਜਾਣਾ ਪੈਂਦਾ ਹੈ।'

ਬਲਵੀਰ ਕੌਰ ਨੇ ਦੇਖਿਆ ਕਿ ਗੁਰਮੇਲ ਚੰਗੇ ਰੌਅ 'ਚ ਹੈ। ਉਸਨੇ ਆਪਣੇ ਚੇਹਰੇ ਦੇ ਹਾਵ-ਭਾਵ ਬਦਲੇ ਤੇ ਕਹਿਣ ਲੱਗੀ, 'ਪੁੱਤ! ਤੇਰੀ ਬਠਿੰਡੇ ਵਾਲੀ ਮਾਸੀ ਦਾ ਕਈ ਵਾਰ ਫੋਨ ਆਇਆ ਕਿ ਸਿਮਰ ਨਾਲ ਗੱਲ ਕਰੋ। ਦੁੱਖ ਤਾਂ ਆਪਾਂ ਸਾਰਿਆਂ ਨੂੰ ਹੈ ਗੁਰਮੀਤ ਦੀ ਮੌਤ ਦਾ। ਪਰ ਕੀ ਕਰੀਏ...।'

'ਸਿਮਰ...ਸਿਮਰ...ਕੀ ਗੱਲ ਕਰਨੀ ਹੈ ਉਸ ਨਾਲ। ਕੀ ਹਾਲ ਹੈ ਸਿਮਰ ਦਾ। ਮੇਰੇ ਕੋਲੋਂ ਤਾਂ ਉਸ ਵਿਚਾਰੀ ਨੂੰ ਮਿਲ ਵੀ ਨਹੀਂ ਹੋਇਆ। ਮੈਂ ਕੰਮ 'ਚ ਹੀ ਏਨਾ ਬਿਜ਼ੀ ਸੀ।'

ਬਲਵੀਰ ਕੌਰ ਨੇ ਦੁਖੀ ਜੇਹੀ ਬਣ ਕੇ ਕਿਹਾ, 'ਠੀਕ ਹੈ ਵਿਚਾਰੀ। ਤੇਰੀ ਮਾਸੀ ਕਹਿੰਦੀ ਸੀ ਜੇਕਰ ਸਿਮਰ ਮੰਨ ਜਾਵੇ ਤਾਂ ਆਪਾਂ ਗੁਰਵਿੰਦਰ ਦਾ ਰਿਸ਼ਤਾ ਸਿਮਰ ਨਾਲ ਕਰ ਦੇਈਏ। ਘਰ ਦੀ ਗੱਲ ਘਰ 'ਚ ਰਹਿ ਜਾਵੇਗੀ।'

'ਗੱਲ ਤਾਂ ਠੀਕ ਹੈ ਬੀ ਜੀ ਪਰ ਗੁਰਵਿੰਦਰ ਤਾਂ ਕਾਫੀ ਛੋਟਾ ਹੈ ਸਿਮਰ ਤੋਂ।' 'ਲੈ ਛੋਟੇ ਵੱਡੇ ਦਾ ਕੀ ਹੈ। ਊਂ ਸਿਆਣਾ ਬਾਹਲਾ ਈ ਆ। ਨਾਲੇ ਪੜ੍ਹਿਆ ਲਿਖਿਆ ਹੈ।' ਬਲਵੀਰ ਕੌਰ ਨੇ ਬੜੇ ਫੱਖਰ 'ਚ ਕਿਹਾ।

'ਉਹ ਤਾਂ ਠੀਕ ਹੈ ਪਰ ਤੁਸੀਂ ਤਾਂ ਕਹਿੰਦੇ ਸੀ ਉਹ ਨਸ਼ਾ ਕਰਨ ਲੱਗ ਪਿਆ ਹੈ। ਮੈਨੂੰ ਯਾਦ ਹੈ ਮਹੀਨਾ ਕੁ ਪਹਿਲਾਂ ਮਾਸੀ ਦਾ ਫੋਨ ਆਇਆ ਸੀ। ਤੁਸੀਂ ਆਪੇ ਹੀ ਦੱਸਿਆ ਸੀ ਮੈਨੂੰ।'

''ਲੈ ਕਿਤੇ ਮਾੜਾ ਮੋਟਾ ਕਰ ਲਿਆ ਹੋਣੈ। ਤੇਰੀ ਮਾਸੀ ਨੇ ਤਾਂ ਘਰ ਸਿਰ 'ਤੇ ਚੁੱਕ ਲਿਆ। ਮੈਂ ਪੁੱਛਿਆ ਸੀ ਉਸਤੋਂ ਕਿ ਭਾਈ ਪਹਿਲਾਂ ਦੱਸ ਦੇ। ਸਿਮਰ ਸਾਡੀ ਧੀ ਹੈ। ਅਸੀਂ ਉਸ ਨਾਲ ਕਿਸੇ ਕਿਸਮ ਦਾ ਧੋਖਾ ਨਹੀਂ ਕਰ ਸਕਦੇ। ਸਾਨੂੰ ਤਾਂ ਜੇਹੋ ਜਿਹਾ ਗੁਰੀ ਆ ਓਹੋ ਜੇਹੀ ਸਿਮਰ ਆ। ਪਹਿਲਾਂ ਹੀ ਵਿਚਾਰੀ ਨੇ ਬਥੇਰੇ ਦੁੱਖ ਝੱਲੇ ਹਨ। ਦੇਖ ਨੀ ਹੁੰਦੀ ਮੇਰੇ ਤੋਂ। ਭੋਰਾ ਕੁ ਮੂੰਹ ਨਿਕਲਿਆ ਪਿਆ ਆ ਕੁੜੀ ਦਾ! '

'ਬੀ ਜੀ ਤੁਸੀਂ ਜੱਸ ਨਾਲ ਗੱਲ ਕਰਨੀ ਸੀ ਉਹ ਆਪੇ ਹੀ ਸਿਮਰ ਨਾਲ ਗੱਲ ਕਰ ਲਵੇਗੀ। '

'ਪੁੱਤ! ਜੋ ਦੁੱਖ ਤੇਰੀ ਮਾਸੀ ਦਾ ਆਪਾਂ ਨੂੰ ਆ ਉਹ ਜੱਸੀ ਨੂੰ ਨਹੀਂ। ਆਪਾਂ ਤਾਂ ਇਉਂ ਸੋਚਦੇ ਆਂ ਬਈ ਤੇਰੀ ਮਾਸੀ ਦਾ ਕੋਈ ਮੁੰਡਾ ਕੁੜੀ ਬਾਹਰ ਨੀ ਆਇਆ। ਲੋਕੀਂ ਮਿਹਣੇ ਮਾਰਦੇ ਆ ਬਈ ਤੇਰੇ ਭਾਣਜੇ ਦਾ ਏਡਾ ਵੱਡਾ ਕਾਰੋਬਾਰ ਹੈ, ਉਹਨੇ ਤੇਰਾ ਕੀ ਸੰਵਾਰਿਆ ਵਾ। ਮੈਂ ਤਾਂ ਸ਼ੇਰਾ ਇਉਂ ਸੋਚਦੀ ਆਂ ਨਾਲੇ ਗੁਰੀ ਆ ਜਾਵੇਗਾ ਨਾਲੇ ਸਿਮਰ ਨੂੰ ਸਾਥ ਮਿਲ ਜਾਊ। ਘਰ ਦੀ ਗੱਲ ਆ। ਦੋਨੋਂ ਆਪਣੇ ਆ।'

'ਨਾ ਤਾਂ ਵੀ, ਜੱਸੀ ਨੇ ਕੀ ਕਿਹਾ?'

ਬਲਵੀਰ ਕੌਰ ਨੇ ਫਿਰ ਚੁੰਨੀ ਦਾ ਲੜ ਫੜਿਆ ਤੇ ਅੱਖਾਂ ਪੂੰਝਣ ਦਾ ਨਾਟਕ ਜੇਹਾ

*(ਬਾਕੀ ਅਗਲੇ ਸਫੇ 'ਤੇ)*

# ਸਵਿੱਤਰੀ ਦਾ ਬਾਰਹ-ਪਹਿਰਾ

ਸ਼ੁੱਕਰਵਾਰ ਦਾ ਦਿਨ ਕੁਝ ਖਾਸ ਤਾਂ ਨਹੀਂ ਸੀ, ਆਮ ਈ ਸੀ। ਲੋਡ ਇਕ ਜਗ੍ਹਾ ਤੋਂ ਚੁੱਕਣਾ, ਦੂਸਰੀ ਥਾਂ 'ਤੇ ਲਾਹੁਣਾ। ਰੁਟੀਨ ਜ਼ਿੰਦਗੀ ...ਫਰਿਜ਼ਨੋ ਦੇ ਨਾਲ ਲੱਗਦੇ ਸ਼ਹਿਰ ਟਲੈਰੀ ਤੋਂ ਸਪੂਟੋ ਚੀਜ਼ ਵਾਲਿਆਂ ਦਾ ਲੋਡ ਤੜਕੇ ਚੁੱਕ ਕੇ ਯਾਰਡ 'ਚ ਲਿਆ ਰਿਹਾ ਸੀ ਤਾਂ ਅਗਲੇ ਪ੍ਰੋਗਰਾਮ ਲਈ ਪੰਜਾਬ ਤੋਂ ਕੰਮ ਚਲਾ ਰਹੇ ਸਾਹਿਲ ਨੂੰ ਫ਼ੋਨ ਲਾ ਦਿੱਤਾ।

ਬਹੁਤ ਸਾਰੀਆਂ ਟਰੱਕਿੰਗ ਕੰਪਨੀਆਂ ਨੇ ਆਪਣੇ ਕਾਰੋਬਾਰ ਦੀ ਆਊਟਸੋਰਸਿੰਗ ਕੀਤੀ ਹੋਈ ਹੈ। ਪੰਜਾਬ ਬੈਠੇ ਕੁਝ ਨੌਜਵਾਨਾਂ ਲਈ ਰੁਜ਼ਗਾਰ ਦਾ ਇਹ ਵੀ ਇਕ ਸਾਧਨ ਹੈ ਤੇ ਕੰਪਨੀਆਂ ਲਈ ਲਾਹੇ ਦੀ ਸੌਦਾ। ਉਸ ਨੇ ਦੱਸਿਆ

**ਇੰਦਰਜੀਤ ਚੁਗਾਵਾਂ**

ਕਿ ਅਗਲਾ ਲੋਡ ਦੋ ਥਾਵਾਂ ਤੋਂ ਪਿੱਕ ਕਰਨਾ ਹੈ। ਪਹਿਲਾਂ ਸਟਰੈੱਥਮੋਰ ਤੇ ਬਾਅਦ 'ਚ ਟੈਰਾ ਬੈਲਾ ਤੋਂ ਪਰ ਟ੍ਰੇਲਰਮਡੇਰਾ ਸ਼ਹਿਰ ਦੀ ਬਗ਼ਲ 'ਚ ਲੀ ਗਰੈਂਡ ਤੋਂ ਲਿਆਉਣਾ ਪੈਣਾ ਸੀ, ਜੋ ਦੋ ਦਿਨ ਤੋਂ ਉੱਥੇ ਰੁਕਿਆ ਪਿਆ ਸੀ। ਓਥੋਂ ਟ੍ਰੇਲਰ ਲੈ ਕੇ ਅਜੇ ਟਲੈਰੀ ਨੇੜੇ ਗਿਆ ਈ ਸੀ ਕਿ ਕੰਪਨੀ ਮਾਲਕ ਨੇ ਵਾਪਸ ਬੁਲਾ ਲਿਆ ਕਿ ਇਹ ਟਰੱਕ ਟੀਮ ਲੋਡ ਵਾਲੇ ਡਰਾਈਵਰਾਂ ਨੂੰ ਦੇਣਾ ਹੈ, ਤੁਸੀਂ ਦੂਸਰਾ ਟਰੱਕ ਲੈ ਜਾਓ। ਅੱਧਿਓਂ ਵੱਧ ਵਾਟ ਮੁਕਾ ਚੁੱਕਾ ਸੀ ਪਰ ਵਾਪਸ ਤਾਂ ਮੁੜਨਾ ਈ ਪੈਣਾ ਸੀ। ਮੈਂ ਕਿਹਾ ਵੀ ਕਿ ਅਜਿਹਾ ਨਾ ਹੋਵੇ ਕਿ ਅੱਗੋਂ ਕੂਲਰ ਈ ਬੰਦ ਹੋ ਜਾਵੇ ਪਰ ਨਹੀਂ, ਮਾਲਕ ਤਾਂ ਮਾਲਕ ਈ ਹੁੰਦੈ ਨਾ!

ਲੋਕਲ ਡਰਾਈਵਰ ਦੀ ਇਹੋ ਪਰੇਸ਼ਾਨੀ ਹੁੰਦੀ ਹੈ ਕਿ ਉਸਦਾ ਕੋਈ ਨਿਰਧਾਰਤ ਪ੍ਰੋਗਰਾਮ ਨਹੀਂ ਹੁੰਦਾ। ਲੋਡ ਸਮੇਂ ਸਿਰ ਮਿਲਣਾ ਕਿ ਨਹੀਂ, ਕੁਝ ਵੀ ਕਿਹਾ ਨਹੀਂ ਜਾ ਸਕਦਾ। ਕਈ ਵਾਰ ਲੋਡ ਚੁੱਕਣ ਲਈ ਦਿੱਤੇ ਸਮੇਂ 'ਤੇ ਪਹੁੰਚਣ ਤੋਂ ਪਹਿਲਾਂ ਈ ਕੂਲਰ ਬੰਦ ਪਿਆ ਮਿਲਦੈ। ਫਿਰ ਰਾਤ ਓਥੇ ਈ ਕੱਟਣੀ ਪੈਂਦੀ ਹੈ। ਨੌਜਵਾਨ ਡਰਾਈਵਰ ਤਾਂ ਕੱਟ ਲੈਂਦੇ ਹਨ ਪਰ ਮੇਰੇ ਵਰਗਿਆਂ ਲਈ ਪ੍ਰੇਸ਼ਾਨੀ ਖੜ੍ਹੀ ਹੋ ਜਾਂਦੀ ਹੈ।

ਵਾਪਸ ਆ ਕੇ ਟਰੱਕ ਬਦਲ ਕੇ ਸਟਰੈੱਥਮੋਰ ਵਾਲਾ ਲੋਡ ਚੁੱਕਣ ਗਿਆ ਤਾਂ ਸ਼ਾਮ ਦੇ ਅੱਠ ਵੱਜ ਚੁੱਕੇ ਸਨ। ਉਹ ਜਿਵੇਂ ਮੇਰੀ ਹੀ ਉਡੀਕ ਕਰ ਰਹੇ ਹੋਣ। ਅੱਧਾ ਘੰਟਾ ਵੀ ਨਹੀਂ ਲੱਗਾ ਹੋਣਾ ਲੋਡ ਕਰਨ ਨੂੰ। ਸਿਰਫ ਤਿੰਨ ਪੈਲਟ ਸਨ। ਦੋ ਸੰਤਰਿਆਂ ਦੇ ਤੇ ਇਕ ਨਿੰਬੂਆਂ ਦਾ। ਬਿੱਲ ਲਿਆ ਤੇ ਟੈਰਾ ਬੈਲਾ ਲਈ ਤੁਰ ਪਿਆ। ਜੀ ਪੀ ਐੱਸ ਅਨੁਸਾਰ ਵੀਹ ਕੁ ਮੀਲ ਦੀ ਦੂਰੀ ਸੀ। ਟੈਰਾ ਬੈਲਾ ਪਹੁੰਚ ਕੇ ਸਹੀ ਟਿਕਾਣਾ ਲੱਭਣ 'ਚ ਥੋੜ੍ਹਾ ਸਮਾਂ ਲੱਗਾ ਕਿਉਂਕਿ ਜੀ ਪੀ ਐੱਸ ਮੈਨੂੰ ਉਸ ਕੰਪਲੈਕਸ ਦੇ ਪਿੱਛੇ ਲੈ ਗਿਆ ਸੀ।

ਟਿਕਾਣੇ 'ਤੇ ਪਹੁੰਚ ਕੇ ਦੇਖਿਆ ਤਾਂ ਟਰੱਕ ਪਾਰਕ ਕਰਨ ਲਈ ਜਗ੍ਹਾ ਵੀ ਮੁਸ਼ਕਲ ਨਾਲ ਮਿਲੀ। ਟੈਨਸ਼ਨ ਤਾਂ ਹੋਣੀ ਹੀ ਸੀ। ਪਤਾ ਸੀ ਕਿ ਲੋਡ ਛੇਤੀ ਕੀਤਿਆਂ ਮਿਲਣ ਵਾਲਾ ਨਹੀਂ। ਚੈੱਕ-ਇਨ ਕਰਵਾ ਕੇ ਆਪਣੇ ਟਰੱਕ ਦੇ ਕੈਬਿਨ 'ਚ ਖਾਣਾ ਗਰਮ ਕੀਤਾ ਤੇ ਘਰ ਫ਼ੋਨ ਕਰ ਕੇ ਕਿਹਾ, 'ਮੇਰੀ ਉਡੀਕ ਕੀਤੇ ਬਿਨਾ ਸੌਂ ਜਾਇਓ, ਦੇਰ ਹੋ ਜਾਣੀ ਆਂ। ਲੋਡ ਪਤਾ ਨਹੀਂ ਕਦੋਂ ਮਿਲਣਾ।"


ਬਾਰਾਂ ਕੁ ਵਜੇ ਦੇ ਕਰੀਬ ਡੌਕ ਡੋਰ ਮਿਲ ਗਿਆ। ਟ੍ਰੇਲਰ ਦਿੱਤੇ ਗਏ ਡੋਰ 'ਤੇ ਲਾ ਕੇ ਡੌਕ ਫਲੋਰ 'ਤੇ ਜਾ ਖੜ੍ਹਾ ਹੋਇਆ। ਜਿਨ੍ਹਾਂ ਡਰਾਈਵਰਾਂ ਨੂੰ ਲੋਡ ਮਿਲ ਗਏ ਸਨ, ਉਹ ਲੋਡ-ਲਾਕ ਫਿੱਟ ਕਰ ਕੇ ਤੁਰਨ ਦੀ ਤਿਆਰੀ ਕਰ ਰਹੇ ਸਨ। ਮੈਂ ਦੇਖਿਆ ਕਿ ਇਕ ਭਰ ਜਵਾਨ ਮੁੰਡਾ ਮੇਰੇ ਵੱਲ ਦੇਖ ਰਿਹਾ ਸੀ। ਮੈਂ ਉਸ ਵੱਲ ਦੇਖ ਕੇ ਮੁਸਕਰਾਇਆ ਤਾਂ ਉਹ ਮੇਰੇ ਕੋਲ ਆ ਗਿਆ। ਫ਼ਤਿਹ ਬੁਲਾ ਕੇ ਪੁੱਛਣ ਲੱਗਾ, 'ਅੰਕਲ, ਕਿੱਧਰ ਨੂੰ ਚੱਲਦੇ ਓ?' ਮੈਂ ਕਿਹਾ , 'ਮੈਂ ਤਾਂ ਲੋਕਲ ਡਰਾਈਵ ਈ ਕਰਦਾਂ ਬੇਟਾ ਜੀ। ਏਥੋਂ ਇਹ ਲੋਡ ਫਰਿਜ਼ਨੋ ਕੰਪਨੀ ਯਾਰਡ 'ਚ ਲੈ ਕੇ ਜਾਣਾ..!" ਇਹ ਮੁੰਡਾ ਮਨਵੀਰ ਲੁਧਿਆਣਾ ਜ਼ਿਲ੍ਹੇ ਨਾਲ ਸੰਬੰਧਤ ਸੀ।

"ਲੋਕਲ ਡਰਾਈਵਰ ਦੀ ਕੋਈ ਪੱਕੀ ਰੁਟੀਨ ਨਹੀਂ ਹੁੰਦੀ। ਏਸ ਉਮਰ 'ਚ ਔਖਾ ਤਾਂ ਲੱਗਦਾ ਹੋਊਗਾ ਅੰਕਲ? ਮੈਂ ਤਿੰਨ ਵਜੇ ਦਾ ਆਇਆ ਹੋਇਆਂ ਤੇ ਡੋਰ ਗਿਆਰਾਂ ਵਜੇ ਮਿਲਿਆ। ਪੰਜ ਪੈਲਟ ਆ ਸਾਰੇ...ਅਜੇ ਕੋਈ ਲੜ ਪੱਲਾ ਨਜ਼ਰ ਨਹੀਂ ਆ ਰਿਹਾ!" ਮਨਵੀਰ ਨੇ ਹੋਰ ਸਵਾਲ ਕਰ ਦਿੱਤਾ।

"ਕੰਮ ਤਾਂ ਕਰਨਾ ਈ ਪੈਣਾ ਪੁੱਤ ਜੀ..! ਜਿੰਨੀ ਦੇਰ ਹਿੰਮਤ ਹੈ, ਡਟੇ ਰਹਾਂਗੇ!!' ਮੈਂ ਉਸ ਕੋਲ ਆਪਣੀ ਮਨੋਦਸ਼ਾ ਜ਼ਾਹਰ ਨਹੀਂ ਸੀ ਕਰਨਾ ਚਾਹੁੰਦਾ। ਇਸੇ ਦੌਰਾਨ ਉਸ ਦੇ ਲੋਡ ਦੀ ਵਾਰੀ ਆ ਗਈ। ਉਹ ਆਪਣੇ ਟ੍ਰੇਲਰ ਕੋਲ ਚਲੇ ਗਿਆ।

ਏਨੇ ਨੂੰ ਇਕ ਜੋੜਾ ਨਜ਼ਰੀਂ ਪਿਆ। ਕੁੜਤਾ-ਪਜਾਮਾ ਪਾਈ ਉਹ ਭਾਈ ਵੀ ਬੇਸ਼ੱਕ ਵੱਖਰਾ ਨਜ਼ਰ ਆ ਰਿਹਾ ਸੀ ਪਰ ਸਲਵਾਰ-ਕਮੀਜ਼, ਸਿਰ 'ਤੇ ਚੁੰਨੀ, ਮੋਢੇ 'ਤੇ ਲਟਕਦੇ ਸ਼ਾਲ ਵਾਲੀ ਉਸਦੀ ਸਾਥਣ ਅਸਲੋਂ ਅਲੱਗ ਜਾਪ ਰਹੀ ਸੀ। ਮੇਰੇ ਹਮ-ਉਮਰ ਈ ਜਾਪ ਰਹੇ ਸਨ। ਤਿੱਖੇ ਤਿੱਖੇ ਨੈਣ-ਨਖ਼ਸ਼, ਜਗਿਆਸੂ ਨਜ਼ਰ ਵਾਲੀ ਇਹ ਬੀਬੀ ਪਹਿਲਾਂ ਉਸ ਮੁੰਡੇ ਵੱਲ ਦੇਖ ਮੁਸਕਰਾਈ ਤੇ ਫੇਰ ਮੇਰੇ ਕੋਲ ਆ ਕੇ ਥੋੜ੍ਹਾ ਰੁਕ ਕੇ ਪੁੱਛਣ ਲੱਗੀ," ਚੈੱਕ ਇਨ ..ਵੇਅਰ?" ਮੈਂ ਉਸਦੇ ਹਾਵ ਭਾਵ ਤੋਂ ਅੰਦਾਜ਼ਾ ਲਾ ਲਿਆ ਸੀ ਕਿ ਇਹ ਪੰਜਾਬੀ ਹੀ ਹਨ ਪਰ ਉਸਨੂੰ ਮੇਰੇ ਪੰਜਾਬੀ ਹੋਣ ਬਾਰੇ ਯਕੀਨ ਨਹੀਂ ਸੀ। "ਆਹ ਦੇਖੋ, ਤੁਹਾਡੇ ਨਾਲ ਈ ਐ ਭੈਣ ਮੇਰੀਏ.. ਕਲਿੱਪਬੋਰਡ ਚੁੱਕ ਕੇ ਸਾਰੀ ਲੋਡ ਇਨਫਾਰਮੇਸ਼ਨ ਭਰ ਦਿਓ," ਮੇਰੇ ਪੰਜਾਬੀ 'ਚ ਜੁਆਬ ਨੇ ਉਸਨੂੰ ਸਹਿਜ ਕਰ ਦਿੱਤਾ ਲਗਦਾ ਸੀ। ਬਾਅਦ 'ਚ ਮੈਨੂੰ ਜਾਪਿਆ ਕਿ ਉਸਨੂੰ ਕੁਝ ਸਮਝ ਨਹੀਂ ਆ ਰਿਹਾ। ਮੈਂ ਕੋਲ ਜਾ ਖੜ੍ਹਾ ਹੋਇਆ ਤੇ ਦੇਖਿਆ ਕਿ ਸਾਰਾ ਕੁਝ ਸਹੀ ਭਰਿਆ ਸੀ ਉਸਨੇ। ਮੇਰੇ ਵੱਲ ਦੇਖ ਕੇ ਪੁੱਛਣ ਲੱਗੀ, 'ਵੀਰੇ, ਭਲਾ ਆਹ ਕੀ ਹੋਇਆ..ਮੈਨ ਡੀ ਟਰੀ ..?"

"ਇਸਦੀ ਕੋਈ ਲੋੜ ਨਹੀਂ ਭੈਣ ਜੀ, ਤੁਸੀਂ ਬਿਲਕੁਲ ਸਹੀ ਭਰਿਐ," ਮੈਂ ਜੁਆਬ ਦਿੱਤਾ। ਉਸ ਦੀ ਹੱਥ-ਲਿਖਤ ਤੋਂ ਪਤਾ ਲੱਗ ਰਿਹਾ ਸੀ



ਕਿ ਉਹ ਜ਼ਿਆਦਾ ਪੜ੍ਹੀ ਲਿਖੀ ਨਹੀਂ।

"ਉਹ ਤਾਂ ਹੋਇਆ, ਮੈਨੂੰ ਇਹਦਾ ਮਤਲਬ ਤਾਂ ਦੱਸੋ। ਕਿਤੇ ਲੋੜ ਈ ਪੈ ਜਾਂਦੀ ਐ," ਉਸਦਾ ਇਹ ਅੰਦਾਜ਼ ਮੈਨੂੰ ਚੰਗਾ ਲੱਗਾ।

"ਇਹ ਲਫ਼ਜ਼ ਹੈ ਮੈਂਡੇਟੋਰੀ...ਇਸ ਦਾ ਮਤਲਬ ਐ ਲਾਜ਼ਮੀ, ਜ਼ਰੂਰੀ.." ਮੈਂ ਸਮਝਾਇਆ।

"ਲੈ ਹੁਣ ਨਹੀਂ ਭੁੱਲਦੀ ਵੀਰੇ, ਜਦੋਂ ਮਰਜ਼ੀ ਪੁੱਛ ਲਵੀਂ," ਉਸਦੇ ਇਸ ਜੁਆਬ ਵਿਚਲੀ ਮਾਸੂਮੀਅਤ ਤੋਂ ਮੈਂ ਪ੍ਰਭਾਵਤ ਹੋਏ ਬਿਨਾ ਰਹਿ ਨਹੀਂ ਸਕਿਆ।

ਬਾਅਦ 'ਚ ਉਹ ਬੀਬੀ ਆਪਣੇ ਆਪ ਈ ਦੱਸਣ-ਪੁੱਛਣ ਲੱਗ ਪਈ, 'ਅਸੀਂ ਮੋਗੇ ਤੋਂ ਆਂ ਵੀਰੇ, ਤੁਸੀਂ ਕਿੱਥੋਂ?"

"ਤੁਸੀਂ ਵੀ ਡਰਾਈਵ ਕਰ ਲੈਂਦੇ ਓ?" ਮੈਂ ਪੁੱਛਿਆ।

ਉਹ ਫੇਰ ਸ਼ੁਰੂ ਹੋ ਗਈ, 'ਕਾਹਨੂੰ ਡਰਾਈਵ ਕਰ ਲੈਂਦੀ ਆਂ...ਤੁਹਾਡੇ ਭਰਾ ਨੂੰ ਪੜ੍ਹਨਾ ਲਿਖਣਾ ਨਹੀਂ ਆਉਂਦਾ, ਨਾ ਅੰਗਰੇਜ਼ੀ ਬੋਲਣੀ ਆਉਂਦੀ ਐ। ਜਦੋਂ ਈ ਐਲ ਡੀ ਸ਼ੁਰੂ ਹੋਈ, ਇਹ ਤਾਂ ਘਰ ਈ ਬੈਠ ਗਿਆ। ਫੇਰ ਮੈਂ ਸੋਚਿਆ ਕਿ ਮੈਂ ਕੰਮ ਨਾ ਕਰੂੰ ਤਾਂ ਗੁਜ਼ਾਰਾ ਹੋ ਜਾਊ, ਇਹ ਬੈਠ ਗਿਆ ਤਾਂ ਦਿਨ ਕਿਵੇਂ ਲੰਘਣਗੇ। ਮੈਂ ਪੰਜਾਬੀ ਸਟੋਰ 'ਚ ਕੰਮ ਕਰਦੀ ਸੀ। ਉਹ ਮਰ ਜਾਣੇ ਪੂਰੇ ਪੈਸੇ ਨਹੀਂ ਸੀ ਦਿੰਦੇ। ਡਰਾਈਵਰੀ 'ਚ ਤਾਂ ਚਾਰ ਪੈਸੇ ਬਣ ਜਾਂਦੇ ਆ। ਮੈਂ ਆਪਣਾ ਕੰਮ ਛੱਡਿਆ ਤੇ ਇਹਨੂੰ ਕਿਹਾ ਭਾਈ ਹਾਰੀਂ ਨਾ...ਹੋ ਤਕੜਾ, ਪੜ੍ਹੀ ਲਿਖੀ ਬੋਲੀ ਮੈਂ ਜਾਊਂ, ਤੂੰ ਟਰੱਕ ਚਲਾਈ ਜਾਈਂ...'ਕੱਲਾ ਬੰਦਾ ਤਾਂ ਕੋਈ ਵੀ ਪਰਿਵਾਰ ਨਹੀਂ ਚਲਾ ਸਕਦਾ। ਰਲ਼-ਮਿਲ਼ ਚੱਲੀ ਜਾਨੇ ਆਂ..! ਬੁੱਤਾ ਸਾਰ ਲੈਨੀ ਆਂ ਮੈਂ, ਦੋ ਕੁ ਅੱਖਰ ਆਉਂਦੇ ਐ ਗੁਜ਼ਾਰੇ ਜੋਗੇ ..! ਇਹਦੇ 'ਚ ਇਹ ਭੈੜ ਆ ਕਿ ਸਿੱਖਦਾ ਈ ਨਹੀਂ, ਜੀ ਪੀ ਐੱਸ 'ਤੇ ਐਡਰੈੱਸ ਨਹੀਂ ਪਾ ਸਕਦਾ ਇਹ.."

ਉਸਦਾ ਸਾਥੀ ਬੋਲਿਆ, 'ਨਹੀਂ ਆਉਂਦਾ, ਦੱਸ ਮੈਂ ਕੀ ਕਰਾਂ! ਜਦ ਸਹੁਰੀ ਸਿੱਖਣ ਦੀ ਉਮਰ ਸੀ, ਘਰਦਿਆਂ ਨੇ ਖੇਤੀ ਤੋਂ ਸਿਰ ਨਹੀਂ ਚੁੱਕਣ ਦਿੱਤਾ ਪਰ ਮੈਂ ਭੈਣ-ਭਰਾ ਪੜ੍ਹਾ ਦਿੱਤੇ। ਫੇਰ ਏਧਰ ਆ ਗਏ, ਪਿਛਲਾ ਖੂਹ ਭਰਨ 'ਚ ਈ ਲੱਗੇ ਰਹੇ। ਛੋਟਾ ਭਰਾ ਮੇਰੇ ਭੇਜੇ ਪੈਸਿਆਂ 'ਤੇ ਜਾਇਦਾਦ ਆਪਣੇ ਨਾਂਅ ਦੀ ਬਣਾ ਗਿਆ...ਆਪਾਂ ਖਾਲੀ ਹੱਥ..! ਹੁਣ ਜਾ ਕੇ ਬੱਚੇ ਆਏ ਏਧਰ ...ਮੇਰੇ ਕੋਲ਼ੋਂ ਤਾਂ ਸਹੁਰਾ ਘਰ ਨਹੀਂ ਲੈ ਹੋਇਆ ਅੱਜ ਤੱਕ..! ਜੇ ਇਹ ਨਾ ਹੁੰਦੀ ਤਾਂ ਅਸਲੋਂ ਨੰਗ ਹੋ ਜਾਣਾ ਸੀ ਮੈਂ..!" ਅਸਲੋਂ ਸਧਾਰਨ ਨਜ਼ਰ ਆ ਰਹੇ ਇਹ ਮਨੁੱਖ ਹੁਣ ਮੇਰੇ ਲਈ ਖਾਸ ਹੋ ਗਏ ਸਨ।

ਉਹ ਆਪਣੇ ਕਿਸੇ ਨਜ਼ਦੀਕੀ ਰਿਸ਼ਤੇਦਾਰ ਦਾ ਟਰੱਕ ਚਲਾਉਂਦੇ ਹਨ। ਉਹ ਰਿਸ਼ਤੇਦਾਰ ਡਰਾਈਵਰ ਦੀ ਮਜਬੂਰੀ ਦਾ ਪੂਰਾ ਫ਼ਾਇਦਾ ਉਠਾਅ ਰਿਹਾ ਹੈ। ਮਿਹਨਤ ਦਾ ਨਾ ਪੂਰਾ ਮੁੱਲ ਦਿੰਦਾ ਹੈ ਤੇ ਨਾ ਸਮੇਂ ਸਿਰ ਅਦਾਇਗੀ। ਬੀਬੀ ਦੱਸਦੀ ਹੈ, 'ਸਾਨੂੰ ਕਹਿੰਦਾ ਕਿ ਡੀਜ਼ਲ ਆਪਣੇ ਕੋਲ਼ੋਂ ਪੁਆ ਲਿਆ ਕਰੋ ਤੇ ਰਸੀਦਾਂ ਦਿਖਾ ਕੇ ਪੈਸੇ ਲੈ ਲਿਆ ਕਰੋ। ਜਦ ਰਸੀਦਾਂ ਦਿੰਦੇ ਆਂ ਤਾਂ ਕਹਿਣ ਲੱਗ ਪੈਂਦਾ ਕਿ ਏਨਾ ਡੀਜ਼ਲ ਕਿਵੇਂ ਖਾ ਲਿਆ ...ਦੱਸੋ ਭਲਾ ਅਸੀਂ ਕੀ ਕਰਨਾ ਡੀਜ਼ਲ..!"

ਉਹ ਮਿੰਨਤਾਂ ਕਰਨ ਲੱਗੀ ਕਿ ਉਨ੍ਹਾਂ ਨੂੰ ਕਿਸੇ ਵਧੀਆ ਕੰਪਨੀ 'ਚ ਕੰਮ ਦਿਵਾ ਦਿਓ...ਸਾਡੇ ਫ਼ੋਨ ਨੰਬਰ ਵੀ ਲੈ ਲਏ ਤੇ ਆਪਣੇ ਟਰੱਕ ਵੱਲ ਤੁਰਨ ਲੱਗਿਆਂ ਕਹਿਣ ਲੱਗੀ, 'ਇਹਦੀ ਸਿਹਤ ਨਹੀਂ ਠੀਕ ਰਹਿੰਦੀ। ਜਿੰਨਾ ਚਿਰ ਮੈਂ ਆਂ, ਓਨਾ ਚਿਰ ਤਾਂ ਕੁਝ ਨਹੀਂ ਹੋਣ ਦਿੰਦੀ...ਬਾਕੀ ਸਾਹ ਦਾ ਕੀ ਭਰੋਸਾ..!'

ਉਹ ਚਲੇ ਗਏ ਤਾਂ ਕੋਲ ਖੜ੍ਹਾ ਇਕ ਤੀਸਰਾ ਬੋਲਿਆ, 'ਬਾਹਲ਼ੀ ਤੇਜ਼ ਆ ਯਾਰ ..!'

ਮਨਵੀਰ ਉਸ ਦੇ ਗਲ਼ ਪੈ ਗਿਆ, 'ਉਹ ਪਤਾ ਨਹੀਂ ਕਿੰਨੇ ਦੁਖੀ ਆ, ਤੂੰ ਕਹੀ ਜਾਨੈਂ ਬਾਹਲ਼ੀ ਤੇਜ਼ ਆ...ਉਹ ਕੰਜਰ ਜਿਹੜਾ ਇਨ੍ਹਾਂ ਨੂੰ ਖਾਈ ਜਾ ਰਿਹੈ, ਉਹ ਵੀ ਭਲਾ ਕੋਈ ਮਨੁੱਖ ਹੋਊਗਾ...ਕੋਈ ਗੱਲ ਨਹੀਂ ਅੰਕਲ, ਮੈਂ ਸੋਚੂੰਗਾ ਇਨ੍ਹਾਂ ਬਾਰੇ..!" ਮਨਵੀਰ ਦੇ ਆਪਣੇ ਚਾਰ ਟਰੱਕ ਹਨ।

ਮੈਨੂੰ ਉਹ ਮੁੰਡਾ ਬਹੁਤ ਚੰਗਾ ਲੱਗਾ। ਉਸਨੂੰ ਮੋਢਿਓਂ ਫੜ ਆਪਣੇ ਨਾਲ ਲਾ ਕੇ ਸ਼ਾਬਾਸ਼ ਦਿੱਤੀ। ਹਨੇਰੇ 'ਚ ਓਝਲ ਹੋ ਗਏ ਇਸ ਜੋੜੇ ਬਾਰੇ ਮੈਂ ਮਨ ਹੀ ਮਨ ਸੋਚ ਰਿਹਾ ਸੀ ਕਿ ਸੱਤਿਆਵਾਨ ਲਈ ਸਵਿੱਤਰੀ ਵੀ ਇਸੇ ਤਰ੍ਹਾਂ ਯਮਰਾਜ ਨਾਲ ਜੂਝੀ ਹੋਵੇਗੀ...ਉਹ ਸਵਿੱਤਰੀ ਤਾਂ ਮਿਥਿਹਾਸ ਦੀ ਇਕ ਨਾਇਕਾ ਹੈ ਪਰ ਇਹ ਤਾਂ ਇਕ ਜਿਊਂਦੀ ਜਾਗਦੀ ਸਾਖਸ਼ਾਤ ਸਵਿੱਤਰੀ ਹੈ...!

ਉਸ ਬਾਰੇ ਸੋਚ ਕੇ ਮੈਂ ਥੋੜ੍ਹਾ ਮੁਸਕਰਾ ਪਿਆ...ਮੇਰੀਆਂ ਅੱਖਾਂ ਪਤਾ ਨਹੀਂ ਕਿਉਂ ਨਮ ਸਨ! ਮੇਰੀ ਆਪਣੀ ਪਰੇਸ਼ਾਨੀ ਪਤਾ ਨਹੀਂ ਕਿੱਥੇ ਖੰਭ ਲਾ ਕੇ ਉੱਡ ਗਈ ਸੀ!

ਮੇਰੇ ਦੁਆਲ਼ੇ ਅਜੇ ਵੀ ਉਸ ਸਵਿੱਤਰੀ ਦਾ ਬਾਰਹ-ਪਹਿਰਾ ਹੈ..!

**ਜ਼ਿੰਮੇਵਾਰੀਆਂ ਨੂੰ ਗੰਢ ਦੇ ਕੇ, ਹੌਸਲੇ ਦੀ ਪੰਡ ਲੈ ਕੇ ਉਹ ਸੱਤਿਆਵਾਨ ਨੂੰ ਲਈ ਘੁੰਮੀ ਜਾ ਰਹੀ ਐ..!**

## ਇਕ ਅੰਤ-ਇਕ ਸ਼ੁਰੂਆਤ

***(ਪਿਛਲੇ ਸਫੇ ਦਾ ਬਾਕੀ)***

ਕਰਦਿਆ ਕਿਹਾ, 'ਪੁੱਤ, ਉਹਨੇ ਤਾਂ ਸਾਫ਼ ਕਹਿ ਦਿੱਤਾ ਕਿ ਉਸਨੇ ਸਿਮਰ ਨਾਲ ਇਸ ਮਾਮਲੇ 'ਤੇ ਕੋਈ ਗੱਲ ਨੀ ਕਰਨੀ। ਸਿਮਰ ਦੀ ਆਪਣੀ ਜ਼ਿੰਦਗੀ ਹੈ। ਉਸਨੂੰ ਜੋ ਚੰਗਾ ਲਗੇਗਾ ਕਰ ਲਵੇਗੀ ਤੇ ਨਾਲੇ ਅਜੇ ਉਸਦਾ ਮੂਡ ਨਹੀਂ ਉਸ ਨਾਲ ਇਸ ਬਾਰੇ ਗੱਲ ਕਰਨ ਦਾ।'

'ਤੇ ਹਾਂ ਬੀ ਜੀ ਇਹ ਠੀਕ ਤਾਂ ਹੈ। ਉਹ ਸੋਚੇਗੀ ਉਸਦਾ ਭਰਾ ਚਲਾ ਗਿਆ ਤੇ ਇਨ੍ਹਾਂ ਨੂੰ ਆਪਣੇ ਰਿਸ਼ਤੇਦਾਰ ਮੰਗਵਾਉਣ ਦੀ ਪਈ ਆ। ਸਿਮਰ ਨੂੰ ਉਸਦੇ ਹਾਲ 'ਤੇ ਛੱਡ ਦੇਣਾ ਚਾਹੀਦਾ ਹੈ। ਉਹ ਸਿਆਣੀ ਕੁੜੀ ਹੈ।'

ਪੁੱਤ! ਇਹੋ ਜਿਹੇ ਕੰਮ ਜੇ ਤੱਤੇ ਭਾ ਹੋ ਜਾਣ ਤਾਂ ਠੀਕ ਹੈ, ਨਹੀਂ ਤਾਂ ਪਿੱਛੋਂ ਹਾਲਾਤ ਬਦਲ ਜਾਂਦੇ ਹਨ। ਜੇ ਤੂੰ ਜੱਸੀ ਨੂੰ ਕਹੇਂਗਾ ਤਾਂ ਉਹ ਜ਼ਰੂਰ ਮੰਨ ਜਾਊ। ਜਿਹੜਾ ਘਰ ਹੁਣ ਸਿਮਰ ਕੋਲ ਹੈ ਉਹ ਤੇਰੇ ਨਾਂ 'ਤੇ ਹੈ। ਜੇ ਕੰਮ ਸਿਰੇ ਚੜ੍ਹ ਗਿਆ ਤਾਂ ਆਪਾਂ ਸਾਰਾ ਘਰ ਉਹਦੇ ਨਾਂ ਕਰਵਾ ਦਿਆਂਗੇ।'

'ਬੀ ਜੀ! ਤੁਸੀਂ ਇਹ ਗੱਲ ਕੀ ਕਰ ਰਹੇ ਹੋ। ਘਰ ਦੇ ਪੈਸੇ ਤਾਂ ਸਾਰੇ ਗੁਰਮੀਤ ਨੇ ਦਿੱਤੇ ਸਨ, ਮੇਰਾ ਨਾਮ ਤਾਂ ਕੇਵਲ ਮੌਰਗੇਜ਼ ਵਾਸਤੇ ਹੀ ਪਾਇਆ ਸੀ। '

ਗੁਰਮੇਲ ਦੀ ਇਹ ਗੱਲ ਸੁਣ ਕੇ ਬਲਵੀਰ ਕੌਰ ਕੁਝ ਚੁੱਪ ਜਿਹੀ ਹੋ ਗਈ।

ਗੁਰਮੇਲ ਬਿਨਾਂ ਕੁਝ ਬੋਲੇ ਕਮਰੇ ਵਿਚ ਚਲਾ ਗਿਆ। ਜੱਸੀ ਦੇਰ ਨਾਲ ਹੀ ਸੌਂਦੀ ਸੀ। ਕਿਹੜਾ ਸਵੇਰੇ ਕੰਮ 'ਤੇ ਜਾਣਾ ਹੁੰਦਾ ਸੀ। ਜੱਸੀ ਨੂੰ ਪਤਾ ਤਾਂ ਸੀ ਕਿ ਗੁਰਮੇਲ ਆ ਗਿਆ ਹੈ ਪਰ ਉਸਨੇ ਆਪਣੇ ਕਮਰੇ ਵਿਚ ਬੈਠੇ ਰਹਿਣਾ ਹੀ ਠੀਕ ਸਮਝਿਆ। ਉਹ ਮਾਂ ਪੁੱਤ ਦੀ ਗੱਲਬਾਤ ਵਿਚ ਦਖਲ ਦੇਣਾ ਨਹੀਂ ਸੀ ਚਾਹੁੰਦੀ।

ਦਿਨ ਬੀਤਦੇ ਗਏ। ਸਿਮਰ ਨੇ ਨੌਕਰੀ 'ਤੇ ਜਾਣਾ ਸ਼ੁਰੂ ਕਰ ਦਿੱਤਾ। ਸਮਾਂ ਬਿਤਾਉਣ ਲਈ ਉਸਨੇ ਸਾਹਿਤ ਪੜ੍ਹਨਾ ਸ਼ੁਰੂ ਕਰ ਦਿੱਤਾ। ਉਸ ਵਿਚਲਾ ਆਤਮ ਵਿਸ਼ਵਾਸ ਹੋਰ ਵੀ ਪਰਪੱਕ ਹੋਣ ਲੱਗਾ। ਉਸ ਵਿਚ ਆਪਣੇ ਫੈਸਲੇ ਆਪ ਕਰਨ ਦੀ ਸ਼ਕਤੀ ਦਿਨੋ ਦਿਨ ਵੱਧਣ ਲੱਗੀ।

ਜੱਸੀ ਦੀ ਸੱਸ ਨੇ ਘਰ ਵਿਚ ਕਲੇਸ਼ ਸ਼ੁਰੂ ਕਰ ਦਿੱਤਾ। ਉਹ ਰੋਜ਼ ਜੱਸੀ ਨੂੰ ਆਖਦੀ ਕਿ ਸਿਮਰ ਨਾਲ ਗੁਰਵਿੰਦਰ ਬਾਰੇ ਗੱਲ ਕਰੇ।

ਤੇ ਇਕ ਦਿਨ ਜੱਸੀ ਨੇ ਹੌਸਲਾ ਕਰਕੇ ਆਖ ਹੀ ਦਿੱਤਾ, 'ਬੀ ਜੀ ਇਕ ਵਾਰੀ ਕਹੋ ਜਾਂ ਦਸ ਵਾਰੀ। ਮੈ ਨਹੀਂ ਸਿਮਰ ਨੂੰ ਕਹਿਣਾ। ਤੇ ਨਾਲੇ ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ ਗੁਰਵਿੰਦਰ ਵਿਗੜਿਆ ਹੋਇਆ ਮੁੰਡਾ ਹੈ। ਰੋਜ਼ ਤਾਂ ਮਾਸੀ ਤੁਹਾਡੇ ਕੋਲ ਉਸ ਦੀਆਂ ਸ਼ਕਾਇਤਾਂ ਕਰਦੀ ਸੀ ਅਤੇ ਹੁਣ ਅਚਾਨਕ ਉਸ ਦੀਆਂ ਵਡਿਆਈਆਂ ਸ਼ੁਰੂ ਹੋ ਗਈਆਂ। ਮੈਂ ਨਹੀਂ ਚਾਹੁੰਦੀ, ਮੈਂ ਸਿਮਰ ਦੀ ਮਜ਼ਬੂਰੀ ਦਾ ਫਾਇਦਾ ਉਠਾਵਾਂ। ਬਹੁਤੀ ਗੱਲ ਹੈ ਤਾਂ ਮਾਸੀ ਮੇਰੇ ਨਾਲ ਗੱਲ ਕਰ ਲਵੇ। ਮੇਰੇ ਬਾਪੂ ਜੀ ਨੇ ਸਿਮਰ ਨੂੰ ਇਹ ਅਧਿਕਾਰ ਦਿੱਤਾ ਹੈ ਕਿ ਉਹ ਆਪਣੀ ਜ਼ਿੰਦਗੀ ਦੀ ਆਪ ਮਾਲਕਣ ਹੈ। ਤੁਸੀਂ ਖਾਮ ਖਾਹ ਘਰ ਵਿਚ ਕਲੇਸ਼ ਨਾ ਪਾਵੋ।'

ਬਸ ਫਿਰ ਕੀ ਸੀ। ਬਲਵੀਰ ਕੌਰ ਅੱਗ ਵਾਂਗ ਬਲਣ ਲੱਗੀ। ਕਿਵੇਂ ਹੋ ਸਕਦਾ ਸੀ ਕਿ ਉਸ ਦੀ ਨੂੰਹ ਉਸਦੇ ਭਾਣਜੇ ਬਾਰੇ ਇਹ ਕਹੇ ਕਿ ਉਹ ਵਿਗੜਿਆ ਤਿਗੜਿਆ ਹੈ। ਜੱਸੀ ਦੇ ਮਾਂ ਪਿਓ ਤੇ ਭਰਾ ਨੂੰ ਉਸਦੇ ਪੁੱਤ ਨੇ ਮੰਗਵਾਇਆ ਤੇ ਹੁਣ ਜੱਸੀ ਦੀ ਇਹ ਮਜ਼ਾਲ!

ਇਸਤੋਂ ਬਾਦ ਬਲਵੀਰ ਕੌਰ ਰੋਜ ਰਾਤ ਨੂੰ ਆਪਣੇ ਪੁੱਤ ਦੀ ਉਡੀਕ ਕਰਨ ਲੱਗੀ। ਉਸਦੇ ਕੰਨ ਭਰਨ ਲਈ ਕੋਈ ਨਾ ਕੋਈ ਸਮਾਂ ਕੱਢ ਹੀ ਲੈਂਦੀ। ਗੁਰਮੇਲ ਤੇ ਆਪਣੀ ਮਾਂ ਦਾ ਅਸਰ ਹੋਣਾ ਸ਼ੁਰੂ ਹੋ ਗਿਆ। ਭਾਵੇਂ ਪਹਿਲਾਂ ਪਹਿਲਾਂ ਉਹ ਕਹਿ ਦਿਆ ਕਰਦਾ ਸੀ ਕਿ ਬੀਜੀ ਮੈਨੂੰ ਇਹ ਠੀਕ ਨਹੀਂ ਲੱਗਦਾ ਕਿ ਸਿਮਰ ਨੂੰ ਮਜ਼ਬੂਰ ਕਰੀਏ। ਸਿਮਰ ਤੇ ਗੁਰਵਿੰਦਰ ਦਾ ਕੋਈ ਮੇਲ ਨਹੀਂ। ਇਹ ਇਕ ਤਰ੍ਹਾਂ ਨਾਲ ਪਾਪ ਹੋਵੇਗਾ। ਪਰ ਬਲਵੀਰ ਕੌਰ ਨੇ ਆਪਣੇ ਢੰਗ ਤਰੀਕੇ ਵਰਤ ਕੇ ਗੁਰਮੇਲ ਦੇ ਦਿਮਾਗ ਵਿਚ ਇਹ ਗੱਲ ਪੱਕੀ ਕਰ ਦਿੱਤੀ ਕਿ ਉਸਦਾ ਸਿਮਰ ਦੀ ਜ਼ਿੰਦਗੀ ਤੇ ਅਧਿਕਾਰ ਹੈ। ਉਸਦੀ ਮਾਸੀ ਦੇ ਪੁੱਤ ਨਾਲ ਸਿਮਰ ਦਾ ਵਿਆਹ ਕਰਨਾ ਉਨ੍ਹਾਂ ਦਾ ਅਧਿਕਾਰ ਹੈ। ਉਸਦੀ ਮਾਸੀ ਦੇ ਪੁੱਤ ਦਾ ਅਧਿਕਾਰ ਹੈ ਸਿਮਰ 'ਤੇ, ਕਿਉਂ ਕਿ ਗੁਰਮੀਤ ਨੂੰ ਤੂੰ ਮੰਗਵਾਇਆ ਸੀ। ਜੇ ਤੂੰ ਗੁਰਮੀਤ ਨੂੰ ਨਾ ਮੰਗਵਾਉਂਦਾ ਤਾਂ ਸਿਮਰ ਕਿਵੇਂ ਆਉਂਦੀ!

ਤੇ ਸਿਮਰ ...ਕਿਵੇਂ ਹੌਸਲਾ ਕਰ ਸਕਦੀ ਹੈ ਇਹ ਕਹਿਣ ਦਾ ਕਿ ਉਸਨੇ ਆਪਣੀ ਜ਼ਿੰਦਗੀ ਦਾ ਆਪ ਫੈਸਲਾ ਕਰਨਾ ਹੈ। ਸਿਮਰ...ਦੀ ਇਹ ਮਜ਼ਾਲ!

ਤੇ ਫਿਰ ਇਕ ਦਿਨ ਗੁਰਮੇਲ ਨੇ ਜੱਸੀ ਨੂੰ ਕਿਹਾ ਕਿ ਉਹ ਸਿਮਰ ਦੇ ਘਰ ਜਾਣ ਲਈ ਤਿਆਰ ਹੋ ਜਾਵੇ। ਜੱਸੀ ਤਿਆਰ ਹੋ ਗਈ ਤੇ ਦੋਨੋਂ ਕਾਰ ਵਿਚ ਬੈਠ ਗਏ। ਰੱਸਤੇ ਵਿਚ ਜੱਸੀ ਨੇ ਗੁਰਮੇਲ ਤੋਂ ਪੁੱਛਣਾ ਚਾਹਿਆ ਕਿ ਕੀ ਗੱਲ ਕਰਨੀ ਹੈ। ਗੁਰਮੇਲ ਨੇ ਸਿਰਫ ਏਨਾ ਹੀ ਕਿਹਾ ਕਿ ਓਥੇ ਜਾ ਕੇ ਪਤਾ ਲੱਗ ਜਾਵੇਗਾ।

ਜੱਸੀ ਨੇ ਅਦਬ ਨਾਲ ਚਾਹ ਪਾਣੀ ਪੁੱਛਿਆ। ਗੁਰਮੇਲ ਉੱਠ ਕੇ ਖੜਾ ਹੋ ਗਿਆ ਤੇ ਕਹਿਣ ਲੱਗਾ, 'ਅਸੀਂ ਚਾਹ ਪੀਣ ਨਹੀਂ ਆਏ। ਅਸੀਂ ਤਾਂ ਤੇਰਾ ਫੈਸਲਾ ਸੁਣਨ ਆਏ ਹਾਂ। ਤੇ ਹਾਂ ਬੋਲ ਹੁਣ ਤੂੰ ਕੀ ਸੋਚਿਆ ਗੁਰਵਿੰਦਰ ਬਾਰੇ! '

ਸਿਮਰ ਨੇ ਗੁਰਮੇਲ ਮੂਹਰੇ ਹੱਥ ਬੰਨ੍ਹੇ ਤੇ ਕਹਿਣ ਲੱਗੀ, 'ਵੀਰੇ, ਮੈਂ ਪਹਿਲਾਂ ਹੀ ਕਈ ਵਾਰ ਕਹਿ ਚੁੱਕੀ ਹਾਂ ਕਿ ਮੇਰਾ ਅਜੇ ਵਿਆਹ ਕਰਵਾਉਣ ਦਾ ਕੋਈ ਇਰਾਦਾ ਨਹੀਂ ਹੈ। ਮੈਂ ਗੁਰਮੀਤ ਦੀਆਂ ਯਾਦਾਂ ਨਾਲ ਹੀ ਦਿਨ ਕਟੀ ਕਰਨਾ ਚਾਹੁੰਦੀ ਹਾਂ। ਰੱਬ ਦੇ ਵਾਸਤੇ ਮੈਨੂੰ ਜੀ ਲੈਣ ਦੇਵੋ। ਜੇ ਰੱਬ ਨੇ ਮੇਰੇ ਨਾਲ ਇਹ ਕੁਝ ਕੀਤਾ ਹੈ ਤਾਂ ਤੁਸੀਂ ਤਾਂ ਮੇਰੇ 'ਤੇ ਤਰਸ ਕਰੋ! '

'ਤਰਸ ਤੁਰਸ ਅਸੀਂ ਬਥੇਰਾ ਕਰ ਲਿਆ। ਤਰਸ ਕਰਕੇ ਹੀ ਅਸੀਂ ਕਿਸੇ ਦੀ ਛੱਡੀ ਛੁਡਾਈ ਨੂੰ ਏਥੇ ਸੱਦਿਆ। ਤੇਰੇ ਤੋਂ ਵਧੀਆ ਓਥੇ ਹੋਰ ਬਥੇਰੀਆਂ ਸਨ...ਤੂੰ ਕੋਈ ਬਾਹਲੀ ਹੂਰ ਨਹੀਂ ਸੀ। ਕਦੇ ਸ਼ੀਸ਼ੇ 'ਚ ਖੜ੍ਹ ਕੇ ਦੇਖੀਂ ਕਿ ਤੇਰੇ ਵਿਚ ਏਹੋ ਜੇਹਾ ਕੁਝ ਨਹੀਂ ਜਿਸਦੇ ਮਾਣ ਵਿਚ ਤੂੰ ਹੰਕਾਰੀ ਫਿਰਦੀ ਐਂ। '

ਗੁਰਮੇਲ ਦੇ ਸ਼ਬਦਾਂ ਨੇ ਜੱਸੀ ਤੇ ਸਿਮਰ ਦੋਨਾਂ ਦਾ ਹਿਰਦਾ ਵਲੂੰਧਰ ਦਿੱਤਾ। ਸਿਮਰ ਜੱਸੀ ਦੇ ਗੱਲ ਲੱਗ ਕੇ ਉੱਚੀ ਉੱਚੀ ਰੋਣ ਲੱਗੀ।

ਗੁਰਮੇਲ ਨੇ ਜੱਸੀ ਨੂੰ ਫੜ ਕੇ ਸਿਮਰ ਤੋਂ ਅਲੱਗ ਕਰ ਦਿੱਤਾ ਤੇ ਕਹਿਣ ਲੱਗਾ, 'ਚੰਗਾ ਜੇ ਤੈਨੂੰ ਸਾਡੀ ਗੱਲ ਨਹੀਂ ਮਨਜ਼ੂਰ ਤਾਂ ਮੇਰਾ ਘਰ ਖਾਲੀ ਕਰ ਦੇ ਤੇ ਜਿੱਥੇ ਮਰਜ਼ੀ ਧੱਕੇ ਖਾ।'

'ਮੇਰਾ ਘਰ! ਉਹ ਕਿਵੇਂ? 'ਜੱਸੀ ਨੇ ਸਵਾਲੀਆ ਨਜ਼ਰਾਂ ਨਾਲ ਗੁਰਮੇਲ ਵੱਲ ਤੱਕਿਆ।

'ਹਾਂ...ਮੇਰਾ ਘਰ। ਘਰ ਮੇਰੇ ਨਾਮ ਹੈ।'

'ਪਰ...ਸਾਰੀ ਡਾਊਨ ਪੇਮਿੰਟ ਤਾਂ ਗੁਰਮੀਤ ਨੇ ਦਿੱਤੀ ਸੀ? 'ਜੱਸੀ ਹੌਸਲਾ ਕਰ ਕੇ ਬੋਲੀ।

'ਅੱਛਾ! ਹੁਣ ਤੂੰ ਇਸ ਦੀ ਵਕੀਲ ਬਣ ਗਈ। ਕਾਗਜ਼ ਦੇਖ, ਕਿਸਦੇ ਨਾਮ ਹੈ ਘਰ। ਆ ਗਈ ਵੱਡੀ ਇਸ ਦੀ ਰਖਵਾਲੀ।'

'ਕੋਈ ਨਾ ਵੀਰੇ, ਜੇ ਇਸ ਤਰ੍ਹਾਂ ਦੀ ਗੱਲ ਹੈ ਤਾਂ ਮੈਂ ਘਰ ਖਾਲੀ ਕਰ ਦਿਆਂਗੀ।'

ਕੁਝ ਹੀ ਦਿਨਾਂ 'ਚ ਸਿਮਰ ਨੇ ਘਰ ਖਾਲੀ ਕਰ ਦਿੱਤਾ ਤੇ ਉਹ ਕਿਸੇ ਦੀ ਬੇਸਮਿੰਟ ਕਿਰਾਏ 'ਤੇ ਲੈ ਕੇ ਰਹਿਣ ਲੱਗ ਪਈ। ਇਹ ਉਸਦੇ ਇਕ ਜੀਵਨ ਦਾ ਅੰਤ ਸੀ ਤੇ ਇਕ ਨਵੇਂ ਜੀਵਨ ਦੀ ਸ਼ੁਰੂਆਤ!

# ਉਦਾਤ ਫੁੱਲ

ਆਪਣੀ ਰਿਟਾਇਰਮੈਂਟ ਤੋਂ ਬਾਅਦ ਮੈਂ ਸਵੇਰੇ ਉੱਠਦਾ ਹਾਂ ਤੇ ਆਪਣੇ ਕੁਦਰਤੀਪਣ ਤੋਂ ਵਿਹਲਾ ਹੋ ਕੇ ਦੋ ਵੱਡੇ ਕੱਪ ਚਾਹ ਦੇ ਬਣਾਉਂਦਾ ਹਾਂ। ਇਕ ਕੱਪ ਆਪਣੇ ਸਹਾਰੇ ਦੇ ਸਿਰਹਾਣੇ ਰੱਖ ਕੇ ਆਪ ਪੜ੍ਹਨ ਲੱਗ ਜਾਂਦਾ ਹਾਂ ਤੇ ਨਾਲ ਨਾਲ ਚਾਹ ਪੀਂਦਾ ਹਾਂ।

ਅੱਜ-ਕੱਲ੍ਹ ਕੋਈ ਕਿਸੇ ਦੇ ਆਉਂਦਾ ਨਹੀਂ ਤੇ ਮੈਂ ਵੀ ਕਿਸੇ ਦੇ ਜਾਂਦਾ ਨਹੀਂ। ਕਈ ਕਈ ਦਿਨ ਅਜਿਹੇ ਬੀਤ ਜਾਂਦੇ ਹਨ ਕਿ ਘਰ ਦੇ ਗੇਟ ਦੇ ਬਾਹਰ ਵੀ ਨਹੀਂ ਜਾ ਹੁੰਦਾ। ਘਰ ਦੇ ਨਿੱਕੇ ਨਿੱਕੇ ਕੰਮ ਕਰਦਿਆਂ ਸੈਰ ਤਾਂ ਨਹੀਂ ਹੁੰਦੀ, ਤੁਰ ਹੋ ਜਾਂਦਾ ਹੈ। ਏਸੇ ਤਰ੍ਹਾਂ ਪੌੜੀਆਂ ਚੜ੍ਹਦਿਆਂ ਉਤਰਦਿਆਂ ਕੁਝ ਨਾ ਕੁਝ ਕਸਰਤ ਹੋ ਜਾਂਦੀ ਹੈ। ਇਹਦੇ ਇਲਾਵਾ ਨਕਲੀ ਮੇਲ ਮਿਲਾਪ ਲਈ ਫ਼ੋਨ ਹੈ।

ਬੱਚੇ ਅੱਜ-ਕੱਲ੍ਹ ਘਰੇ ਹੁੰਦੇ ਹਨ। ਵੱਡਾ ਉੱਪਰ ਆਪਣੇ ਕਮਰੇ ਵਿਚ ਪੜ੍ਹਦਾ ਰਹਿੰਦਾ ਹੈ ਤੇ ਛੋਟਾ ਹੇਠਾਂ ਲੈਪਟੌਪ ਖੋਲ੍ਹ ਕੇ ਬੈਠਾ ਰਹਿੰਦਾ ਹੈ। ਦੋਵਾਂ ਨੂੰ ਹੀ ਜਦ ਕੋਈ ਅਨੋਖੀ ਜਿਹੀ


**ਅਵਤਾਰ ਸਿੰਘ**
**ਫ਼ੋਨ: 94175-18384**


ਗੱਲ ਪਤਾ ਲੱਗਦੀ ਹੈ ਤਾਂ ਉਹ ਮੈਨੂੰ ਸੁਣਾਉਣ ਆ ਜਾਂਦੇ ਹਨ ਤੇ ਮੈਂ ਏਨੀ ਦਿਲਚਸਪੀ ਨਾਲ ਸੁਣਦਾ ਹਾਂ ਕਿ ਉਹ ਖੁਸ਼ ਹੋ ਜਾਂਦੇ ਹਨ, ਜਿਵੇਂ ਉਨ੍ਹਾਂ ਦੀ ਗੱਲ ਦਾ ਮੁੱਲ ਪੈ ਗਿਆ ਹੋਵੇ।

ਜਦ ਕਿਤੇ ਮੈਨੂੰ ਕੋਈ ਅਜਿਹੀ ਗੱਲ ਪਤਾ ਲੱਗਦੀ ਹੈ, ਜਿਹਦੇ ਬਾਰੇ ਮੈਂ ਸੋਚਦਾ ਹਾਂ ਕਿ ਉਨ੍ਹਾਂ ਨੂੰ ਸੁਣਾਵਾਂ ਤਾਂ ਉਹ ਇਸ ਤਰ੍ਹਾਂ ਦਾ ਪ੍ਰਭਾਵ ਦਿੰਦੇ ਹਨ, ਜਿਵੇਂ 'ਭਲਾ ਇਹ ਵੀ ਕੋਈ ਗੱਲ ਹੋਈ'। ਮੈਂ ਨਿਰਾਸ਼ ਹੋ ਜਾਂਦਾ ਹਾਂ, ਜਿਵੇਂ ਹੁਣ ਮੇਰੀਆਂ ਗੱਲਾਂ ਦਾ ਜ਼ਮਾਨਾ ਨਾ ਰਿਹਾ ਹੋਵੇ ਤੇ ਨਾਲ ਹੀ ਮੇਰਾ ਵੀ।

ਮੈਂ ਅਕਸਰ ਵੱਢ ਟੁੱਕ ਕੇ ਖੂਹ 'ਚ ਸੁੱਟੇ ਹੋਏ ਪੂਰਨ ਦੀ ਤਰ੍ਹਾਂ ਕਿਸੇ ਨੂੰ ਉਡੀਕਦਾ ਰਹਿੰਦਾ ਹਾਂ ਤੇ ਜਦ ਵੀ ਕੋਈ ਮੈਨੂੰ ਮਿਲਣ ਆਉਂਦਾ ਹੈ, ਇਵੇਂ ਲੱਗਦਾ ਹੈ, ਜਿਵੇਂ ਘੜੀ ਪਲ ਲਈ ਮੈਨੂੰ ਕਿਸੇ ਨੇ ਖੂਹ 'ਚੋਂ ਬਾਹਰ ਕੱਢਿਆ ਹੋਵੇ ਤੇ ਜਦ ਉਹ ਮਿਲ ਕੇ ਵਾਪਸ ਜਾਂਦਾ ਹੈ ਤਾਂ ਕੁਝ ਚਿਰ ਬਾਅਦ ਫਿਰ ਲੱਗਦਾ ਹੈ, ਜਿਵੇਂ ਮੈਂ ਫਿਰ ਉਸੇ ਖੂਹ 'ਚ ਡਿੱਗ ਪਿਆ ਹੋਵਾਂ।

ਕਿਸੇ ਭਲੇ ਵੇਲੇ ਕਿਤਾਬੀ ਜ਼ਿੰਦਗੀ ਸਰਵਰ ਜਾਂ ਸਰੋਵਰ ਸਮਝੀ ਜਾਂਦੀ ਸੀ ਤੇ ਕਿਤਾਬਾਂ ਪੜ੍ਹਨ ਵਾਲੇ ਖ਼ੁਦ ਨੂੰ ਮਾਨਸਰੋਵਰ ਝੀਲ ਦੇ ਕਿਨਾਰਿਆਂ 'ਤੇ ਹੀਰੇ ਮੋਤੀ ਚੁਗਣ ਵਾਲੇ ਪਾਕ ਪਵਿੱਤਰ ਹੰਸ ਸਮਝਦੇ ਸਨ।

ਹੁਣ ਸਾਡੇ ਸਮਾਜ ਵਿਚੋਂ ਕਿਤਾਬੀ ਹੀਰੇ ਮੋਤੀਆਂ ਦੀ ਕੀਮਤ ਹੀ ਖਤਮ ਹੋ ਗਈ ਹੈ ਤਾਂ ਹੁਣ ਕਿਤਾਬੀ ਲੋਕ ਇਵੇਂ ਸਮਝੇ ਜਾਂਦੇ ਹਨ, ਜਿਵੇਂ ਉਹ ਕੋਈ ਪ੍ਰੇਤ ਹੋਣ, ਜਿਨ੍ਹਾਂ ਤੋਂ ਦੂਰ ਰਹਿਣ ਵਿਚ ਭਲਾਈ ਹੋਵੇ। ਅਜਿਹੇ ਹਾਲਾਤ ਅਤੇ ਅਹਿਸਾਸ ਵਿਚ ਹੋਰ ਵੀ ਜੀ ਕਰਦਾ ਹੈ ਕੋਈ ਆਵੇ ਤੇ ਮਾੜਾ ਮੋਟਾ ਜੀ ਪਰਚੇ।

ਕੱਲ੍ਹ ਦੁਪਹਿਰੇ ਫ਼ੋਨ ਦੀ ਘੰਟੀ ਵੱਜੀ। ਦੇਖਿਆ ਤਾਂ ਜਸਵੰਤ ਜ਼ਫਰ ਦਾ ਫ਼ੋਨ ਸੀ। ਉਹ ਜਲੰਧਰ ਆਏ ਹੋਏ ਸਨ ਤੇ ਜਾਂਦੇ ਵਕਤ ਮੈਨੂੰ ਮਿਲਣਾ ਚਾਹੁੰਦੇ ਸਨ। ਮੇਰਾ ਮਨ ਏਨਾ ਖੁਸ਼ ਹੋਇਆ ਕਿ ਪੁੱਛੋ ਕੁਝ ਨਾ। ਮੈਂ ਆਪਣੀ ਬੀਬੀ ਦੇ ਕਥਨ



ਮੁਜਬ ਸਾਵਧਾਨ ਹੋ ਕੇ ਬਹਿ ਗਿਆ ਤੇ ਜਸਵੰਤ ਜ਼ਫਰ ਦੀ ਉਡੀਕ ਕਰਨ ਲੱਗ ਪਿਆ।

ਦੱਸੇ ਸਮੇਂ 'ਤੇ ਫਿਰ ਫ਼ੋਨ ਆਇਆ ਕਿ ਉਹ ਸਾਡੇ ਮੁਹੱਲੇ ਵਿਚ ਮੇਰਾ ਘਰ ਲੱਭ ਰਹੇ ਹਨ। ਮੈਂ ਬਾਹਰ ਨਿਕਲਿਆ ਤਾਂ ਉਹ ਸਾਡੇ ਘਰ ਦੇ ਬਾਹਰ ਬਣੀ ਪਾਰਕ ਦੇ ਦੂਜੇ ਪਾਸੇ ਖੜ੍ਹੇ ਸਨ। ਅਸਲ ਵਿਚ ਗੂਗਲ ਨੂੰ ਹੀ ਹਲਕਾ ਜਿਹਾ ਟਪਲ਼ਾ ਲੱਗ ਗਿਆ ਸੀ ਜੋ ਉਨ੍ਹਾਂ ਨੂੰ ਦੂਜੇ ਪਾਸੇ ਲੈ ਗਿਆ ਸੀ। ਉਨ੍ਹਾਂ ਮੈਨੂੰ ਝੱਟ ਦੇਖ ਲਿਆ ਤੇ ਉਹ ਮੇਰੇ ਵੱਲ ਚਲੇ ਆਏ। ਉਹ ਪਲ ਕਿੰਨੇ ਖੂਬਸੂਰਤ ਸਨ, ਜਦ ਉਨ੍ਹਾਂ ਦੇ ਚਸ਼ਮ ਮੇਰੇ ਨਾਲ ਮਿਲੇ ਹੋਏ ਸਨ ਤੇ ਕਦਮ ਮੇਰੇ ਵੱਲ ਵਧ ਰਹੇ ਸਨ।

ਅਸੀਂ ਆਪਣੇ ਘਰ ਅੰਦਰ ਬੈਠ ਗਏ। ਹਲਕੀ-ਹਲਕੀ ਗੱਲਬਾਤ ਸ਼ੁਰੂ ਹੋਈ। ਮੈਂ ਉਨ੍ਹਾਂ ਨੂੰ ਨਿਹਾਰਦਾ ਰਿਹਾ ਸਾਦਾ ਲਿਬਾਸ, ਸਾਦੀ ਦਿੱਖ ਤੇ ਹਲਕੀ ਜਿਹੀ ਕਿਤੇ ਛੁਪੀ ਹੋਈ ਸ਼ਰਾਰਤ ਵੀ। ਉਹ ਵੱਡੇ ਅਫਸਰ ਹਨ, ਪਰ ਉਨ੍ਹਾਂ ਨੇ ਆਪਣੀ ਅਫ਼ਸਰੀ ਨੂੰ ਕਵਿਤਾ ਇਸ਼ਨਾਨ ਕਰਵਾ-ਕਰਵਾ ਕੇ ਏਨਾ ਠਾਰ ਦਿੱਤਾ ਹੈ, ਜਿਵੇਂ ਉਹ ਰਜਾਈ ਲੈ ਕੇ ਸੁੱਤੀ ਰਹਿਣ ਵਿਚ ਹੀ ਭਲਾ ਸਮਝਦੀ ਹੋਵੇ।

ਕਵੀ ਆਪੇ ਨੇ ਉਨ੍ਹਾਂ ਦੇ ਤਮਾਮ ਆਪਿਆਂ 'ਤੇ ਏਨਾ ਅਧਿਕਾਰ ਜਮਾ ਲਿਆ ਹੈ ਕਿ ਹੁਣ ਅਫ਼ਸਰੀ ਉੱਠਣ ਦਾ ਹੌਸਲਾ ਵੀ ਨਹੀਂ ਕਰਦੀ। ਉਨ੍ਹਾਂ ਦੀ ਕਵਿਤਾ ਦਾ ਇਹੀ ਕਮਾਲ ਹੈ, ਨਹੀਂ ਤੇ ਕਵਿਤਾ ਕੀ ਤੇ ਅਫ਼ਸਰੀ ਕੀ।

ਕੋਈ ਲੇਖਕ ਜਦ ਕਿਤੇ ਜਾਂਦਾ ਹੈ ਤਾਂ ਆਪਣੀ ਵਿਦਵਤਾ ਦੀਆਂ ਪੰਡਾਂ ਬੰਨ੍ਹ-ਬੰਨ੍ਹ ਨਾਲ਼ ਲੈ ਜਾਂਦਾ ਹੈ। ਪਰ ਜਸਵੰਤ ਜ਼ਫਰ ਨੇ ਨਾ ਮੇਰੇ 'ਤੇ ਆਪਣਾ ਗਿਆਨ ਝਾੜਿਆ ਨਾ ਕਵਿਤਾ। ਉਹ ਬੜੀ ਸਹਿਜ ਮੁਦਰਾ ਵਿਚ ਬੈਠੇ ਰਹੇ ਤੇ ਬੜੇ ਇਤਮੀਨਾਨ ਨਾਲ ਮੈਨੂੰ ਹੀ ਸੁਣਦੇ ਰਹੇ। ਉਨ੍ਹਾਂ ਨੇ ਮੇਰੀ ਰਿਟਾਇਰਡ ਜ਼ਿੰਦਗੀ ਬਾਰੇ ਪੁੱਛਿਆ ਤੇ ਆਪਣੀ ਆਉਣ ਵਾਲੀ ਰਿਟਾਇਰਡ ਜ਼ਿੰਦਗੀ ਦਾ ਫਿਕਰ ਸਾਂਝਾ ਕੀਤਾ।

ਫਿਰ ਅਸੀਂ ਪੰਜਾਬ ਦੇ ਸਾਂਝੇ ਫਿਕਰ ਅਤੇ ਜ਼ਿਕਰ ਵਿਚ ਉੱਤਰ ਗਏ। ਪੰਜਾਬ ਦੀ ਹਰ ਪੱਖੋਂ ਨਿੱਘਰੀ ਹੋਈ ਹਾਲਤ ਬਾਬਤ ਉਹ ਮੇਰੇ ਨਾਲ ਸਦ ਫੀਸਦ ਸਹਿਮਤ ਸਨ। ਫਰਕ ਸਿਰਫ ਏਨਾ ਕੁ ਸੀ ਕਿ ਉਹ ਸਮਝਦੇ ਸਨ ਕਿ ਪੰਜਾਬ ਵਿਚ ਪੈਦਾ ਹੋ ਚੁੱਕੀ ਪ੍ਰੇਤ ਮੰਡਲੀ ਕੁਝ ਵੀ ਕਹਿਣ ਨਹੀਂ ਦੇਂਦੀ।

ਮੈਂ ਉਨ੍ਹਾਂ ਦੀ ਇਸ ਗੱਲ ਨਾਲ ਸਹਿਮਤ ਸਾਂ, ਪਰ ਮੇਰਾ ਖਿਆਲ ਸੀ ਕਿ ਅਗਰ ਉਹ ਪੰਜ ਸੱਤ ਜਾਣੇ ਸਿਆਣੇ ਸਾਹਿਤਕਾਰ ਇਕੱਠੇ ਹੋ ਕੇ ਪੰਜਾਬ ਨੂੰ ਮੁਖਾਤਿਬ ਹੋਣ ਤਾਂ ਇਸ ਪ੍ਰੇਤ ਮੰਡਲੀ ਦਾ ਮੂੰਹ ਬੰਦ ਕੀਤਾ ਜਾ ਸਕਦਾ ਹੈ।

ਉਹ ਅਮੰਨੇ ਜਿਹੇ ਮਨ ਨਾਲ ਮੇਰੇ ਨਾਲ ਸਹਿਮਤ ਤਾਂ ਹੋ ਗਏ ਪਰ ਉਹ ਕਹਿ ਰਹੇ ਸਨ ਕਿ ਜਿਨ੍ਹਾਂ ਵੱਲ ਮੈਂ ਸੰਕੇਤ ਕਰ ਰਿਹਾ ਹਾਂ, ਉਹ ਲੋਕ ਪੰਜਾਬ ਲਈ ਏਨੇ ਫਿਕਰਮੰਦ ਨਹੀਂ ਹਨ ਤੇ ਉਨ੍ਹਾਂ ਨੇ ਆਪਣੀ ਖੁਸ਼ੀ, ਸਿਲੇ ਅਤੇ ਸਤਾਇਸ਼ ਲਈ ਕੁਝ ਰੁਝਾਨ ਰੱਖੇ ਹੋਏ ਹਨ, ਜਿਨ੍ਹਾਂ ਵਿਚ ਉਹ ਹਮੇਸ਼ਾ ਪਰਚੇ ਰਹਿੰਦੇ ਹਨ।

ਜਸਵੰਤ ਜ਼ਫਰ ਜੀ ਦੀ ਗੱਲਬਾਤ ਤੋਂ ਮੈਨੂੰ ਲੱਗਿਆ ਕਿ ਸਾਡੇ ਸਾਹਿਤਕਾਰ ਆਪਣੇ ਸਮਾਜ ਨੂੰ ਲੈ ਕੇ ਬਹੁਤੇ ਅਵਾਜ਼ਾਰ ਨਹੀਂ ਹਨ ਤੇ ਉਨ੍ਹਾਂ ਦਾ ਫਿਕਰ ਵੀ ਓਨਾ ਕੁ ਹੈ, ਜਿਹਦੇ ਨਾਲ ਉਨ੍ਹਾਂ ਦੇ ਕਵੀਤਵ ਨੂੰ ਕੋਈ ਮਿਹਣਾ ਨਾ ਸੁਣਨਾ ਪਏ।

ਏਨਾ ਜ਼ਰੂਰ ਪਤਾ ਲੱਗਿਆ ਕਿ ਉਹ ਖ਼ੁਦ ਕਈ ਤਰ੍ਹਾਂ ਦੇ ਕਾਰਜ ਕਰਦੇ ਰਹਿੰਦੇ ਹਨ ਤੇ ਵੱਡੀਆਂ ਮੁਹਿੰਮਾਂ ਵੀ ਵਿੱਢ ਲੈਂਦੇ ਹਨ ਪਰ ਅਖੀਰ ਵਿਚ ਇਕੱਲੇ ਰਹਿ ਜਾਂਦੇ ਹਨ ਤੇ ਨਿਰਾਸ਼ਾ ਦੇ ਆਲਮ ਵਿਚ ਪਸਤ ਹੋ ਜਾਂਦੇ ਹਨ। ਉਹ ਪੰਜਾਬ ਦੀ ਭੂਤਰੀ ਹੋਈ ਮੁਸਾਗਿਰੀ ਤੋਂ ਵੀ ਕਾਫੀ ਚਿੰਤਤ ਸਨ, ਜਿਸ ਨੇ ਪੰਜਾਬੀ ਕਵਿਤਾ ਦੀਆਂ ਕੋਮਲ ਸੰਭਾਵਨਾਵਾਂ ਨੂੰ ਸਦੀਆਂ ਪੁਰਾਣਾ ਜੰਗਾਲਿਆ ਹੋਇਆ ਜਗੀਰੂ ਜਿੰਦਰਾ ਮਾਰ ਦਿੱਤਾ ਹੈ।

ਉਨ੍ਹਾਂ ਦੇ ਆਉਣ ਤੇ ਗੱਲਬਾਤ ਦੌਰਾਨ ਮੈਂ ਆਪਣੇ ਆਪੇ ਵਿਚ ਆ ਗਿਆ ਸੀ ਤੇ ਉਨ੍ਹਾਂ ਦੇ ਜਾਣ ਬਾਅਦ ਫਿਰ ਉਸੇ ਸੋਚ ਵਿਚ ਮੁੜ ਪਰਤ ਗਿਆ।

ਬੜਾ ਅਫ਼ਸੋਸ ਹੋਇਆ ਕਿ ਪੰਜਾਬ ਦੀ ਦਨਦਨਾਉਂਦੀ ਪ੍ਰੇਤ-ਮੰਡਲੀ ਨੇ ਸੁਹਜਮਈ ਅਤੇ ਸੰਵੇਦਨਸ਼ੀਲ ਸਾਹਿਤਕਾਰਾਂ ਦਾ ਜੀਣਾ ਵੀ ਦੁੱਭਰ ਕੀਤਾ ਹੋਇਆ ਹੈ ਤੇ ਮੈਨੂੰ ਲੱਗਿਆ ਕਿ ਪੰਜਾਬ ਦੇ ਹਰ ਤਰ੍ਹਾਂ ਦੇ ਉਜਾੜੇ ਨੂੰ ਹੁਣ ਕੋਈ ਵੀ ਮਾਈ ਦਾ ਲਾਲ ਰੋਕ ਨਹੀਂ ਸਕਦਾ। ਸਭ ਕਾਸੇ ਦੇ ਬਾਵਜੂਦ ਮੈਂ ਏਨਾ ਜ਼ਰੂਰ ਮਹਿਸੂਸ ਕੀਤਾ ਕਿ ਉਹ ਮੈਨੂੰ ਇਸ ਤਰ੍ਹਾਂ ਮਿਲੇ ਜਿਵੇਂ ਮੁਲਤਾਨ ਦੇ ਪੀਰਾਂ ਨੂੰ ਗੁਰੂ ਨਾਨਕ ਮਿਲੇ ਸਨ। ਦੁੱਧ ਤਾਂ ਮੇਰੇ ਕੋਲ ਨਹੀਂ ਸੀ, ਪਰ ਉਹ ਮੇਰੇ ਖਾਲੀ ਕਾਸੇ ਵਿਚ ਹੀ ਆਪਣੀ ਕਵਿਤਾ ਜਿਹੀ ਚਮੇਲੀ ਦਾ ਉਦਾਤ ਫੁੱਲ ਤਾਰ ਕੇ ਪਰਤ ਗਏ। ਇਹੀ ਗੱਲ ਕਿਸੇ ਕਵੀ ਨੂੰ ਅਕਵੀ ਤੋਂ ਵੱਖ ਕਰਦੀ ਹੈ। ਮੈਂ ਮਹਿਸੂਸ ਕੀਤਾ ਕਿ ਜਸਵੰਤ ਜ਼ਫਰ ਕਵਿਤਾ ਲਿਖਦਾ ਵੀ ਹੈ ਤੇ ਜਿਉਂਦਾ ਵੀ ਹੈ, ਕਿਉਂਕਿ ਉਹ ਖ਼ੁਦ ਕਵਿਤਾ ਹੈ।

## ਕਾਵਿ ਕਿਆਰੀ

### ਗ਼ਜ਼ਲ

ਹੋਣ ਦਿੰਦੇ ਨਾ ਜੁਦਾ ਐਸੇ ਵੀ ਹੁੰਦੇ ਫ਼ਾਸਲੇ।
ਉਮਰ ਭਰ ਨਾ ਸਾਥ ਛੱਡਣ ਇਸ ਤਰ੍ਹਾਂ ਦੇ ਹਾਦਸੇ।

ਵੇਖਦੇ ਹਾਂ ਅੰਬਰਾਂ 'ਤੇ ਉਡਦੇ ਕਿੰਨਾ ਕੁ ਚਿਰ,
ਪਰ ਉਧਾਰੇ ਲੈ ਗਏ ਜੋ ਕੁਝ ਦਿਨਾਂ ਦੇ ਵਾਸਤੇ।

ਦਿਸ ਰਿਹਾ ਸੀ ਤੂੰ ਖੜਾ ਹਰ ਮੀਲ ਪੱਥਰ ਵਿਚ ਹੀ,
ਖ਼ੂਬਸੂਰਤ ਬਣ ਗਏ ਫਿਰ ਮੰਜਿਲਾਂ ਦੇ ਰਾਸਤੇ।

ਮੈਂ ਸੁਆਰਥ ਵਾਸਤੇ ਚੱਪੂ ਕਦੇ ਬਣਿਆ ਨਹੀਂ,
ਏਸ ਕਰਕੇ ਰਾਜ ਭਵਨਾਂ ਵਿਚ ਮਿਲੇ ਨਾ ਦਾਖਲੇ।

ਰਾਤ ਦਿਨ ਹੀ ਸੁਲਗਦੇ ਨੇ ਜੋ ਬਿਨਾਂ ਹੀ ਚਿਣਗ ਤੋਂ,
ਦੱਸ ਕਿੰਦਾਂ ਲਾਟ ਬਣਦੇ ਭੀੜ ਦੇ ਉਹ ਕਾਫ਼ਲੇ।
***-ਅਜੈ ਤਨਵੀਰ***

---

### ਕਾਵਿ ਵਿਅੰਗ: ਪਿੱਸੂ ਪੈਣ ਲੱਗੇ

ਸਾਧੂ ਸਿੰਘ ਕੱਲਾ ਗਿਆ ਏ ਜੇਲ੍ਹ ਹਾਲੇ,
ਪਿੱਸੂ ਬਾਕੀਆਂ ਨੂੰ ਪਹਿਲਾਂ ਹੀ ਪੈਣ ਲੱਗੇ।
ਹੱਲਾ ਆਓ ਸਰਕਾਰ ਤੇ ਬੋਲ ਦੇਈਏ,
ਫੋਨ ਕਰ ਇੱਕ-ਦੂਜੇ ਨੂੰ ਕਹਿਣ ਲੱਗੇ।

ਵਾਂਗ ਸ਼ੇਰ ਦੇ ਪਹਿਲਾਂ ਜੋ ਗਰਜਦੇ ਸੀ,
ਭਿੱਜੀ ਬਿੱਲੀ ਵਾਂਗ ਸਹਿਮ ਕੇ ਬਹਿਣ ਲੱਗੇ।
ਹਾਈ ਕੋਰਟ ਦੇ ਕਈ ਤਾਂ ਰਾਹ ਪੈ ਗਏ,
ਅਗਾਊਂ ਜਮਾਨਤਾਂ ਡਰੇ ਹੋਏ ਲੈਣ ਲੱਗੇ।

ਜਦੋਂ ਮੰਤਰੀ ਸੀ ਕਰਦੇ ਜੇ ਕੰਮ ਚੰਗੇ,
ਜੀਊਂਦੇ ਟੌਹਰ ਨਾਲ ਥਰਥਰ ਕੰਬਦੇ ਨਾ।
ਪੈਸਾ ਕਰੋੜਾਂ ਡਕਾਰਿਆ ਨਾ ਹੁੰਦਾ,
ਈ.ਡੀ. ਵਾਲੇ ਫਿਰ ਤੜਕੇ ਜਾ ਝੰਬਦੇ ਨਾ।
***-ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀ'***
***ਫੋਨ: +1-360-448-1989***

---

### ਅੱਤ ਗਰੀਬੀ!

ਅੱਤ ਗ਼ਰੀਬੀ ਸ਼ੌਕ ਨਾ ਪੁੱਗਦੇ
ਮਹਿੰਗੇ ਮੁੱਲ ਦੇ ਪੂਲਾਂ ਦੇ,
ਮੌਜ ਮਸਤੀਆਂ ਛੱਡ ਨਾ ਸਕਦੇ
ਪੱਕੇ ਯਾਰ ਅਸੂਲਾਂ ਦੇ।

ਭੰਨ ਕੇ ਢੋਲ ਜੁਗਾੜ ਲਾ ਲਿਆ,
ਆਉਣ ਨਜ਼ਾਰੇ ਪੂਲਾਂ ਦੇ,
ਲੋੜ ਕਾਢ ਦੀ ਮਾਂ ਹੁੰਦੀ ਹੈ,
ਗੱਲਾਂ ਚੇਤੇ ਪੜ੍ਹੇ ਸਕੂਲਾਂ ਦੇ।

ਕਾਗਜ਼ ਵਾਲ਼ੀ ਕਸਤੀ,
ਤੇ ਉਹ ਡਮਰੂ ਨਾਲ਼ ਭੰਮੀਰੀ,
ਇਕ ਰੁਪਏ ਵਿਚ ਗੋਲੀਆਂ,
ਚੂਰਨ, ਰਾਜਿਆਂ ਵਾਲ਼ੀ ਅਮੀਰੀ।

ਸੁਣ ਸੁਣ ਕੇ ਹੁਣ ਹਾਸਾ ਆਵੇ,
ਕਰ ਚੇਤੇ ਊਲ ਜਲੂਲਾਂ ਦੇ
ਅੱਤ ਗ਼ਰੀਬੀ ਸ਼ੌਕ ਨਾ ਪੁੱਗਦੇ,
ਮਹਿੰਗੇ ਮੁੱਲ ਦੇ ਪੂਲਾਂ ਦੇ।
ਮੌਜ ਮਸਤੀਆਂ ਛੱਡ ਨਾ ਸਕਦੇ
ਪੱਕੇ ਯਾਰ ਅਸੂਲਾਂ ਦੇ।

ਮਲਿਆਂ ਵਾਲ਼ੇ ਬੇਰ ਗੜੌਂਦੇ,
ਤੇ ਉਹ ਚਾਟੀ ਵਾਲ਼ੀ ਲੱਸੀ,
ਟੋਭਿਆਂ ਵਿਚ ਲਗਾਉਣੇ ਗੋਤੇ,
ਤੇ ਪਾ ਨਾਲ਼ੇ ਵਾਲ਼ੀ ਕੱਛੀ,
ਕੁੜਤੇ ਚਾਦਰੇ ਨਾਲ਼ ਜੁੜੇ ਨੇ,
ਕਿੱਸੇ ਕਈ ਪਤਲੂਨਾਂ ਦੇ,

ਅੱਤ ਗ਼ਰੀਬੀ ਸ਼ੌਕ ਨਾ ਪੁੱਗਦੇ,
ਮਹਿੰਗੇ ਮੁੱਲ ਦੇ ਪੂਲਾਂ ਦੇ,
ਮੌਜ ਮਸਤੀਆਂ ਛੱਡ ਨਾ ਸਕਦੇ
ਪੱਕੇ ਯਾਰ ਅਸੂਲਾਂ ਦੇ।

ਗਲ਼ੀਆਂ ਅਤੇ ਗੁਹਾਰਿਆਂ ਉੱਪਰ,
ਬਹਿ ਬਹਿ ਲਾਉਣੀਆਂ ਹੇਕਾਂ,
ਗੁੱਲੀ ਡੰਡਾ, ਪੀਂਘ ਪੁਲਾਂਘਾਂ,
ਤੇ ਉਹ ਸਾਈਕਲ ਬਿਨਾਂ ਬਰੇਕਾਂ।

ਢਿੱਲੀਆਂ ਦੌਣਾਂ ਮੰਜੇ ਕੱਸਣੇ,
ਪ੍ਰਿੰਸ ਮੀਂਹ ਵਿਚ ਭਿੱਜੀਆਂ ਚੂਲਾਂ ਦੇ,
ਅੱਤ ਗ਼ਰੀਬੀ ਸ਼ੌਕ ਨਾ ਪੁੱਗਦੇ,
ਮਹਿੰਗੇ ਮੁੱਲ ਦੇ ਪੂਲਾਂ ਦੇ,
ਮੌਜ ਮਸਤੀਆਂ ਛੱਡ ਨਾ ਸਕਦੇ
ਪੱਕੇ ਯਾਰ ਅਸੂਲਾਂ ਦੇ।
***-ਰਣਬੀਰ ਸਿੰਘ ਪ੍ਰਿੰਸ***
***ਫੋਨ: 98722-99613***

---

### ਸਾਉਣ ਦੀ ਉਡੀਕ

ਚੜ੍ਹ ਪਿਆ ਹਾੜ੍ਹ, ਨੇੜੇ ਆ ਗਿਆ ਸਾਉਣ ਨੀ
ਸਾੜੇ ਹੋਏ ਧੁੱਪਾਂ ਦੇ, ਬੂਟਿਆਂ ਨੂੰ ਨਹਾਉਣ ਨੀ
ਚੱਲ੍ਹ ਦੱਖਣ ਬੱਝਵਾਂ, ਕਈ ਕਈ ਦਿਨ ਹੁਣ
ਪੱਛੋਂ ਵਲੋਂ ਕਾਲੀ ਘਟਾ, ਉੱਠ ਲਾਊ ਰੁਣ-ਝੁਣ।

ਸੜੀ ਹੋਈ ਧਰਤੀ ਚੂਸੇਗੀ, ਪਾਣੀ ਸਰਿੰਜ ਭਰ
ਛੱਡੂਗੀ ਹਵਾੜ੍ਹ ਜਿਉਂ, ਜਲੀ ਹੋਈ ਝਿੰਗ ਪਰ
ਰੜੇ ਭਿੱਜ ਜਾਣਗੇ, ਗਰੀਬਾਂ ਦੇ ਕੱਪੜੇ ਤੇ ਚੁੱਲ੍ਹੇ
ਚਾਰੋਂ ਪਾਸੇ ਠੰਢ ਹੋਊ, ਆਉਣਗੇ ਹਵਾ ਦੇ ਬੁੱਲ੍ਹੇ।

ਜਲ ਥਲ ਇਕ ਹੋਊ, ਬੋਲਣਗੇ ਡੱਡੂ ਤੇ ਬੀਂਡੇ
ਬੂਟਿਆਂ ਉੱਤੇ ਜਵਾਨੀ, ਹਰੇ ਹੋਣ ਸੁੱਕੇ ਝੀਂਡੇ
ਸੱਪ ਸਪੋਲੀਏ ਠੂਹੇਂ ਤੇ ਗੰਡੋਏ ਟਹਿਲਣਗੇ
ਬਿਜਲੀ ਚਮਕੂ ਤਾਂ ਬਾਗਾਂ 'ਚ ਮੋਰ ਬੋਲਣਗੇ।

ਨਵੀਂ ਉਮੀਦ ਹੁਣ, ਚੇਹਰਿਆਂ 'ਤੇ ਜਾਗੇਗੀ
ਕਾਮੇ ਕਿਸਾਨਾਂ ਦੀ ਭੀੜ, ਖੇਤਾਂ ਵੱਲ ਭਾਗੇਗੀ
ਰੱਖ ਦੇਣਗੇ ਜ਼ਮੀਨ ਨੂੰ ਆਟੇ ਵਾਂਗੂੰ ਗੁੰਨ੍ਹ ਕੇ
ਲੱਗੇਗੀ ਪਨੀਰੀ ਧਰਤੀ ਵਿਚ, ਤੁੰਨ੍ਹ ਤੁੰਨ੍ਹ ਕੇ।

ਚਰ੍ਹੀ, ਮੂੰਗੀ, ਬਾਜਰਾ, ਮੱਕੀ ਵੀ ਬਿਜਾਣੀ ਹੈ
ਕਮਾਦੀਆਂ ਉੱਤੇ ਭੀ, ਚੜ੍ਹ ਜਵਾਨੀ ਆਣੀ ਹੈ
ਚੱਲਣਗੇ ਇੰਜਣ, ਦਿਨ ਰਾਤ ਹੋਊ ਧੁੱਕ ਧੁੱਕ
ਡੀਜ਼ਲ ਦੀ ਕਮੀ ਹੋਊ, ਪਾਣੀ ਭੀ ਜਾਊ ਮੁੱਕ।

ਇੰਝ ਹੀ ਸਾਉਣ ਭਾਦੋਂ ਦੇ ਮਹੀਨੇ ਲੰਘਣਗੇ
ਰਾਤਾਂ ਨੂੰ ਮੰਜਿਆਂ 'ਤੇ, ਮੱਛਰ ਹੋਰੀਂ ਡੰਗਣਗੇ
ਫ਼ਸਲਾਂ ਦੇ ਚੱਕਰ ਦਾ, ਰੌਲਾ ਪਾ ਕੇ ਥੱਕ ਗਏ
ਪਰ ਅਸੀਂ ਬਣ ਢੀਠ, ਟੀਂਡੇ ਵਾਂਗੂੰ ਪੱਕ ਗਏ।
***-ਸੇਵਾ ਸਿੰਘ 'ਨੂਰਪੁਰੀ'***

---

### ਇਕ ਨਜ਼ਮ

ਭੇਸ ਕਈ ਵਟਾਏ ਪਰ
ਇੱਕੋ ਕਿਰਦਾਰ ਨੇ
ਵਕਤ ਕੀ ਪਿਆ
ਹੋ ਗਏ ਬਹੁਤੇ ਫਰਾਰ ਨੇ
ਅੰਦਰ ਤੇਰੇ ਜੋ ਬੈਠਾ
ਉਹਦਾ ਰੱਖ ਖ਼ਿਆਲ
ਤੇਰਾ ਤੂੰ ਹੀ ਬਾਕੀ
ਬਣਾਉਟੀ ਦਿਲਦਾਰ ਨੇ।

ਇੱਕ ਹੱਥ ਮਿਲਾ ਕੇ
ਦੂਜੇ ਨਾਲ ਜੇਬ ਕੱਟਣ
ਗੌਰ ਨਾਲ ਵੇਖ ਫੁੱਲਾਂ ਦੇ ਹੇਠ ਕਟਾਰ ਨੇ
ਇਹ ਸ਼ਹਿਦ ਬੁੱਲ੍ਹਾਂ ਦਾ
ਸਦੀਵੀ ਕਿਉਂ ਨਹੀਂ
ਕਿਉਂ ਸਭ ਮਤਲਬ ਦੇ ਹੀ
ਸਰੋਕਾਰ ਨੇ।

ਇਹ ਜੋ ਯਾਰ ਯਾਰ ਕਰਦੇ
ਇਨ੍ਹਾਂ ਲੁੱਟ ਲੈਣਾ
ਬਚ ਕੇ ਬਈ ਜ਼ਰਾ
ਸਭ ਹਵਾਈ ਕਰਾਰ ਨੇ
ਭੱਜਦੇ ਨੂੰ ਸੁੱਟਦੇ ਨਾਲ
ਦਿੰਦੇ ਆ ਧਰਵਾਸ
ਸ਼ਹਿਰ ਤੇਰੇ ਦੇ ਲੋਕੀ
ਹੋ ਗਏ ਤੇਜ਼ ਤਰਾਰ ਨੇ।

ਮੂੰਹ ਦੇ ਮਿੱਠੇ ਪਰ ਦਿਲਾਂ ਵਿੱਚ ਮੈਲ ਬੜੀ
ਲਾਲਪੁਰੀ ਕੀਤੇ ਤਜਰਬੇ ਕਈ ਹਜ਼ਾਰ ਨੇ।
***-ਰਵਿੰਦਰ ਲਾਲਪੁਰੀ***
***ਫੋਨ: 94634-52261***

# ਕਿਸਾਨ ਖੁਦਕੁਸ਼ੀਆਂ ਅਤੇ ਸਰਕਾਰਾਂ

ਪੰਜਾਬ ਵਿਚ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਠੱਲ੍ਹਣ ਦਾ ਨਾਂ ਨਹੀਂ ਲੈ ਰਹੀਆਂ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਅਰਥ ਸ਼ਾਸਤਰੀਆਂ ਦੀਆਂ ਰਿਪੋਰਟਾਂ ਇਸ ਗੱਲ ਦੀ ਹਾਮੀ ਭਰਦੀਆਂ ਹਨ ਕਿ ਖੇਤੀ ਸੰਕਟ ਡੂੰਘਾ ਹੈ। ਇਨ੍ਹਾਂ ਰਿਪੋਰਟਾਂ ਵਿਚ ਪੰਜਾਬ ਦੇ ਛੇ ਜ਼ਿਲ੍ਹਿਆਂ ਦੇ 2000 ਤੋਂ 2018 ਦੌਰਾਨ 4 ਪੜਾਵਾਂ ਵਿਚ ਕੀਤੇ ਖੁਦਕੁਸ਼ੀ ਪੀੜਤਾਂ ਦੇ ਘਰ ਘਰ ਸਰਵੇਖਣ ਦੇ ਆਧਾਰ 'ਤੇ ਤੱਥ ਪੇਸ਼ ਕੀਤੇ ਹਨ। ਇਨ੍ਹਾਂ ਜ਼ਿਲ੍ਹਿਆਂ ਵਿਚ ਕਿਸਾਨਾਂ ਅਤੇ ਮਜ਼ਦੂਰਾਂ ਦੀਆਂ

**ਡਾ. ਦਰਸ਼ਨ ਪਾਲ**
**ਫੋਨ: +91-94172-69294**

16594 ਖੁਦਕੁਸ਼ੀਆਂ ਹੋਈਆਂ ਹਨ ਜਿਨ੍ਹਾਂ ਵਿਚੋਂ 9291 ਕਿਸਾਨ ਅਤੇ 7303 ਮਜ਼ਦੂਰ ਸਨ।

ਰਿਪੋਰਟਾਂ ਅਨੁਸਾਰ 2000 ਤੋਂ 2018 ਤੱਕ ਸਭ ਤੋਂ ਵੱਧ, 2566 ਕਿਸਾਨ ਖੁਦਕੁਸ਼ੀਆਂ ਜ਼ਿਲ੍ਹਾ ਸੰਗਰੂਰ 'ਚ ਹੋਈਆਂ। ਇਸ ਤੋਂ ਬਾਅਦ ਮਾਨਸਾ 'ਚ 2098, ਬਠਿੰਡਾ 'ਚ 1956, ਬਰਨਾਲਾ 'ਚ 1126, ਮੋਗਾ 'ਚ 880 ਅਤੇ ਲੁਧਿਆਣਾ 'ਚ 725 ਖੁਦਕੁਸ਼ੀਆਂ ਹੋਈਆਂ। ਜ਼ਾਹਿਰ ਹੈ, ਕਰਜ਼ਾ ਮੁਆਫ਼ੀ ਨਾਲ ਖੁਦਕੁਸ਼ੀਆਂ ਵਿਚ ਕਮੀ ਆਈ ਸੀ; 2008 ਦੌਰਾਨ ਸਭ ਤੋਂ ਵੱਧ ਕਿਸਾਨ ਖੁਦਕੁਸ਼ੀਆਂ 630 ਸਨ। ਇਸ ਤੋਂ ਬਾਅਦ ਕਰਜ਼ਾ ਮੁਆਫੀ ਨਾਲ ਇਕ ਵਾਰ ਖੁਦਕੁਸ਼ੀਆਂ ਦੇ ਰੁਝਾਨ ਨੂੰ ਠੱਲ੍ਹ ਪਈ ਸੀ ਪਰ ਇਸ ਤੋਂ ਬਾਅਦ ਫਿਰ ਵਧਣੀਆਂ ਸ਼ੁਰੂ ਹੋ ਗਈਆਂ। 2015 ਵਿਚ ਨਰਮੇ ਦੀ ਫਸਲ ਅਮਰੀਕਨ ਸੁੰਡੀ ਉਤੇ ਨਕਲੀ ਕੀਟਨਾਸ਼ਕਾਂ ਦੇ ਫੇਲ੍ਹ ਹੋ ਜਾਣ ਕਾਰਨ ਕਿਸਾਨ ਖੁਦਕੁਸ਼ੀਆਂ ਵੱਲ ਧੱਕੇ ਗਏ; ਉਦੋਂ ਨਰਮੇ ਦਾ ਝਾੜ ਤੀਹ ਸਾਲਾਂ ਦੇ ਔਸਤ ਨਾਲੋਂ ਘਟ ਕੇ ਸਿਰਫ 1.97 ਕੁਇੰਟਲ ਪ੍ਰਤੀ ਹੈਕਟੇਅਰ ਰਹਿ ਗਿਆ ਸੀ। ਸਪੱਸ਼ਟ ਹੈ ਕਿ ਜੇ ਕਿਸਾਨਾਂ ਦਾ ਕਰਜ਼ਾ ਮੁਆਫ ਕੀਤਾ ਜਾਵੇ ਅਤੇ ਫ਼ਸਲ ਫੇਲ੍ਹ ਹੋਣ ਦੀ ਸੂਰਤ ਵਿਚ ਉਸ ਨੂੰ ਬਣਦਾ ਮੁਆਵਜ਼ਾ ਦਿੱਤਾ ਜਾਵੇ ਤਾਂ ਕਿਸਾਨ ਖੁਦਕੁਸ਼ੀਆਂ ਦੇ ਵਰਤਾਰੇ ਨੂੰ ਘਟਾਇਆ ਜਾ ਸਕਦਾ ਹੈ।

ਕਿਸਾਨਾਂ, ਖਾਸਕਰ ਛੋਟੇ ਕਿਸਾਨਾਂ ਦੀ ਹਾਲਤ ਪਤਲੀ ਹੈ। ਖੋਜ ਰਿਪੋਰਟ ਅਨੁਸਾਰ ਖੁਦਕੁਸ਼ੀ ਕਰਨ ਵਾਲੇ 77% ਛੋਟੇ ਕਿਸਾਨ ਸਨ, ਜਦੋਂਕਿ ਕੁੱਲ ਕਿਸਾਨਾਂ 'ਚ ਇਨ੍ਹਾਂ ਦੀ ਆਬਾਦੀ 34% ਹੈ। 1991 ਤੋਂ 2011 ਤੱਕ ਦੋ ਲੱਖ ਛੋਟੇ ਕਿਸਾਨ ਖੇਤੀ ਧਛੱਡ ਚੁੱਕੇ ਸਨ, ਇਨ੍ਹਾਂ 'ਚੋਂ ਵੱਡੀ ਗਿਣਤੀ 'ਕਿਰਤ ਮੰਡੀ' ਵਿਚ ਜਾ ਸ਼ਾਮਲ ਹੋਈ ਹੈ। ਵੱਡੇ ਕਿਸਾਨਾਂ ਨੇ ਵੀ ਖੇਤੀ ਛੱਡੀ ਹੈ ਪਰ ਕੋਈ ਮਜ਼ਦੂਰ ਨਹੀਂ ਬਣਿਆ, ਇਨ੍ਹਾਂ ਵਿਚ ਖੁਦਕੁਸ਼ੀ ਦਾ ਅੰਕੜਾ ਸਿਰਫ 0.47 ਫੀਸਦੀ ਹੈ। ਇਸ ਲਈ ਛੋਟੀ ਕਿਸਾਨੀ ਦਾ ਸੰਕਟ ਜ਼ਿਆਦਾ ਗੰਭੀਰ ਹੈ। ਖੁਦਕੁਸ਼ੀ ਤੋਂ ਪੀੜਤ ਪਰਿਵਾਰ ਨੂੰ ਸੰਕਟ ਵਿਚੋਂ ਕੱਢਣ ਲਈ 5 ਲੱਖ ਰੁਪਏ ਦਾ ਮੁਆਵਜ਼ਾ, ਸਮੁੱਚਾ ਕਰਜ਼ਾ ਮੁਆਫ, ਪਰਿਵਾਰ ਦੇ ਇਕ ਮੈਂਬਰ ਨੂੰ ਸਰਕਾਰੀ ਨੌਕਰੀ, ਬੱਚਿਆਂ ਲਈ ਮੁਫ਼ਤ ਪੜ੍ਹਾਈ ਅਤੇ ਪਰਿਵਾਰ ਲਈ ਮੁਫ਼ਤ ਸਿਹਤ ਸੁਰੱਖਿਆ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਸਮੁੱਚੀ ਕਿਸਾਨੀ ਨੂੰ ਸਹਿਕਾਰਤਾ ਬਾਰੇ ਜਾਗਰੂਕ ਕਰਕੇ ਸਰਕਾਰੀ ਨਿਵੇਸ਼ ਰਾਹੀਂ ਮਸ਼ੀਨੀਕਰਨ ਦੇ ਸਥਾਈ ਖਰਚੇ ਘਟਾ ਕੇ ਢੁੱਕਵੇਂ ਮੰਡੀਕਰਨ ਰਾਹੀਂ ਲਾਹੇਵੰਦ ਖੇਤੀ ਵੱਲ ਪ੍ਰੇਰਨਾ ਚਾਹੀਦਾ ਹੈ।



ਕਿਸਾਨ ਖੁਦਕੁਸ਼ੀ ਪੀੜਤਾਂ ਦੇ ਇਕ-ਤਿਹਾਈ ਪਰਿਵਾਰਾਂ ਵਿਚ ਇੱਕੋ ਹੀ ਕਮਾਊ ਆਦਮੀ ਸੀ ਜੋ ਸੰਕਟ ਦੀ ਮਾਰ ਨਾ ਸਹਾਰਦਾ ਅਲਵਿਦਾ ਕਹਿ ਗਿਆ। ਜਦੋਂ ਉਸ ਆਦਮੀ ਦੇ ਹੁੰਦਿਆਂ ਕਬੀਲਦਾਰੀ ਨਹੀਂ ਚੱਲ ਰਹੀ ਸੀ ਤਾਂ ਉਸ ਦੀ ਮੌਤ ਤੋਂ ਬਾਅਦ ਪਰਿਵਾਰ ਉੱਤੇ ਕੀ ਬੀਤਦੀ ਹੋਵੇਗੀ, ਇਸ ਦਾ ਅੰਦਾਜ਼ਾ ਲਾਉਣਾ ਔਖਾ ਨਹੀਂ। ਪਰਿਵਾਰਾਂ ਦੇ ਜੀਅ ਮਾਨਸਿਕ ਤਣਾਓ ਦਾ ਸ਼ਿਕਾਰ ਹਨ। ਪੀੜਤਾਂ ਦੇ 11 ਫੀਸਦੀ ਬੱਚਿਆਂ ਨੂੰ ਪੜ੍ਹਾਈ ਛੱਡਣੀ ਪਈ ਅਤੇ 3.4 ਫੀਸਦੀ ਕੇਸਾਂ ਵਿਚ ਵਿਆਹ ਸ਼ਾਦੀ ਲਈ ਰਿਸ਼ਤੇ ਲੱਭਣ ਵਿਚ ਦਿੱਕਤ ਆਈ, ਕਿਉਂਕਿ ਆਪਣੇ ਸਮਾਜਿਕ ਤਾਣੇ-ਬਾਣੇ ਵਿਚ ਆਰਥਿਕ ਤੌਰ 'ਤੇ ਟੁੱਟੇ ਪਰਿਵਾਰ ਨਾਲ ਰਿਸ਼ਤਾ ਜੋੜਨ ਤੋਂ ਲੋਕ ਸੰਕੋਚ ਕਰਦੇ ਹਨ। ਇਸ ਲਈ ਮੁੜ ਘੁੰਮ-ਘੁਮਾ ਕੇ ਹਾਲਤ ਫਿਰ ਖੁਦਕੁਸ਼ੀਆਂ ਵੱਲ ਧੱਕਣ ਵਾਲੀ ਬਣ ਜਾਂਦੀ ਹੈ।

ਮੀਡੀਆ ਇਸ ਗੱਲ ਨੂੰ ਵੱਡੇ ਪੱਧਰ ਉਤੇ ਪ੍ਰਚਾਰਦਾ ਰਿਹਾ ਹੈ ਕਿ ਕਿਸਾਨ ਖੁਦਕੁਸ਼ੀਆਂ ਗ਼ਲਤ ਖਰਚਿਆਂ ਕਰਕੇ ਹੁੰਦੀਆਂ ਹਨ ਲੇਕਿਨ ਇਸ ਰਿਪੋਰਟ ਨੇ ਇਸ ਝੂਠ ਦਾ ਪਾਜ ਉਘਾੜਿਆ ਹੈ।

ਰਿਪੋਰਟ ਦੇ ਤੱਥ ਕਿਸਾਨਾਂ ਖਿਲਾਫ ਵਿੱਢੇ ਕੂੜ ਪ੍ਰਚਾਰ ਦਾ ਮੂੰਹ ਤੋੜਵਾਂ ਜਵਾਬ ਹਨ ਜਿਸ ਵਿਚ ਕਿਸਾਨਾਂ ਨੂੰ ਫ਼ਜ਼ੂਲ ਖਰਚੀ ਵਾਸਤੇ, ਕੋਠੀਆਂ ਪਾਉਣ ਜਾਂ ਕਾਰਾਂ ਖਰੀਦਣ ਲਈ ਕਰਜ਼ੇ ਲੈਣ ਵਾਲੇ ਕਿਹਾ ਜਾਂਦਾ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਨੇ ਤਾਂ ਅਸਲੀਅਤ ਦੇ ਉਲਟ 'ਸਾਦੇ ਵਿਆਹ ਸਾਦੇ ਭੋਗ, ਨਾ ਕਰਜ਼ਾ ਨਾ ਚਿੰਤਾ ਰੋਗ' ਦੇ ਨਾਅਰੇ 'ਤੇ ਹੀ ਜ਼ੋਰ ਲਗਾਈ ਰੱਖਿਆ। ਕੁਲੀਨ ਵਰਗ ਦੇ ਕਈ ਆਪ ਬਣੇ ਗਿਆਨੀ ਸਸਤੇ ਵਿਆਹ ਸ਼ਾਦੀਆਂ ਵਾਲੇ ਨਾਅਰੇ ਘੜਦੇ ਹੋਏ ਕਿਸਾਨਾਂ ਨੂੰ ਭੰਡਦੇ ਹਨ। ਇਹ ਰਿਪੋਰਟ ਉਨ੍ਹਾਂ ਲੀਡਰਾਂ/ਲੋਕਾਂ ਨੂੰ ਜਵਾਬ ਹੈ ਜਿਹੜੇ ਕਹਿੰਦੇ ਹਨ ਕਿ ਘਰੇਲੂ ਕਲੇਸ਼ ਕਾਰਨ ਖੁਦਕੁਸ਼ੀਆਂ ਹੋ ਰਹੀਆਂ ਹਨ ਕਿਉਂਕਿ ਸਰਵੇਖਣ ਅਨੁਸਾਰ 88% ਖੁਦਕੁਸ਼ੀਆਂ ਕਰਜ਼ੇ ਕਰਕੇ ਹੀ ਹੋਈਆਂ ਹਨ। ਇਸ ਵਿਚ ਘਰੇਲੂ ਕਲੇਸ਼ 17.18%, ਫ਼ਸਲ ਦਾ ਖਰਾਬਾ 8.32%, ਬਿਮਾਰੀ 6.27% ਅਤੇ ਜ਼ਮੀਨ ਕੁਰਕੀ 3.63% ਖੁਦਕੁਸ਼ੀ ਦਾ ਕਾਰਨ ਰਿਹਾ। ਖੁਦਕੁਸ਼ੀਆਂ ਕਰਨ ਵਾਲੇ 75% ਕਿਸਾਨ ਨੌਜਵਾਨ ਸਨ।

2017 ਵਿਚ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਸੀ ਕਿ ਕੁਝ ਦੇਰ ਖੁਦਕੁਸ਼ੀਆਂ ਨਾ ਕਰੋ, ਕਰਜ਼ੇ ਦੀ ਸਮੱਸਿਆ ਪੂਰੀ ਤਰ੍ਹਾਂ ਹੱਲ ਕਰ ਦਿੱਤੀ ਜਾਵੇਗੀ। 'ਕਰਜ਼ਾ ਕੁਰਕੀ ਖਤਮ, ਫ਼ਸਲ ਦੀ ਪੂਰੀ ਰਕਮ' ਉਨ੍ਹਾਂ ਦਾ ਮੁੱਖ ਨਾਅਰਾ ਸੀ ਲੇਕਿਨ ਦੋ ਲੱਖ ਰੁਪਏ ਦਾ ਕਰਜ਼ਾ ਮੁਆਫ ਕਰਨ ਵਾਲੀ ਹੱਕ ਕਮੇਟੀ ਦੀ ਨੀਤੀ ਵੀ ਪੂਰੀ ਤਰ੍ਹਾਂ ਅਧੂਰੀ ਸੀ। ਕਿਸਾਨ ਪੱਖੀ ਹੋਣ ਦੇ ਦਾਅਵੇਦਾਰ ਸ਼੍ਰੋਮਣੀ ਅਕਾਲੀ ਦਲ ਨੇ ਭਾਵੇਂ ਖੁਦਕੁਸ਼ੀਆਂ ਸਬੰਧੀ ਘਰ ਘਰ ਦਾ ਸਰਵੇ ਤਾਂ ਕਰਵਾਇਆ ਪਰ ਇਸ ਦਾ ਹੱਲ ਕਰਨ ਲਈ ਕੋਈ ਕਦਮ ਨਹੀਂ ਚੁੱਕਿਆ। ਕਰਜ਼ਾ ਮੁਆਫ਼ੀ ਨੂੰ ਉਹ ਹਮੇਸ਼ਾ ਟਾਲਦੇ ਰਹੇ। 2022 ਦੀਆਂ ਵਿਧਾਨ ਸਭਾ ਚੋਣਾਂ ਸਮੇਂ ਭਾਵੇਂ ਆਮ ਆਦਮੀ ਪਾਰਟੀ ਨੇ ਕਿਹਾ ਸੀ ਕਿ ਸਰਕਾਰ ਬਣਦਿਆਂ ਹੀ ਖੁਦਕੁਸ਼ੀਆਂ ਦਾ ਵਰਤਾਰਾ ਖਤਮ ਕੀਤਾ ਜਾਵੇਗਾ ਲੇਕਿਨ ਖੁਦਕੁਸ਼ੀਆਂ ਉਸੇ ਤਰ੍ਹਾਂ ਹੀ ਹੋ ਰਹੀਆਂ ਹਨ। ਇਨ੍ਹਾਂ ਪਾਰਟੀਆਂ ਨੇ ਲੋਕਾਂ ਨੂੰ ਨਿਰਾਸ਼ਾ ਤੋਂ ਇਲਾਵਾ ਕੁਝ ਨਹੀਂ ਦਿੱਤਾ।

ਕਿਸਾਨ ਖੁਦਕੁਸ਼ੀਆਂ ਸਮਾਜ ਦੇ ਮੱਥੇ 'ਤੇ ਕਲੰਕ ਹੈ। ਸਾਨੂੰ ਸਾਰਿਆਂ ਨੂੰ ਸਿਰ ਜੋੜ ਕੇ ਬੈਠਣ ਦੀ ਜ਼ਰੂਰਤ ਹੈ। ਖੁਦਕੁਸ਼ੀ ਕਿਸੇ ਸਮੱਸਿਆ ਦਾ ਹੱਲ ਨਹੀਂ, ਇਸ ਲਈ ਕਿਸਾਨਾਂ ਨੂੰ ਖੁਦਕੁਸ਼ੀਆਂ ਦਾ ਰਾਹ ਛੱਡ ਕੇ ਸੰਘਰਸ਼ਾਂ ਦੇ ਲੜ ਲੱਗਣਾ ਚਾਹੀਦਾ ਹੈ। ਰਿਪੋਰਟ ਦੱਸਦੀ ਹੈ ਕਿ ਜਿਹੜੇ ਲੋਕ ਕਿਸੇ ਜਥੇਬੰਦੀ ਜਾਂ ਸੰਸਥਾ ਨਾਲ ਜੁੜੇ ਹਨ, ਉਨ੍ਹਾਂ ਅੰਦਰ ਖੁਦਕੁਸ਼ੀ ਦਾ ਰੁਝਾਨ ਕਿਤੇ ਘੱਟ ਹੈ। ਇਤਿਹਾਸ ਗਵਾਹ ਹੈ ਕਿ ਮੁਸ਼ਕਿਲਾਂ/ਮਸਲਿਆਂ ਦਾ ਇੱਕੋ-ਇੱਕ ਹੱਲ ਸੰਘਰਸ਼ ਹੈ। ਹੁਣ ਵੀ ਸੰਘਰਸ਼ਾਂ ਨਾਲ ਸਰਕਾਰ ਉੱਪਰ ਦਬਾਅ ਬਣਾਇਆ ਜਾ ਸਕਦਾ ਹੈ ਕਿ ਉਹ ਪੀੜਤ ਪਰਿਵਾਰਾਂ ਨੂੰ ਮੁਆਵਜ਼ਾ ਦੇਵੇ, ਫ਼ਸਲਾਂ ਦੇ ਵਾਜਬ ਭਾਅ ਮਿੱਥੇ ਅਤੇ ਕਿਸਾਨੀ ਕਰਜ਼ੇ 'ਤੇ ਲਕੀਰ ਫੇਰ ਕੇ ਖੇਤੀ ਵਿਚ ਵੱਡੇ ਸਰਕਾਰੀ ਨਿਵੇਸ਼, ਆਰਥਿਕ ਸਹਾਇਤਾ ਅਤੇ ਸਬਸਿਡੀਆਂ ਨਾਲ ਖੇਤੀ ਨੂੰ ਲਾਹੇਵੰਦ ਬਣਾਵੇ।

# ਪਿਆਰ-ਮੁਹੱਬਤਾਂ ਦੀ ਦਿਲਚਸਪ ਕਹਾਣੀ
## 'ਸਹੁਰਿਆਂ ਦਾ ਪਿੰਡ ਆ ਗਿਆ..'

ਪਿਛਲੇ ਸਮਿਆਂ ਦੌਰਾਨ ਪੁਰਾਤਨ ਪੰਜਾਬੀ ਵਿਰਸੇ ਦੀ ਪੇਸ਼ਕਾਰੀ ਕਰਦੀਆਂ ਅਨੇਕਾਂ ਫ਼ਿਲਮਾਂ ਦਰਸ਼ਕਾਂ ਦਾ ਦਿਲ ਜਿੱਤਣ ਵਿਚ ਸਫ਼ਲ ਰਹੀਆਂ ਹਨ। 'ਅੰਗਰੇਜ਼' ਦੀ ਸਫ਼ਲਤਾ ਨੇ ਤਾਂ ਪੰਜਾਬੀ ਸਿਨਮੇ ਦਾ ਮੁਹਾਂਦਰਾ ਹੀ ਬਦਲ ਦਿੱਤਾ ਸੀ, ਜਿਸ ਤੋਂ ਪ੍ਰਭਾਵਿਤ ਹੁੰਦਿਆਂ 'ਕੱਚੇ ਘਰਾਂ' ਨਾਲ ਜੁੜੀਆਂ ਧੜਾਧੜ ਫ਼ਿਲਮਾਂ ਦਾ ਨਿਰਮਾਣ ਹੋਇਆ। ਅੱਠ ਜੁਲਾਈ ਨੂੰ ਆ ਰਹੀ ਪਿਆਰ ਮੁਹੱਬਤਾਂ ਦੀ ਬਾਤ ਪਾਉਂਦੀ ਨਵੀਂ ਫ਼ਿਲਮ 'ਸਹੁਰਿਆਂ ਦਾ ਪਿੰਡ ਆ ਗਿਆ' ਵੀ ਪੰਜਾਬ ਦੇ ਬੀਤੇ ਕੱਲ੍ਹ ਨਾਲ ਜੁੜੀ ਕਹਾਣੀ ਹੈ, ਜਿਸ ਦਾ ਟਰੇਲਰ ਬੀਤੇ ਦਿਨੀਂ ਰਿਲੀਜ਼ ਹੋਇਆ ਹੈ। ਪੰਜਾਬ ਦੇ ਪਿੰਡਾਂ ਵਿਚ ਉਭਰਦੀਆਂ ਪਿਆਰ ਦੀਆਂ ਕਰੂੰਬਲਾਂ ਦੀ ਦਿਲਚਸਪ ਕਹਾਣੀ ਨੂੰ ਪੇਸ਼ ਕਰਦੀ ਗੁਰਨਾਮ ਭੁੱਲਰ ਤੇ ਸਰਗੁਣ ਮਹਿਤਾ ਦੀ ਇਹ ਫ਼ਿਲਮ ਮੌਜੂਦਾ ਸਿਨਮੇ ਦੀ ਭੀੜ ਵਿਚ ਬਹੁਤ ਅਲੱਗ ਹੋਵੇਗੀ। ਗੁਰਨਾਮ ਭੁੱਲਰ ਨੇ ਆਪਣੀਆਂ ਕੁਝ ਕੁ ਫ਼ਿਲਮਾਂ ਨਾਲ ਹੀ ਸਾਬਤ ਕਰ ਦਿੱਤਾ ਹੈ ਕਿ ਉਹ ਗਾਇਕ ਦੇ ਨਾਲ-ਨਾਲ ਵਧੀਆ ਅਦਾਕਾਰ ਵੀ ਹੈ। 'ਗੁੱਡੀਆਂ ਪਟੋਲੇ, ਸੁਰਖੀ ਬਿੰਦੀ, ਲੇਖ, ਕੋਕਾ ਆਦਿ ਫ਼ਿਲਮਾਂ ਨਾਲ ਉਹ ਪੰਜਾਬੀ ਸਿਨਮੇ ਦੇ ਸਿਰਮੌਰ ਅਦਾਕਾਰਾਂ ਦੀ ਕਤਾਰ ਵਿਚ ਸ਼ਾਮਲ ਹੋਇਆ ਹੈ। ਉਹ ਵੱਖ ਵੱਖ ਫ਼ਿਲਮਾਂ ਵਿਚ ਤਾਨੀਆਂ, ਸੋਨਮ ਬਾਜਵਾ ਤੇ ਸਰਗੁਣ ਮਹਿਤਾ ਨਾਲ ਨਾਇਕ ਵਜੋਂ ਚਰਚਿਤ ਰਿਹਾ। ਨਵੀਂ ਫ਼ਿਲਮ 'ਸਹੁਰਿਆਂ ਦਾ ਪਿੰਡ ਆ ਗਿਆ' ਦੀ ਗੱਲ ਕਰੀਏ ਤਾਂ ਇਸ ਫ਼ਿਲਮ ਵਿਚ ਉਸਦੀ ਨਾਇਕਾ ਸਰਗੁਣ ਮਹਿਤਾ ਹੈ ਜੋ ਉਸ ਨਾਲ ਪਹਿਲਾਂ ਸੁਪਰ ਹਿੱਟ ਫ਼ਿਲਮ 'ਸੁਰਖੀ ਬਿੰਦੀ' ਵੀ ਕਰ ਚੁੱਕੀ ਹੈ। 'ਸਹੁਰਿਆਂ ਦਾ ਪਿੰਡ ਆ ਗਿਆ' ਦੇ ਟਰੇਲਰ ਦੀ ਗੱਲ ਕਰੀਏ ਤਾਂ ਇਹ ਐਨਾ ਦਿਲਚਸਪ ਹੈ ਕਿ ਦਰਸ਼ਕਾਂ ਵਿਚ ਫ਼ਿਲਮ ਪ੍ਰਤੀ ਉਤਸੁਕਤਾ ਵਧਾਉਂਦਾ ਹੈ। ਇਹ ਫ਼ਿਲਮ ਪਿਆਰ ਮੁਹੱਬਤ ਵਿਚ ਕੀਤੇ ਵਾਆਦਿਆਂ ਨੂੰ ਪੂਰਾ ਕਰਨ ਦੀ ਚਾਹਤ ਭਰੀ ਰੁਮਾਂਟਿਕ ਤੇ ਮਨੋਰੰਜਨ ਭਰਪੂਰ ਕਹਾਣੀ ਹੈ। ਫ਼ਿਲਮ ਦੀ ਕਹਾਣੀ ਅੰਬਰਦੀਪ ਨੇ ਲਿਖੀ ਹੈ। ਅੰਬਰਦੀਪ ਮੌਜੂਦਾ ਸਿਨਮੇ ਦਾ ਸਫ਼ਲ ਲੇਖਕ-ਨਿਰਦੇਸ਼ਕ ਹੈ, ਉਸਨੇ ਫ਼ਿਲਮ ਦੀ ਕਹਾਣੀ, ਡਾਇਲਾਗ ਤੇ ਸਕਰੀਨ ਪਲੇਅ ਨੂੰ ਬੜੀ ਗੰਭੀਰਤਾ ਨਾਲ ਲਿਖਿਆ ਹੈ। ਇਸ ਫ਼ਿਲਮ ਨੂੰ ਸ਼ਿਤਿਜ਼ ਚੌਧਰੀ ਨੇ ਡਾਇਰੈਕਟ ਕੀਤਾ ਹੈ। ਫ਼ਿਲਮ ਵਿਚ ਗੁਰਨਾਮ ਭੁੱਲਰ, ਸਰਗੁਣ ਮਹਿਤਾ, ਜੱਸ ਬਾਜਵਾ, ਜੈਸਮੀਨ ਬਾਜਵਾ, ਸ਼ਿਵਿਕਾ ਦੀਵਾਨ, ਪਰਮਿੰਦਰ ਕੌਰ ਗਿੱਲ ਤੇ ਹਰਦੀਪ ਗਿੱਲ ਨੇ ਅਹਿਮ ਕਿਰਦਾਰ ਨਿਭਾਏ ਹਨ। ਫ਼ਿਲਮ ਦੇ ਵਿਸ਼ੇ ਮੁਤਾਬਕ ਗੀਤ ਬਹੁਤ ਵਧੀਆ ਹਨ। ਫ਼ਿਲਮ ਦੀ ਕਹਾਣੀ 90 ਦੇ ਦਹਾਕੇ ਦੇ ਸੱਭਿਆਚਾਰ ਅਤੇ ਕਦਰਾਂ-ਕੀਮਤਾਂ ਨੂੰ ਦਰਸਾਉਂਦੀ ਪਿਆਰ ਦੀ ਉਲਝਣ ਭਰੀ ਕਹਾਣੀ ਹੈ, ਜਦੋਂ ਧੀਆਂ-ਪੁੱਤਾਂ ਨੂੰ ਮਾਪਿਆਂ ਨਾਲ ਆਪਣੇ ਰਿਸ਼ਤੇ ਬਾਰੇ ਗੱਲ ਕਰਨ ਦੀ ਅੱਜ ਵਾਂਗ ਖੁੱਲ੍ਹ ਨਹੀਂ ਸੀ ਹੁੰਦੀ। ਫ਼ਿਲਮ ਦਾ ਨਾਇਕ ਕਿਸੇ ਵਿਚੋਲੇ ਹੱਥ ਕੁੜੀ ਵਾਲਿਆਂ ਦੇ ਘਰ ਆਪਣੇ ਰਿਸ਼ਤੇ ਦੀ ਪੇਸ਼ਕਸ਼ ਭੇਜਦਾ ਹੈ ਪਰ ਅਚਾਨਕ ਪਿੰਡ 'ਚ ਇਕੋ ਨਾਂ ਦੇ ਦੋ ਘਰ ਹੋਣ ਕਰਕੇ ਰਿਸ਼ਤਾ ਕਿਸੇ ਹੋਰ ਘਰ ਚਲਾ ਜਾਂਦਾ ਹੈ।



ਇਸ ਤਰ੍ਹਾਂ ਉਨ੍ਹਾਂ ਦੇ ਪਿਆਰ ਵਿਚ ਇਕ ਨਵੀਂ ਉਲਝਣ ਪੈ ਜਾਂਦੀ ਹੈ, ਜਿਸ 'ਚੋਂ ਨਿਕਲਣ ਲਈ ਉਹ ਅਨੇਕਾਂ ਯਤਨ ਕਰਦੇ ਹਨ, ਜੋ ਦਰਸ਼ਕਾਂ ਨੂੰ ਆਪਣੇ ਨਾਲ ਜੋੜਦੇ ਫ਼ਿਲਮ ਦੇ ਦਿਲਚਸਪ ਪਹਿਲੂ ਹਨ। ਜ਼ਿਕਰਯੋਗ ਹੈ ਕਿ ਇਸ ਫ਼ਿਲਮ ਰਾਹੀਂ ਪੰਜਾਬ ਦੇ ਪੁਰਾਣੇ ਕਲਚਰ, ਮਾਹੌਲ, ਰਸਮਾਂ-ਰਿਵਾਜ਼ਾਂ ਨੂੰ ਵਿਖਾਉਣ ਦਾ ਯਤਨ ਕੀਤਾ ਗਿਆ ਹੈ। ਅੱਜ ਤੋਂ ਚਾਲੀ ਸਾਲ ਪੁਰਾਣੇ ਪਿੰਡਾਂ ਨਾਲ ਜੁੜੀ ਇਸ ਫ਼ਿਲਮ ਦੀ ਦਰਸ਼ਕਾਂ ਵਲੋਂ ਬੜੀ ਬੇਸਬਰੀ ਨਾਲ ਉਡੀਕ ਕੀਤੀ ਜਾ ਰਹੀ ਹੈ ਜੋ 8 ਜੁਲਾਈ ਨੂੰ ਦੇਸ਼ ਵਿਦੇਸ਼ਾਂ ਵਿਚ ਰਿਲੀਜ਼ ਹੋਵੇਗੀ। ਇਸ ਫ਼ਿਲਮ ਦਾ ਨਿਰਮਾਣ ਸ੍ਰੀ ਨਰੋਤਮ ਜੀ ਫ਼ਿਲਮ ਪ੍ਰੋਡਕਸ਼ਨ, ਨਿਊ ਏਰਾ ਫ਼ਿਲਮਜ਼ ਅਤੇ ਬਾਲੀਵੁੱਡ ਹਾਈਟਸ ਦੇ ਸਹਿਯੋਗ ਨਾਲ ਜ਼ੀ ਸਟੂਡੀਓਜ਼ ਵਲੋਂ ਕੀਤਾ ਗਿਆ ਹੈ।

***-ਸੁਰਜੀਤ ਜੱਸਲ***

## *ਜੱਗੀ ਕੁੱਸਾ: ਨਾਵਲਾਂ ਤੋਂ ਖੇਡ ਮੇਲਿਆਂ ਵੱਲ*

***(ਸਫਾ 20 ਦਾ ਬਾਕੀ)***

ਪਰ ਕੀ ਖੁੜਿਆ ਪਿਆ ਸੀ ਵਿਆਹ ਵੱਲੋਂ? ਫੇਰ ਵੀ ਵਧਾਈਆਂ ਭਾਈ ਸੱਤਿਆ! ਇਹ ਬੂਰ ਦੇ ਲੱਡੂ ਚਾਰ ਦਿਨ ਤੂੰ ਵੀ ਖਾ ਕੇ ਦੇਖ ਲੈ! ਤੱਤੇ-ਠੰਡੇ ਦਾ ਆਪੇ ਪਤਾ ਲੱਗਜੂ! ਮੇਰਾ ਅਦਬੀ ਮਿੱਤਰ ਜਸਬੀਰ ਜੱਸਾ ਚੇਅਰਮੈਨ ਮੇਰੇ ਕੋਲ ਅੱਜ-ਕੱਲ੍ਹ ਦੀ ਪੀਲੀ ਪੱਤਰਕਾਰੀ ਦੇ ਦੁੱਖ ਰੋਂਦਾ, ਖਿਝਦਾ ਰਿਹਾ ਕਿ ਕਿਵੇਂ ਪੈਸੇ ਦੇ ਜ਼ੋਰ 'ਤੇ ਮਾੜੇ ਖਿਡਾਰੀ ਨੂੰ ਮੀਡੀਏ ਵਿਚ ਬੈੱਸਟ ਪਲੇਅਰ ਬਣਾ ਦਿੱਤਾ ਜਾਂਦੈ ਪਰ ਚੰਗੇ ਖਿਡਾਰੀਆਂ ਦੀ ਕੋਈ ਸਾਰ ਨਹੀਂ ਲੈਂਦਾ, ਜਦ ਕਿ ਉਨ੍ਹਾਂ ਦੀ ਖੇਡ ਚੋਟੀ ਦੀ ਹੁੰਦੀ ਹੈ। ਉਨ੍ਹਾਂ ਦੀ ਪ੍ਰਸ਼ੰਸਾ ਕਿਉਂ ਨਹੀਂ ਹੁੰਦੀ? ਕਿਉਂਕਿ ਉਹ ਪੈਸੇ ਦੇਣ ਦੇ ਸਮਰੱਥ ਨਹੀਂ ਹੁੰਦੇ। ਗਰਾਊਂਡ ਵਿਚ ਫਿਰਦੇ ਪੱਤਰਕਾਰਾਂ ਨੂੰ ਕੋਲ ਬੁਲਾ ਕੇ ਮੈਂ ਜੱਸੇ ਦੀ ਸ਼ਿਕਾਇਤ ਵੱਲ ਉਨ੍ਹਾਂ ਦਾ ਧਿਆਨ ਦੁਆਇਆ। ਸਾਡੀ ਟੀਮ ਸਾਢੇ 33-26 ਅੰਕਾਂ 'ਤੇ ਜਿੱਤ ਗਈ। ਉਸ ਤੋਂ ਬਾਅਦ ਵਾਰੀ ਆਈ ਬੱਚਿਆਂ ਦੀਆਂ ਦੌੜਾਂ ਦੀ। ਜੇਤੂ ਬੱਚਿਆਂ ਨੂੰ ਇਨਾਮ ਜਰਮਨ ਤੋਂ ਆਏ ਲੇਖਕ ਕਮਲਜੀਤ ਸਿੰਘ ਰਾਏ ਨੇ ਵੰਡੇ।

ਬਿਲਾਸਪੁਰੀਆ ਸੋਨੀ, ਅਮਰਜੀਤ ਕੱਥੂ ਪੱਤੋ, ਸੁਰਜੀਤ ਮਿੰਟੂ ਆਲਮ ਆਲਾ, ਬਲਜੀਤ ਮੀਤਾ ਰੌਂਤਾ ਤੇ ਇਟਲੀ ਦੇ ਚੋਟੀ ਦੇ ਖਿਡਾਰੀ ਮੇਰੇ ਨੇੜਲੇ ਪਿੰਡਾਂ ਦੇ ਹਨ। ਸਾਡੇ ਕਈ ਮੈਚ ਉਨ੍ਹਾਂ ਨਾਲ ਕਈ ਦੇਸ਼ਾਂ ਵਿਚ ਪਏ ਹਨ। ਮੈਂ ਉਨ੍ਹਾਂ ਨੂੰ ਆਪਣੇ ਛੋਟੇ ਭਰਾਵਾਂ ਵਾਂਗ ਪ੍ਰੇਮ ਕਰਦਾ ਹਾਂ। ਉਹ ਜਦ ਵੀ, ਜਿੱਥੇ ਵੀ ਕਦੇ ਮਿਲਦੇ ਹਨ, ਬੜੇ ਮਾਣ ਸਤਿਕਾਰ ਨਾਲ ਗੋਡੀਂ ਹੱਥ ਲਾਉਂਦੇ ਹਨ। ਮੀਤਾ ਰੌਂਤਾ ਤਾਂ ਚਾਰ ਵਾਰੀ ਬਾਰਕਿੰਗ ਸਿੰਘ ਸਭਾ ਇੰਗਲੈਂਡ ਲਈ ਵੀ ਖੇਡ ਚੁੱਕਾ ਹੈ। ਇਨ੍ਹਾਂ ਖਿਡਾਰੀਆਂ ਦੇ ਪਿੰਡਾਂ ਦਾ ਇਤਿਹਾਸ ਵੀ ਵੱਖਰਾ ਹੀ ਹੈ। ਸੋਨੀ ਦੇ ਪਿੰਡ ਬਿਲਾਸਪੁਰ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂ ਵਾਲੇ ਵਿਆਹੇ ਹੋਏ ਸਨ, ਅਮਰਜੀਤ ਕੱਥੂ ਦੇ ਪਿੰਡ ਪੱਤੋ ਹੀਰਾ ਸਿੰਘ ਪਿੰਡ ਦੇ ਸ਼ੌਕੀਨ ਮਸ਼ਹੂਰ ਸਨ। ਕਹਿੰਦੇ ਇਕ ਸ਼ੌਕੀਨ ਗਰਦ ਤੋਂ ਡਰਦਾ, ਪਿੱਛੇ ਹੱਟਦਾ-ਹੱਟਦਾ ਖੂਹ ਵਿਚ ਜਾ ਡਿੱਗਿਆ ਸੀ! ਆਲਮ ਆਲੇ ਦਾ ਇਕ ਪੁਰਾਣਾ ਗਵੱਈਆ ਬੜਾ ਮਸ਼ਹੂਰ ਸੀ ਤੇ ਰੌਂਤੇ ਦੇ ਕੂੰਡੇ ਮਸ਼ਹੂਰ ਸਨ! ਅਗਲਾ ਮੈਚ ਇਟਲੀ ਅਤੇ ਫ਼ਰੈਂਕਫੋਰਟ ਦਾ ਲੱਗਾ। ਸਾਹਨਾਂ ਦੇ ਭੇੜ ਸਮਝੋ! ਉਸ ਵਿਚ ਇਟਲੀ ਦੀ ਟੀਮ ਜੇਤੂ ਰਹੀ। ਸੋਨੀ ਬਿਲਾਸਪੁਰੀਆ ਬਾਜ਼ੀਗਰਾਂ ਵਾਂਗ ਇਕ ਧਾਵੀ ਨਾਲ ਗੁੱਥਮਗੁੱਥਾ ਹੁੰਦਾ ਹੰਧਿਆਂ ਤੱਕ ਆਇਆ। ਫ਼ਰੈਕਫੋਰਟ ਦੀ ਟੀਮ ਦਾ ਖਿਡਾਰੀ ਦਾਲਾ ਭੰਡਾਲ ਕਿਸੇ ਤੋਂ ਵੀ ਨਾ ਰੁਕਿਆ। ਉਸ ਨੂੰ ਦਾਦ ਦੇਣੀ ਬਣਦੀ ਹੈ। ਸਾਡੇ ਨਾਲ ਮੈਚ ਮੌਕੇ ਅਸੀਂ ਆਪਣੇ ਖਿਡਾਰੀਆਂ ਨੂੰ ਲਲਕਾਰ ਕੇ ਕਿਹਾ ਸੀ, ਇਹਨੂੰ ਡੱਕਣੈ! ਪਰ ਮਾਂ ਦਾ ਪੁੱਤ ਕਿਸੇ ਤੋਂ ਵੀ ਨਹੀਂ ਰੁਕਿਆ। ਸਾਡੇ ਖਿਡਾਰੀ ਰੈਂਸੀ ਨੇ ਉਸ ਦੀ ਲੱਤ ਫੜੀ, ਪਰ ਉਹ ਗਾਂ ਵਾਂਗ ਛੜ ਮਾਰ ਕੇ ਰੈਂਸੀ ਹੱਥੋਂ ਵੀ ਨਿਕਲ ਗਿਆ। ਨਹੀਂ ਤਾਂ ਰੈਂਸੀ ਦੀ ਕੈਂਚੀ ਤੋਂ ਕੋਈ ਹੀ ਬਚਦਾ ਹੈ! ਦਾਲਾ ਭੰਡਾਲ ਵਾਕਿਆ ਹੀ ਸ਼ਾਬਾਸ਼ ਦਾ ਹੱਕਦਾਰ ਹੈ! ਕਿਉਂਕਿ ਰਣ-ਖੇਤਰ, ਸਾਹਿਤਕ-ਪਿੜ ਅਤੇ ਖੇਡ-ਮੈਦਾਨ ਵਿਚ ਕਿਸੇ ਦੀ ਕੋਈ ਲਿਹਾਜ਼ ਨਹੀਂ ਹੁੰਦੀ। ਕੁਸ਼ਤੀ ਦਾ ਘੋਲ ਬਚਨ ਡੋਗਰਾਂਵਾਲਾ ਵਿਆਨਾ ਅਤੇ ਫ਼ਰੈਂਕਫੋਰਟ ਦੇ ਪਹਿਲਵਾਨ ਸ਼ੌਕੀਨ ਬੱਲ ਵਿਚਕਾਰ ਹੋਇਆ। ਭਲਵਾਨ ਵੀਹ ਮਿੰਟ ਖਹਿੰਦੇ ਰਹੇ, ਪਰ ਸਮੇਂ ਦੀ ਘਾਟ ਕਾਰਨ ਰੋਕ ਦਿੱਤੇ ਗਏ ਅਤੇ ਜਿੱਤ ਹਾਰ ਦਾ ਫ਼ੈਸਲਾ ਨਾ ਹੋ ਸਕਿਆ। ਜੱਸਾ ਔਜਲਾ ਬੈੱਸਟ ਸਟੌਪਰ ਵਿਆਨਾ ਅਤੇ ਬੈੱਸਟ ਰੇਡਰ ਮੰਗਾ ਚੁਣੇ ਗਏ। ਇਸ ਖੇਡ ਮੇਲੇ ਦਾ ਬੈੱਸਟ ਪਲੇਅਰ ਦਾਲਾ ਭੰਡਾਲ ਫ਼ਰੈਂਕਫੋਰਟ ਮੰਨਿਆ ਗਿਆ ਜਿਸ ਨੂੰ ਸਨਮਾਨ-ਚਿੰਨ੍ਹ ਅਤੇ ਨਕਦ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਇਟਲੀ ਦੀ ਪਹਿਲੇ ਨੰਬਰ 'ਤੇ ਆਈ ਟੀਮ ਨੂੰ ਪ੍ਰਬੰਧਕਾਂ ਨੇ ਯੂਰਪ ਦੇ ਕਬੱਡੀ ਨੇਮਾਂ ਮੁਤਾਬਿਕ 1500 ਯੂਰੋ ਅਤੇ ਦੂਜੇ ਨੰਬਰ 'ਤੇ ਆਈ ਆਸਟਰੀਆ ਦੀ ਟੀਮ ਨੂੰ 1100 ਯੂਰੋ ਦੇ ਇਨਾਮ ਦਿੱਤੇ। ਬਾਕੀ ਟੀਮਾਂ ਨੂੰ ਵੀ ਆਉਣ-ਜਾਣ ਦਾ ਖਰਚਾ ਦਿੱਤਾ ਗਿਆ। ਇਨਾਮਾਂ ਦੀ ਵੰਡ ਇੰਡੀਅਨ ਅੰਬੈਸੀ ਦੇ ਕੌਂਸਲਰ ਸ੍ਰੀ ਹੇਮੰਤ ਕਾਰਕਾਰੇ ਨੇ ਕੀਤੀ। ਲੰਗਰ ਦਾ ਸਾਰਾ ਪ੍ਰਬੰਧ ਗੁਰਦੁਆਰਾ ਨਾਨਕਸਰ ਸਾਹਿਬ ਵੱਲੋਂ ਸੀ। ਪ੍ਰਬੰਧਕਾਂ ਵੱਲੋਂ ਇਸ਼ਤਿਹਾਰਾਂ ਵਿਚ ਵਾਰ-ਵਾਰ ਸ਼ਰਾਬ ਪੀਣ ਦੀ ਮਨਾਹੀ ਕਰਨ ਦੇ ਬਾਵਜੂਦ ਗਰਾਊਂਡ 'ਚ ਬਥੇਰੇ ਸੱਜਣ ਫੇਰ ਵੀ ਰੰਗੀਲੇ ਹੋਏ ਫਿਰਦੇ ਸਨ। ਖੇਡ ਮੇਲੇ ਦੀ ਇਹ ਸਿਫ਼ਤ ਰਹੀ ਕਿ ਕਿਸੇ ਖਿਡਾਰੀ, ਕਲੱਬ ਦੇ ਪ੍ਰਧਾਨ ਜਾਂ ਮੈਂਬਰ ਨੇ ਕੋਈ ਰੌਲ਼ਾ-ਰੱਪਾ ਨਹੀਂ ਪਾਇਆ। ਰੈਫ਼ਰੀ ਦਾ ਫ਼ੈਸਲਾ ਅਟੱਲ ਫ਼ੈਸਲਾ ਮੰਨਿਆ ਜਾਂਦਾ ਰਿਹਾ। ਗਰਾਊਂਡ ਦੀ ਪੂਰੀ ਜ਼ਿੰਮੇਵਾਰੀ ਸੁਖਦੇਵ ਸਿੰਘ ਭਾਊ ਤੇ ਸਟੇਜ ਦੀ ਜ਼ਿੰਮੇਵਾਰੀ ਹਾਕਮ ਸਿੰਘ ਬਰਾੜ ਨੇ ਬੜੇ ਹੀ ਸੁਲਝੇ ਢੰਗ ਨਾਲ ਨਿਭਾਈ। ਗਰਾਊਂਡ ਵਿਚ ਸਕਿਉਰਿਟੀ ਹਾਜ਼ਰ ਰਹੀ ਜਿਸ ਕਰਕੇ ਕਿਸੇ ਉੱਚੀ-ਨੀਵੀਂ ਹੋਣੋਂ ਬਚਾਅ ਰਿਹਾ! ਵਿਆਨੇ ਦਾ ਖੇਡ ਮੇਲਾ ਮੇਰੀ ਅਭੁੱਲ ਯਾਦ ਬਣ ਗਿਆ।

# ਅਦਾਕਾਰਾ ਸਵਰਾ ਭਾਸਕਰ ਦੇ ਸੁਰ



ਅਦਾਕਾਰਾ ਸਵਰਾ ਭਾਸਕਰ ਨੂੰ ਜਾਨੋਂ ਮਾਰਨ ਦੀ ਧਮਕੀ ਵਾਲਾ ਪੱਤਰ ਪ੍ਰਾਪਤ ਹੋਇਆ ਹੈ ਜਿਸ ਮਗਰੋਂ ਮੁੰਬਈ ਪੁਲੀਸ ਨੇ ਇਸ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ। ਸਵਰਾ ਭਾਸਕਰ ਨੂੰ ਇਹ ਧਮਕੀ ਪੱਤਰ ਉਸ ਦੀ ਵਰਸੋਵਾ ਸਥਿਤ ਰਿਹਾਇਸ਼ 'ਤੇ ਭੇਜਿਆ ਗਿਆ ਸੀ। ਸਵਰਾ ਭਾਸਕਰ ਨੇ ਧਮਕੀ ਪੱਤਰ ਮਿਲਣ ਮਗਰੋਂ ਦੋ ਦਿਨ ਪਹਿਲਾਂ ਵਰਸੋਵਾ ਥਾਣੇ ਵਿਚ ਸ਼ਿਕਾਇਤ ਦਰਜ ਕਰਵਾਈ ਸੀ। ਪੁਲਿਸ ਅਧਿਕਾਰੀ ਨੇ ਇਸ ਸਬੰਧੀ ਅਣਪਛਾਤੇ ਵਿਅਕਤੀਆਂ ਖਿਲਾਫ ਕੇਸ ਦਰਜ ਕੀਤਾ ਹੈ।

ਯਾਦ ਰਹੇ ਕਿ ਸਵਰਾ ਭਾਸਕਰ ਭਾਰਤੀ ਜਨਤਾ ਪਾਰਟੀ ਅਤੇ ਆਰ.ਐਸ.ਐਸ. ਦੀ ਹਿੰਦੂਤਵੀ ਸਿਆਸਤ ਖਿਲਾਫ ਆਪਣੇ ਵਿਚਾਰ ਖੁੱਲ੍ਹ ਕੇ ਪ੍ਰਗਟ ਕਰਦੀ ਰਹੀ ਹੈ। ਵਿਦਿਆਰਥੀਆਂ ਤੋਂ ਲੈ ਕੇ ਸਮਾਜਿਕ ਕਾਰਕੁਨਾਂ ਤੱਕ ਨੂੰ ਜਦੋਂ-ਜਦੋਂ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ, ਸਵਰਾ ਭਾਸਕਰ ਨੇ ਇਨ੍ਹਾਂ ਲੋਕਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ। ਉਹ ਵੱਖ-ਵੱਖ ਮੰਚਾਂ ਤੋਂ ਵੀ ਫਿਰਕੂ ਸਿਆਸਤ ਖਿਲਾਫ ਪ੍ਰਚਾਰ ਕਰਦੀ ਰਹੀ ਹੈ।

9 ਅਪਰੈਲ 1988 ਨੂੰ ਜਨਮੀ ਸਵਰਾ ਭਾਸਕਰ ਨੇ ਆਪਣੇ ਫਿਲਮੀ ਕਰੀਅਰ ਦੀ ਸ਼ੁਰੂਆਤ 2009 ਵਿਚ ਫਿਲਮ 'ਮਾਧੋਲਾਲ ਕੀਪ ਵਾਕਿੰਗ' ਤੋਂ ਕੀਤੀ। ਇਸ ਫਿਲਮ ਵਿਚ ਸਵਰਾ ਦਾ ਰੋਲ ਸਹਾਇਕ ਅਦਾਕਾਰਾ ਵਾਲਾ ਸੀ ਪਰ ਇਹ ਫਿਲਮ ਬੁਰੀ ਤਰ੍ਹਾਂ ਫੇਲ੍ਹ ਹੋਣ ਕਾਰਨ ਸਵਰਾ ਨੂੰ ਬਹੁਤਾ ਹੁੰਗਾਰਾ ਨਹੀਂ ਮਿਲਿਆ। ਉਂਝ, ਦੋ ਸਾਲ ਬਾਅਦ 2011 ਵਿਚ ਆਈ ਫਿਲਮ 'ਤਨੂ ਵੈੱਡਸ ਮਨੂ' ਦੀ ਸਫਲਤਾ ਨੇ ਉਸ ਦੇ ਕਰੀਅਰ ਨੂੰ ਖੂਬ ਹੁਲਾਰਾ ਦਿੱਤਾ ਅਤੇ ਫਿਰ ਉਹ ਫਿਲਮੀ ਦੁਨੀਆ ਵਿਚ ਆਪਣੇ ਪੈਰ ਜਮਾਉਣ ਵਿਚ ਕਾਮਯਾਬ ਹੋ ਗਈ।

***-ਗੁਰਜੰਟ ਸਿੰਘ***

# ਅਦਾਕਾਰਾ ਰਿਚਾ ਚੱਢਾ ਅਤੇ ਕੱਥਕ ਦੀ ਸਿਖਲਾਈ



ਅਦਾਕਾਰਾ ਰਿਚਾ ਚੱਢਾ ਨੇ ਆਪਣੀ ਅਗਲੀ ਫਿਲਮ ਲਈ ਤਿਆਰੀ ਖਿੱਚ ਲਈ ਹੈ ਜਿਸ ਲਈ ਉਹ ਕਥਕ ਦੀ ਸਿਖਲਾਈ ਵੀ ਲੈ ਰਹੀ ਹੈ। ਅਦਾਕਾਰਾ ਪਹਿਲਾਂ ਹੀ ਇੱਕ ਵਿਸ਼ੇਸ਼ ਪੜਾਅ ਤੱਕ ਨ੍ਰਿਤ ਦੀ ਸਿਖਲਾਈ ਲੈ ਚੁੱਕੀ ਹੈ ਅਤੇ ਉਹ ਹੁਣ ਇਸ ਤੋਂ ਅੱਗੇ ਸਿੱਖਣਾ ਚਾਹੁੰਦੀ ਹੈ। ਰਿਚਾ ਚੱਢਾ ਨੂੰ ਹਾਲ ਹੀ 'ਚ ਸੰਜੈ ਲੀਲਾ ਭੰਸਾਲੀ ਦੇ ਦਫਤਰ ਦੇ ਬਾਹਰ ਕਈ ਵਾਰ ਦੇਖਿਆ ਗਿਆ ਹੈ। ਨਿਰਦੇਸ਼ਕ ਭੰਸਾਲੀ ਇਨ੍ਹੀਂ ਦਿਨੀਂ 'ਹੀਰਾ ਮੰਡੀ' ਰਾਹੀਂ ਆਪਣੀ ਡਿਜੀਟਲ ਪਲੈਟਫਾਰਮ 'ਤੇ ਸ਼ੁਰੂਆਤ ਕਰਨ ਲਈ ਤਿਆਰ ਹੈ। ਇਸ ਲਈ ਸੰਭਵ ਹੈ ਕਿ ਰਿਚਾ ਚੱਢਾ 'ਹੀਰਾਮੰਡੀ' ਵਿਚ ਭੂਮਿਕਾ ਨਿਭਾਉਣ ਲਈ ਕਥਕ ਸਿੱਖ ਰਹੀ ਹੋਵੇ। 'ਹੀਰਾਮੰਡੀ' ਸੰਜੈ ਲੀਲਾ ਭੰਸਾਲੀ ਲਈ ਸਭ ਤੋਂ ਅਹਿਮ ਪ੍ਰੋਜੈਕਟਾਂ ਵਿਚੋਂ ਇੱਕ ਹੈ। ਰਿਚਾ ਚੱਢਾ ਪਹਿਲਾਂ ਹੀ ਇਸ ਸ਼ੋਅ ਲਈ ਲੁੱਕ ਟੈਸਟ ਦੇ ਚੁੱਕੀ ਹੈ ਅਤੇ ਉਹ ਅਹਿਮ ਭੂਮਿਕਾ ਨਿਭਾਉਣ ਲਈ ਪੂਰੀ ਤਰ੍ਹਾਂ ਤਿਆਰ ਹੈ। 18 ਦਸੰਬਰ 1986 ਨੂੰ ਜਨਮੀ ਰਿਚਾ ਚੱਢਾ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਫਿਲਮ 'ਓਏ ਲੱਕੀ! ਲੱਕੀ ਓਏ!' ਨਾਲ ਕੀਤੀ ਸੀ। ਇਹ ਫਿਲਮ 2008 ਵਿਚ ਆਈ ਸੀ ਅਤੇ ਇਸ ਵਿਚ ਰਿਚਾ ਚੱਢਾ ਦਾ ਰੋਲ ਬਹੁਤ ਛੋਟਾ ਜਿਹਾ ਸੀ ਪਰ ਜਦੋਂ 2012 ਵਿਚ ਫਿਲਮ 'ਗੈਂਗਸ ਆਫ ਵਾਸੇਪੁਰ' ਰਿਲੀਜ਼ ਹੋਈ ਤਾਂ ਫਿਲਮੀ ਦੁਨੀਆ ਵਿਚ ਉਸ ਦੀ ਬੱਲੇ-ਬੱਲੇ ਹੋ ਗਈ। ਇਸ ਫਿਲਮ ਵਿਚ ਗੈਂਗਸਟਰ ਦੀ ਪਤਨੀ ਦਾ ਕਿਰਦਾਰ ਨਿਭਾਉਣ ਬਦਲੇ ਉਸ ਨੂੰ ਫਿਲਮਫੇਅਰ ਐਵਾਰਡ ਵੀ ਮਿਲਿਆ। ਫਿਰ 2015 ਵਿਚ 'ਮਸਾਨ' ਵਿਚ ਉਸ ਨੂੰ ਲੀਡ ਰੋਲ ਮਿਲਿਆ ਅਤੇ ਇਸ ਰੋਲ ਕਰਕੇ ਉਸ ਦੀ ਖੂਬ ਸ਼ਲਾਘਾ ਹੋਈ। ਇਸ ਫਿਲਮ ਵਿਚ ਉਸ ਤੋਂ ਇਲਾਵਾ ਵਿੱਕੀ ਕੌਸ਼ਲ ਦਾ ਵੀ ਅਹਿਮ ਰੋਲ ਸੀ। ਇਹ ਫਿਲਮ ਨੌਜਵਾਨ ਫਿਲਮਸਾਜ਼ ਨੀਰਜ ਘੇਵਨ ਨੇ ਬਣਾਈ ਸੀ। ਇਸ ਵਿਚ ਸਾਡੇ ਸਮਾਜ ਅੰਦਰ ਪ੍ਰਚਲਿਤ ਜਾਤ ਪ੍ਰਥਾ 'ਤੇ ਤਿੱਖੀ ਚੋਟ ਕੀਤੀ ਗਈ ਹੈ।

***-ਆਮਨਾ ਕੌਰ***

# ਫਿਲਮੀ ਦੁਨੀਆ ਵਿਚ ਸ਼ਾਹਰੁਖ ਖਾਨ ਦੇ ਤੀਹ ਸਾਲ

ਅਦਾਕਾਰ ਸ਼ਾਹਰੁਖ ਖਾਨ ਨੇ ਸਿਨੇਮਾ ਵਿਚ ਕੰਮ ਕਰਦਿਆਂ 30 ਵਰ੍ਹੇ ਮੁਕੰਮਲ ਕਰ ਲਏ ਹਨ। ਇਸ ਮੌਕੇ ਨੂੰ ਵੱਖਰੇ ਅੰਦਾਜ਼ ਨਾਲ ਮਨਾਉਂਦਿਆਂ ਸ਼ਾਹਰੁਖ ਨੇ ਆਪਣੀ ਨਵੀਂ ਫਿਲਮ 'ਪਠਾਨ' ਵਿਚਲੀ ਦਿੱਖ ਆਪਣੇ ਪ੍ਰਸ਼ੰਸਕਾਂ ਨਾਲ ਸਾਂਝੀ ਕੀਤੀ ਹੈ। ਇਸ ਤਸਵੀਰ ਵਿਚ 56 ਸਾਲਾ ਅਦਾਕਾਰ ਨੇ ਕਾਲੇ ਰੰਗ ਦਾ ਸੂਟ ਪਾਇਆ ਹੋਇਆ ਹੈ ਅਤੇ ਉਹ ਲੰਮੇ ਵਾਲਾਂ ਤੇ ਦਾੜ੍ਹੀ ਨਾਲ ਦਿਖਾਈ ਦੇ ਰਿਹਾ ਹੈ। ਆਪਣੇ ਟਵਿੱਟਰ ਅਕਾਊਂਟ 'ਤੇ ਅਦਾਕਾਰ ਨੇ ਲਿਖਿਆ: ਇਥੇ ਪਠਾਨ ਨਾਲ ਸਫਰ ਜਾਰੀ ਰੱਖਦਿਆਂ, 30ਵੇਂ ਵਰ੍ਹੇ 'ਤੇ। ਹੁਣ ਮੈਂ ਗਿਣਤੀ ਨਹੀਂ ਕਰ ਰਿਹਾ ਕਿਉਂਕਿ ਤੁਹਾਡਾ ਪਿਆਰ ਤੇ ਖੁਸ਼ੀ ਅਨੰਤ ਤੱਕ ਮੇਰੇ ਨਾਲ ਹਨ। ਫਿਲਮ ਪਠਾਨ 25 ਜਨਵਰੀ 2023 ਨੂੰ ਹਿੰਦੀ, ਤਮਿਲ ਤੇ ਤੇਲਗੂ ਭਾਸ਼ਾਵਾਂ ਵਿਚ ਰਿਲੀਜ਼ ਹੋ ਰਹੀ ਹੈ।'

ਜ਼ਿਕਰਯੋਗ ਹੈ ਕਿ ਇਹ ਫਿਲਮ ਜਾਸੂਸੀ ਥ੍ਰਿਲਰ ਹੈ ਜਿਸ ਦਾ ਨਿਰਦੇਸ਼ਨ ਸਿਧਾਰਥ ਆਨੰਦ ਨੇ ਕੀਤਾ ਹੈ। ਸਿਧਾਰਥ ਆਨੰਦ ਨੇ ਇਸ ਤੋਂ ਪਹਿਲਾਂ 'ਵਾਰ' ਅਤੇ 'ਬੈਂਗ ਬੈਂਗ' ਫਿਲਮਾਂ ਦਿੱਤੀਆਂ ਹਨ। ਫਿਲਮ ਵਿਚ ਜੌਹਨ ਅਬਰਾਹਮ ਤੇ ਦੀਪਿਕਾ ਪਾਦੂਕੋਨ ਮੁੱਖ ਭੂਮਿਕਾ ਵਿਚ ਹਨ। ਅਦਾਕਾਰ ਜੌਹਨ ਨੇ ਵੀ ਸ਼ਾਹਰੁਖ ਦੀ ਇਹ ਪਹਿਲੀ ਝਲਕ ਆਪਣੇ ਇੰਸਟਾਗ੍ਰਾਮ ਪੇਜ 'ਤੇ ਸਾਂਝੀ ਕੀਤੀ ਹੈ।

2 ਨਵੰਬਰ 1965 ਨੂੰ ਜਨਮੇ ਸ਼ਾਹਰੁਖ ਖਾਨ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਟੈਲੀਵਿਜ਼ਨ ਤੋਂ ਕੀਤੀ ਸੀ। ਇਹ 1980ਵਿਆਂ ਦੀਆਂ ਗੱਲਾਂ ਹਨ। ਫੌਜੀ ਜੀਵਨ ਬਾਰੇ ਲੜੀਵਾਰ 'ਫੌਜੀ' ਨਾਲ ਉਸ ਦੀ ਅਦਾਕਾਰੀ ਦੀ ਚਰਚਾ ਆਰੰਭ ਹੋਈ। ਉਸ ਦੀ ਪਹਿਲੀ ਫਿਲਮ 'ਦੀਵਾਨਾ' ਸੀ ਜੋ 1992 ਵਿਚ ਰਿਲੀਜ਼ ਹੋਈ ਸੀ। ਸ਼ੁਰੂਆਤੀ ਦੌਰ ਵਿਚ ਉਸ ਨੇ 'ਬਾਜ਼ੀਗਰ' (1993), 'ਡਰ' (1993) ਅਤੇ 'ਅੰਜਾਮ' (1994) ਵਰਗੀਆਂ ਫਿਲਮਾਂ ਵਿਚ ਖਲਨਾਇਕ ਦੇ ਰੋਲ ਵੀ ਨਿਭਾਏ ਪਰ 1995 ਵਿਚ ਆਈ ਰੁਮਾਂਟਿਕ ਫਿਲਮ 'ਦਿਲ ਵਾਲੇ ਦੁਲਹਨੀਆ ਲੇ ਜਾਏਂਗੇ' ਨਾਲ ਤਾਂ ਉਸ ਦੇ ਵਾਰੇ-ਨਿਆਰੇ ਹੋ ਗਏ। ਇਸ ਤੋਂ ਬਾਅਦ ਤਾਂ ਫਿਰ ਚੱਲ ਸੋ ਚੱਲ...। 'ਦਿਲ ਤੋ ਪਾਗਲ ਹੈ' (1997), 'ਕੁਛ ਕੁਛ ਹੋਤਾ ਹੈ' (1998), 'ਮੁਹੱਬਤੇਂ' (2000), 'ਕਭੀ ਖੁਸ਼ੀ ਕਭੀ ਗਮ' (2001) ਵਰਗੀਆਂ ਫਿਲਮਾਂ ਨਾਲ ਉਸ ਦਾ ਕਰੀਅਰ ਸਿਖਰ 'ਤੇ ਪੁੱਜ ਗਿਆ। 2002 ਵਿਚ ਫਿਲਮ 'ਦੇਵਦਾਸ' ਵਿਚ ਉਸ ਵੱਲੋਂ ਨਿਭਾਈ ਸ਼ਰਾਬੀ ਦੀ ਭੂਮਿਕਾ ਦੀ ਬਹੁਤ ਤਾਰੀਫ ਹੋਈ। ਇਸੇ ਤਰ੍ਹਾਂ 'ਸਵਦੇਸ਼', 'ਚੱਕ ਦੇ! ਇੰਡੀਆ', 'ਮਾਈ ਨੇਮ ਇਜ਼ ਖਾਨ', 'ਚੇਨਈ ਐਕਸਪ੍ਰੈੱਸ', 'ਹੈਪੀ ਨਿਊ ਯੀਅਰ', 'ਦਿਲਵਾਲੇ', 'ਰਈਸ' ਆਦਿ ਫਿਲਮਾਂ ਨਾਲ ਉਸ ਨੇ ਵੱਡੀਆਂ ਪੁਲਾਂਘਾਂ ਪੁੱਟੀਆਂ।

ਸ਼ਾਹਰੁਖ ਖਾਨ ਦਾ ਜਨਮ ਨਵੀਂ ਦਿੱਲੀ ਵਿਚ ਹੋਇਆ। ਜੀਵਨ ਦੇ ਪਹਿਲੇ ਪੰਜ ਸਾਲ ਉਹਨੇ ਮੰਗਲੌਰ ਵਿਚ ਬਿਤਾਏ। ਉਸ ਦੇ ਪਿਤਾ ਮੀਰ ਤਾਜ ਮੁਹੰਮਦ ਖਾਨ ਨੇ ਆਜ਼ਾਦੀ ਦੀ ਲੜਾਈ ਵਿਚ ਹਿੱਸਾ ਲਿਆ ਸੀ। ਉਨ੍ਹਾਂ ਪੇਸ਼ਾਵਰ ਵਿਚ ਚੱਲੀ 'ਖੁਦਾਈ ਖਿਦਮਤਗਾਰ' ਲਹਿਰ ਵਿਚ ਹਿੱਸਾ ਲਿਆ ਸੀ। ਇਹ ਲਹਿਰ ਅਬਦੁਲ ਗੱਫਾਰ ਖਾਨ ਦੀ ਅਗਵਾਈ ਵਿਚ ਆਰੰਭ ਹੋਈ ਸੀ। 1948 ਵਿਚ ਮੀਰ ਤਾਜ ਮੁਹੰਮਦ ਖਾਨ ਨਵੀਂ ਦਿੱਲੀ ਪੁੱਜ ਗਏ। ਸ਼ਾਹਰੁਖ ਖਾਨ ਨੂੰ ਮੁੱਢ ਤੋਂ ਹੀ ਫਿਲਮਾਂ ਦਾ ਸ਼ੌਕ ਸੀ। ਫਿਰ ਹੌਲੀ-ਹੌਲੀ ਉਹ ਟੈਲੀਵਿਜ਼ਨ ਨਾਲ ਜੁੜ ਗਿਆ। ਉਸ ਦਾ ਪਹਿਲਾ ਡਰਾਮਾ 'ਦਿਲ ਦਰਿਆ' ਸੀ ਜੋ 1988 ਵਿਚ ਲੇਖ ਟੰਡਨ ਨੇ ਸ਼ੁਰੂ ਕੀਤਾ ਸੀ ਪਰ ਕੁਝ ਕਾਰਨਾਂ ਕਰਕੇ ਇਹ ਡਰਾਮਾ ਲੇਟ ਹੋ ਗਿਆ ਅਤੇ ਫਿਰ 1989 ਵਿਚ ਆਇਆ ਲੜੀਵਾਰ 'ਫੌਜੀ' ਉਸ ਦਾ ਪਹਿਲਾ ਟੈਲੀਵਿਜ਼ਨ ਲੜੀਵਾਰ ਹੋ ਨਿੱਬੜਿਆ।

***-ਜਗਜੀਤ ਸਿੰਘ ਸੇਖੋਂ***







*ਅੱਜ ਦਾ ਸ਼ਾਹਰੁਖ ਖਾਨ, (ਉਪਰ ਸੱਜੇ) ਟੈਲੀਵਿਜ਼ਨ ਲੜੀਵਾਰ 'ਫੌਜੀ' ਦੇ ਦ੍ਰਿਸ਼ ਵਿਚ ਅਤੇ ਕਰੀਅਰ ਵਿਚ ਚੜ੍ਹਤ ਵੇਲੇ।*


INDIANAPOLIS KABADDI CUP 2022
IKC
PUNJAB SPORTS & CULTURE CLUB OF INDIANA
INDIANAPOLIS KABADDI CUP 2022
7300 E TROY AVE, INDIANAPOLIS, IN 46239
BEN SINGH BASHAL
AVTAR CHEEMA
SARABJIT GILL
LADDI NAHL
NARINDER SODHI
GURINDER NAGRA
TARI DUBB
SUKHDEV SAMRA
JASVIR DOSANJ
DARSHAN S. DARAR
RANJIT DEOL
MANDEEP SHERGILL
RAJ BHATTAL
LADDI WARAICH
HARBANSH KHALON
JASVIR BALA
HARYY TUTT
G.S PANNU
GURPREET SIDHU
HARMANDER GILL
VANEET PASRICHA
JASWINDER ATWAL
MEMBERS
SONU UPPAL
GURNAM DHARIWAL
SAM KHATRA
MICKEY BAJWA
LOVE RIAR
JASSI GILL
PRITPAL SARAN
RAJBINDER DHALIWAL
JASWANT SINGH
MALAK SINGH
SUKH SINGH
MANGA MATTU
BALVIR S. MATTU
KULDEEP SINGH
BARINDER SINGH
JASPREET GOLEWALA
PINKA KALKAT
VATANPREET SINGH
SATVIR GILL
JATINDER SANDHU CPA
SURINDER PAL S. JUDGE
LADDI BADYAL
JAZZ SODHI
MANMOHHAN S. MANGAT
RANJIT SOHAL
SULTAN BAJWA
DAVINDER (ANDY)
PARAMJIT SIDHU
PREET MALHI
HARPAUL CHEEMA
JASSI MANN
JASPAL ATWAL
JHIRMIL SINGH
BAWA S DHAMI
JOGINDER SANDU
TUTT BROTHER
GURPEJ WARAICH
RANVIR SAKON
LAKHVIR JOHAL
GARY ATWAL
MANJINDER SANDHU
SHERGILL BRO'S
SATURDAY JULY 9TH 2022
SHER GILLS
LIVE KABADDI